**Golden State Realty** — **JASSI GILL** Broker/Owner

Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969 CA DRE# 00966763

**Law Office of M Vivek Malik**

M Vivek Malik
Toll free no 866-424-4000
www.usa.immigrationlaw.com
ACCOMPLISHED IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA — Certified Insurance Agent — **Global Green** INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Third Year of Publication — ਕੈਲੀਫੋਰਨੀਆ ਐਡੀਸ਼ਨ — Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 17, April 23, 2022 — 20451 N. Plum Grove Rd., Palatine, IL 60074 — Ph:847-359-0746, Fax:847-705-9388


# ਫਿਰਕੂ ਹਿੰਸਾ ਦੀ ਮਾਰ

## ਭਾਜਪਾ ਦੀਆਂ ਨੀਤੀਆਂ ਅਤੇ ਮੋਦੀ ਦੀ ਚੁੱਪ ਨੂੰ ਚੁਣੌਤੀ

**ਨਵੀਂ ਦਿੱਲੀ:** ਪਿਛਲੇ ਕੁਝ ਦਿਨਾਂ ਤੋਂ ਭਾਰਤ ਵਿਚ ਫਿਰਕੂ ਹਿੰਸਾ ਦੀਆਂ ਘਟਨਾਵਾਂ ਵਿਚ ਇਕਦਮ ਵਾਧੇ ਨੇ ਜਿਥੇ ਘੱਟ-ਗਿਣਤੀਆਂ, ਖਾਸਕਰ ਮੁਸਲਿਮ ਭਾਈਚਾਰੇ ਵਿਚ ਖੌਫ ਵਾਲਾ ਮਾਹੌਲ ਪੈਦਾ ਕਰ ਦਿੱਤਾ ਹੈ, ਉਥੇ ਇਸ ਮਾੜੇ ਵਰਤਾਰੇ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ ਉਤੇ ਵੀ ਸਵਾਲ ਉਠੇ ਹਨ।

ਕਰਨਾਟਕ ਵਿਚ ਹਿਜਾਬ ਉਤੇ ਪਾਬੰਦੀ, ਹਲਾਲ ਮੀਟ ਅਤੇ ਹੁਣ ਮਸੀਤਾਂ ਵਿਚ ਲਾਊਡ ਸਪੀਕਰਾਂ ਉਤੇ ਰੋਕ ਲਾਉਣ ਵਾਲੇ ਐਲਾਨਾਂ ਨੇ ਇਨ੍ਹਾਂ ਫਿਰਕੂ ਘਟਨਾਵਾਂ ਦੀ ਜੜ੍ਹ ਬੰਨ੍ਹੀ। ਇਸ ਤੋਂ ਬਾਅਦ ਕਸ਼ਮੀਰੀ ਪੰਡਿਤਾਂ ਦੇ ਕਤਲੇਆਮ ਉਤੇ ਬਣੀ ਫਿਲਮ 'ਦਿ ਕਸ਼ਮੀਰ ਫਾਈਲ' ਵਿਚ ਇਕ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ਾਂ ਨੇ ਦੋ ਭਾਈਚਾਰਿਆਂ ਵਿਚ ਪਾੜਾ ਵਧਾਉਣ ਦਾ ਕੰਮ ਕੀਤਾ। ਤਾਜ਼ਾ ਹਾਲਾਤ ਇਹ ਹਨ ਕਿ ਇਸ ਵੇਲੇ ਦਿੱਲੀ, ਆਂਧਰਾ ਪ੍ਰਦੇਸ, ਕਰਨਾਟਕ ਤੇ ਉੱਤਰਾਖੰਡ ਸਣੇ ਦੇਸ਼ ਦੇ ਵੱਡੇ ਹਿੱਸਿਆਂ ਵਿਚ ਫਿਰਕੂ ਹਿੰਸਾ ਦੀਆਂ ਨਿੱਤ ਖਬਰਾਂ ਆ ਰਹੀਆਂ ਹਨ।

ਰਾਮਨੌਮੀ ਦੇ ਤਿਉਹਾਰ ਮੌਕੇ ਗੁਜਰਾਤ, ਮੱਧ ਪ੍ਰਦੇਸ਼, ਝਾਰਖੰਡ ਤੇ ਦਿੱਲੀ ਵਿਚ ਕੱਢੇ ਗਏ ਜਲੂਸਾਂ ਸਮੇਂ ਹਿੰਸਾ ਹੋਈ ਅਤੇ ਮੁਸਲਮਾਨ ਭਾਈਚਾਰੇ ਦੇ ਲੋਕਾਂ, ਜਾਇਦਾਦ ਅਤੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਮੱਧ ਪ੍ਰਦੇਸ਼ ਵਿਚ ਮੁਸਲਮਾਨ ਭਾਈਚਾਰੇ ਨਾਲ ਸਬੰਧਤ ਲੋਕਾਂ ਦੇ ਘਰਾਂ ਤੇ ਦੁਕਾਨਾਂ ਨੂੰ ਬੁਲਡੋਜ਼ਰਾਂ ਨਾਲ ਢਾਹਿਆ ਗਿਆ ਅਤੇ ਸੂਬੇ ਦੇ ਗ੍ਰਹਿ ਮੰਤਰੀ ਨੇ ਬਦਲਾ ਲਊ ਭਾਸ਼ਾ ਦਾ ਇਸਤੇਮਾਲ ਕੀਤਾ। 16-17 ਅਪਰੈਲ ਦੀ ਰਾਤ ਨੂੰ ਉਤਰ ਪ੍ਰਦੇਸ਼ ਵਿਚ ਅਲੀਗੜ੍ਹ ਵਿਚ ਵੀ ਧਾਰਮਿਕ ਅਸਥਾਨ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਤਣਾਅ ਵਧਿਆ।



### ਕੈਨੇਡੀਅਨ ਆਗੂ ਜਗਮੀਤ ਸਿੰਘ ਵੱਲੋਂ ਹਾਅ ਦਾ ਨਾਅਰਾ

**ਵੈਨਕੂਵਰ:** ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦੇ ਆਗੂ ਜਗਮੀਤ ਸਿੰਘ ਨੇ ਭਾਰਤ 'ਚ ਮੁਸਲਮਾਨਾਂ ਖਿਲਾਫ ਹਿੰਸਾ ਦੇ ਵਧਦੇ ਖੌਫ 'ਤੇ ਫਿਕਰ ਜ਼ਾਹਿਰ ਕਰਦੇ ਹੋਏ ਇਕ ਟਵੀਟ ਵਿਚ ਮੋਦੀ ਸਰਕਾਰ ਨੂੰ ਘੇਰਿਆ ਹੈ। ਜਗਮੀਤ ਨੇ ਕਿਹਾ ਕਿ ਭਾਰਤ ਸਰਕਾਰ ਮੁਸਲਮਾਨਾਂ ਵਿਰੋਧੀ ਭਾਵਨਾਵਾਂ ਨੂੰ ਭੜਕਾਉਣਾ ਬੰਦ ਕਰੇ। ਜਗਮੀਤ ਸਿੰਘ ਨੇ ਟਵੀਟ ਕੀਤਾ, "ਮੈਂ ਭਾਰਤ ਵਿਚ ਮੁਸਲਿਮ ਭਾਈਚਾਰੇ ਖਿਲਾਫ ਹਿੰਸਾ ਦੀਆਂ ਤਸਵੀਰਾਂ ਤੇ ਵੀਡੀਓਜ਼ ਅਤੇ ਜਾਣ ਬੁੱਝ ਕੇ ਦਿੱਤੀਆਂ ਜਾ ਰਹੀਆਂ ਧਮਕੀਆਂ ਤੋਂ ਬੇਹੱਦ ਫਿਕਰਮੰਦ ਹਾਂ। ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਸਲਿਮ ਵਿਰੋਧੀ ਭਾਵਨਾਵਾਂ ਨੂੰ ਹਵਾ ਦੇਣ ਤੋਂ ਗੁਰੇਜ਼ ਕਰੇ।

ਦਿੱਲੀ ਵਿਚ ਹਨੂੰਮਾਨ ਜੈਅੰਤੀ ਮੌਕੇ 16-17 ਅਪਰੈਲ ਦੀ ਰਾਤ ਨੂੰ ਜਹਾਂਗੀਰਪੁਰੀ ਇਲਾਕੇ ਵਿਚ ਹਿੰਸਾ ਹੋਈ।

ਕਰਨਾਟਕ ਦੇ ਪੁਰਾਣੇ ਹੁਬਲੀ ਕਸਬੇ 'ਚ ਹਸਪਤਾਲ ਨੇੜੇ ਹਨੂੰਮਾਨ ਮੰਦਰ ਨੂੰ ਨੁਕਸਾਨ ਪਹੁੰਚਾਉਣ ਦੀ ਸੋਸ਼ਲ ਮੀਡੀਆ 'ਤੇ ਪੋਸਟ ਵਾਇਰਲ ਹੋਣ ਉਤੇ ਭੜਕੀ ਭੀੜ ਨੇ ਪੁਲਿਸ ਦੇ ਕਈ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ ਤੇ ਡਿਊਟੀ ਉਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਨੂੰ ਜ਼ਖਮੀ ਕਰ ਦਿੱਤਾ। ਆਂਧਰਾ ਪ੍ਰਦੇਸ਼ ਦੇ ਕੁਰਨੂਲ ਜ਼ਿਲ੍ਹੇ ਦੇ ਹੋਲਗੁੰਡਾ ਪਿੰਡ ਵਿਚ ਮਾਮੂਲੀ ਵਿਵਾਦ ਤੋਂ ਸ਼ੁਰੂ ਹੋਈ ਤਕਰਾਰ 2 ਭਾਈਚਾਰਿਆਂ ਵਿਚਾਲੇ ਪੱਥਰਾਓ ਵਿਚ ਤਬਦੀਲ ਹੋ ਗਈ। ਇਥੇ ਹਨੂੰਮਾਨ ਜੈਅੰਤੀ ਸਬੰਧੀ ਕੱਢੀ ਗਈ ਸੋਭਾ ਯਾਤਰਾ ਦੌਰਾਨ ਦੋ ਭਾਈਚਾਰਿਆਂ ਵਿਚ ਉਸ ਸਮੇਂ ਝੜਪ ਹੋ ਗਈ, ਜਦੋਂ ਸੋਭਾ ਯਾਤਰਾ ਪਿੰਡ ਦੀ ਮਸਜਿਦ ਕੋਲ ਪੁੱਜੀ ਤਾਂ ਜੈਅੰਤੀ ਦੇ ਪ੍ਰਬੰਧਕਾਂ ਨੇ ਰਮਜ਼ਾਨ ਦੇ ਮਹੀਨੇ ਨੂੰ ਦੇਖਦਿਆਂ ਸਪੀਕਰ ਦੀ ਆਵਾਜ਼ ਬੰਦ ਕਰ ਦਿੱਤੀ ਪਰ ਕੁਝ ਨਾਰਾਜ਼ ਸ਼ਰਧਾਲੂ 'ਜੈ ਸ੍ਰੀ ਰਾਮ' ਦੇ ਨਾਅਰੇ ਲਗਾਉਣ ਲੱਗ ਪਏ।

ਇਸ ਤੋਂ ਬਾਅਦ ਲੋਕਾਂ ਨੇ ਸੋਭਾ ਯਾਤਰਾ

*(ਬਾਕੀ ਸਫਾ 6 'ਤੇ)*

# ਨਹਿਰ ਦਾ ਮੁੱਦਾ ਮੁੜ ਭਖਿਆ, 'ਆਪ' ਦੀ ਨੀਅਤ 'ਤੇ ਸਵਾਲ

**ਚੰਡੀਗੜ੍ਹ:** ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਮੁੱਦੇ ਉਤੇ ਇਕ ਵਾਰ ਫਿਰ ਸਿਆਸਤ ਭਖ ਗਈ ਹੈ। ਪੰਜਾਬ ਵਿਚ ਨਵੀਂ ਬਣੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਇਸ ਮੁੱਦੇ ਉਤੇ ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਆ ਗਈ ਹੈ। ਦਰਅਸਲ, 'ਆਪ' ਦੇ ਦਿੱਲੀ ਤੋਂ ਰਾਜ ਸਭਾ ਮੈਂਬਰ ਤੇ ਹਰਿਆਣਾ ਮਾਮਲਿਆਂ ਦੇ ਇੰਚਾਰਜ ਸੁਸ਼ੀਲ ਗੁਪਤਾ ਵੱਲੋਂ ਐਸ.ਵਾਈ.ਐਲ. ਨਹਿਰ ਦੇ ਮੁੱਦੇ 'ਤੇ ਹਰਿਆਣਾ ਦੇ ਪੱਖ ਵਿਚ ਲਏ ਸਟੈਂਡ ਮਗਰੋਂ ਪੰਜਾਬ ਦੀਆਂ ਸਿਆਸੀ ਧਿਰਾਂ ਸਵਾਲ ਕਰ ਰਹੀਆਂ ਹਨ ਕਿ ਆਮ ਆਦਮੀ ਪਾਰਟੀ ਦੇ 'ਅਸਲ ਇਰਾਦੇ' ਕੀ ਹਨ।



ਯਾਦ ਰਹੇ ਕਿ ਸੁਸ਼ੀਲ ਗੁਪਤਾ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਹੁਣ ਉਨ੍ਹਾਂ ਦੀ ਸਰਕਾਰ ਹੈ ਤੇ 2024 ਵਿਚ ਹਰਿਆਣਾ ਵਿਚ ਵੀ ਸੱਤਾ ਮਿਲਣੀ ਤੈਅ ਹੈ। ਇਸ ਲਈ ਸਰਕਾਰ ਬਣਨ ਉਤੇ ਹਰਿਆਣਾ ਦੇ ਪਿੰਡ-ਪਿੰਡ ਐਸ.ਵਾਈ.ਐਲ. ਨਹਿਰ ਦਾ ਪਾਣੀ ਪੁੱਜੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਪਾਣੀਆਂ 'ਤੇ ਹਰਿਆਣਾ ਦਾ ਹੱਕ ਹੈ। ਉਧਰ, ਸੁਸ਼ੀਲ ਕੁਮਾਰ ਦੇ ਇਸ ਬਿਆਨ ਪਿੱਛੋਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਚੁੱਪ ਧਾਰ ਲਈ ਹੈ। ਇਥੋਂ ਤੱਕ ਕਿ ਪੰਜਾਬ ਦੀ 'ਆਪ' ਸਰਕਾਰ ਵੀ ਫਿਲਹਾਲ ਚੁੱਪ ਹੈ।

ਦੂਸਰੇ ਪਾਸੇ ਵਿਰੋਧੀ ਧਿਰਾਂ ਦੇ ਹੱਥ ਭਖਦਾ ਮੁੱਦਾ ਲੱਗ ਗਿਆ ਹੈ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਵਾਲ ਕੀਤਾ ਕਿ 'ਆਪ' ਪੰਜਾਬ ਦੇ ਰਾਜ ਸਭਾ ਮੈਂਬਰ ਹੁਣ ਆਪਣੇ ਸਾਥੀ ਡਾ. ਸੁਸ਼ੀਲ ਕੁਮਾਰ ਦੇ ਐਸ.ਵਾਈ.ਐਲ. ਦੇ ਮੁੱਦੇ 'ਤੇ ਦਿੱਤੇ ਬਿਆਨ ਬਾਰੇ ਚੁੱਪ ਕਿਉਂ ਹਨ? ਆਪ ਦੇ ਪਟਿਆਲਾ ਤੋਂ ਸੰਸਦ ਮੈਂਬਰ ਰਹੇ ਡਾ. ਧਰਮਵੀਰ ਗਾਂਧੀ ਨੇ ਆਖਿਆ ਹੈ ਕਿ ਪੰਜਾਬੀਆਂ ਨੇ ਗੁੰਗੇ ਬੋਲਿਆਂ ਦੀ ਸੈਨਾ ਜਿਤਾ ਕੇ ਭੇਜ ਦਿੱਤੀ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ 'ਦੁਸ਼ਮਣ ਦਰਵਾਜ਼ੇ 'ਤੇ ਖੜ੍ਹਾ ਹੈ, ਮੁੱਖ ਮੰਤਰੀ ਜੀ, ਤੁਹਾਡੀ ਕੀ ਤਿਆਰੀ ਹੈ, ਸਾਰੀਆਂ ਪਾਰਟੀਆਂ ਨੂੰ ਭਰੋਸੇ ਵਿਚ ਲੈ ਕੇ ਕਾਨੂੰਨੀ ਲੜਾਈ ਲੜੋ। ਮੁੱਖ ਮੰਤਰੀ ਜੀ, ਚੁੱਪ ਧਾਰ ਕੇ ਸਥਿਤੀ ਵੱਲ ਵੇਖ ਰਹੇ ਹੋ ਜਾਂ ਫਿਰ ਦਿੱਲੀਓਂ ਫਰਮਾਨ ਉਡੀਕ ਰਹੇ ਹੋ।' ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਪੰਜਾਬ ਦਾ ਹੱਕ ਹੈ ਅਤੇ ਇਕ ਬੂੰਦ ਪਾਣੀ ਹਰਿਆਣਾ ਜਾਂ ਦਿੱਲੀ ਨਹੀਂ ਜਾਣ ਦਿੱਤਾ ਜਾਵੇਗਾ। ਉਨ੍ਹਾਂ ਨੇ ਵੀ ਡਾ. ਸੁਸ਼ੀਲ ਕੁਮਾਰ ਦੇ ਬਿਆਨ 'ਤੇ ਉਂਗਲ ਚੁੱਕੀ ਹੈ। ਸਾਬਕਾ ਮੰਤਰੀ ਪਰਗਟ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਆਪਣਾ ਪੱਖ ਸਪਸ਼ਟ ਕਰਨਾ ਚਾਹੀਦਾ ਹੈ ਕਿਉਂਕਿ ਪੰਜਾਬ ਦੇ ਪਾਣੀਆਂ ਦਾ ਮਸਲਾ ਬੜਾ ਗੰਭੀਰ ਹੈ।

ਸੁਸ਼ੀਲ ਗੁਪਤਾ ਵੱਲੋਂ ਪੰਜਾਬ ਦੇ ਦਰਿਆਈ ਪਾਣੀ ਹਰਿਆਣਾ ਨੂੰ ਦੇਣ ਦੇ ਮੁੱਦੇ 'ਤੇ ਦਿੱਤੇ ਬਿਆਨ ਸਬੰਧੀ ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸਪਸ਼ਟੀਕਰਨ ਮੰਗਿਆ ਹੈ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਕਦੇ ਵੀ ਇਸ ਸਾਜ਼ਿਸ਼

*(ਬਾਕੀ ਸਫਾ 6 'ਤੇ)*


**Harmit Toor**
*Your Realtor® For Life!*

Broker Associate
BRE Lic.# 01462579
NMLS ID 358820
Help you Buy or Sell:
- Residential Property
- Commercial property
- Business Opportunity
Financing:
- Residential Loans
- Commercial Loans
- SBA Loans
Commercial Leasing
2015-19 Awarded Grand Master Achievement Club Certificate
BEB BAY EAST BROKERS — EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine — Raja Indian Cuisine & Bar
Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

GLOBAL TRUCK PERMITS

17 years of experience
Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 60 Cent + Team 70 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਅਡਾਨੀ ਦੇ ਸਾਇਲੋ ਵਿਚ ਕਣਕ ਵੇਚਣ ਲਈ ਲੱਗੀਆਂ ਕਤਾਰਾਂ

**ਮੋਗਾ:** ਇਥੇ ਫਿਰੋਜ਼ਪੁਰ ਰੋਡ 'ਤੇ ਸਥਿਤ ਆਧੁਨਿਕ ਅਡਾਨੀ ਸਾਇਲੋ ਪਲਾਂਟ ਕਿਸਾਨ ਅੰਦੋਲਨ ਦੌਰਾਨ ਤਕਰੀਬਨ ਸਾਲ ਭਰ ਬੰਦ ਰਿਹਾ ਪਰ ਖੇਤੀ ਕਾਨੂੰਨ ਵਾਪਸ ਲੈਣ ਕਾਰਨ ਸਥਿਤੀ ਬਦਲ ਗਈ ਹੈ। ਹੁਣ ਕਣਕ ਵੇਚਣ ਲਈ ਇਹ ਕਿਸਾਨਾਂ ਦੀ ਪਹਿਲੀ ਪਸੰਦ ਬਣ ਗਿਆ ਹੈ।

ਕਿਸਾਨਾਂ ਵੱਲੋਂ ਇਸ ਪਲਾਂਟ ਨੂੰ ਤਰਜੀਹ ਦੇਣ ਦਾ ਮੁੱਖ ਕਾਰਨ ਇਹ ਹੈ ਕਿ ਇਥੇ ਬਾਰਦਾਨੇ ਦੀ ਲੋੜ ਨਹੀਂ ਪੈਂਦੀ, ਜਦਕਿ ਮੰਡੀਆਂ ਵਿਚ ਕਣਕ ਵੇਚਣ ਲਈ ਕਿਸਾਨਾਂ ਨੂੰ ਚਾਰ-ਪੰਜ ਦਿਨ ਦੀ ਉਡੀਕ ਕਰਨੀ ਪੈਂਦੀ ਹੈ। ਇਸ ਤੋਂ ਇਲਾਵਾ ਮੰਡੀਆਂ ਵਿਚ ਖਰੀਦ ਏਜੰਸੀਆਂ ਜ਼ਿਆਦਾ ਨਮੀ ਦੱਸ ਕੇ ਕਣਕ ਖਰੀਦਣ ਤੋਂ ਟਾਲਾ ਵੱਟ ਰਹੀਆਂ ਹਨ। ਕਿਸਾਨ ਟਰਾਲੀਆਂ ਵਿਚ ਖੁੱਲ੍ਹੀ ਕਣਕ ਭਰ ਕੇ ਸਾਇਲੋ ਵਿਚ ਲਿਆਉਂਦੇ ਹਨ। ਇਥੇ ਕਰੀਬ ਡੇਢ ਕਿਲੋਮੀਟਰ ਤੱਕ ਕਣਕ ਦੀਆਂ ਭਰੀਆਂ ਟਰਾਲੀਆਂ ਦੀ ਕਤਾਰ ਲੱਗ ਹੋਈ ਹੈ। ਕਣਕ ਦੀ ਆਮਦ ਵਿਚ ਅਚਾਨਕ ਵਾਧਾ ਹੋਣ ਕਾਰਨ ਪਲਾਂਟ ਵਿਚ ਕਣਕ ਵੇਚਣ ਆਏ ਕਿਸਾਨਾਂ ਨੂੰ 12-12 ਘੰਟੇ ਧੁੱਪ 'ਚ ਖੜ੍ਹਨਾ ਪੈ ਰਿਹਾ ਹੈ, ਜਦਕਿ ਪਲਾਂਟ



ਵਿਚ ਦਾਖਲ ਹੋਣ 'ਤੇ ਕਿਸਾਨ ਨੂੰ ਕਣਕ ਸਟੋਰ ਕਰਨ ਮਗਰੋਂ ਅੱਧੇ ਘੰਟੇ ਵਿਚ ਹੀ ਪੇਮੈਂਟ ਸਲਿੱਪ ਮਿਲ ਜਾਂਦੀ ਹੈ। ਮੰਡੀਆਂ ਵਿਚ ਜਿੱਥੇ ਮਜ਼ਦੂਰਾਂ ਵੱਲੋਂ ਸਫਾਈ ਕਰਕੇ ਕਣਕ ਭਰੀ ਜਾਂਦੀ ਹੈ, ਉਥੇ ਹੀ ਸਾਇਲੋ ਵਿਚ ਕਣਕ ਦੀ ਭਰੀ ਟਰਾਲੀ ਨੂੰ ਤੋਲ ਕੇ ਉਤਾਰਿਆ ਜਾਂਦਾ ਹੈ, ਜਿਸ ਨਾਲ ਸਮੇਂ ਦੀ ਵੀ ਬੱਚਤ ਹੁੰਦੀ ਹੈ, ਉਥੇ ਪ੍ਰਤੀ ਟਰਾਲੀ 3 ਤੋਂ 4 ਹਜ਼ਾਰ ਦਾ ਮੁਨਾਫਾ ਵੀ ਹੁੰਦਾ ਹੈ, ਕਿਉਂਕਿ ਅਡਾਨੀ ਗਰੁੱਪ ਦੇ ਸਾਇਲੋ ਗੋਦਾਮ ਵਿਚ ਸਟੋਰ ਕਰਨ ਲਈ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਵੱਲੋਂ ਕਿਸਾਨਾਂ ਤੋਂ ਸਿੱਧੀ ਕਣਕ ਖਰੀਦੀ ਜਾ ਰਹੀ ਹੈ। ਅਡਾਨੀ ਸਾਇਲੋ ਪਲਾਂਟ ਦੇ ਮੈਨੇਜਰ ਅਮਨਦੀਪ ਸਿੰਘ ਸੋਨੀ ਨੇ ਦੱਸਿਆ ਕਿ ਸਾਇਲੋ ਪਲਾਂਟ ਵਿਚ ਹਰ ਰੋਜ਼ ਕਰੀਬ 1100 ਟਰਾਲੀਆਂ ਵਿਚੋਂ ਕਣਕ ਉਤਾਰੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਕਣਕ ਲਿਆਉਣ ਵਾਲੇ ਕਿਸਾਨਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇ ਰਹੇ ਹਨ। ਇਸ ਤੋਂ ਇਲਾਵਾ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ 48 ਤੋਂ 72 ਘੰਟਿਆਂ 'ਚ ਕਣਕ ਦੀ ਅਦਾਇਗੀ ਕੀਤੀ ਜਾ ਰਹੀ ਹੈ।

ਬੀ.ਕੇ.ਯੂ. ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ ਤੇ ਗੁਲਜ਼ਾਰ ਸਿੰਘ ਘਾਲੀ ਨੇ ਆਖਿਆ ਕਿ ਪਲਾਂਟ ਵਿਚ ਕਣਕ ਵੇਚਣ ਲਈ ਆੜ੍ਹਤੀਏ ਤੋਂ ਪਰਚੀ ਲਈ ਜਾਂਦੀ ਹੈ ਤੇ ਐਫ.ਸੀ.ਆਈ. ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਕਣਕ ਵਿਕ ਰਹੀ ਹੈ। ਐਫ.ਸੀ.ਆਈ. ਚੈੱਕ ਰਾਹੀਂ ਸਿੱਧਾ ਭੁਗਤਾਨ ਕਿਸਾਨ ਦੇ ਖਾਤੇ ਵਿਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਸਾਫ ਹੈ ਕਿ ਕੇਂਦਰ ਦੀਆਂ ਨੀਤੀਆਂ ਸਰਕਾਰੀ ਮੰਡੀਆਂ ਨੂੰ ਬੰਦ ਕਰਨ ਤੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਵਾਲੀਆਂ ਹਨ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਟਲੇ ਹਨ, ਪਰ ਮੰਡੀਕਰਨ ਦੇ ਨਿੱਜੀਕਰਨ ਦੀ ਨੀਤੀ ਨਹੀਂ ਟਲੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਇਲੋ ਰਹਿਣਗੇ ਤਾਂ ਐਫ.ਸੀ.ਆਈ. ਦੇ ਆਪਣੇ ਗੁਦਾਮ ਢਹਿਣੇ ਤੈਅ ਹਨ।

## ਕਣਕ ਦਾ ਝਾੜ ਘਟਣ ਤੋਂ ਸਰਕਾਰ ਫਿਕਰਮੰਦ: ਚੀਮਾ

**ਲਹਿਰਾਗਾਗਾ:** ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਅਨਾਜ ਮੰਡੀ ਦਾ ਦੌਰਾ ਕਰਦਿਆਂ ਆਖਿਆ ਕਿ ਕਣਕ ਦਾ ਝਾੜ ਕੁਦਰਤੀ ਤੌਰ 'ਤੇ ਘੱਟ ਹੋਇਆ ਹੈ, ਜਿਸ ਪ੍ਰਤੀ ਸਰਕਾਰ ਚਿੰਤਤ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਖਰੀਦ ਏਜੰਸੀ ਐਫ.ਸੀ.ਆਈ. ਨੇ ਕਣਕ ਦੀ ਗੁਣਵੱਤਾ ਵਿਚ ਕੁਝ ਸ਼ੱਕ ਜ਼ਾਹਿਰ ਕੀਤਾ ਸੀ, ਜਿਸ ਲਈ ਕੇਂਦਰੀ ਟੀਮ ਵੱਲੋਂ ਪੰਜਾਬ ਦੀਆਂ ਮੰਡੀਆਂ ਵਿਚੋਂ ਸੈਂਪਲ ਭਰੇ ਗਏ ਹਨ। ਮੰਤਰੀਆਂ ਤੇ ਵਿਧਾਇਕਾਂ ਲਈ ਗੱਡੀਆਂ ਖਰੀਦਣ ਦੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ 18 ਕਰੋੜ ਰੁਪਏ ਦੀਆਂ ਗੱਡੀਆਂ ਖਰੀਦਣ ਬਾਰੇ ਨਾ ਤਾਂ ਟਰਾਂਸਪੋਰਟ ਵਿਭਾਗ ਨੇ ਉਨ੍ਹਾਂ ਨੂੰ ਕੋਈ ਚਿੱਠੀ ਲਿਖੀ ਹੈ, ਨਾ ਹੀ ਕੋਈ ਅਜਿਹੀ ਯੋਜਨਾ ਹੈ।

# ਗਵਰਨਰੀ ਭਾਵੇਂ ਚਲੀ ਜਾਵੇ, ਕਿਸਾਨਾਂ ਨਾਲ ਡਟਿਆ ਰਹਾਂਗਾ: ਮਲਿਕ

**ਹਿਸਾਰ:** ਮੇਘਾਲਿਆ ਦੇ ਰਾਜਪਾਲ ਸਤਪਾਲ ਮਲਿਕ ਨੇ ਕਿਹਾ ਹੈ ਕਿ ਕਿਸਾਨਾਂ ਦੇ ਮੁੱਦੇ ਉਠਾਉਣ ਲਈ ਉਨ੍ਹਾਂ ਨੂੰ ਆਪਣਾ ਅਹੁਦਾ ਖੁੱਸਣ ਦਾ ਕੋਈ ਡਰ ਨਹੀਂ ਹੈ। ਉਨ੍ਹਾਂ ਕਿਹਾ, "ਮੈਂ ਬੁਨਿਆਦੀ ਤੌਰ 'ਤੇ ਕਿਸਾਨ ਹਾਂ। ਮੇਰੀ ਸਿਆਸੀ ਟਰੇਨਿੰਗ (ਸਾਬਕਾ ਪ੍ਰਧਾਨ ਮੰਤਰੀ) ਚੌਧਰੀ ਚਰਨ ਸਿੰਘ ਦੀ ਅਗਵਾਈ ਹੇਠ ਹੋਈ ਸੀ। ਉਨ੍ਹਾਂ ਮੈਨੂੰ ਕਿਹਾ ਸੀ ਕਿ ਜੇਕਰ ਕਿਸਾਨਾਂ ਲਈ ਤੁਸੀਂ ਕੁਝ ਛੱਡਣਾ ਚਾਹੁੰਦੇ ਹੋ ਤਾਂ ਛੱਡ ਦੇਵੋ ਪਰ ਉਨ੍ਹਾਂ ਲਈ ਲੜਦੇ ਰਹੋ ਅਤੇ ਉਨ੍ਹਾਂ ਦੀ ਆਵਾਜ਼ ਬੁਲੰਦ ਕਰਦੇ ਰਹੋ।"

ਮਲਿਕ ਨੇ ਕਿਹਾ ਕਿ ਉਹ ਗਵਰਨਰੀ ਖੁੱਸਣ ਤੋਂ ਨਹੀਂ ਡਰਦੇ ਹਨ। 'ਮੇਰੇ ਕੋਲ ਤਾਂ ਸੇਵਾਮੁਕਤੀ ਤੋਂ ਬਾਅਦ ਰਹਿਣ ਲਈ ਘਰ ਵੀ ਨਹੀਂ ਹੈ। ਇਸੇ ਕਰਕੇ ਮੈਂ ਕੇਂਦਰ ਨਾਲ ਲੜ ਸਕਦਾ ਹਾਂ।' ਮੇਘਾਲਿਆ ਦੇ ਰਾਜਪਾਲ ਨੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਨਾਲ ਸਿੱਝਣ ਦੇ ਢੰਗ 'ਤੇ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕੀਤੀ ਸੀ। ਉਨ੍ਹਾਂ ਫਸਲਾਂ 'ਤੇ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਦੀ ਵੀ ਵਕਾਲਤ ਕੀਤੀ ਹੈ। ਇਕ ਸਵਾਲ ਦੇ ਜਵਾਬ 'ਚ ਮਲਿਕ ਨੇ ਕਿਹਾ ਕਿ ਵਪਾਰ ਦੀਆਂ ਸ਼ਰਤਾਂ ਦੇਸ਼ ਦੇ ਕਿਸਾਨਾਂ ਦੇ ਪੱਖ 'ਚ ਨਹੀਂ ਹਨ। ਉਨ੍ਹਾਂ ਵੱਲੋਂ ਜੰਮੂ ਕਸ਼ਮੀਰ ਦੇ ਰਾਜਪਾਲ ਰਹਿੰਦਿਆਂ ਦੋ ਫਾਈਲਾਂ ਕਲੀਅਰ ਕਰਨ ਲਈ ਰਿਸ਼ਵਤ ਦੀ ਪੇਸ਼ਕਸ਼ ਬਾਰੇ ਲਾਏ ਗਏ ਦੋਸ਼ਾਂ 'ਤੇ ਸੀ.ਬੀ.ਆਈ. ਵੱਲੋਂ ਪਿਛਲੇ ਮਹੀਨੇ ਜਾਂਚ ਸ਼ੁਰੂ ਕੀਤੇ ਜਾਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਮਲਿਕ ਨੇ ਕਿਹਾ ਕਿ ਜੰਮੂ ਕਸ਼ਮੀਰ ਦੇ ਰਾਜਪਾਲ ਵਜੋਂ ਦਸਤਖਤ ਕੀਤੀਆਂ ਗਈਆਂ ਸਾਰੀਆਂ ਫਾਈਲਾਂ ਹੁਣ ਸੀ.ਬੀ.ਆਈ. ਦੀ ਨਿਗਾਹ 'ਚ ਹੋਣਗੀਆਂ। 'ਇਸ ਨਾਲ ਮੈਨੂੰ ਕੋਈ ਪਰੇਸ਼ਾਨੀ ਨਹੀਂ ਹੈ। ਸੀ.ਬੀ.ਆਈ. ਨੇ ਮੇਰੇ ਨਾਲ ਸੰਪਰਕ ਨਹੀਂ ਕੀਤਾ ਹੈ। ਮੈਂ ਜੋ ਕੁਝ ਕਹਿਣਾ ਸੀ, ਉਹ ਆਖ ਚੁੱਕਾ ਹਾਂ। ਜੇਕਰ ਉਹ ਮੇਰੇ ਤੋਂ ਪੁੱਛਣਗੇ ਤਾਂ ਮੈਂ ਉਨ੍ਹਾਂ ਨੂੰ ਦੱਸਾਂਗਾ ਕਿਉਂਕਿ ਮੇਰੇ ਕੋਲ ਛਿਪਾਉਣ ਲਈ ਕੁਝ ਵੀ ਨਹੀਂ ਹੈ।'

# 6% ਤੋਂ ਵੱਧ ਖਰਾਬ ਹੋਈ ਕਣਕ ਵੀ ਖਰੀਦੇਗਾ ਕੇਂਦਰ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਦੀਆਂ ਮੰਡੀਆਂ ਵਿਚੋਂ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਖਰੀਦੀ ਜਾਣ ਵਾਲੀ ਕਣਕ ਉਤੇ 6 ਫੀਸਦੀ ਤੋਂ ਵੱਧ ਸੁੰਗੜੇ ਦਾਣੇ ਵਾਲੀ ਫਸਲ ਨਾ ਖਰੀਦੇ ਜਾਣ ਦੀ ਲਗਾਈ ਪਾਬੰਦੀ ਹਟਾ ਲਈ ਹੈ। ਕੇਂਦਰੀ ਟੀਮਾਂ ਵੱਲੋਂ ਸੂਬੇ ਦੀਆਂ ਮੰਡੀਆਂ ਦਾ ਦੌਰਾ ਕਰਕੇ ਭੇਜੀ ਰਿਪੋਰਟ ਤੋਂ ਬਾਅਦ ਕੇਂਦਰ ਨੇ ਖਰੀਦ ਏਜੰਸੀਆਂ ਨੂੰ ਨਵੇਂ ਮਾਪਦੰਡਾਂ ਤਹਿਤ ਫਸਲ ਖਰੀਦਣ ਦੇ ਆਦੇਸ਼ ਦਿੱਤੇ ਹਨ।



ਇਹ ਜਾਣਕਾਰੀ ਪੰਜਾਬ ਭਾਜਪਾ ਕਿਸਾਨ ਮੋਰਚੇ ਦੇ ਮੁਖੀ ਬਿਕਰਮ ਜੀਤ ਸਿੰਘ ਚੀਮਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਵਾਰ ਗਰਮੀ ਜਲਦੀ ਤੇ ਜਿਆਦਾ ਪੈਣ ਕਾਰਨ ਪੰਜਾਬ ਵਿਚ ਕਣਕ ਦੀ ਫਸਲ ਵਿਚ ਮਾਜੂ (ਸੁੰਗੜਿਆ) ਦਾਣਾ ਕਾਫੀ ਜਿਆਦਾ ਸੀ ਅਤੇ ਕਣਕ ਦੀ ਫਸਲ ਦਾ ਝਾੜ ਵੀ ਘਟਿਆ ਸੀ, ਜਿਸ ਕਰਕੇ ਐਫ.ਸੀ.ਆਈ. ਨੇ ਜਿਆਦਾ ਸੁੰਗੜੇ ਦਾਣੇ ਵਾਲੀ ਫਸਲ ਚੁੱਕਣ ਤੋਂ ਇਨਕਾਰ ਕਰ ਦਿੱਤਾ ਸੀ। ਚੀਮਾ ਨੇ ਕਿਹਾ ਕਿ ਪੰਜਾਬ ਭਾਜਪਾ ਦੇ ਨੇਤਾਵਾਂ ਨੇ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਵਿਚ ਪ੍ਰਧਾਨ ਮੰਤਰੀ ਦਫਤਰ ਨੂੰ ਬੇਨਤੀ ਕੀਤੀ ਸੀ ਕਿ ਸੁੰਗੜੇ ਦਾਣੇ ਦੀ ਸ਼ਰਤ ਵਿਚ ਪੰਜਾਬ ਦੇ ਕਿਸਾਨਾਂ ਨੂੰ ਰਿਆਇਤ ਦਿੱਤੀ ਜਾਵੇ, ਜਿਸ ਉਤੇ ਕੇਂਦਰ ਨੇ 5 ਟੀਮਾਂ ਪੰਜਾਬ ਦੀਆਂ ਮੰਡੀਆਂ ਵਿਚ ਕਣਕ ਦਾ ਜਾਇਜ਼ਾ ਲੈਣ ਭੇਜੀਆਂ ਸਨ। ਇਸੇ ਦੌਰਾਨ ਮੰਡੀਆਂ ਵਿਚ ਸੁੰਗੜੇ ਹੋਏ ਅਨਾਜ ਦੀ ਆਮਦ ਦਾ ਜਾਇਜ਼ਾ ਲੈ ਰਹੀਆਂ ਕੇਂਦਰੀ ਟੀਮਾਂ ਵੱਲੋਂ ਸਰਵੇਖਣ ਮੁਕੰਮਲ ਕਰ ਲਿਆ ਸੀ ਤੇ ਇਸ ਦੀ ਰਿਪੋਰਟ ਆਨਲਾਈਨ ਕੇਂਦਰ ਨੂੰ ਭੇਜ ਦਿੱਤੀ ਸੀ, ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਦਖਲ ਦੇ ਕੇ ਪੰਜਾਬ ਦੀ 6 ਫੀਸਦੀ ਤੋਂ ਜਿਆਦਾ ਸੁੰਗੜੇ ਦਾਣੇ ਵਾਲੀ ਕਣਕ ਖਰੀਦਣ ਦੀ ਹਦਾਇਤ ਕਰ ਦਿੱਤੀ।

# ਭਾਰਤ ਸਰਕਾਰ ਨੇ ਦੇਸੀ ਕੋਲਾ ਲੈਣ ਲਈ ਵਿਦੇਸ਼ੀ ਕੋਲੇ ਦੀ ਸ਼ਰਤ ਰੱਖੀ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਕੋਲਾ ਸੰਕਟ ਦੇ ਮੱਦੇਨਜ਼ਰ ਪੰਜਾਬ ਸਮੇਤ ਸਾਰੇ ਸੂਬਿਆਂ 'ਤੇ ਵਿਦੇਸ਼ੀ ਕੋਲਾ ਵਰਤਣ ਦੀ ਸ਼ਰਤ ਲਗਾ ਦਿੱਤੀ ਹੈ। ਸ਼ਰਤ ਇਹ ਕਿ ਦੇਸੀ ਕੋਲਾ ਉਨ੍ਹਾਂ ਸੂਬਿਆਂ ਨੂੰ ਹੀ ਅਲਾਟ ਹੋਵੇਗਾ, ਜਿਹੜੇ 10 ਫ਼ੀਸਦੀ ਤੱਕ ਵਿਦੇਸ਼ੀ ਕੋਲਾ ਵਰਤੋਂ ਵਿਚ ਲਿਆਉਣਗੇ। ਕੇਂਦਰੀ ਬਿਜਲੀ ਅਤੇ ਨਵਿਆਉਣਯੋਗ ਊਰਜਾ ਮੰਤਰੀ ਆਰ.ਕੇ. ਸਿੰਘ ਨੇ ਦਿੱਲੀ 'ਚ ਕੋਲੇ ਦੇ ਸਟਾਕ ਦਾ ਜਾਇਜ਼ਾ ਲੈਣ ਲਈ ਸੱਦੀ ਸਮੀਖਿਆ ਮੀਟਿੰਗ ਦੌਰਾਨ ਉਪਰੋਕਤ ਹਦਾਇਤ ਕੀਤੀ ਹੈ। ਮੀਟਿੰਗ ਵਿਚ ਪੰਜਾਬ ਸਣੇ ਬਾਕੀ ਸੂਬਿਆਂ ਦੇ ਊਰਜਾ ਵਿਭਾਗ ਦੇ ਅਧਿਕਾਰੀ ਵੀ ਸ਼ਾਮਲ ਸਨ।

ਕੇਂਦਰੀ ਮੰਤਰੀ ਨੇ ਸਮੀਖਿਆ ਦੌਰਾਨ ਦੱਸਿਆ ਕਿ ਮੁਲਕ ਵਿਚ ਇਸ ਵੇਲੇ 19 ਹਜ਼ਾਰ ਮੈਗਾਵਾਟ ਦੇ ਦਰਜਨ ਤਾਪ ਬਿਜਲੀ ਘਰ ਹਨ, ਜੋ ਪੂਰੀ ਤਰ੍ਹਾਂ ਵਿਦੇਸ਼ੀ ਕੋਲੇ 'ਤੇ ਨਿਰਭਰ ਹਨ। ਹਾਲਾਂਕਿ ਇਨ੍ਹਾਂ ਵਿਚੋਂ ਸਿਰਫ ਅੱਠ ਹਜ਼ਾਰ ਮੈਗਾਵਾਟ ਦੇ ਤਾਪ ਬਿਜਲੀ ਘਰ ਹੀ ਚੱਲ ਰਹੇ ਹਨ। ਕੌਮਾਂਤਰੀ ਬਾਜ਼ਾਰ ਵਿਚ ਵਿਦੇਸ਼ੀ ਕੋਲੇ ਦੇ ਭਾਅ ਕਾਫੀ ਤੇਜ ਹਨ, ਜਿਸ ਕਰਕੇ ਪ੍ਰਾਈਵੇਟ ਕੰਪਨੀਆਂ ਪਾਸਾ ਵੱਟ ਰਹੀਆਂ ਹਨ। ਪਾਵਰਕੌਮ ਦਾ ਟਾਟਾ ਮੁਦਰਾ ਪਲਾਂਟ ਨਾਲ 475 ਮੈਗਾਵਾਟ ਦਾ ਸਮਝੌਤਾ ਹੈ ਅਤੇ ਇਹ ਪਲਾਂਟ ਵੀ ਵਿਦੇਸ਼ੀ ਕੋਲਾ ਆਧਾਰਿਤ ਹੈ। ਵੇਰਵਿਆਂ ਅਨੁਸਾਰ ਪਹਿਲਾਂ ਵਿਦੇਸ਼ੀ ਕੋਲਾ ਚਾਰ ਫੀਸਦੀ ਤੱਕ ਵਰਤੋਂ ਵਿਚ ਲਿਆਂਦਾ ਜਾ ਸਕਦਾ ਸੀ, ਪਰ ਹੁਣ ਕੇਂਦਰੀ ਬਿਜਲੀ ਮੰਤਰੀ ਨੇ ਸੂਬਿਆਂ ਨੂੰ 10 ਫੀਸਦੀ ਤੱਕ ਵਿਦੇਸ਼ੀ ਕੋਲਾ ਵਰਤਣ ਲਈ ਆਖ ਦਿੱਤਾ ਹੈ। ਕੇਂਦਰੀ ਮੰਤਰੀ ਨੇ ਇੱਥੋਂ ਤੱਕ ਆਖ ਦਿੱਤਾ ਹੈ ਕਿ



ਜਿਨ੍ਹਾਂ ਪ੍ਰਾਈਵੇਟ ਕੰਪਨੀਆਂ ਨਾਲ ਬਿਜਲੀ ਸਮਝੌਤੇ ਹੋਏ ਹਨ, ਉਨ੍ਹਾਂ ਤੋਂ ਜੇਕਰ ਆਰਜ਼ੀ ਤੌਰ 'ਤੇ ਮਹਿੰਗੇ ਭਾਅ ਬਿਜਲੀ ਲੈਣੀ ਪੈਂਦੀ ਹੈ ਤਾਂ ਸੰਕਟ ਦੇ ਮੱਦੇਨਜ਼ਰ ਲੈ ਲੈਣੀ ਚਾਹੀਦੀ ਹੈ।

ਪੰਜਾਬ ਸਣੇ ਜਿਹੜੇ ਸੂਬੇ ਕੋਲਾ ਖਾਣਾਂ ਤੋਂ ਦੂਰ ਪੈਂਦੇ ਹਨ, ਉਨ੍ਹਾਂ ਨੂੰ ਇਕ ਹੋਰ ਬਦਲ ਸੁਝਾਇਆ ਗਿਆ ਹੈ। ਕੋਲਾ ਖਾਣਾਂ ਦੇ ਨੇੜੇ ਪੈਂਦੇ ਤਾਪ ਬਿਜਲੀ ਘਰਾਂ ਦੀ ਦੂਰਾਡੇ ਦੇ ਸੂਬੇ ਵਰਤੋਂ ਕਰ ਸਕਦੇ ਹਨ। ਅੱਗੇ ਬਰਸਾਤਾਂ ਦੇ ਮੌਸਮ ਵਿਚ ਕੋਲੇ ਦਾ ਉਤਪਾਦਨ ਘੱਟ ਜਾਣਾ ਹੈ ਜਿਸ ਕਰਕੇ ਕੋਲਾ ਸੰਕਟ ਹੋਰ ਵਧਣ ਦੀ ਸੰਭਾਵਨਾ ਹੈ। ਪਾਵਰਕੌਮ ਨੇ ਵਿਦੇਸ਼ੀ ਕੋਲੇ ਦੇ ਟੈਂਡਰ ਕੀਤੇ ਹੋਏ ਹਨ। ਬਿਜਲੀ ਐਕਸਚੇਂਜ 'ਚੋਂ ਇਸ ਵੇਲੇ 12 ਰੁਪਏ ਪ੍ਰਤੀ ਯੂਨਿਟ ਬਿਜਲੀ ਉਪਲਬਧ ਹੈ ਜਦੋਂ ਕਿ ਇਸ ਦੇ ਮੁਕਾਬਲੇ ਵਿਦੇਸ਼ੀ ਕੋਲੇ ਤੋਂ ਬਿਜਲੀ ਸਸਤੀ ਪੈਂਦੀ ਹੈ। ਪਾਵਰਕੌਮ ਨੂੰ ਕੋਲਾ ਸੰਕਟ ਕਰਕੇ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਰਾਤ ਸਮੇਂ ਬਿਜਲੀ ਦੀ ਮੰਗ 7500 ਮੈਗਾਵਾਟ ਤੱਕ ਪੁੱਜ ਰਹੀ ਹੈ ਜਦੋਂਕਿ ਦਿਨ ਵੇਲੇ ਮੰਗ ਘੱਟ ਹੁੰਦੀ ਹੈ। ਪੰਜਾਬ ਵਿਚ ਕਈ ਥਾਈਂ ਬਿਜਲੀ ਕੱਟ ਲੱਗਣੇ ਸ਼ੁਰੂ ਹੋ ਗਏ ਹਨ। ਸ਼ਹਿਰਾਂ ਵਿਚ ਛੋਟੇ ਅਤੇ ਪਿੰਡਾਂ ਵਿਚ ਰਾਤ ਵੇਲੇ ਪਾਵਰ ਕੱਟ ਲੱਗ ਰਹੇ ਹਨ। ਬਿਜਲੀ ਮਾਹਿਰਾਂ ਦਾ ਕਹਿਣਾ ਹੈ ਕਿ ਵਾਢੀ ਦਾ ਕੰਮ ਚੱਲਦਾ ਹੋਣ ਕਰਕੇ ਦਿਨ ਵੇਲੇ ਖੁਦ ਕਿਸਾਨ ਖੇਤੀ ਫੀਡਰ ਬੰਦ ਕਰਾ ਰਹੇ ਹਨ ਤੇ ਜਦੋਂ ਰਾਤ ਵਕਤ ਖੇਤੀ ਫੀਡਰ ਚੱਲਦੇ ਹਨ ਤਾਂ ਇਕਦਮ ਲੋਡ ਵਧ ਜਾਂਦਾ ਹੈ। ਅਗੇਤੇ ਬਿਜਲੀ ਕੱਟਾਂ ਕਰਕੇ ਲੋਕਾਂ ਦਾ ਪਰੇਸ਼ਾਨ ਹੋਣਾ ਵੀ ਸੁਭਾਵਿਕ ਹੈ।

## ਸਸਤੀ ਬਿਜਲੀ ਦੇ ਰਾਹ 'ਚ ਅੜਿੱਕਾ ਬਣੇ ਗਲਤ ਸਮਝੌਤੇ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਹੈ ਕਿ ਪਿਛਲੀਆਂ ਸਰਕਾਰਾਂ ਵੱਲੋਂ ਪ੍ਰਾਈਵੇਟ ਕੰਪਨੀਆਂ ਨਾਲ ਕੀਤੇ ਗਲਤ ਬਿਜਲੀ ਸਮਝੌਤਿਆਂ ਕਰਕੇ ਪੰਜਾਬ ਹਾਲੇ ਤੱਕ ਸਸਤੀ ਤੇ ਮੁਫਤ ਬਿਜਲੀ ਦੇਣ ਤੋਂ ਅਸਮਰੱਥ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਬਿਜਲੀ ਪੈਦਾ ਕਰਨ ਵਾਲਾ ਰਾਜ ਹੋਣ ਦੇ ਬਾਵਜੂਦ ਹੁਣ ਤੱਕ ਸਸਤੀ ਬਿਜਲੀ ਦੇਣ ਦੇ ਯੋਗ ਨਹੀਂ ਬਣ ਸਕਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁਫਤ ਤੇ ਸਸਤੀ ਬਿਜਲੀ ਦੇਣ ਦੇ ਰਾਹ ਵਿਚਲੇ ਹੋਰਨਾਂ ਅੜਿੱਕਿਆਂ ਨੂੰ ਦੂਰ ਕਰਨ ਵਿਚ ਲੱਗੀ ਹੋਈ ਹੈ, ਜਿਨ੍ਹਾਂ ਵਿਚ ਟਰਾਂਸਮਿਸ਼ਨ ਘਾਟੇ, ਕੋਲੇ ਦਾ ਮੁੱਦਾ ਤੇ ਕੁਝ ਹੋਰ ਕਾਨੂੰਨੀ ਮੁੱਦੇ ਸ਼ਾਮਲ ਹਨ। ਇਸ ਮੌਕੇ ਮੁੱਖ ਮੰਤਰੀ ਨੇ ਆਪਣੇ ਇਕ ਮਹੀਨੇ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਆਪ' ਸਰਕਾਰ ਦੇ ਭਰੋਸੇ ਸਦਕਾ ਪਰਵਾਸੀ ਭਾਰਤੀ ਹੁਣ ਪੰਜਾਬ ਦੇ ਵਿਕਾਸ ਵਿਚ ਯੋਗਦਾਨ ਪਾਉਣਾ ਚਾਹੁੰਦੇ ਹਨ ਤੇ ਸਰਕਾਰ ਉਨ੍ਹਾਂ ਤੱਕ ਪਹੁੰਚ ਕਰ ਰਹੀ ਹੈ। ਬਿਜਲੀ ਮੰਤਰੀ ਹਰਭਜਨ ਸਿੰਘ ਨੇ ਇਸ ਮੌਕੇ ਦੱਸਿਆ ਕਿ ਪਛਵਾੜਾ ਕੋਲਾ ਖਾਣ ਜੋ 2015 ਤੋਂ ਬੰਦ ਪਈ ਸੀ, ਉਹ ਹੁਣ ਜਲਦ ਹੀ ਸ਼ੁਰੂ ਹੋ ਰਹੀ ਹੈ ਤੇ ਇਸ ਦਾ ਕੋਲਾ ਪੰਜਾਬ ਨੂੰ ਮਿਲਣਾ ਸ਼ੁਰੂ ਹੋ ਜਾਵੇਗਾ।

## ਬਿਜਲੀ ਸੰਕਟ ਬਾਰੇ ਵ੍ਹਾਈਟ ਪੇਪਰ ਜਾਰੀ ਹੋਵੇ: ਬਾਜਵਾ

**ਬਟਾਲਾ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਬਣਨ ਮਗਰੋਂ ਪ੍ਰਤਾਪ ਸਿੰਘ ਬਾਜਵਾ ਪਹਿਲੀ ਵਾਰ ਬਟਾਲਾ ਪੁੱਜੇ। ਉਨ੍ਹਾਂ ਪੰਜਾਬ ਸਰਕਾਰ ਦੀ ਮਹੀਨੇ ਭਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਸੂਬੇ ਦੇ ਬਿਜਲੀ ਸੰਕਟ ਉਤੇ 'ਵ੍ਹਾਈਟ ਪੇਪਰ' ਜਾਰੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਮੁੱਖ ਮੰਤਰੀ ਨੂੰ ਦੋ ਪੱਤਰ ਭੇਜ ਕੇ ਮੰਗ ਕੀਤੀ ਗਈ ਹੈ ਕਿ ਕਿਸਾਨਾਂ ਦੇ ਗੰਨੇ ਦੇ 800 ਕਰੋੜ ਰੁਪਏ ਬਕਾਇਆ ਰਾਸ਼ੀ ਦੇ ਭੁਗਤਾਨ ਲਈ ਚਾਰਾਜੋਈ ਕੀਤੀ ਜਾਵੇ। ਇਸ ਰਕਮ ਵਿਚ 500 ਕਰੋੜ ਰੁਪਏ ਪ੍ਰਾਈਵੇਟ ਅਤੇ 300 ਕਰੋੜ ਸਰਕਾਰੀ ਖੰਡ ਮਿੱਲਾਂ ਵੱਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਲੰਘੇ ਮਹੀਨੇ ਦੌਰਾਨ ਸੂਬੇ ਵਿਚ ਕਬੱਡੀ ਖਿਡਾਰੀਆਂ ਸਣੇ ਹੋਏ ਹੋਰ ਕਤਲਾਂ ਕਾਰਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਚਿੰਨ੍ਹ ਲੱਗਣਾ ਸੁਭਾਵਿਕ ਹੈ।

# ਨਿਊਰੋਪੈਥੀ ਦੀ ਪਛਾਣ ਤੇ ਪ੍ਰਬੰਧ

**ਸ਼ਿਕਾਗੋ:** 'ਬੁਢਾਪਾ ਬੜਾ ਲਾਹਣਤੀ' ਗਾਣਾ ਅਕਸਰ ਸੁਣਿਆ ਜਾਂਦਾ ਹੈ ਪਰ ਇਹ ਇਸ ਤਰ੍ਹਾਂ ਹੈ ਜਿਵੇਂ, 'ਜਿਸ ਦੀ ਪੈਰ ਦੀ ਬਿਆਈ ਫਟੀ ਹੁੰਦੀ ਹੈ, ਉਸੇ ਨੂੰ ਪਤਾ ਹੁੰਦਾ ਹੈ।' ਕਈਆਂ ਲਈ ਬੁਢਾਪਾ ਆਮ ਕੁਦਰਤੀ ਵਾਪਰਨ ਵਾਲੀ ਕਿਰਿਆ ਹੈ। ਕਈਆਂ ਨੂੰ ਬੁਢਾਪੇ ਦੀਆਂ ਬਿਮਾਰੀਆਂ ਹਾਏ ਦੁਹਾਈ ਤੱਕ ਪਹੁੰਚਾ ਦਿੰਦੀਆਂ ਹਨ। ਅਜਿਹੀ ਹੀ ਇਕ ਬਿਮਾਰੀ ਹੈ, ਨਿਊਰੋਪੈਥੀ, ਜਿਸ ਦੀ ਪਛਾਣ ਸਿਰਫ ਮਾਹਿਰ ਡਾਕਟਰ ਹੀ ਕਰ ਸਕਦੇ ਹਨ।



ਸ਼ਿਕਾਗੋ ਦੇ ਸਿੱਖ ਸੀਨੀਅਰ ਸਿਟੀਜਨਜ਼ ਨੇ ਨਿਊਰੋਪੈਥੀ ਬਾਰੇ ਜਾਣਕਾਰੀ ਹਾਸਲ ਕਰਨ ਲਈ ਲੰਘੇ ਬੁੱਧਵਾਰ ਨੂੰ ਡਾਕਟਰ ਜਸਵਿੰਦਰ ਸਿੰਘ ਚਾਵਲਾ ਨੂੰ ਬੁਲਾਇਆ, ਜੋ ਸ਼ਿਕਾਗੋ ਦੀਆਂ ਕਈ ਯੂਨੀਵਰਸਿਟੀਆਂ ਵਿਚ ਨਿਊਰੋਲੋਜੀ ਦੇ ਪ੍ਰੋਫੈਸਰ ਹਨ। ਡਾ. ਚਾਵਲਾ ਹਮੇਸ਼ਾ ਸੰਬੰਧਤ ਵਿਸ਼ੇ ਦੀ ਤਿਆਰੀ ਕਰ ਕੇ ਆਉਂਦੇ ਹਨ, ਘਰ ਲਿਜਾਣ ਲਈ ਜ਼ਰੂਰੀ ਪੈਂਫਲਿਟ ਵੰਡਣ ਵਾਸਤੇ ਦਿੰਦੇ ਹਨ ਤੇ ਕੁਝ ਖਾਣ-ਪੀਣ ਲਈ ਵੀ ਜ਼ਰੂਰ ਲਿਆਉਂਦੇ ਹਨ। ਆਪਣੇ ਭਾਸ਼ਣ ਦੌਰਾਨ ਬਜ਼ੁਰਗਾਂ ਦੇ ਸਵਾਲਾਂ ਦੇ ਜਵਾਬ ਬਹੁਤ ਧੀਰਜ ਨਾਲ ਪੰਜਾਬੀ ਵਿਚ ਦਿੰਦੇ ਹਨ।

ਡਾ. ਚਾਵਲਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਡਾਕਟਰ ਕੋਲ ਜਾਣ ਤੋਂ ਪਹਿਲਾਂ ਤਿਆਰੀ ਕਰ ਕੇ ਜਾਣਾ ਚਾਹੀਦਾ ਹੈ ਕਿ ਤੁਹਾਨੂੰ ਕੀ ਤਕਲੀਫ ਹੈ ਤੇ ਡਾਕਟਰ ਕੋਲ ਜਾ ਕੇ ਕਿਹੜੇ-ਕਿਹੜੇ ਸਵਾਲ ਪੁੱਛਣੇ ਹਨ। ਜੇ ਦਵਾਈ ਦਿੱਤੀ ਜਾਂਦੀ ਹੈ ਤਾਂ ਉਸਦੇ ਕੀ ਮਾੜੇ ਅਸਰ ਹੋ ਸਕਦੇ ਹਨ। ਆਮ ਤੌਰ 'ਤੇ ਪਹਿਲਾਂ ਤੁਸੀਂ ਆਪਣੇ ਪ੍ਰਾਇਮਰੀ ਡਾਕਟਰ ਕੋਲ ਜਾਂਦੇ ਹੋ। ਉਹ ਫੈਸਲਾ ਕਰਦਾ ਹੈ ਕਿ ਤੁਹਾਨੂੰ ਕਿਸ ਤਰ੍ਹਾਂ ਦੇ ਮਾਹਿਰ ਕੋਲ ਭੇਜਣਾ ਹੈ, ਕਿਹੜੇ-ਕਿਹੜੇ ਟੈਸਟ ਕਰਵਾਉਣੇ ਹਨ, ਕਿਹੜੀ ਦਵਾਈ ਸ਼ੁਰੂ ਕਰਨੀ ਹੈ ਜਾਂ ਘੱਟ-ਵੱਧ ਕਰਨੀ ਹੈ। ਜੇ ਮਰੀਜ਼ ਦੀ ਯਾਦਦਾਸ਼ਤ ਘੱਟ ਹੈ ਜਾਂ ਖੁੱਲ੍ਹ ਕੇ ਗੱਲਬਾਤ ਨਹੀਂ ਕਰ ਸਕਦਾ ਤਾਂ ਕਿਸੇ ਸਾਥੀ ਨੂੰ ਨਾਲ ਲੈ ਜਾਓ।

ਜੇ ਤਕਲੀਫ ਗੁੱਟ ਵਿਚ ਹੈ ਤਾਂ ਉਸ ਦਾ ਕਾਰਨ ਨਾੜੀ 'ਤੇ ਦਬਾਅ ਵੀ ਹੋ ਸਕਦਾ ਹੈ, ਜਿਸ ਨੂੰ ਕਸਰਤ, ਫੱਟੀ ਲਾ ਕੇ, ਦਵਾਈਆਂ ਨਾਲ ਠੀਕ ਕੀਤਾ ਜਾ ਸਕਦਾ ਹੈ ਪਰ ਆਖਰੀ ਇਲਾਜ ਸਰਜਰੀ ਹੈ। ਜੇ ਪੈਰਾਂ 'ਚ ਸੁੰਨ ਹੋਵੇ ਤਾਂ ਕਦੇ ਗਰਮ ਪਾਣੀ ਸਿੱਧਾ ਪੈਰਾਂ 'ਤੇ ਨਾ ਪਾਓ। ਪੈਰਾਂ ਦੇ ਸੁੰਨ ਹੋਣ ਨਾਲ ਜ਼ਖਮਾਂ ਦਾ ਪਤਾ ਨਹੀਂ ਲੱਗਦਾ ਤੇ ਅਖੀਰ ਕੱਟਣੇ ਪੈ ਸਕਦੇ ਹਨ, ਜਿਵੇਂ ਸ਼ੂਗਰ ਵਾਲਿਆਂ ਦੇ। ਜੇ ਸੁੰਨਾਪਣ ਗੋਡਿਆਂ ਤੋਂ ਉਤੇ ਚਲਾ ਜਾਵੇ ਤਾਂ ਟੱਟੀ ਪਿਸ਼ਾਬ ਰੋਕਣ 'ਚ ਦਿੱਕਤ ਆਵੇਗੀ। ਇਸ ਲਈ ਸਮੇਂ ਸਿਰ ਟੈਸਟ ਕਰਵਾਉਣੇ ਚਾਹੀਦੇ ਹਨ। ਟੈਸਟਾਂ ਵਿਚ ਖੂਨ ਤੋਂ ਬਿਨਾਂ ਸੀ ਟੀ ਸਕੈਨ, ਐਮ ਆਰ ਆਈ, ਈ ਐਮ ਜੀ, ਸਪਾਈਨਲ ਟੈਪ, ਬਾਇਓਪਸੀ ਆਦਿ ਬਾਰੇ ਡਾਕਟਰ ਹੀ ਫੈਸਲਾ ਕਰਦਾ ਹੈ। ਪੈਰਾਂ ਦਾ ਸੁੰਨਾਪਣ ਸੂਈ ਦੀ ਚੋਭ ਨਾਲ ਟੈਸਟ ਕੀਤਾ ਜਾ ਸਕਦਾ ਹੈ। ਜੇ ਸੁੰਨਾਪਣ ਗਰਦਨ ਤਕ ਪੁੱਜ ਜਾਵੇ ਤਾਂ ਨਾਲੀਆਂ ਨਾਲ ਖੁਰਾਕ ਦੇਣੀ ਪੈਂਦੀ ਹੈ। ਹੋ ਸਕਦਾ ਹੈ ਸਾਹ ਲਈ ਵੀ ਨਾਲੀ ਪਾਉਣੀ ਪਵੇ ਤੇ ਪਿਸ਼ਾਬ ਲਈ ਵੀ।

ਨਿਊਰੋਪੈਥੀ ਦਾ ਇਲਾਜ ਬਿਮਾਰੀ ਨੂੰ ਕੰਟਰੋਲ ਕਰਨ ਵਿਚ ਹੈ, ਜਿਵੇਂ ਸ਼ੂਗਰ ਤੇ ਬਲੱਡ ਪ੍ਰੈਸ਼ਰ ਨੂੰ ਕਾਬੂ 'ਚ ਰੱਖਣਾ। ਇਹ ਕੰਟਰੋਲ ਦਵਾਈਆਂ, ਖੁਰਾਕ, ਕਸਰਤ ਨਾਲ ਸ਼ੁਰੂ ਕੀਤਾ ਜਾਂਦਾ ਹੈ। ਵਜ਼ਨ ਕਾਬੂ ਕਰਨ ਨਾਲ ਵੀ ਮਦਦ ਮਿਲਦੀ ਹੈ। ਕਸਰਤ ਵੀ ਡਾਕਟਰ ਦੀ ਸਲਾਹ ਨਾਲ ਕਰਨੀ ਚਾਹੀਦੀ ਹੈ। ਸਲਾਦ, ਪਾਣੀ ਦੀ ਵੱਧ ਵਰਤੋਂ, ਸਹੀ ਸਮੇਂ 'ਤੇ ਸਹੀ ਖਾਣਾ ਜ਼ਰੂਰੀ ਹੈ। ਇਲਾਜ ਲਈ ਬਿਜਲੀ ਵਾਲੀਆਂ ਮਸ਼ੀਨਾਂ ਲਵਾਈਆਂ ਜਾ ਸਕਦੀਆਂ ਹਨ ਪਰ ਹੀਟਿੰਗ ਪੈਡ ਵਧੇਰੇ ਅਸਰਦਾਇਕ ਹੈ ਤੇ ਸੜਨ ਆਦਿ ਦਾ ਖਤਰਾ ਘੱਟ ਹੈ। ਲੋੜ ਲਈ ਸੋਟੀ ਜਾਂ ਵਾਕਰ ਵੀ ਵਰਤਿਆ ਜਾ ਸਕਦਾ ਹੈ। ਸਰਜਰੀ ਆਖਰੀ ਫੈਸਲਾ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਐਕੂਪ੍ਰੈਸ਼ਰ, ਜੜੀਆਂ ਬੂਟੀਆਂ ਨਾਲ ਵੀ ਲੋਕ ਇਲਾਜ ਕਰਵਾਉਂਦੇ ਹਨ। ਦੱਸਣਯੋਗ ਹੈ ਕਿ ਸੀਨੀਅਰ ਸਿਟੀਜ਼ਨਜ਼ ਦੀ ਮੀਟਿੰਗ ਹਰ ਬੁੱਧਵਾਰ ਨੂੰ ਸ਼ਾਮ ਚਾਰ-ਛੇ ਵਜੇ ਤੱਕ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਹੁੰਦੀ ਹੈ। ਵਧੇਰੇ ਜਾਣਕਾਰੀ ਲਈ ਸ. ਸੁਰਿੰਦਰਪਾਲ ਸਿੰਘ ਕਾਲਰਾ ਨੂੰ 847-305-9119 ਜਾਂ ਠਾਕਰ ਸਿੰਘ ਬਸਾਤੀ ਨੂੰ basati@aol.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡਾ. ਗੁਰਬਖਸ਼ ਸਿੰਘ ਫਰੈਂਕ ਦੇ ਦੇਹਾਂਤ 'ਤੇ ਪਰਕਸ ਵੱਲੋਂ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ:** ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਵੱਲੋਂ ਹਰਮਨ ਪਿਆਰੇ, ਬਹੁਤ ਹੀ ਮਿਲਾਪੜੇ ਤੇ ਹਸਮੁੱਖ ਸੁਭਾਅ ਦੇ ਮਾਲਕ ਪੰਜਾਬੀ ਦੇ ਉੱਘੇ ਲੇਖਕ, ਆਲੋਚਕ, ਅਧਿਆਪਕ ਤੇ ਅਨੁਵਾਦਕ ਡਾ. ਗੁਰਬਖ਼ਸ਼ ਸਿੰਘ ਫਰੈਂਕ ਦੀ ਬੇਵਕਤੀ ਮੌਤੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਹ 85 ਵਰ੍ਹਿਆਂ ਦੇ ਸਨ।



ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ, ਸਕੱਤਰ ਸ੍ਰੀ ਗੁਰਮੀਤ ਪਲਾਹੀ ਤੇ ਬੋਰਡ ਦੇ ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀਮਤੀ ਜਸਬੀਰ ਕੌਰ, ਡਾ. ਬੂਟਾ ਸਿੰਘ ਬਰਾੜ, ਡਾ. ਸੁਰਿੰਦਰਪਾਲ ਸਿੰਘ ਮੰਡ, ਹਰਜਿੰਦਰ ਸਿੰਘ ਸੂਰਜੇਵਾਲੀਆ ਤੇ ਡਾ. ਜੀਤ ਸਿੰਘ ਜੋਸ਼ੀ ਨੇ ਕਿਹਾ ਕਿ ਡਾ. ਗੁਰਬਖਸ਼ ਸਿੰਘ ਫਰੈਂਕ ਦੇ ਅਕਾਲ ਚਲਾਣੇ ਨਾਲ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

**ਡਾ. ਗੁਰਬਖਸ਼ ਸਿੰਘ ਫਰੈਂਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਪ੍ਰੋਫੈਸਰ ਵਜੋਂ ਸੇਵਾ ਨਿਭਾਉਂਦੇ ਰਹੇ। ਉਨ੍ਹਾਂ ਨੂੰ 2011 ਵਿਚ ਸਫ਼ਲ ਅਨੁਵਾਦਕ ਵਜੋਂ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਲੀਓ ਟਾਲਸਟਾਏ, ਮੈਕਸਿਮ ਗੋਰਕੀ, ਚੈਖੋਵ, ਰਸੂਲ ਹਾਮਜ਼ਾਤੋਵ, ਪੁਸ਼ਕਿਨ ਅਤੇ ਹੋਰ ਲੇਖਕਾਂ ਦੀਆਂ ਲਿਖਤਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਉਨ੍ਹਾਂ ਰੂਸੀ ਸਾਹਿਤ ਤੋਂ ਇਲਾਵਾ ਜਵਾਹਰਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਦੀਆਂ ਲਿਖਤਾਂ ਦਾ ਵੀ ਪੰਜਾਬੀ ਵਿਚ ਅਨੁਵਾਦ ਕੀਤਾ। ਉਹ ਅੱਜ ਭਾਵੇਂ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਲਈ ਪਾਏ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।**

# ਮੰਤਰੀ ਦੀ ਘੇਰਾਬੰਦੀ ਕਰਨ ਵਾਲੇ 'ਆਪ' ਆਗੂ ਸਸਪੈਂਡ

**ਮਲੋਟ:** ਆਮ ਆਦਮੀ ਪਾਰਟੀ ਵਰਕਰਾਂ ਤੇ ਆਗੂਆਂ ਨੇ ਨਿਰਾਸ਼ ਹੋ ਕੇ ਕੈਬਨਿਟ ਮੰਤਰੀ ਬਲਜੀਤ ਕੌਰ ਦੇ ਘਰ ਦੇ ਬਾਹਰ ਧਰਨਾ ਲਗਾ ਦਿੱਤਾ। ਇਸ ਮਗਰੋਂ ਪਾਰਟੀ ਨੇ ਬਲਾਕ ਪ੍ਰਧਾਨ ਰਾਜੀਵ ਕੁਮਾਰ ਉਪਲ, ਵਪਾਰ ਮੰਡਲ ਦੇ ਪ੍ਰਧਾਨ ਚਰਨਜੀਤ ਖੁਰਾਣਾ ਅਤੇ ਜਨਰਲ ਸਕੱਤ ਸਾਹਿਲ ਕੁਮਾਰ ਮੌਂਗਾ ਨੂੰ ਮੁਅੱਤਲ ਕਰ ਦਿੱਤਾ ਹੈ। ਰਿਹਾਇਸ਼ ਅੱਗੇ ਲਗਾਏ ਗਏ ਧਰਨੇ ਬਾਰੇ ਬਲਜੀਤ ਕੌਰ ਨੇ ਕਿਹਾ ਕਿ ਧਰਨਾ ਲਗਾਉਣਾ ਹਰ ਵਿਅਕਤੀ ਦਾ ਹੱਕ ਹੈ ਪਰ ਉਸ ਤੋਂ ਪਹਿਲਾਂ ਗੱਲਬਾਤ ਦੇ ਰਾਹ ਪੈਣਾ ਚਾਹੀਦਾ ਹੈ, ਜਦੋਂਕਿ ਧਰਨਾਕਾਰੀਆਂ ਨੇ ਅਜਿਹਾ ਨਹੀਂ ਕੀਤਾ। ਵਰਕਰਾਂ ਤੇ ਆਗੂਆਂ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਵੀ ਰਵਾਇਤੀ ਪਾਰਟੀਆਂ ਵਾਂਗ ਕੰਮ ਕਰਨ ਲੱਗੀ ਹੈ। ਉਨ੍ਹਾਂ ਕਿਹਾ ਕਿ ਵਰਕਰਾਂ ਨੇ ਪਾਰਟੀ ਲਈ ਆਪਣੇ ਕਾਰੋਬਾਰ ਦਾਅ 'ਤੇ ਲਗਾ ਦਿੱਤੇ ਅਤੇ ਹੁਣ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਮੰਤਰੀ ਦੇ ਪੀ.ਏ. ਦੇ ਤਲਖ ਅਤੇ ਰੁੱਖੇ ਰਵੱਈਏ 'ਤੇ ਵੀ ਸਖਤ ਇਤਰਾਜ਼ ਪ੍ਰਗਟ ਕੀਤਾ ਹੈ, ਜਿਸ ਸਬੰਧੀ ਮੰਤਰੀ ਬਲਜੀਤ ਕੌਰ ਨੂੰ ਜਾਣੂ ਕਰਾਇਆ ਗਿਆ ਸੀ। ਉਧਰ ਕੈਬਨਿਟ ਮੰਤਰੀ ਬਲਜੀਤ ਕੌਰ ਮੌਕੇ 'ਤੇ ਪਹੁੰਚੇ ਅਤੇ ਧਰਨਾ ਲਗਾ ਕੇ ਬੈਠੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਅੰਦਰ ਆ ਜਾਣ ਤੇ ਗੱਲਬਾਤ ਕਰਨ ਪਰ ਧਰਨਾਕਾਰੀ ਇਸ ਗੱਲ 'ਤੇ ਅੜ ਗਏ ਕਿ ਉਹ ਜੋ ਵੀ ਗੱਲ ਕਰਨਗੇ, ਲੋਕਾਂ ਦੇ ਸਾਹਮਣੇ ਹੀ ਕਰਨਗੇ। ਬਲਜੀਤ ਕੌਰ ਨੇ ਕਿਹਾ ਕਿ ਉਹ ਜੋ ਵੀ ਫੈਸਲੇ ਲੈਣਗੇ, ਲੋਕ ਹਿੱਤ ਵਿਚ ਹੋਣਗੇ, ਜੇ ਕੋਈ ਜ਼ਬਰਦਸਤੀ ਆਪਣੀ ਗੱਲ ਮਨਵਾਏਗਾ ਤਾਂ ਉਸ ਦੀ ਨਹੀਂ ਮੰਨੀ ਜਾਵੇਗੀ।


## ਹੈਲਪਰ, ਡਿਸ਼ਵਾਸ਼ਰ ਅਤੇ ਸਰਵਰ ਦੀ ਲੋੜ ਹੈ

**ਔਸਟਿਨ, ਟੈਕਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਸਰਵਰ ਤੇ ਡਿਸ਼ਵਾਸ਼ਰ ਦੀ ਲੋੜ ਹੈ**

**ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ**



**ਚਾਹਵਾਨ ਸੰਪਰਕ ਕਰਨ:**

316-305-1818 ਜਾਂ 316-518-5382

E-Mail: Bayleafaustin@gmail.com

10-17


# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5'4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

## ਲੜਕੀ ਦੀ ਲੋੜ ਹੈ

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India. Contact us at: 417-846-3741

***ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ 417-846-3741 'ਤੇ ਸੰਪਰਕ ਕਰ ਸਕਦੇ ਹਨ।***

apr16- may16

Ravidasia Sikh Boy 27, 5'6" Data Analyst at Optum, part of United Health Group. Working and living in Chicago suburbs with elder brother, looking for a suitable match. Qualification: Master's degree in Industrial Engineering from New Jersey Institute of Technology, NJ and Bachelor's in Mechanical Engineering from Thapar University, Patiala, India. Contact us at: 312-909-3827 and bipinloi07@gmail.com 16-19

Sikh Ramgarhia family Looking for a simple Punjab Girl (21-28) in the USA or Canada for thier 28, 5'9" son. Masters Degree in Electrical Engineering. Working in the Automotive Industry. Please contact us at: MSLally1958@gmail.com" 14-17

Jatt Sikh family Looking for a U.S. Citizen or Green Card holder match for their U.S. Citizen, 28, 5'10" son, living in Maryland, USA. Majored in Information Systems, Currently working. Please contact us at deolsunny16@gmail.com 13-16

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

# 'ਆਪ' ਨੇ ਵਾਅਦਾ ਪੁਗਾਇਆ, 300 ਯੂਨਿਟ ਮੁਫਤ ਬਿਜਲੀ ਦਾ ਐਲਾਨ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਸਰਕਾਰ ਦਾ ਇਕ ਮਹੀਨਾ ਪੂਰਾ ਹੋਣ 'ਤੇ ਪੰਜਾਬ 'ਚ ਪਹਿਲੀ ਜੁਲਾਈ ਤੋਂ ਹਰੇਕ ਘਰ ਨੂੰ ਪ੍ਰਤੀ ਮਹੀਨਾ 300 ਯੂਨਿਟ ਮੁਫਤ ਬਿਜਲੀ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਸਰਦੇ-ਪੁੱਜਦੇ ਪਰਿਵਾਰਾਂ ਨੂੰ 'ਦਿੱਲੀ ਮਾਡਲ' ਵਾਂਗ ਸ਼ਰਤਾਂ ਤਹਿਤ 300 ਯੂਨਿਟ ਬਿਜਲੀ ਮੁਆਫੀ ਦਿੱਤੀ ਹੈ। ਮੁੱਖ ਮੰਤਰੀ ਨੇ 'ਆਪ' ਵੱਲੋਂ ਕੀਤੇ ਪਹਿਲੇ ਵਾਅਦੇ ਨੂੰ ਪੂਰਾ ਕਰਦਿਆਂ ਆਪਣੀ ਸਰਕਾਰ ਦੇ ਪਹਿਲੇ ਮਹੀਨੇ ਦਾ ਰਿਪੋਰਟ ਕਾਰਡ ਪੇਸ਼ ਕੀਤਾ ਜਿਸ ਵਿਚ ਦਫਤਰਾਂ 'ਚੋਂ ਰਿਸ਼ਵਤਖੋਰੀ ਬੰਦ ਕੀਤੇ ਜਾਣ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਖਪਤਕਾਰਾਂ ਦੀ ਦੋ ਮਹੀਨੇ ਦੀ ਬਿਜਲੀ ਖਪਤ 600 ਯੂਨਿਟ ਤੋਂ ਵਧੇਗੀ ਤਾਂ ਉਨ੍ਹਾਂ ਨੂੰ ਪੂਰਾ ਬਿਜਲੀ ਬਿੱਲ ਤਾਰਨਾ ਪਵੇਗਾ। ਉਨ੍ਹਾਂ ਕਿਹਾ ਕਿ ਸਰਦੇ-ਪੁੱਜਦੇ ਪਰਿਵਾਰ 'ਬਿਜਲੀ ਮੁਆਫੀ ਸਹੂਲਤ' ਦਾ ਲਾਭ ਲੈਣ ਲਈ ਸੰਜਮ ਨਾਲ ਬਿਜਲੀ ਬਾਲਣ। ਐਸ.ਸੀ/ਬੀ.ਸੀ/ਬੀ.ਪੀ.ਐਲ. ਪਰਿਵਾਰਾਂ ਨੂੰ ਅਜਿਹੀ ਸ਼ਰਤ ਤੋਂ ਬਾਹਰ ਰੱਖਿਆ ਗਿਆ ਹੈ ਅਤੇ ਇਨ੍ਹਾਂ ਪਰਿਵਾਰਾਂ ਦੀ ਜੇਕਰ ਦੋ ਮਹੀਨੇ ਦੀ ਖਪਤ 600 ਯੂਨਿਟ ਤੋਂ ਵਧਦੀ ਹੈ ਤਾਂ ਉਨ੍ਹਾਂ ਨੂੰ ਸਿਰਫ ਵਾਧੂ ਯੂਨਿਟਾਂ (600 ਯੂਨਿਟਾਂ ਤੋਂ ਉਪਰਲੀ ਖਪਤ) ਦਾ ਬਿੱਲ ਤਾਰਨਾ ਪਵੇਗਾ। ਵੇਰਵਿਆਂ ਅਨੁਸਾਰ ਇਕ ਕਿਲੋਵਾਟ ਤੱਕ ਵਾਲੇ ਖਪਤਕਾਰਾਂ ਨੂੰ 300 ਯੂਨਿਟ ਬਿਜਲੀ ਮੁਆਫੀ ਨਾਲ ਮਾਲੀ ਤੌਰ 'ਤੇ 1564 ਰੁਪਏ ਪ੍ਰਤੀ ਮਹੀਨਾ ਦੀ ਰਾਹਤ ਮਿਲੇਗੀ। ਜਿਨ੍ਹਾਂ ਦਾ ਲੋਡ ਵੱਧ ਹੋਵੇਗਾ, ਉਨ੍ਹਾਂ ਦੀ ਰਾਹਤ ਰਾਸ਼ੀ ਵੀ ਲੋਡ ਅਨੁਸਾਰ ਵੱਧ ਹੋਵੇਗੀ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕਾਰਜਕਾਲ ਦੇ ਪਹਿਲੇ ਮਹੀਨੇ 'ਚ ਹੀ ਪਹਿਲੀ ਗਾਰੰਟੀ ਨੂੰ ਪੂਰਾ ਕਰਕੇ ਇਤਿਹਾਸ ਬਣਾ ਦਿੱਤਾ ਹੈ ਜਦੋਂ ਕਿ ਰਵਾਇਤੀ ਸਿਆਸੀ ਧਿਰਾਂ ਵਾਅਦਿਆਂ ਨੂੰ ਵਿਸਾਰਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਉਹ ਪੰਜ ਸਾਲਾਂ ਵਿਚ ਇਕ-ਇਕ ਕਰਕੇ ਸਾਰੇ ਵਾਅਦੇ ਪੂਰੇ ਕਰਨਗੇ।

ਮੁੱਖ ਮੰਤਰੀ ਨੇ ਦੋ ਕਿਲੋਵਾਟ ਵਾਲੇ ਖਪਤਕਾਰਾਂ ਦੇ 31 ਦਸੰਬਰ, 2021 ਤੱਕ ਦੇ ਸਾਰੇ ਬਿਜਲੀ ਬਕਾਏ ਮੁਆਫ ਕਰਨ ਦਾ ਵੀ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ 300 ਯੂਨਿਟ ਬਿਜਲੀ ਮੁਆਫੀ ਨਾਲ ਪਰਿਵਾਰਾਂ ਦੇ ਪੈਸਿਆਂ ਦੀ ਬੱਚਤ ਹੋਵੇਗੀ ਅਤੇ ਉਹ ਇਸ ਬੱਚਤ ਨੂੰ ਜ਼ਿੰਦਗੀ ਸੌਖੀ ਕਰਨ ਲਈ ਖਰਚ ਕਰ ਸਕਣਗੇ। ਉਨ੍ਹਾਂ ਕਿਹਾ ਕਿ ਪੁਰਾਣਿਆਂ ਦੀ ਤਰ੍ਹਾਂ ਉਹ ਆਪਣੀਆਂ ਜੇਬਾਂ ਨਹੀਂ ਭਰਨਗੇ ਬਲਕਿ ਲੋਕਾਂ ਦੀਆਂ ਜੇਬਾਂ ਵਿਚ ਪੈਸਾ ਪਾਇਆ ਜਾਵੇਗਾ। ਭਗਵੰਤ ਮਾਨ ਨੇ ਵਾਅਦਾ ਕੀਤਾ ਕਿ ਰੰਗਲਾ ਪੰਜਾਬ ਬਣਾਉਣ ਅਤੇ ਚੰਗੀਆਂ ਗੱਲਾਂ ਸਿੱਖਣ ਲਈ ਉਹ ਹਰ ਥਾਂ ਜਾਣਗੇ ਅਤੇ ਚੰਗੀਆਂ ਸਕੀਮਾਂ ਲੈ ਕੇ ਆਉਣਗੇ।

### ਕਾਂਗਰਸ ਨੇ ਚੁੱਕੇ ਸਵਾਲ

**ਚੰਡੀਗੜ੍ਹ:** 'ਆਪ' ਵੱਲੋਂ ਪੰਜਾਬ 'ਚ ਪਹਿਲੀ ਜੁਲਾਈ ਤੋਂ 300 ਯੂਨਿਟ ਮੁਫਤ ਬਿਜਲੀ ਦੇਣ ਦੇ ਐਲਾਨ 'ਤੇ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੇ ਟਵੀਟ ਕਰਕੇ ਕਿਹਾ ਕਿ ਸਰਕਾਰ ਵੱਲੋਂ ਚੋਣ ਵਾਅਦਾ ਪੂਰਾ ਕਰਨ 'ਚ ਦੇਰੀ ਕਿਉਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮੁਫਤ ਬਿਜਲੀ ਸਹੂਲਤ ਦੇਣ ਲਈ ਪਹਿਲੀ ਜੁਲਾਈ ਤੱਕ ਦੀ ਉਡੀਕ ਕਿਉਂ ਕਰਵਾਈ ਜਾ ਰਹੀ ਹੈ। ਪੰਜਾਬ ਵਿਧਾਨ ਸਭਾ 'ਚ ਕਾਂਗਰਸ ਵਿਧਾਇਕ ਦਲ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ 'ਆਪ' ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਹੁਕਮਾਂ ਨੂੰ ਵਿਸਥਾਰ 'ਚ ਘੋਖਣਗੇ ਤਾਂ ਜੋ ਇਸ 'ਚ ਕੋਈ ਛੁਪਿਆ ਹੋਇਆ ਏਜੰਡਾ ਤਾਂ ਨਹੀਂ ਹੈ।

### ਖੇਤੀ ਮੋਟਰਾਂ ਨੂੰ ਮੁਫਤ ਬਿਜਲੀ ਜਾਰੀ ਰਹੇਗੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸਪਸ਼ਟ ਐਲਾਨ ਕੀਤਾ ਕਿ ਪੰਜਾਬ ਵਿਚ ਖੇਤੀ ਮੋਟਰਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਵਪਾਰਕ ਅਤੇ ਸਨਅਤੀ ਬਿਜਲੀ ਦੀਆਂ ਦਰਾਂ ਵਿਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਆਉਂਦੇ ਦੋ-ਤਿੰਨ ਵਰ੍ਹਿਆਂ ਵਿਚ ਸੂਬੇ ਦੇ ਸਾਰੇ ਪਿੰਡਾਂ ਅਤੇ ਕਸਬਿਆਂ ਨੂੰ 24 ਘੰਟੇ ਦੀ ਬਿਜਲੀ ਸਹੂਲਤ ਦਿੱਤੀ ਜਾਵੇਗੀ।

## ਸੂਬੇ ਦੇ 80% ਪਰਿਵਾਰਾਂ ਨੂੰ ਮੁਫਤ ਬਿਜਲੀ ਮਿਲਣ ਦਾ ਦਾਅਵਾ




**ਚੰਡੀਗੜ੍ਹ:** ਪੰਜਾਬ ਵਿਚ ਇਸ ਵੇਲੇ ਘਰੇਲੂ ਬਿਜਲੀ ਦੇ ਕੁੱਲ 73.80 ਲੱਖ ਖਪਤਕਾਰ ਹਨ ਜਿਨ੍ਹਾਂ 'ਚੋਂ 21.83 ਲੱਖ ਐਸ.ਸੀ/ਬੀ.ਸੀ/ਬੀ.ਪੀ.ਐਲ/ਫਰੀਡਮ ਫਾਈਟਰ ਖਪਤਕਾਰ ਹਨ। ਇਨ੍ਹਾਂ 21.83 ਲੱਖ ਖਪਤਕਾਰਾਂ ਨੂੰ ਦੋ ਮਹੀਨੇ ਵਿਚ 600 ਯੂਨਿਟ ਤੋਂ ਜਿਆਦਾ ਬਿਜਲੀ ਖਪਤ ਕਰਨ 'ਤੇ ਸਿਰਫ ਵਾਧੂ ਯੂਨਿਟਾਂ ਦਾ ਬਿੱਲ ਤਾਰਨਾ ਪਵੇਗਾ। ਇਨ੍ਹਾਂ ਤੋਂ ਬਿਨਾਂ ਜੋ 51.97 ਲੱਖ ਬਾਕੀ ਖਪਤਕਾਰ ਹਨ, ਉਨ੍ਹਾਂ ਨੂੰ ਤਾਂ ਹੀ ਦੋ ਮਹੀਨੇ ਵਿਚ 600 ਯੂਨਿਟ ਮੁਫਤ ਬਿਜਲੀ ਦਾ ਲਾਭ ਮਿਲੇਗਾ, ਜੇਕਰ ਉਨ੍ਹਾਂ ਦੀ ਬਿਜਲੀ ਖਪਤ 600 ਯੂਨਿਟਾਂ ਤੋਂ ਘੱਟ ਰਹਿੰਦੀ ਹੈ।

'ਆਪ' ਦੇ ਸੀਨੀਅਰ ਆਗੂ ਤੇ ਵਿਧਾਇਕ ਅਮਨ ਅਰੋੜਾ ਨੇ ਦਾਅਵਾ ਕੀਤਾ ਹੈ ਕਿ ਇਸ ਨਾਲ ਸੂਬੇ ਦੇ 80 ਫੀਸਦੀ ਦੇ ਕਰੀਬ ਪਰਿਵਾਰਾਂ ਨੂੰ ਮੁਫਤ ਬਿਜਲੀ ਦਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 73 ਲੱਖ ਘਰੇਲੂ ਬਿਜਲੀ ਖਪਤਕਾਰ ਹਨ, ਜਿਨ੍ਹਾਂ ਵਿਚੋਂ 61 ਲੱਖ ਖਪਤਕਾਰਾਂ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਖਰੇ ਉਤਰ ਰਹੇ ਹਨ। ਸ੍ਰੀ ਅਰੋੜਾ ਨੇ ਕਿਹਾ ਕਿ 'ਆਪ' ਦੀ ਪਹਿਲੀ ਗਾਰੰਟੀ ਸੂਬੇ ਦੇ ਲੋਕਾਂ ਨੂੰ 300 ਯੂਨਿਟ ਮੁਫਤ ਬਿਜਲੀ ਮੁਹੱਈਆ ਕਰਵਾਉਣਾ ਸੀ, ਜਿਸ ਨੂੰ ਸਰਕਾਰ ਨੇ ਇਕ ਮਹੀਨੇ ਦੇ ਅੰਦਰ ਪੂਰਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ-ਭਾਜਪਾ ਗੱਠਜੋੜ ਅਤੇ ਕਾਂਗਰਸ ਦੀਆਂ ਸਰਕਾਰਾਂ ਦੇ ਮੁੱਖ ਮੰਤਰੀ ਸਿਰਫ ਵੋਟਾਂ ਨੇੜੇ ਜਾ ਕੇ ਲੋਕ ਲੁਭਾਊ ਵਾਅਦੇ ਕਰਦੇ ਸਨ, ਪਰ 'ਆਪ' ਕੰਮ ਕਰੇਗੀ। 'ਆਪ' ਆਗੂ ਨੇ ਆਮ ਲੋਕਾਂ ਨੂੰ ਇਸ ਸਕੀਮ ਦਾ ਪੂਰਾ ਲਾਭ ਨਾ ਮਿਲਣ ਦੇ ਖ਼ਦਸ਼ਿਆਂ ਨੂੰ ਦਰਕਿਨਾਰ ਕਰਦਿਆਂ ਕਿਹਾ ਕਿ ਬਿਜਲੀ ਦੀ ਬਰਬਾਦੀ ਨਾ ਹੋਵੇ ਅਤੇ ਸਹੀ ਉਪਯੋਗ ਹੋਵੇ ਅਜਿਹੀਆਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਇਹ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਬਿਜਲੀ ਪੂਰੀ ਤਰ੍ਹਾਂ ਮੁਫਤ ਹੋ ਗਈ ਤਾਂ ਗੈਰ ਜ਼ਰੂਰੀ ਵਰਤੋਂ ਨਾਲ ਬਿਜਲੀ ਦੀ ਬਰਬਾਦੀ ਹੋਵੇਗੀ। ਉਨ੍ਹਾਂ ਕਿਹਾ ਕਿ ਗਰਮੀ ਰੁੱਤ ਨੂੰ ਛੱਡ ਕੇ ਬਾਕੀ ਮਹੀਨਿਆਂ ਵਿਚ ਲੋਕਾਂ ਨੂੰ ਇਸ ਸਕੀਮ ਦਾ ਪੂਰਾ ਲਾਭ ਮਿਲੇਗਾ।

## ਮੁਫਤ ਬਿਜਲੀ ਦੇ ਐਲਾਨ ਨਾਲ ਪਾਵਰਕੌਮ ਫਿਕਰ 'ਚ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ ਲਈ 300 ਯੂਨਿਟ ਮੁਆਫੀ ਖ਼ੁਸ਼ਖ਼ਬਰੀ ਹੈ ਪਰ ਪਾਵਰਕੌਮ ਨੂੰ ਇਸ ਮੁਆਫੀ ਨੇ ਧੁੜਕੂ ਲਾ ਦਿੱਤਾ ਹੈ ਕਿਉਂਕਿ ਜੇ ਸਭ ਸੰਜਮ ਨਾਲ ਬਿਜਲੀ ਬਾਲਦੇ ਹਨ ਤਾਂ ਇਸ ਮੁਆਫੀ ਦੀ ਬਿਜਲੀ ਸਬਸਿਡੀ ਸਾਲਾਨਾ 7500 ਕਰੋੜ ਨੂੰ ਪਾਰ ਕਰ ਜਾਵੇਗੀ। ਇਹੀ ਕਾਰਨ ਸਬਸਿਡੀ ਵਾਲੀ ਬਿਜਲੀ ਕਾਰਨ ਘਾਟਾ ਝੱਲ ਰਹੇ ਬਿਜਲੀ ਨਿਗਮ ਨੇ ਆਮਦਨੀ ਦੇ ਨਵੇਂ ਰਸਤੇ ਲੱਭਣੇ ਸ਼ੁਰੂ ਕਰ ਦਿੱਤੇ ਹਨ। ਇਸ ਕੜੀ ਵਿਚ ਨਿਗਮ ਨੇ ਕੇਬਲ ਟੀ.ਵੀ. ਨੈੱਟਵਰਕ, ਕੇਬਲ ਟੀ.ਵੀ. ਆਪਰੇਟਰ ਤੇ ਬਰਾਡਬੈਂਡ ਸਰਵਿਸ ਪ੍ਰੋਵਾਈਡਰਾਂ ਦੁਆਰਾ ਖੰਭੇ ਦੇ ਇਸਤੇਮਾਲ ਦੇ ਮੁੱਲ ਵਿਚ 5 ਫੀਸਦੀ ਦਾ ਵਾਧਾ ਕਰ ਦਿੱਤਾ ਹੈ।



ਇਕ ਨਜ਼ਰ ਮਾਰੀਏ ਤਾਂ 300 ਯੂਨਿਟ ਬਿਜਲੀ ਮੁਆਫੀ ਤੋਂ ਬਾਅਦ ਕੁੱਲ 73.80 ਲੱਖ ਖਪਤਕਾਰਾਂ 'ਚੋਂ ਅਜਿਹੇ 62.25 ਲੱਖ ਖਪਤਕਾਰ ਹਨ ਜਿਨ੍ਹਾਂ ਦੀ ਪਿਛਲੇ ਸਮੇਂ ਵਿਚ ਬਿਜਲੀ ਖਪਤ ਪ੍ਰਤੀ ਮਹੀਨਾ 300 ਯੂਨਿਟ ਤੱਕ ਰਹੀ ਹੈ। ਪਿਛਲੇ ਅਰਸੇ ਦੌਰਾਨ ਪੰਜਾਬ 'ਚੋਂ ਸਿਰਫ 11.68 ਲੱਖ ਖਪਤਕਾਰ ਹੀ ਅਜਿਹੇ ਸ਼ਨਾਖ਼ਤ ਹੋਏ ਹਨ ਜਿਨ੍ਹਾਂ ਦੀ ਬਿਜਲੀ ਖਪਤ ਪ੍ਰਤੀ ਮਹੀਨਾ 300 ਯੂਨਿਟ ਤੋਂ ਟੱਪੀ ਹੈ। ਨਿਗਮ ਦੇ ਸੂਤਰਾਂ ਤੋਂ ਇਹ ਜਾਣਕਾਰੀ ਵੀ ਮਿਲੀ ਹੈ ਕਿ ਰਾਜ ਵਿਚ ਘਰੇਲੂ ਖਪਤਕਾਰਾਂ ਨੂੰ ਸਸਤੀ ਤੇ ਮੁਫਤ ਬਿਜਲੀ ਉਪਲਬਧ ਕਰਾਉਂਦੇ ਸਮੇਂ ਨਿਗਮ ਵੱਲੋਂ ਮਕਾਨਾਂ ਵਿਚ ਹਰੇਕ ਮੰਜ਼ਿਲ ਲਈ ਵੱਖ ਮੀਟਰ ਦੀ ਵਿਵਸਥਾ ਕਰਨ ਉਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਦੇ ਨਾਲ ਮੀਟਰ ਭਾੜੇ ਸਮੇਤ ਵੱਖ-ਵੱਖ ਪ੍ਰਕਾਰ ਦੇ ਕਰ ਤੇ ਉਪਕਰ ਨਾਲ ਆਮਦਨੀ ਵਧ ਸਕੇ। ਜਬਰਦਸਤ ਗਰਮੀ ਕਾਰਨ ਬਿਜਲੀ ਦੀ ਵਧਦੀ ਮੰਗ ਤੇ ਘਟਦੇ ਉਤਪਾਦਨ ਦੇ ਮੱਦੇਨਜਰ ਪੀ.ਐਸ.ਪੀ.ਸੀ.ਐਲ. ਨੇ ਬਿਜਲੀ ਖਰੀਦਣ ਲਈ ਘੱਟ ਅਰਸਾ (ਸ਼ਾਰਟ ਟਰਮ) ਕਰਜ਼ਾ ਲੈਣ ਦਾ ਫੈਸਲਾ ਕੀਤਾ ਹੈ, ਹਾਲਾਂਕਿ ਪੀ.ਐਸ.ਪੀ.ਸੀ.ਐਲ. ਦੁਆਰਾ ਵੱਖ-ਵੱਖ ਮੱਦਾਂ ਲਈ ਬੈਂਕਾਂ ਤੋਂ ਕਰਜ਼ਾ ਲਿਆ ਜਾਂਦਾ ਰਿਹਾ ਹੈ, ਪਰ ਇਹ ਪਹਿਲਾ ਮੌਕਾ ਹੈ ਜਦੋਂ ਨਿਗਮ ਬਿਜਲੀ ਖਰੀਦਣ ਲਈ ਕਰਜ਼ਾ ਲੈਣ ਜਾ ਰਿਹਾ ਹੈ। ਨਿਗਮ ਨੇ ਇਕ ਸਾਲ ਲਈ 500 ਕਰੋੜ ਰੁਪਏ ਦਾ ਕਰਜ਼ਾ ਲੈਣ ਲਈ 22 ਬੈਂਕਾਂ ਤੇ ਵਿੱਤ ਏਜੰਸੀਆਂ ਤੋਂ ਕੁਟੇਸ਼ਨਾਂ ਮੰਗਾਈਆਂ ਹਨ। ਨਿਗਮ ਦੀ ਸ਼ਰਤ ਅਨੁਸਾਰ ਇਸ ਕਰਜ਼ੇ ਦਾ ਭੁਗਤਾਨ ਮੋਰਾਟੋਰੀਅਮ ਮਿਆਦ ਦੇ ਬਾਅਦ 6 ਸਮਾਨ ਮਾਸਿਕ ਕਿਸ਼ਤਾਂ ਵਿਚ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਬਿਜਲੀ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਨਿਗਮ ਨੂੰ ਬਿਜਲੀ ਖਰੀਦਣੀ ਪੈਂਦੀ ਹੈ। ਮੌਜੂਦਾ ਕਣਕ ਖਰੀਦ ਸੀਜ਼ਨ ਦੇ ਤੁਰਤ ਬਾਅਦ ਰਾਜ ਵਿਚ ਝੋਨੇ ਦੀ ਲਵਾਈ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ, ਜਿਸ ਲਈ ਨਿਗਮ ਨੂੰ 15000 ਮੈਗਾਵਾਟ ਤੱਕ ਵਧ ਚੁੱਕੀ ਬਿਜਲੀ ਦੀ ਲੋੜ ਨੂੰ ਪੂਰਾ ਕਰਨਾ ਹੋਵੇਗਾ। ਬਿਜਲੀ ਖਰੀਦਣ ਲਈ ਕਰਜ਼ੇ ਦੇ ਫੈਸਲੇ ਵਿਚ ਵੀ ਇਕ ਪੇਚ ਇਹ ਹੈ ਕਿ ਜੇਕਰ ਇਸ ਦਾ ਭੁਗਤਾਨ ਸਮੇਂ ਉਤੇ ਨਾ ਹੋ ਸਕਿਆ ਤਾਂ ਨਿਗਮ ਨੂੰ ਪੀਕ ਸੀਜ਼ਨ ਵਿਚ ਸੈਂਟਰਲ ਪੂਲ ਤੋਂ ਸਮੇਂ 'ਤੇ ਬਿਜਲੀ ਨਹੀਂ ਮਿਲ ਸਕੇਗੀ।

## ਡਰੋਨਾਂ ਰਾਹੀਂ ਤਸਕਰੀ ਕਰਨ ਵਾਲੇ ਗਰੋਹ ਦੇ ਦੋ ਮੈਂਬਰ ਕਾਬੂ

**ਤਰਨ ਤਾਰਨ:** ਜਿਲ੍ਹਾ ਪੁਲਿਸ ਵੱਲੋਂ ਸਰਹੱਦ ਪਾਰ ਤੋਂ ਡਰੋਨਾਂ ਰਾਹੀਂ ਨਸ਼ੀਲੇ ਪਦਾਰਥਾਂ, ਹਥਿਆਰਾਂ ਆਦਿ ਦੀ ਤਸਕਰੀ ਕਰਨ ਵਾਲੇ ਪੰਜ ਮੈਂਬਰੀ ਗਰੋਹ ਦੇ ਦੋ ਮੈਂਬਰ ਗ੍ਰਿਫਤਾਰ ਕੀਤੇ ਗਏ ਹਨ। ਐਸ.ਐਸ.ਪੀ. ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿਚ ਹਵੇਲੀਆਂ (ਥਾਣਾ ਸਰਾਏ ਅਮਾਨਤ ਖਾਂ) ਪਿੰਡ ਦਾ ਹੁਸਨਪ੍ਰੀਤ ਸਿੰਘ ਹੱਸੀ ਤੇ ਠੱਠੀਖਾਰਾ ਦਾ ਵਸਨੀਕ ਸੁਰਜਨ ਸਿੰਘ ਸ਼ਾਮਲ ਹਨ। ਪੁਲਿਸ ਨੇ ਡਰੋਨ ਵਿਚ ਵਰਤੀਆਂ ਜਾਂਦੀਆਂ ਦੋ ਬੈਟਰੀਆਂ, ਦੋ ਚਾਰਜਰ, ਇਕ ਡੇਟਾ ਕੇਬਲ ਤੇ ਡਰੋਨ ਦੇ ਅੱਠ ਪੱਖੇ ਬਰਾਮਦ ਕੀਤੇ ਹਨ। ਅਧਿਕਾਰੀ ਨੇ ਦੱਸਿਆ ਕਿ ਗਰੋਹ ਦੇ ਬਾਕੀ ਤਿੰਨ ਮੈਂਬਰਾਂ ਦੀ ਪਛਾਣ ਹਵੇਲੀਆਂ ਦੇ ਜਗਜੀਤ ਸਿੰਘ ਜੱਗੀ ਤੇ ਜੋਧਬੀਰ ਸਿੰਘ ਤੇ ਪਿੰਡ ਦੋਬੁਰਜੀ ਦੇ ਨਿਰਮਲ ਸਿੰਘ ਵਜੋਂ ਹੋਈ ਹੈ। ਐਸ.ਐਸ.ਪੀ. ਨੇ ਦੱਸਿਆ ਕਿ 8-9 ਮਾਰਚ ਦੀ ਰਾਤ ਨੂੰ ਹਵੇਲੀਆਂ ਪਿੰਡ ਤੋਂ ਡਰੋਨ ਦੀ ਆਵਾਜ਼ ਸੁਣਾਈ ਦਿੱਤੀ ਸੀ, ਜਿਸ 'ਤੇ ਕਾਰਵਾਈ ਕਰਦਿਆਂ ਪੁਲਿਸ ਤੇ ਬੀ.ਐਸ.ਐਫ. ਵੱਲੋਂ ਕੀਤੇ ਗਏ ਸਾਂਝੇ ਅਪਰੇਸ਼ਨ ਦੌਰਾਨ ਨੌਂ ਮਾਰਚ ਨੂੰ ਹਵੇਲੀਆਂ ਪਿੰਡ ਦੇ ਖੇਤਾਂ 'ਚੋਂ ਦੋ ਡਰੋਨ ਬਰਾਮਦ ਹੋਏ ਸਨ।

## ਭਾਜਪਾ ਦੇ ਢੇਸੀ ਖਿਲਾਫ ਪ੍ਰਚਾਰ ਵਿਰੁੱਧ ਨਿੱਤਰੀਆਂ ਕਿਸਾਨ ਜਥੇਬੰਦੀਆਂ

**ਚੰਡੀਗੜ੍ਹ:** ਇੰਗਲੈਂਡ ਦੇ ਪਹਿਲੇ ਦਸਤਾਰਧਾਰੀ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵਿਰੁੱਧ ਭਾਜਪਾ ਵੱਲੋਂ ਵਿੱਢੀ ਪ੍ਰਚਾਰ ਮੁਹਿੰਮ ਖਿਲਾਫ ਕਿਸਾਨ ਜਥੇਬੰਦੀਆਂ ਡਟ ਗਈਆਂ ਹਨ। ਭਾਰਤੀ ਕਿਸਾਨ ਯੂਨੀਅਨ ਦੋਆਬਾ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਆਗੂਆਂ ਨੇ ਇਕਜੁਟ ਹੁੰਦਿਆਂ ਆਖਿਆ ਕਿ ਭਾਜਪਾ ਸਾਰੇ ਦੇਸ਼ ਵਿਚ ਪ੍ਰਚਾਰ ਕਰਕੇ ਰਾਜਸੀ ਰੋਟੀਆਂ ਸੇਕਣ ਦਾ ਕੋਝਾ ਯਤਨ ਕਰ ਰਹੀ ਹੈ।



ਕਿਸਾਨ ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਕਿ ਜੇ ਭਾਜਪਾ ਨੇ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਡਟਣ ਵਾਲੇ ਕੌਮਾਂਤਰੀ ਸਿੱਖ ਆਗੂ ਤਨਮਨਜੀਤ ਸਿੰਘ ਢੇਸੀ ਖਿਲਾਫ ਵਿੱਢੀ ਮੁਹਿੰਮ ਨਾ ਰੋਕੀ ਤਾਂ ਇਸ ਦੇ ਗੰਭੀਰ ਨਤੀਜੇ ਨਿਕਲਣਗੇ। ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਪ੍ਰਧਾਨ ਮਨਜੀਤ ਸਿੰਘ ਰਾਏ, ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ, ਉਪ ਪ੍ਰਧਾਨ ਕਿਰਪਾਲ ਸਿੰਘ ਮੂਸਾਪੁਰ ਅਤੇ ਬੀ.ਕੇ.ਯੂ. (ਏਕਤਾ) ਸਿੱਧੂਪੁਰ ਦੇ ਜਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਮਸ਼ਿਆਣਾ ਨੇ ਆਖਿਆ ਕਿ ਸ੍ਰੀ ਢੇਸੀ ਨੇ ਕਿਸਾਨ ਅੰਦੋਲਨ ਦੌਰਾਨ ਮੋਦੀ ਸਰਕਾਰ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਮੁੱਦੇ ਨੂੰ ਬੜੀ ਗੰਭੀਰਤਾ ਨਾਲ ਕੌਮਾਂਤਰੀ ਮੰਚ 'ਤੇ ਉਠਾਇਆ ਸੀ।

ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਵਿਦੇਸ਼ਾਂ ਵਿਚ ਪੰਜਾਬ ਅਤੇ ਦੇਸ਼ ਦਾ ਨਾਮ ਉੱਚਾ ਕਰਨ ਵਾਲੇ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਇਸ ਕਰਕੇ ਨਿਸ਼ਾਨਾ ਬਣਾ ਰਹੀ ਹੈ ਕਿਉਂਕਿ ਉਨ੍ਹਾਂ ਕਿਸਾਨ ਅੰਦੋਲਨ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਸੀ। ਜ਼ਿਕਰਯੋਗ ਹੈ ਕਿ ਭਾਜਪਾ ਦੇ ਜਨਰਲ ਸਕੱਤਰ ਸੁਭਾਸ਼ ਸ਼ਰਮਾ ਤੇ ਭਾਰਤੀ ਜਨਤਾ ਯੁਵਾ ਮੋਰਚੇ ਦੇ ਆਗੂ ਕੇਂਦਰ ਸਰਕਾਰ ਤੋਂ ਮੰਗ ਕਰ ਚੁੱਕੇ ਹਨ ਕਿ ਤਨਮਨਜੀਤ ਸਿੰਘ ਢੇਸੀ ਤੇ ਉਨ੍ਹਾਂ ਦੇ ਪਰਿਵਾਰ ਦਾ ਓ.ਸੀ.ਆਈ. ਕਾਰਡ ਰੱਦ ਕੀਤਾ ਜਾਵੇ।

### ਮਨੁੱਖੀ ਹੱਕਾਂ ਲਈ ਆਵਾਜ਼ ਬੁਲੰਦ ਕਰਦਾ ਰਹਾਂਗਾ: ਢੇਸੀ

**ਚੰਡੀਗੜ੍ਹ:** ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਉਨ੍ਹਾਂ ਖਿਲਾਫ ਬਹੁਤ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਵੀ ਦੁਨੀਆ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਤਾਂ ਉਹ ਆਵਾਜ਼ ਬੁਲੰਦ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵਿਰੁੱਧ ਉਹ ਧਿਰਾਂ ਹੀ ਕੂੜ ਪ੍ਰਚਾਰ ਕਰ ਰਹੀਆਂ ਹਨ, ਜਿਨ੍ਹਾਂ ਨੂੰ ਕਿਸਾਨ ਅੰਦੋਲਨ ਦੀ ਹਮਾਇਤ ਕੀਤੇ ਜਾਣ ਤੋਂ ਤਕਲੀਫ ਹੋ ਰਹੀ ਸੀ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਰਤਾਰਪੁਰ ਸਾਹਿਬ 'ਚ ਮਿਲੇ ਵੰਡ ਵੇਲੇ ਵਿਛੜੇ ਪਰਿਵਾਰ

**ਅੰਮ੍ਰਿਤਸਰ:** ਭਾਰਤ-ਪਾਕਿਸਤਾਨ ਵਿਚਾਲੇ ਹੋਈ ਵੰਡ ਦੇ 74 ਸਾਲ ਬਾਅਦ ਅੰਮ੍ਰਿਤਸਰ ਵਾਸੀ ਸੁਖਪਾਲ ਸਿੰਘ ਦੇ ਪਰਿਵਾਰ ਨੇ ਪਾਕਿਸਤਾਨ ਵਿਚ ਰਹਿੰਦੇ ਸ਼ਕੀਲ ਦੇ ਪਰਿਵਾਰ ਨਾਲ ਗੁਰਦੁਆਰਾ ਕਰਤਾਰਪੁਰ ਵਿਚ ਮੁਲਾਕਾਤ ਕੀਤੀ ਹੈ। ਦੇਸ਼ ਵੰਡ ਵੇਲੇ ਭਾਰਤ ਰਹਿੰਦੇ ਸੁਖਪਾਲ ਦੇ ਵਡੇਰਿਆਂ ਨੇ ਸ਼ਕੀਲ ਦੇ ਵਡੇਰਿਆਂ ਨੂੰ ਬਚਾਇਆ ਸੀ ਅਤੇ ਸੁਰੱਖਿਅਤ ਪਾਕਿਸਤਾਨ ਭੇਜਿਆ ਸੀ।

ਇਨ੍ਹਾਂ ਦੋਵਾਂ ਪਰਿਵਾਰਾਂ ਦਾ ਇਹ ਆਪਸੀ ਸੰਪਰਕ ਅਬੂ ਧਾਬੀ ਵਿਚ ਮੁੜ ਬਣਿਆ ਸੀ। ਇਸ ਤੋਂ ਬਾਅਦ ਦੋਵਾਂ ਪਰਿਵਾਰਾਂ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਮਿਲਣ ਲਈ ਦਿਨ ਨਿਰਧਾਰਿਤ ਕੀਤਾ ਸੀ। ਦੋਵਾਂ ਪਰਿਵਾਰਾਂ ਦੇ ਜੀਆਂ ਨੇ ਗੁਰਦੁਆਰੇ ਵਿਚ ਕੁਝ ਸਮਾਂ ਬਿਤਾਇਆ ਅਤੇ ਇਕੱਠੇ ਲੰਗਰ ਵੀ ਛਕਿਆ। ਸੁਖਪਾਲ ਸਿੰਘ ਨੇ ਪੋਟਲੀ ਵਿਚ ਬੰਨ੍ਹ ਕੇ ਲਿਆਂਦੀ ਆਪਣੇ ਪਿੰਡ ਦੀ ਮਿੱਟੀ ਅਤੇ ਇਕ ਬੋਤਲ ਪਾਣੀ ਸ਼ਕੀਲ ਨੂੰ ਸੌਂਪਿਆ ਹੈ, ਜਿਸ ਨੂੰ ਉਹ ਸਿਜਦਾ ਕਰਨਾ ਚਾਹੁੰਦਾ ਸੀ। ਸੁਖਪਾਲ ਸਿੰਘ ਨੇ ਦੱਸਿਆ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਉਨ੍ਹਾਂ ਦਾ ਪਰਿਵਾਰ ਪਿੰਡ ਸੈਦਪੁਰ ਵਿਚ ਰਹਿੰਦਾ ਸੀ। ਉਸ ਦੇ ਪੜਦਾਦਾ ਹੀਰਾ ਸਿੰਘ ਅਤੇ ਦਾਦਾ ਊਧਮ ਸਿੰਘ ਨੇ ਦੇਸ਼ ਦੀ ਵੰਡ ਵੇਲੇ ਕਈ ਪਰਿਵਾਰਾਂ ਦੀ ਮਦਦ ਕੀਤੀ ਸੀ।

ਯਾਦ ਰਹੇ ਕਿ ਇਹ ਮੁਸਲਿਮ ਪਰਿਵਾਰ ਉਸ ਵੇਲੇ ਉਨ੍ਹਾਂ ਦੇ ਗੁਆਂਢ ਵਿਚ ਰਹਿੰਦੇ ਸਨ, ਜਿਨ੍ਹਾਂ ਵਿਚੋਂ ਸਿਰਾਜ ਵੀ ਇਕ ਸੀ। ਉਸ ਨੇ ਦੱਸਿਆ ਕਿ ਹਮਲਾਵਰਾਂ ਨੇ ਜਦੋਂ ਹਮਲਾ ਕੀਤਾ ਤਾਂ ਉਸ ਦੇ ਵਡੇਰਿਆਂ ਨੇ ਕਈ ਮੁਸਲਿਮ ਪਰਿਵਾਰਾਂ ਦੇ ਜੀਆਂ ਨੂੰ ਆਪਣੇ ਘਰ ਵਿਚ ਲੁਕਾ ਲਿਆ ਸੀ। ਬਾਅਦ ਵਿਚ ਹਾਲਾਤ ਠੀਕ ਹੋਣ 'ਤੇ ਉਨ੍ਹਾਂ ਨੂੰ ਪਾਕਿਸਤਾਨ ਭੇਜ ਦਿੱਤਾ ਗਿਆ ਸੀ।



## ਪੰਜਾਬ ਸਣੇ 12 ਸੂਬਿਆਂ 'ਚ ਬਿਜਲੀ ਸੰਕਟ ਦੀ ਚਿਤਾਵਨੀ

**ਲਖਨਊ:** ਆਲ ਇੰਡੀਆ ਪਾਵਰ ਇੰਜੀਨੀਅਰਿੰਗ ਫੈਡਰੇਸ਼ਨ (ਏ.ਆਈ.ਪੀ.ਈ.ਐਫ.) ਨੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਘਰੇਲੂ ਤਾਪ ਬਿਜਲੀ ਘਰਾਂ ਲਈ ਕੋਲੇ ਦੀ ਸਪਲਾਈ ਵਿਚ ਕਮੀ ਹੋਣ ਕਾਰਨ ਵਧੇਰੇ ਖਪਤ ਵਾਲੇ 12 ਸੂਬਿਆਂ ਵਿਚ ਬਿਜਲੀ ਸੰਕਟ ਪੈਦਾ ਹੋਣ ਦੀ ਚਿਤਾਵਨੀ ਦਿੱਤੀ ਹੈ।

ਸੂਤਰਾਂ ਮੁਤਾਬਕ ਸੂਬਿਆਂ ਕੋਲ ਜਰੂਰਤ ਦੀ ਤੁਲਨਾ ਵਿਚ ਕੇਵਲ ਇਕ ਚੌਥਾਈ ਕੋਲੇ ਦਾ ਸਟਾਕ ਹੈ ਅਤੇ ਅਪ੍ਰੈਲ ਵਿਚ ਬੇਹੱਦ ਗਰਮੀ ਵਧ ਜਾਣ ਦੇ ਚਲਦੇ ਬਿਜਲੀ ਦੀ ਮੰਗ ਵਿਚ ਵੱਡਾ ਵਾਧਾ ਹੋਇਆ ਹੈ।

## ਲਖੀਮਪੁਰ ਕੇਸ: ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਕੇਸ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ ਦਿੱਤੀ ਜ਼ਮਾਨਤ ਰੱਦ ਕਰ ਦਿੱਤੀ ਹੈ। ਸਿਖਰਲੀ ਅਦਾਲਤ ਨੇ ਆਸ਼ੀਸ਼ ਮਿਸ਼ਰਾ ਨੂੰ ਹਫਤੇ ਅੰਦਰ ਜੇਲ੍ਹ ਪ੍ਰਸ਼ਾਸਨ ਕੋਲ ਆਤਮ ਸਮਰਪਣ ਲਈ ਆਖਿਆ ਹੈ। ਚੀਫ ਜਸਟਿਸ ਐੱਨ.ਵੀ.ਰਾਮੰਨਾ ਅਤੇ ਜਸਟਿਸ ਸੂਰਿਆ ਕਾਂਤ ਤੇ ਜਸਟਿਸ ਹਿਮਾ ਕੋਹਲੀ ਦੇ ਵਿਸ਼ੇਸ਼ ਬੈਂਚ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਹਾਈ ਕੋਰਟ ਨੇ ਗੈਰ-ਮੁਨਾਸਿਬ ਵਿਚਾਰਾਂ 'ਤੇ ਗੌਰ ਕੀਤਾ ਤੇ ਐਫ.ਆਈ.ਆਰ. ਵਿਚਲੇ ਵਿਸ਼ਾ-ਵਸਤੂ ਨੂੰ ਲੋੜੋਂ ਵੱਧ ਮਹੱਤਵ ਦਿੱਤਾ। ਸੁਪਰੀਮ ਕੋਰਟ ਨੇ ਸਬੰਧਤ ਤੱਥਾਂ ਤੇ ਇਸ ਤੱਥ ਵੱਲ ਧਿਆਨ ਦੇਣ ਮਗਰੋਂ ਕਿ ਪੀੜਤਾਂ ਨੂੰ ਸੁਣਵਾਈ ਦਾ ਪੂਰਾ ਮੌਕਾ ਨਹੀਂ ਦਿੱਤਾ ਗਿਆ, ਜ਼ਮਾਨਤ ਅਰਜ਼ੀ ਨੂੰ ਗੁਣ-ਦੋਸ਼ ਦੇ ਆਧਾਰ 'ਤੇ ਨਵੇਂ ਸਿਰੇ ਤੋਂ ਸੁਣਵਾਈ ਲਈ ਭੇਜ ਦਿੱਤਾ।

ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸਰਾ ਦੀ ਜ਼ਮਾਨਤ ਰੱਦ ਕੀਤੇ ਜਾਣ ਨਾਲ ਕਿਸਾਨਾਂ ਨੂੰ ਨਿਆਂ ਮਿਲਣ ਦੀ ਆਸ ਬੱਝੀ ਹੈ।

## ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਜਾਂਚ ਕਰਵਾਏਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਸਿਰ ਚੜ੍ਹੇ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਜਾਂਚ ਵਿਚ ਪਿਛਲੀਆਂ ਸਰਕਾਰਾਂ ਵੱਲੋਂ ਚੁੱਕੇ ਗਏ ਕਰਜ਼ ਦਾ ਲੇਖਾ-ਜੋਖਾ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ 'ਆਪ' ਵੱਲੋਂ ਚੋਣ ਪ੍ਰਚਾਰ ਦੌਰਾਨ ਸੂਬੇ ਸਿਰ ਚੜ੍ਹੇ ਕਰਜ਼ੇ ਨੂੰ ਸਟੇਜਾਂ ਤੋਂ ਖੂਬ ਪ੍ਰਚਾਰਿਆ ਗਿਆ ਸੀ। ਪੰਜਾਬ ਸਿਰ ਚੜ੍ਹਿਆ ਆਰਥਿਕ ਕਰਜ਼ਾ ਸੂਬੇ ਦੀ ਨਵੀਂ ਸਰਕਾਰ ਲਈ ਸਮੱਸਿਆ ਬਣ ਸਕਦਾ ਹੈ ਕਿਉਂਕਿ ਸਰਕਾਰ ਅੱਗੇ ਰਾਜ ਦੀ ਲੀਹੋਂ ਲੱਥੀ ਆਰਥਿਕਤਾ ਨੂੰ ਪਟੜੀ 'ਤੇ ਲਿਆਉਣ ਦੀ ਚੁਣੌਤੀ ਹੈ। ਜਾਂਚ ਵਿਚ ਦੇਖਿਆ ਜਾਵੇਗਾ ਕਿ ਇਹ ਕਰਜ਼ਾ ਕਿਸ ਮੰਤਵ ਲਈ ਚੁੱਕਿਆ ਗਿਆ ਤੇ ਪੈਸਾ ਕਿੱਥੇ-ਕਿੱਥੇ ਖਰਚਿਆ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਇਸ ਪੈਸੇ ਦੀ ਵਸੂਲੀ ਕਰੇਗੀ। ਉਨ੍ਹਾਂ ਸਵਾਲ ਕੀਤਾ ਕਿ ਪੰਜਾਬ ਵਿਚ ਪਿਛਲੇ ਕੁਝ ਸਮੇਂ ਦੌਰਾਨ ਕੋਈ ਸਕੂਲ ਕਾਲਜ, ਹਸਪਤਾਲ ਤੇ ਯੂਨੀਵਰਸਿਟੀ ਨਹੀਂ ਬਣੀ, ਫਿਰ ਇਹ ਪੈਸਾ ਕਿੱਥੇ ਖਰਚ ਕੀਤਾ ਗਿਆ।

## ਭਾਰਤ ਫਿਰਕੂ ਹਿੰਸਾ ਦੇ ਲਪੇਟ ਵਿਚ

*(ਪਹਿਲੇ ਸਫੇ ਦੀ ਬਾਕੀ)*

ਉਤੇ ਪਥਰਾਓ ਸ਼ੁਰੂ ਕਰ ਦਿੱਤਾ ਤਾਂ ਸੋਭਾ ਯਾਤਰਾ ਵਿਚ ਸ਼ਾਮਲ ਸਰਧਾਲੂ ਵੀ ਜਵਾਬੀ ਕਾਰਵਾਈ ਕਰਦਿਆਂ ਪਥਰਾਅ ਕਰਨ ਲੱਗ ਪਏ। ਉਧਰ, ਉੱਤਰਾਖੰਡ ਦੇ ਹਰਿਦੁਆਰ ਜ਼ਿਲ੍ਹੇ 'ਚ ਰੁੜਕੀ ਨੇੜੇ ਭਗਵਾਨਪੁਰ ਇਲਾਕੇ ਦੇ ਦਾਦਾ ਜਲਾਲਪੁਰ ਪਿੰਡ ਵਿਚ ਹਨੂੰਮਾਨ ਜੈਅੰਤੀ ਮੌਕੇ ਸੋਭਾ ਯਾਤਰਾ 'ਤੇ ਛੱਤਾਂ ਤੋਂ ਪਥਰਾਓ ਕੀਤੇ ਜਾਣ ਨਾਲ 4 ਲੋਕ ਜ਼ਖਮੀ ਹੋ ਗਏ। ਇਸ ਤਰ੍ਹਾਂ ਦੀਆਂ ਘਟਨਾਵਾਂ ਨਿੱਤ ਦਿਨ ਵਾਪਰ ਰਹੀਆਂ ਹਨ ਪਰ ਪ੍ਰਧਾਨ ਮੰਤਰੀ ਵੱਲੋਂ ਅਜਿਹੀ ਫਿਰਕੂ ਲਾਮਬੰਦੀ ਬਾਰੇ ਇਕ ਸ਼ਬਦ ਵੀ ਨਾ ਬੋਲਣ ਉਤੇ ਸਵਾਲ ਉਠ ਰਹੇ ਹਨ।

ਯਾਦ ਰਹੇ ਕਿ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਿੱਛੋਂ ਭਾਜਪਾ ਦੇ ਕੇਂਦਰੀ ਸੱਤਾ ਉਤੇ ਕਾਬਜ਼ ਹੋਣ ਤੋਂ ਬਾਅਦ, ਖਾਣ-ਪੀਣ, ਪਹਿਰਾਵੇ, ਲਵ ਜਹਾਦ, ਤਿੰਨ ਤਲਾਕ, ਨਾਗਰਿਕ ਸੋਧ ਬਿਲ ਸਮੇਤ ਹੋਰ ਕਾਰਵਾਈਆਂ ਕਾਰਨ ਦੇਸ਼ ਦਾ ਮਾਹੌਲ ਖਰਾਬ ਹੋਇਆ ਹੈ। ਸਭ ਦਾ ਸਾਥ ਸਭ ਦਾ ਵਿਕਾਸ ਵਰਗੇ ਨਾਅਰਿਆਂ ਦੇ ਦਰਮਿਆਨ ਧਾਰਮਿਕ ਖੇਮੇਬੰਦੀ ਦੀ ਰਣਨੀਤੀ ਨੇ ਭਾਜਪਾ ਨੂੰ ਜਿੱਤ ਦਿਵਾਈ ਹੈ। ਹੁਣੇ-ਹੁਣੇ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਉੱਤਰ ਪ੍ਰਦੇਸ਼ ਸਮੇਤ ਚਾਰ ਰਾਜਾਂ ਵਿਚ ਮੁੜ ਸੱਤਾ ਵਿਚ ਆਉਣ ਦਾ ਮੁੱਖ ਕਾਰਨ ਇਸੇ ਰਣਨੀਤੀ ਨੂੰ ਮੰਨਿਆ ਜਾ ਰਿਹਾ ਹੈ। ਮੁਸਲਮਾਨ ਭਾਈਚਾਰੇ ਨਾਲ ਹੋ ਰਹੇ ਵਿਤਕਰਿਆਂ ਦੇ ਸੰਦਰਭ ਵਿਚ ਉੱਤਰ ਪ੍ਰਦੇਸ਼ ਦੀ ਮੁੱਖ ਵਿਰੋਧੀ ਪਾਰਟੀ ਸਮਾਜਵਾਦੀ ਪਾਰਟੀ ਦੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਕਈ ਆਗੂਆਂ ਨੇ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਦੀ ਖਾਮੋਸ਼ੀ ਉੱਤੇ ਸਵਾਲ ਉਠਾਏ ਹਨ।

ਦਰਅਸਲ, ਕੇਂਦਰ ਵਿਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਤਾਕਤਾਂ ਦੇ ਕੇਂਦਰੀਕਰਨ ਨੂੰ ਮਜ਼ਬੂਤ ਕਰਨ ਵਾਲੇ ਫੈਸਲੇ ਕੀਤੇ ਜਾ ਰਹੇ ਹਨ। ਜੰਮੂ ਕਸ਼ਮੀਰ ਦੀ ਧਾਰਾ 370 ਅਤੇ 35ਏ ਖਤਮ ਕਰਕੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਤਬਦੀਲ ਕਰਨਾ, ਨਾਗਰਿਕਤਾ ਸੋਧ ਬਿਲ, ਯੂ.ਏ.ਪੀ.ਏ. ਅਤੇ ਰਾਜਾਂ ਦੇ ਅਧਿਕਾਰਾਂ ਵਿਚ ਦਖਲ ਦੇਣ ਵਰਗੇ ਕਈ ਮੁੱਦੇ ਸਮੇਂ ਸਮੇਂ ਉੱਭਰਦੇ ਰਹੇ ਹਨ।

ਕੇਂਦਰੀ ਤਫਤੀਸ਼ ਏਜੰਸੀਆਂ ਦੀ ਸਿਆਸੀ ਮੰਤਵਾਂ ਲਈ ਵਰਤੋਂ ਵੀ ਆਲੋਚਨਾ ਦੇ ਘੇਰੇ ਵਿਚ ਆਉਂਦੀ ਰਹੀ ਹੈ। ਕਰਨਾਟਕ ਵਿਚ ਹਿਜਾਬ ਤੋਂ ਲੈ ਕੇ ਮੁਸਲਮਾਨ ਵਪਾਰੀਆਂ 'ਤੇ ਮੰਦਰਾਂ ਨਜ਼ਦੀਕ ਵਸਤਾਂ ਵੇਚਣ 'ਤੇ ਪਾਬੰਦੀਆਂ ਲਗਾਉਣ ਜਿਹੀਆਂ ਸਰਗਰਮੀਆਂ ਨਾਲ ਵੋਟਾਂ ਦੇ ਧਰੁਵੀਕਰਨ ਕਰਨ ਦੀ ਕੋਸ਼ਿਸ਼ ਦੇਸ਼ ਦੇ ਸੰਵਿਧਾਨਕ ਢਾਂਚੇ ਦੇ ਅਨੁਕੂਲ ਨਹੀਂ ਹੈ। ਦੇਸ਼ ਵਿਚ ਘੱਟ-ਗਿਣਤੀਆਂ ਖਾਸ ਤੌਰ ਉੱਤੇ ਮੁਸਲਿਮ ਭਾਈਚਾਰਾ ਸਭ ਤੋਂ ਵੱਧ ਦਬਾਅ ਮਹਿਸੂਸ ਕਰ ਰਿਹਾ ਹੈ; ਉਨ੍ਹਾਂ ਨੂੰ ਲੱਗਦਾ ਹੈ ਕਿ ਨਿਆਂ ਮਿਲਣ ਦੀ ਸੰਭਾਵਨਾ ਘਟ ਰਹੀ ਹੈ। ਹਿੰਦੂ ਵੋਟਰਾਂ ਨੂੰ ਇਕ ਪਾਸੇ ਕਰਨ ਦੀ ਭਾਜਪਾ ਦੀ ਇਹ ਰਣਨੀਤੀ ਭਗਵਾ ਧਿਰ ਨੂੰ ਬਿਲਕੁਲ ਫਿੱਟ ਬੈਠਦੀ ਹੈ। ਤਾਜ਼ਾ ਫਿਰਕੂ ਘਟਨਾਵਾਂ ਦੀ ਜੜ੍ਹ ਵੀ ਇਹੀ ਰਣਨੀਤੀ ਬਣ ਰਹੀ ਹੈ।

## ਸੁਖਬੀਰ ਨੇ ਰਾਜੋਆਣਾ ਦੀ ਰਿਹਾਈ ਲਈ ਪ੍ਰਧਾਨ ਮੰਤਰੀ ਦਾ ਦਖਲ ਮੰਗਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਨਿੱਜੀ ਦਖਲ ਦੇ ਕੇ ਭਾਈ ਬਲਵੰਤ ਸਿੰਘ ਰਾਜੋਆਣਾ ਸਣੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ 2019 ਵਿਚ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਮੌਕੇ ਅੱਠ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦਾ ਵਾਅਦਾ ਕੀਤਾ ਸੀ, ਜੋ ਹਾਲੇ ਤੱਕ ਪੂਰਾ ਨਹੀਂ ਕੀਤਾ ਗਿਆ। ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਵੱਲ ਤੁਰਤ ਧਿਆਨ ਦੇਣ ਦੀ ਜ਼ਰੂਰਤ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ 25 ਮਾਰਚ 2012 ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੰਵਿਧਾਨ ਦੀ ਧਾਰਾ 72 ਤਹਿਤ ਜੋ ਰਹਿਮ ਦੀ ਅਪੀਲ ਦਾਇਰ ਕੀਤੀ ਗਈ ਸੀ, ਉਹ ਹਾਲੇ ਵੀ ਰਾਸ਼ਟਰਪਤੀ ਕੋਲ ਪੈਂਡਿੰਗ ਪਈ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕਰ ਕੇ ਕੇਂਦਰ ਸਰਕਾਰ ਨੂੰ ਭਾਈ ਰਾਜੋਆਣਾ ਦੀ ਪਟੀਸ਼ਨ 'ਤੇ 30 ਅਪਰੈਲ ਤੱਕ ਫੈਸਲਾ ਲੈਣ ਨੂੰ ਕਿਹਾ ਹੈ।

## ਨਹਿਰ ਦਾ ਮੁੱਦਾ ਮੁੜ ਭਖਿਆ, 'ਆਪ' ਦੀ ਨੀਅਤ 'ਤੇ ਸਵਾਲ

*(ਪਹਿਲੇ ਸਫੇ ਦੀ ਬਾਕੀ)*

ਨੂੰ ਸਫਲ ਨਹੀਂ ਹੋਣ ਦੇਵੇਗਾ।

ਸਿਆਸੀ ਧਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਇਸ ਵੇਲੇ ਪਾਣੀ ਦੀ ਕਮੀ ਹੈ। ਸੂਬੇ ਦੇ 138 ਵਿਚੋਂ 109 ਜ਼ੋਨਾਂ ਵਿਚ ਜ਼ਮੀਨ ਹੇਠਲਾ ਪਾਣੀ ਘਟਣ ਨਾਲ ਇਨ੍ਹਾਂ ਨੂੰ ਰੈੱਡ ਜ਼ੋਨ ਐਲਾਨਿਆ ਜਾ ਚੁੱਕਾ ਹੈ ਤੇ ਸਾਡੀਆਂ ਆਪਣੀਆਂ ਜ਼ਮੀਨਾਂ ਵਾਸਤੇ ਪਾਣੀ ਦੀ ਘਾਟ ਹੈ। ਅਕਾਲੀ ਦਲ ਨੇ ਕਿਹਾ ਕਿ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਪੰਜਾਬ ਦਾ ਦਰਿਆਈ ਪਾਣੀ ਹਰਿਆਣਾ ਨੂੰ ਮਿਲਣਾ ਚਾਹੀਦਾ ਹੈ।

ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਨੇ ਇਸ ਸਬੰਧੀ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦਾਇਰ ਕੀਤਾ ਸੀ। ਸੁਸ਼ੀਲ ਗੁਪਤਾ ਦੇ ਤਾਜ਼ਾ ਐਲਾਨ ਤੋਂ ਸਪਸ਼ਟ ਹੈ ਕਿ ਆਮ ਆਦਮੀ ਪਾਰਟੀ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਪੰਜਾਬ ਵਿਰੋਧੀ ਸਟੈਂਡ ਲੈ ਰਹੀ ਹੈ ਅਤੇ ਇਹ ਪੰਜਾਬ ਦੇ ਪਾਣੀ ਹਰਿਆਣਾ ਤੇ ਦਿੱਲੀ ਨੂੰ ਦੇਣਾ ਚਾਹੁੰਦੀ ਹੈ।

## ਹਰਿਆਣਾ ਸਰਕਾਰ 24 ਨੂੰ ਮਨਾਏਗੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ

**ਅੰਮ੍ਰਿਤਸਰ:** ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੀ ਸਰਕਾਰ ਵੱਲੋਂ 24 ਅਪਰੈਲ ਨੂੰ ਪਾਣੀਪੱਤ ਵਿਚ ਕਰਵਾਇਆ ਜਾ ਰਿਹਾ ਹੈ। ਇਸ ਗੁਰਮਤਿ ਸਮਾਗਮ ਵਿਚ ਪੁੱਜਣ ਵਾਲੇ ਪਤਵੰਤਿਆਂ ਨੂੰ ਹਰਿਆਣਾ ਸਰਕਾਰ ਵੱਲੋਂ ਯਾਦਗਾਰ ਤੇ ਪ੍ਰਸਾਦਿ ਵਜੋਂ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦਾ ਪਵਿੱਤਰ ਜਲ ਭੇਟ ਕੀਤਾ ਜਾਵੇਗਾ। ਸਰੋਵਰ ਦਾ ਇਹ ਜਲ ਲੈਣ ਵਾਸਤੇ ਇਥੇ ਹਰਿਆਣਾ ਦਾ ਇਕ ਵਫਦ ਸ੍ਰੀ ਹਰਿਮੰਦਰ ਸਾਹਿਬ ਪੁੱਜਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮਾਨ ਸਰਕਾਰ ਦਾ ਪਹਿਲੇ ਮਹੀਨੇ ਦਾ ਰਿਪੋਰਟ ਕਾਰਡ ਪੇਸ਼

**ਚੰਡੀਗੜ੍ਹ:** ਭਗਵੰਤ ਮਾਨ ਸਰਕਾਰ ਨੇ ਇਕ ਮਹੀਨਾ ਪੂਰਾ ਕਰ ਲਿਆ ਹੈ। ਮੁੱਖ ਮੰਤਰੀ ਨੇ 'ਆਪ' ਵੱਲੋਂ ਪਹਿਲਾ ਵਾਅਦਾ ਪੂਰਾ ਕਰਦਿਆਂ ਆਪਣੀ ਸਰਕਾਰ ਦੇ ਪਹਿਲੇ ਮਹੀਨੇ ਦਾ ਰਿਪੋਰਟ ਕਾਰਡ ਪੇਸ਼ ਕੀਤਾ ਜਿਸ ਵਿਚ ਦਫਤਰਾਂ 'ਚੋਂ ਰਿਸ਼ਵਤਖੋਰੀ ਬੰਦ ਕੀਤੇ ਜਾਣ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ 30 ਦਿਨ ਦੇ ਕਾਰਜਕਾਲ ਵਿਚ ਜਿਥੇ ਕਈ ਐਲਾਨ ਤੇ ਮਜ਼ਬੂਤ ਫੈਸਲੇ ਲੈ ਕੇ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ 'ਆਪ' ਸਰਕਾਰ ਹੁਣ ਤੱਕ ਦੀਆਂ ਰਾਜ ਸਰਕਾਰਾਂ ਤੋਂ ਬਿਲਕੁਲ ਵੱਖਰੀ ਹੈ, ਉਥੇ ਹੀ 30 ਦਿਨ ਦੇ ਇਸ ਕਾਰਜਕਾਲ ਦੌਰਾਨ ਕਈ ਅਜਿਹੇ ਮੌਕੇ ਵੀ ਆਏ ਜਦੋਂ ਸਿਆਸੀ ਵਿਰੋਧੀਆਂ ਨੇ ਭਗਵੰਤ ਮਾਨ ਸਰਕਾਰ ਨੂੰ ਨਿਸ਼ਾਨੇ ਉਤੇ ਲੈਣ ਵਿਚ ਕੋਈ ਕਸਰ ਨਹੀਂ ਛੱਡੀ।

ਤਾਜ਼ਾ ਮਾਮਲਾ ਪੰਜਾਬ ਦੇ ਮੁੱਖ ਸਕੱਤਰ ਤੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਦੀ ਭਗਵੰਤ ਮਾਨ ਤੇ ਪੰਜਾਬ ਦੇ ਬਿਜਲੀ ਮੰਤਰੀ ਦੀ ਗੈਰਹਾਜ਼ਰੀ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਦਾ ਰਿਹਾ, ਜਿਸ ਨੂੰ ਲੈ ਕੇ ਵਿਰੋਧੀਆਂ ਨੇ ਸਰਕਾਰ ਨੂੰ ਨਿਸ਼ਾਨੇ ਉਤੇ ਲੈਂਦੇ



ਹੋਏ ਦੋਸ਼ ਲਗਾਇਆ ਕਿ ਪੰਜਾਬ ਵਿਚ ਭਗਵੰਤ ਮਾਨ 'ਰਬੜ ਦੀ ਮੋਹਰ' ਹਨ ਤੇ ਕੇਜਰੀਵਾਲ ਪੰਜਾਬ ਵਿਚਲੀ ਸਰਕਾਰ ਨੂੰ ਚਲਾ ਰਹੇ ਹਨ, ਪਰ ਭਗਵੰਤ ਮਾਨ ਨੇ ਉਸ ਦੌਰਾਨ ਇਹ ਕਹਿ ਕੇ ਵਿਰੋਧੀ ਧਿਰਾਂ ਦਾ ਮੂੰਹ ਬੰਦ ਕਰ ਦਿੱਤਾ ਕਿ ਉਹ ਆਪਣੇ ਅਧਿਕਾਰੀਆਂ ਨੂੰ ਹੋਰ ਰਾਜਾਂ ਵਿਚ ਵੀ ਭੇਜਣਗੇ ਤੇ ਜਿੱਥੋਂ ਜੋ ਕੁਝ ਵੀ ਵਧੀਆ ਸਿਖ ਸਕਦੇ ਹਨ, ਉਸ ਨੂੰ ਪੰਜਾਬ ਲਿਆ ਕੇ ਲਾਗੂ ਕਰਨਗੇ।

ਇਸ ਦੇ ਨਾਲ ਹੀ ਸਿਆਸੀ ਵਿਰੋਧੀਆਂ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ ਦੇ ਗਠਨ, ਸੂਬੇ ਵਿਚ ਵਿਗੜਦੀ ਕਾਨੂੰਨ - ਵਿਵਸਥਾ, ਤਿੰਨ ਮਹੀਨੇ ਦੇ ਮੱਧਵਰਤੀ ਬਜਟ ਲਈ ਕਰਜ਼ ਲੈਣ ਦੇ ਮੁੱਦਿਆਂ ਉਤੇ ਵੀ ਮਾਨ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਗਿਣਤੀ ਤੇ ਜੋਰ ਵਿਚ ਕਮਜ਼ੋਰ ਵਿਰੋਧੀ ਧਿਰ ਮਾਮੂਲੀ ਬਿਆਨਬਾਜ਼ੀ ਤੋਂ ਅੱਗੇ ਨਹੀਂ ਵੱਧ ਸਕਿਆ। ਆਪਣੀ ਸਰਕਾਰ ਦੇ 30 ਦਿਨ ਪੂਰੇ ਹੋਣ ਉਤੇ ਸਰਕਾਰ ਦੀਆਂ ਉਪਲਬਧੀਆਂ ਤੇ ਸਰਕਾਰੀ ਖਜਾਨੇ ਬਾਰੇ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਰਕਾਰਾਂ ਕੋਲ ਪੈਸੇ ਦੀ ਕਮੀ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਸਰਕਾਰੀ ਖਜਾਨੇ ਨੂੰ ਵੀ ਜਨਤਾ ਹੀ ਭਰਦੀ ਹੈ ਤੇ ਉਨ੍ਹਾਂ ਦੀ ਸਰਕਾਰ ਦਾ ਟੀਚਾ ਖਜਾਨੇ ਵਿਚ ਜਨਤਾ ਨੂੰ ਉਸ ਦਾ ਹਿੱਸਾ ਵਾਪਸ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੂਬੇ ਉਤੇ 3 ਲੱਖ ਕਰੋੜ ਰੁਪਏ ਦਾ ਕਰਜ਼ ਹੈ, ਪਰ ਪਿਛਲੀਆਂ ਸਰਕਾਰਾਂ ਨੇ ਆਖਰ ਇਹ ਪੈਸਾ ਕਿੱਥੇ ਖਰਚ ਕੀਤਾ ਕਿਉਂਕਿ ਨਾ ਤਾਂ ਰਾਜ ਵਿਚ ਕੋਈ ਸਕੂਲ, ਕਾਲਜ, ਯੂਨੀਵਰਸਿਟੀ ਬਣੀ ਤੇ ਨਾ ਹੀ ਹਸਪਤਾਲ ਬਣੇ ਤਾਂ ਜਨਤਾ ਦਾ ਇਹ ਪੈਸਾ ਗਿਆ ਕਿੱਥੇ? ਉਨ੍ਹਾਂ ਕਿਹਾ ਕਿ ਉਹ ਜਾਣਦੇ ਹਨ ਕਿ ਇਹ ਪੈਸਾ ਕਿੱਥੇ-ਕਿੱਥੇ ਲੱਗਾ ਹੈ ਤੇ ਉਨ੍ਹਾਂ ਦੀ ਸਰਕਾਰ ਇਸ ਦਾ ਹਿਸਾਬ ਲਵੇਗੀ।

## ਬੱਚਤ ਕਰਕੇ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਪਾਵਾਂਗੇ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿਚ ਪਾਰਟੀ ਦੀ ਸਰਕਾਰ ਨੇ ਮੁਫਤ ਬਿਜਲੀ ਦੇਣ ਦਾ ਪਹਿਲਾ ਚੋਣ ਵਾਅਦਾ ਪੂਰਾ ਕਰ ਦਿੱਤਾ ਹੈ ਕਿਉਂਕਿ 'ਆਪ' ਦੂਜੀਆਂ ਪਾਰਟੀਆਂ ਵਾਂਗ ਝੂਠੇ ਵਾਅਦੇ ਨਹੀਂ ਕਰਦੀ ਹੈ। ਟਵਿੱਟਰ 'ਤੇ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਤਰੱਕੀ ਦੇ ਰਾਹ 'ਤੇ ਪਾਉਣ ਲਈ ਭ੍ਰਿਸ਼ਟਾਚਾਰ ਨੂੰ ਖਤਮ ਕਰਕੇ ਪੈਸੇ ਦੀ ਬੱਚਤ ਕਰੇਗੀ। ਉਨ੍ਹਾਂ ਕਿਹਾ, "ਆਪ ਜੋ ਕਹਿੰਦੀ ਹੈ ਉਹ ਕਰਦੀ ਹੈ ਅਤੇ ਦੂਜੀਆਂ ਪਾਰਟੀਆਂ ਵਾਂਗ ਝੂਠੇ ਵਾਅਦੇ ਨਹੀਂ ਕਰਦੀ ਹੈ।"

## ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਦੀ ਚੋਣ 8 ਮਈ ਨੂੰ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਦੇ ਖਾਲੀ ਹੋਏ ਅਹੁਦੇ ਵਾਸਤੇ ਸਥਾਈ ਪ੍ਰਧਾਨ ਨਿਯੁਕਤ ਕਰਨ ਲਈ ਸਿੱਖ ਸੰਸਥਾ ਵੱਲੋਂ 8 ਮਈ ਨੂੰ ਚੋਣ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਸੰਸਥਾ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਮੌਜੂਦਾ ਕਾਰਜਕਾਰੀ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕੀਤੀ। ਮੀਟਿੰਗ ਦਾ ਏਜੰਡਾ ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ ਨੇ ਪੜ੍ਹਿਆ। ਉਨ੍ਹਾਂ ਦੱਸਿਆ ਕਿ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਦੇ ਦੇਹਾਂਤ ਕਾਰਨ ਪ੍ਰਧਾਨ ਦਾ ਅਹੁਦਾ ਖਾਲੀ ਹੋ ਗਿਆ ਹੈ, ਜਿਸ ਬਾਰੇ ਚੋਣ ਕਰਾਉਣ ਲਈ ਵਿਚਾਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਦੇ ਸੰਵਿਧਾਨ ਮੁਤਾਬਕ ਪ੍ਰਧਾਨ ਦਾ ਖਾਲੀ ਹੋਇਆ ਅਹੁਦਾ ਦੋ ਮਹੀਨੇ ਵਿਚ ਪੂਰਾ ਕਰਨਾ ਲਾਜ਼ਮੀ ਹੈ। ਇਸ ਤਹਿਤ ਹੀ ਪ੍ਰਧਾਨ ਦੀ ਚੋਣ ਕਰਾਉਣ ਲਈ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿਚ ਰਿਟਰਨਿੰਗ ਅਧਿਕਾਰੀਆਂ ਵਜੋਂ ਪ੍ਰੋ. ਵਰਿਆਮ ਸਿੰਘ, ਹਰਜੀਤ ਸਿੰਘ ਅਤੇ ਨਰਿੰਦਰ ਸਿੰਘ ਖੁਰਾਣਾ ਨੂੰ ਸ਼ਾਮਲ ਕੀਤਾ ਹੈ। ਇਸ ਕਮੇਟੀ ਨੂੰ ਪ੍ਰਧਾਨ ਦੀ ਚੋਣ ਕਰਾਉਣ ਵਾਸਤੇ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਮੀਟਿੰਗ ਵਿਚ ਪ੍ਰਧਾਨ ਦੀ ਚੋਣ ਅੱਠ ਮਈ ਨੂੰ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਚੋਣ ਸਬੰਧੀ ਲੋੜੀਂਦੀ ਪ੍ਰਕਿਰਿਆ ਨੂੰ ਪੂਰਾ ਕੀਤਾ ਜਾਵੇਗਾ।

## ਮਹਿਰਾਜ ਦੇ ਰੋਸ਼ਨ ਦੀ ਨਿਕਲੀ ਢਾਈ ਕਰੋੜ ਰੁਪਏ ਦੀ ਲਾਟਰੀ

**ਭਾਈਰੂਪਾ:** ਪਿੰਡ ਮਹਿਰਾਜ ਵਿਚ ਕੱਪੜੇ ਦੀ ਇਕ ਛੋਟੀ ਜਿਹੀ ਦੁਕਾਨ ਕਰਨ ਵਾਲਾ ਰੋਸ਼ਨ ਸਿੰਘ ਪੰਜਾਬ ਸਟੇਟ ਲਾਟਰੀ ਵਿਸਾਖੀ ਬੰਪਰ ਦੇ ਢਾਈ ਕਰੋੜ ਦੀ ਰਾਸ਼ੀ ਦਾ ਪਹਿਲਾ ਇਨਾਮ ਨਿਕਲਣ ਨਾਲ ਰਾਤੋ-ਰਾਤ ਕਰੋੜਪਤੀ ਬਣ ਗਿਆ। ਰੋਸ਼ਨ ਸਿੰਘ ਨੇ ਦੱਸਿਆ ਕਿ ਉਹ ਲਗਭਗ 1988 ਤੋਂ ਪੰਜਾਬ ਸਟੇਟ ਲਾਟਰੀ ਦੀਆਂ ਟਿਕਟਾਂ ਖਰੀਦ ਕੇ ਲਾਟਰੀ ਪਾਉਂਦਾ ਆ ਰਿਹਾ ਹੈ ਤੇ ਇਸ ਵਾਰ ਵੀ ਉਸ ਨੇ ਰਤਨ ਲਾਟਰੀ ਸਟਾਲ ਤੋਂ ਪੰਜਾਬ ਸਟੇਟ ਲਾਟਰੀ ਦਾ ਵਿਸਾਖੀ ਬੰਪਰ ਟਿਕਟ ਖਰੀਦਿਆ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਲਾਟਰੀ ਦਾ ਇਨਾਮ ਨਿਕਲਣ ਬਾਰੇ ਫੋਨ ਆਇਆ ਸੀ ਪਰ ਉਨ੍ਹਾਂ ਨੂੰ ਲੱਗਿਆ ਕਿ ਕੋਈ ਮਜ਼ਾਕ ਕਰ ਰਿਹਾ ਹੈ, ਫਿਰ ਜਦੋਂ ਉਨ੍ਹਾਂ ਟਿਕਟ ਦਾ ਨੰਬਰ ਮਿਲਾ ਕੇ ਦੇਖਿਆ ਤਾਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਦਾ ਹੀ ਇਨਾਮ ਨਿਕਲਿਆ ਹੈ। ਰੋਸ਼ਨ ਸਿੰਘ ਦੀ ਲਾਟਰੀ ਨਿਕਲਣ ਦੀ ਖਬਰ ਨਾਲ ਪੂਰੇ ਪਿੰਡ ਵਿਚ ਖੁਸ਼ੀ ਦਾ ਮਾਹੌਲ ਹੈ। ਪਰਿਵਾਰ ਵੱਲੋਂ ਲਾਟਰੀ ਨਿਕਲਣ ਦੀ ਖੁਸ਼ੀ ਵਿਚ ਲੱਡੂ ਵੰਡੇ ਗਏ।

# ਹਿਮਾਚਲ ਦੀ ਭਾਜਪਾ ਸਰਕਾਰ ਵੀ 'ਆਪ' ਵਾਲੇ ਰਾਹ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਹਿਮਾਚਲ ਰੋਡਵੇਜ਼ ਦੀਆਂ ਬੱਸਾਂ 'ਚ ਮਹਿਲਾਵਾਂ ਲਈ ਕਿਰਾਏ 'ਚ 50 ਫੀਸਦ ਛੋਟ, 125 ਯੂਨਿਟ ਤੱਕ ਬਿਜਲੀ ਮੁਫਤ ਕਰਨ ਅਤੇ ਦਿਹਾਤੀ ਇਲਾਕਿਆਂ 'ਚ ਪਾਣੀ ਬਿੱਲ ਖਤਮ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਚੰਬਾ 'ਚ ਹਿਮਾਚਲ ਪ੍ਰਦੇਸ਼ ਦੇ 75ਵੇਂ ਸਥਾਪਨਾ ਦਿਵਸ ਸਬੰਧੀ ਕਰਵਾਏ ਗਏ ਸੂਬਾ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਇਹ ਐਲਾਨ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਮਹਿਲਾਵਾਂ ਨਿਗਮ ਦੀਆਂ ਬੱਸਾਂ ਦੇ ਕਿਰਾਏ ਵਿਚ 50 ਫੀਸਦ ਛੋਟ ਮਿਲਣ ਨਾਲ ਕਰੀਬ 60 ਰੁਪਏ ਦੀ ਬੱਚਤ ਕਰਨਗੀਆਂ। ਉਨ੍ਹਾਂ ਕਿਹਾ 125 ਯੂਨਿਟ ਤੱਕ ਬਿਜਲੀ ਦੀ ਖਪਤ ਕਰਨ ਵਾਲੇ ਖਪਤਕਾਰਾਂ ਨੂੰ ਪਹਿਲੀ ਜੁਲਾਈ ਤੱਕ ਕੋਈ ਬਿਜਲੀ ਬਿੱਲ ਨਹੀਂ ਭਰਨਾ ਪਵੇਗਾ ਤੇ ਇਸ ਫੈਸਲੇ ਨਾਲ 11.5 ਲੱਖ ਖਪਤਕਾਰਾਂ ਨੂੰ 250 ਕਰੋੜ ਰੁਪਏ ਦਾ ਫਾਇਦਾ ਹੋਵੇਗਾ।

ਉਨ੍ਹਾਂ ਇਹ ਐਲਾਨ ਵੀ ਕੀਤਾ ਕਿ ਦਿਹਾਤੀ ਖੇਤਰਾਂ 'ਚ ਪਰਿਵਾਰਾਂ ਤੋਂ ਕੋਈ ਵੀ ਪਾਣੀ ਦਾ ਬਿੱਲ ਨਹੀਂ ਵਸੂਲਿਆ ਜਾਵੇਗਾ ਤੇ



ਇਸ ਫੈਸਲੇ ਨਾਲ ਪੇਂਡੂ ਖੇਤਰ ਦੇ ਪਰਿਵਾਰਾਂ ਨੂੰ 30 ਕਰੋੜ ਰੁਪਏ ਦਾ ਵਿੱਤੀ ਲਾਭ ਹੋਵੇਗਾ। ਮੁੱਖ ਮੰਤਰੀ ਨੇ ਇਸ ਮੌਕੇ ਚੰਬਾ ਦੇ ਮਿਨੀ ਸਕੱਤਰੇਤ ਤੇ ਹੋਲੀਉਂਤਰਲਾ ਦੇ ਵਿਕਾਸ ਕਾਰਜਾਂ ਲਈ ਪੰਜ ਕਰੋੜ ਰੁਪਏ ਦੇਣ ਦੇ ਨਾਲ-ਨਾਲ ਚੰਬਾ ਸ਼ਹਿਰ ਦੇ ਸੁੰਦਰੀਕਰਨ ਦਾ ਐਲਾਨ ਵੀ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਨੇ ਕਰੋਨਾ ਮਹਾਮਾਰੀ ਦੇ ਦੌਰ 'ਚ ਬਹੁਤ ਮੁਸ਼ਕਲ ਸਮਾਂ ਦੇਖਿਆ ਹੈ ਪਰ ਲੋਕਾਂ ਦੇ ਸਹਿਯੋਗ ਨਾਲ ਉਹ ਉਸ ਮੁਸ਼ਕਲ ਦੇ ਦੌਰ 'ਚੋਂ ਉੱਭਰ ਆਏ ਹਨ।

## ਸਾਡੇ ਮਾਡਲ ਦੀ ਨਕਲ ਕੀਤੀ: ਸਿਸੋਦੀਆ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਕਿ ਹਿਮਾਚਲ ਪ੍ਰਦੇਸ਼ ਵਿਚਲੀ ਭਾਜਪਾ ਸਰਕਾਰ ਅਰਵਿੰਦ ਕੇਜਰੀਵਾਲ ਸਰਕਾਰ ਦੇ ਪ੍ਰਸ਼ਾਸਨ ਦੀ ਨਕਲ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਸੂਬੇ 'ਚ ਮੁਫਤ ਬਿਜਲੀ ਤੇ ਪਾਣੀ ਦੇਣ ਤੋਂ ਇਲਾਵਾ ਮਹਿਲਾਵਾਂ ਨੂੰ ਬੱਸ ਕਿਰਾਏ ਵਿਚ 50 ਫੀਸਦ ਤੱਕ ਦੀ ਛੋਟ ਦੇਣ ਦਾ ਐਲਾਨ ਕੀਤਾ ਹੈ। 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਇਹ ਐਲਾਨ ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਦੇਖ ਕੇ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਲੋਕਾਂ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਭਗਵਾਂ ਪਾਰਟੀ ਨੇ ਪਹਿਲਾਂ ਹੀ ਕਿਹਾ ਹੋਇਆ ਹੈ ਕਿ ਉਹ ਮੁਫਤ ਬਿਜਲੀ ਵਰਗੀ ਕਿਸੇ ਵੀ ਮੁਫਤ ਸਹੂਲਤ ਦੇ ਖਿਲਾਫ ਹੈ।

# ਕਬੱਡੀ ਪ੍ਰੋਮੋਟਰ ਭਿੰਦਾ ਕਤਲ ਕੇਸ ਵਿਚ ਸ਼ਾਮਲ ਗੈਂਗਸਟਰ ਦੇਹਰਾਦੂਨ ਤੋਂ ਕਾਬੂ

**ਪਟਿਆਲਾ:** ਕਬੱਡੀ ਪ੍ਰੋਮੋਟਰ ਧਰਮਿੰਦਰ ਸਿੰਘ ਭਿੰਦਾ ਦੇ ਕਤਲ ਕੇਸ ਵਿਚ ਦੋ ਹੋਰ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਦੌਣ ਕਲਾਂ ਵਾਸੀ ਹਰਵੀਰ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਗਠਿਤ 'ਗੈਂਗਸਟਰ ਵਿਰੋਧੀ ਟਾਸਕ ਫੋਰਸ' ਦੀ ਟੀਮ ਨੇ ਦੇਹਰਾਦੂਨ ਤੋਂ ਕਾਬੂ ਕੀਤਾ ਹੈ।

ਡੀ.ਐਸ.ਪੀ. ਬਿਕਰਮ ਬਰਾੜ ਤੇ ਟੀਮ ਵੱਲੋਂ ਕਾਬੂ ਕੀਤੇ ਗਏ ਗੈਂਗਸਟਰ ਦੇ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਸਬੰਧ ਹੋਣ ਦਾ ਖਦਸ਼ਾ ਜਤਾਇਆ ਗਿਆ ਹੈ। ਟਾਸਕ ਫੋਰਸ ਨੇ ਪਟਿਆਲਾ ਪੁਲਿਸ ਨਾਲ ਕੀਤੇ ਸਾਂਝੇ ਅਪਰੇਸ਼ਨ ਦੌਰਾਨ ਉਸ ਨੂੰ ਕਾਬੂ ਕੀਤਾ। ਇਸ ਦੌਰਾਨ ਇੱਕ ਪੁਲਿਸ ਮੁਲਾਜ਼ਮ ਵੀ ਜ਼ਖਮੀ ਹੋ ਗਿਆ। ਐਂਟੀ-ਗੈਂਗਸਟਰ ਟਾਸਕ ਫੋਰਸ ਦੀ ਦੂਜੇ ਰਾਜ ਵਿਚ ਜਾ ਕੇ ਕਿਸੇ ਮੁਲਜ਼ਮ ਨੂੰ ਕਾਬੂ ਕਰਨ ਦੀ ਸ਼ਾਇਦ ਇਹ ਪਲੇਠੀ ਕਾਰਵਾਈ ਹੈ। ਮੁਲਜ਼ਮ ਨੂੰ ਦੇਹਰਾਦੂਨ ਤੋਂ ਪਟਿਆਲਾ ਲਿਆਉਣ ਮਗਰੋਂ ਗੈਂਗਸਟਰ ਵਿਰੋਧੀ ਟਾਸਕ ਫੋਰਸ ਦੇ ਮੁਖੀ ਪ੍ਰਮੋਦ ਬਾਨ (ਏ.ਡੀ.ਜੀ.ਪੀ.) ਨੇ ਇਥੇ ਪੁਲਿਸ ਲਾਈਨ ਵਿਚ ਪ੍ਰੈੱਸ ਕਾਨਫਰੰਸ ਕਰਕੇ ਉਸ ਦੀ ਗ੍ਰਿਫਤਾਰੀ ਦਾ ਖੁਲਾਸਾ ਕੀਤਾ। ਏ.ਡੀ.ਜੀ.ਪੀ. ਪ੍ਰਮੋਦ ਬਾਨ ਨੇ ਦੱਸਿਆ ਕਿ ਇਕ ਵੱਖਰੀ ਕਾਰਵਾਈ ਦੌਰਾਨ ਪਟਿਆਲਾ ਪੁਲਿਸ ਨੇ ਇਸੇ ਹੀ ਕਤਲ ਕੇਸ ਦੇ ਇਕ ਹੋਰ ਮੁਲਜ਼ਮ ਤੇਜਿੰਦਰ ਸਿੰਘ ਫੌਜੀ ਨੂੰ ਵੀ ਪਟਿਆਲਾ ਖੇਤਰ ਵਿਚੋਂ ਗ੍ਰਿਫਤਾਰ ਕੀਤਾ ਹੈ। ਇਸ ਤਰ੍ਹਾਂ ਭਿੰਦਾ ਕਤਲ ਕੇਸ ਵਿਚ ਹੁਣ ਤੱਕ ਨੌਂ ਗ੍ਰਿਫਤਾਰੀਆਂ ਹੋ ਚੁੱਕੀਆਂ ਹਨ। ਚਾਰ ਨੌਜਵਾਨਾਂ ਤੇ ਇਨ੍ਹਾਂ ਨੂੰ ਪਨਾਹ ਦੇਣ ਵਾਲੇ ਤਿੰਨ ਜਣਿਆਂ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਚੇਤੇ ਰਹੇ ਕਿ 5-6 ਅਪਰੈਲ ਦੀ ਅੱਧੀ ਰਾਤ ਨੂੰ ਇਥੇ ਪੰਜਾਬੀ ਯੂਨੀਵਰਸਿਟੀ ਦੇ ਸਾਹਮਣੇ ਮਾਰਕਿਟ ਵਿਚ ਭਿੰਦਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

## ਵਿਧਾਇਕ ਨੇ ਸਾਦੇ ਢੰਗ ਨਾਲ ਕੀਤਾ ਪੁੱਤਰ ਦਾ ਵਿਆਹ

**ਫਗਵਾੜਾ:** ਅਜੋਕੇ ਦੌਰ ਵਿਚ ਲੋਕ ਵਿਆਹ ਦੇ ਸਮਾਗਮ ਬੜੀ ਸ਼ਾਨੋ-ਸ਼ੌਕਤ ਨਾਲ ਕਰਦੇ ਹਨ ਪਰ ਇਥੋਂ ਦੇ ਵਿਧਾਇਕ ਨੇ ਆਪਣੇ ਪੁੱਤਰ ਦਾ ਵਿਆਹ ਸਾਦੇ ਢੰਗ ਨਾਲ ਕਰ ਕੇ ਵੱਖਰੀ ਮਿਸਾਲ ਕਾਇਮ ਕੀਤੀ ਹੈ ਜਿਸ ਦੀ ਲੋਕਾਂ ਵਿਚ ਕਾਫੀ ਸ਼ਲਾਘਾ ਹੋ ਰਹੀ ਹੈ। ਇਥੋਂ ਦੇ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਆਪਣੇ ਪੁੱਤਰ ਕਮਲ ਧਾਲੀਵਾਲ ਦਾ ਵਿਆਹ ਹਰਪ੍ਰੀਤ ਕੌਰ ਪੁੱਤਰੀ ਸਰਬਜੀਤ ਸਿੰਘ ਵਾਸੀ ਆਦਮਪਾਲ ਤਹਿਸੀਲ ਮਾਲੇਰਕੋਟਲਾ ਨਾਲ ਸਾਦੇ ਢੰਗ ਨਾਲ ਕੀਤਾ ਹੈ। ਜਾਣਕਾਰੀ ਅਨੁਸਾਰ ਉਹ ਲੜਕੀ ਨੂੰ ਦੇਖਣ ਗਏ ਸਨ ਤੇ ਮੌਕੇ 'ਤੇ ਹੀ ਦੋਵਾਂ ਪਰਿਵਾਰਾਂ ਦੀ ਸਹਿਮਤੀ ਬਣ ਗਈ ਤੇ ਬਿਨਾਂ ਦਾਜ ਤੋਂ ਲੜਕੀ ਨੂੰ ਵਿਆਹ ਕੇ ਲੈ ਆਏ। ਵਿਧਾਇਕ ਦੇ ਘਰ 'ਚ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।

# ਨਾਜਾਇਜ਼ ਖਣਨ: ਚੰਨੀ ਖਿਲਾਫ ਸ਼ਿਕੰਜਾ ਕੱਸਣ ਦੀ ਤਿਆਰੀ

**ਜਲੰਧਰ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ ਸ਼ਿਕੰਜਾ ਕੱਸਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਰੇਤ ਖਣਨ ਅਤੇ ਅਫਸਰਾਂ ਦੀਆਂ ਬਦਲੀਆਂ ਕਰਵਾਉਣ ਦੇ ਮਾਮਲੇ ਵਿਚ ਚੰਨੀ ਦੇ ਪੁੱਤਰਾਂ ਕੋਲੋਂ ਵੀ ਪੁੱਛਗਿੱਛ ਕੀਤੀ ਜਾ ਸਕਦੀ ਹੈ। ਸੂਤਰਾਂ ਅਨੁਸਾਰ ਈਡੀ ਚੰਨੀ ਦੇ ਮਾਮਲੇ ਨੂੰ ਸਿਰੇ ਤੱਕ ਲਿਜਾਣ ਦੀਆਂ ਤਿਆਰੀਆਂ ਕਰ ਰਹੀ ਹੈ। ਇਸੇ ਕੜੀ ਵਿਚ ਈਡੀ ਨੇ ਚੰਨੀ ਕੋਲੋਂ ਸਾਢੇ ਪੰਜ ਘੰਟੇ ਪੁੱਛਗਿੱਛ ਕੀਤੀ ਸੀ। ਈਡੀ ਨੇ ਚੰਨੀ ਕੋਲੋਂ ਸਵਾਲ ਪੁੱਛਣ ਲਈ ਬਕਾਇਦਾ ਪ੍ਰਸ਼ਨਾਂ ਦੀ ਇਕ ਸੂਚੀ ਬਣਾਈ ਗਈ ਸੀ। ਇਨ੍ਹਾਂ ਸਵਾਲਾਂ ਵਿਚ ਹੀ ਉਨ੍ਹਾਂ ਕੋਲੋਂ ਪੁੱਛਿਆ ਗਿਆ ਸੀ ਕਿ ਕੀ ਰੇਤ ਮਾਈਨਿੰਗ ਦੇ ਕਾਰੋਬਾਰ ਵਿਚ ਉਨ੍ਹਾਂ ਦੀ ਸਿੱਧੀ ਜਾਂ ਅਸਿੱਧੀ ਸ਼ਮੂਲੀਅਤ ਹੈ ਅਤੇ ਅਧਿਕਾਰੀਆਂ ਦੀਆਂ ਬਦਲੀਆਂ ਤੇ ਨਿਯੁਕਤੀਆਂ ਦੇ ਮਾਮਲੇ ਵਿਚ ਮੋਟੇ ਪੈਸਿਆਂ ਦਾ ਲੈਣ-ਦੇਣ ਹੋਇਆ ਸੀ? ਚੰਨੀ ਦੇ ਭਾਣਜੇ ਵਿਰੁੱਧ ਈਡੀ ਨੇ 31 ਮਾਰਚ ਨੂੰ ਚਾਰਜਸ਼ੀਟ ਪੇਸ਼ ਕੀਤੀ ਸੀ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਰੇਤ ਖਣਨ ਤੇ ਮਨੀ ਲਾਂਡਰਿੰਗ ਦੇ ਮਾਮਲੇ ਵਿਚ ਜਿਸ ਤਰ੍ਹਾਂ ਨਾਲ ਈਡੀ ਦਾ ਰੁਖ ਸਖਤ ਹੁੰਦਾ ਜਾ ਰਿਹਾ ਹੈ, ਉਸ ਤੋਂ ਇਹ ਲੱਗ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

ਇਸੇ ਦੌਰਾਨ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਟਵੀਟ ਕਰਕੇ ਅਸਿੱਧੇ ਤਰੀਕੇ ਨਾਲ ਸਾਬਕਾ ਮੁੱਖ ਮੰਤਰੀ ਚੰਨੀ 'ਤੇ ਹੱਲਾ ਬੋਲਿਆ ਹੈ। ਨਵਜੋਤ ਸਿੱਧੂ ਨੇ ਕਿਹਾ ਹੈ ਕਿ ਉਨ੍ਹਾਂ ਦੀ ਲੜਾਈ ਪੰਜਾਬ ਲਈ ਸੀ ਨਾ ਕਿ ਰੇਤ ਲਈ। ਉਨ੍ਹਾਂ ਕਿਹਾ ਕਿ ਜ਼ਮੀਨ, ਰੇਤ ਅਤੇ ਸ਼ਰਾਬ ਮਾਫੀਆ ਚਲਾਉਣ ਵਾਲਿਆਂ ਨੇ ਆਪਣੇ ਨਿੱਜੀ ਸਵਾਰਥਾਂ ਲਈ ਸਰਕਾਰੀ ਖ਼ਜ਼ਾਨੇ ਨੂੰ ਲੁੱਟ ਕੇ ਪੰਜਾਬ ਨੂੰ ਤਬਾਹ ਕਰ ਦਿੱਤਾ ਹੈ। ਉਹ ਆਪਣੀ ਲੜਾਈ ਜਾਰੀ ਰੱਖਣਗੇ।

# 'ਆਪ' ਵਿਧਾਇਕ ਦਾ ਛਾਪਾ; ਸ਼ਰਾਬ ਪੀਂਦਾ ਥਾਣੇਦਾਰ ਫੜਿਆ

**ਡੇਰਾਬੱਸੀ:** ਡੇਰਾਬੱਸੀ ਦੇ ਹਲਕਾ ਵਿਧਾਇਕ ਨੇ ਮੁਬਾਰਕਪੁਰ ਪੁਲਿਸ ਚੌਕੀ ਵਿਖੇ ਛਾਪਾ ਮਾਰ ਕੇ ਉਥੋਂ ਦੇ ਚੌਕੀ ਇੰਚਾਰਜ ਗੁਲਸ਼ਨ ਕੁਮਾਰ ਅਤੇ ਉਸ ਦੇ ਸਾਥੀਆਂ ਨੂੰ ਸ਼ਰੇਆਮ ਸ਼ਰਾਬ ਪੀਂਦੇ ਹੋਏ ਫੜ ਲਿਆ। ਵਿਧਾਇਕ ਰੰਧਾਵਾ ਵੱਲੋਂ ਇਸ ਸਾਰੀ ਕਾਰਵਾਈ ਦੀ ਵੀਡੀਓਗ੍ਰਾਫੀ ਵੀ ਕਰਵਾਈ ਗਈ। ਉਨ੍ਹਾਂ ਚੌਕੀ ਇੰਚਾਰਜ ਨੂੰ ਝਾੜਦਿਆਂ ਕਿਹਾ ਕਿ ਰਾਤ ਨੂੰ ਕਾਨੂੰਨ ਦੇ ਰੱਖਵਾਲੇ ਜੇਕਰ ਇਹੋ ਜਿਹੇ ਕੰਮ ਕਰਨਗੇ ਤਾਂ ਦੇਸ਼ ਦਾ ਕੀ ਬਣੇਗਾ। ਚੌਕੀ ਇੰਚਾਰਜ ਨੇ ਆਪਣੇ ਬੱਚਿਆਂ ਦਾ ਵਾਸਤਾ ਪਾ ਕੇ ਉਸ ਨੂੰ ਮੁਆਫ ਕਰਨ ਲਈ ਵਿਧਾਇਕ ਰੰਧਾਵਾ ਦੀਆਂ ਮਿੰਨਤਾਂ ਵੀ ਕੀਤੀਆਂ ਪਰ ਵਿਧਾਇਕ ਨੇ ਮੌਕੇ ਉਤੇ ਡੀ.ਐਸ.ਪੀ. ਡੇਰਾਬੱਸੀ ਗੁਰਬਖਸ਼ੀਸ਼ ਸਿੰਘ ਮਾਨ ਨੂੰ ਸੱਦ ਲਿਆ ਜਿਨ੍ਹਾਂ ਜ਼ਿਲ੍ਹਾ ਪੁਲਿਸ ਮੁਖੀ ਦੇ ਨਿਰਦੇਸ਼ਾਂ ਉਤੇ ਚੌਕੀ ਇੰਚਾਰਜ ਨੂੰ ਮੁਅੱਤਲ ਕਰਦਿਆਂ ਲਾਈਨ ਹਾਜ਼ਰ ਕਰ ਦਿੱਤਾ।

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਉਹ ਕਿਸੇ ਧਾਰਮਿਕ ਸਮਾਗਮ ਵਿਚ ਹਾਜ਼ਰੀ ਭਰਨ ਉਪਰੰਤ ਰਾਤ ਦੇ ਕਰੀਬ 9.30 ਵਜੇ ਵਾਪਸ ਆ ਰਹੇ ਸਨ ਤੇ ਇਸੇ ਦੌਰਾਨ ਜਦੋਂ ਉਹ ਮੁਬਾਰਕਪੁਰ ਪਹੁੰਚੇ ਤਾਂ ਮੁਬਾਰਕਪੁਰ ਚੌਕੀ ਦੇ ਹਾਲਾਤ ਦੇਖਣ ਲਈ ਅੰਦਰ ਚਲੇ ਗਏ। ਜਦੋਂ ਉਹ ਅੰਦਰ ਗਏ ਤਾਂ ਚੌਕੀ ਇੰਚਾਰਜ ਗੁਲਸ਼ਨ ਕੁਮਾਰ ਸ਼ਰਮਾ ਆਪਣੇ ਸਾਥੀਆਂ ਸਮੇਤ ਸ਼ਰਾਬ ਪੀ ਰਹੇ ਸੀ। ਉਨ੍ਹਾਂ ਮੌਕੇ ਉਤੇ ਡੀ.ਐਸ.ਪੀ. ਡੇਰਾਬੱਸੀ ਨੂੰ ਸੱਦ ਲਿਆ ਤੇ ਚੌਕੀ ਇੰਚਾਰਜ ਦੀ ਡੇਰਾਬੱਸੀ ਸਿਵਲ ਹਸਪਤਾਲ ਤੋਂ ਜਾਂਚ ਕਰਵਾਉਣ ਲਈ ਖੂਨ ਤੇ ਪਿਸ਼ਾਬ ਦੇ ਦੋ-ਦੋ ਨਮੂਨੇ ਲਏ, ਜਿਨ੍ਹਾਂ ਵਿਚੋਂ ਇਕ ਨਮੂਨਾ ਜਾਂਚ ਲਈ ਪ੍ਰਾਈਵੇਟ ਲੈਬ ਵਿਖੇ ਭੇਜਿਆ ਗਿਆ ਹੈ।

# ਨਵਜੋਤ ਸਿੱਧੂ ਨੇ ਫਸਲਾਂ ਦੇ ਮੁਆਵਜ਼ੇ 'ਤੇ ਮਾਨ ਸਰਕਾਰ ਘੇਰੀ

**ਜੰਡਿਆਲਾ ਗੁਰੂ:** ਇਥੋਂ ਦੀ ਦਾਣਾ ਮੰਡੀ ਵਿਚ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਪੁੱਜੇ। ਉਨ੍ਹਾਂ ਕਣਕ ਦੇ ਮੁਆਵਜ਼ੇ ਸਬੰਧੀ ਆਮ ਆਦਮੀ ਪਾਰਟੀ 'ਤੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਕਿਸਾਨ ਆਗੂਆਂ ਨੇ ਉਨ੍ਹਾਂ ਨੂੰ ਕਣਕ ਦੀ ਫਸਲ ਦੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਸੀ, ਜਿਸ ਕਾਰਨ ਉਹ ਮੰਡੀਆਂ ਦਾ ਦੌਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਚੋਣਾਂ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜੇਕਰ ਕਿਸੇ ਕਿਸਾਨ ਦੀ ਫਸਲ ਖਰਾਬ ਹੁੰਦੀ ਹੈ ਤਾਂ ਉਨ੍ਹਾਂ ਦੀ ਸਰਕਾਰ 50,000 ਰੁਪਏ ਪ੍ਰਤੀ ਹੈਕਟੇਅਰ ਮੁਆਵਜ਼ਾ ਦੇਵੇਗੀ ਪਰ ਇਹ ਵਾਅਦਾ ਸਿਰਫ ਉਨ੍ਹਾਂ ਦੇ ਭਾਸ਼ਨ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ।

ਪੰਜਾਬ 'ਚ ਬਿਜਲੀ ਦੇ 300 ਯੂਨਿਟ ਮੁਆਫੀ ਦੇ ਮਾਮਲੇ ਸਬੰਧੀ ਨਵਜੋਤ ਸਿੱਧੂ ਨੇ ਕਿਹਾ ਕਿ 'ਆਪ' ਸਰਕਾਰ ਪੰਜਾਬ ਵਾਸੀਆਂ ਨੂੰ ਪਹਿਲਾਂ ਬਿਜਲੀ ਦੇਵੇ ਕਿਉਂਕਿ ਪੰਜਾਬ ਦੇ ਪਿੰਡਾਂ ਵਿਚ ਸਿਰਫ ਦੋ ਘੰਟੇ ਬਿਜਲੀ ਮਿਲ ਰਹੀ ਹੈ, ਜਿਸ ਕਾਰਨ ਕਿਸਾਨ ਮੁਸ਼ਕਲ ਵਿਚ ਹਨ। ਉਨ੍ਹਾਂ ਕਿਹਾ ਕਿ ਅੱਜ-ਕੱਲ੍ਹ ਪੰਜਾਬ ਵਿਚ 8000 ਮੈਗਾਵਾਟ ਬਿਜਲੀ ਦੀ ਖਪਤ ਹੈ, ਜੋ ਝੋਨੇ ਦੇ ਸੀਜ਼ਨ ਵਿਚ 15000 ਮੈਗਾਵਾਟ ਤੱਕ ਪਹੁੰਚ ਜਾਵੇਗੀ। ਸਰਕਾਰ ਵੱਲੋਂ 300 ਯੂਨਿਟ ਮੁਆਫ ਕਰਨ 'ਤੇ ਉਨ੍ਹਾਂ ਕਿਹਾ ਕਿ ਜਨਰਲ ਕੈਟਾਗਰੀ ਜੇਕਰ ਦੋ ਮਹੀਨੇ ਦੇ 600 ਯੂਨਿਟ ਤੋਂ ਇਕ ਯੂਨਿਟ ਵੀ ਵੱਧ ਵਰਤੇਗੀ ਤਾਂ ਉਨ੍ਹਾਂ ਨੂੰ ਸਾਰਾ ਬਿੱਲ ਦੇਣਾ ਪਵੇਗਾ। ਨਵਜੋਤ ਸਿੱਧੂ ਨੇ ਕਿਹਾ ਕਿ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਪੰਜਾਬ ਨੂੰ ਲਾਂਚਿੰਗ ਪੈਡ ਵਜੋਂ ਵਰਤ ਰਹੀ ਹੈ।

# ਨਾਜਾਇਜ਼ ਬੱਸਾਂ ਖਿਲਾਫ ਚੱਲੀ ਮੁਹਿੰਮ ਨਾਲ ਪੀ.ਆਰ.ਟੀ.ਸੀ. ਦੀ ਰੋਜ਼ਾਨਾ ਆਮਦਨ ਵਧੀ

**ਜਲੰਧਰ:** ਨਾਜਾਇਜ਼ ਬੱਸਾਂ ਖ਼ਿਲਾਫ ਕਾਰਵਾਈ ਕਰਨ ਪੁੱਜੇ ਟਰਾਂਸਪੋਰਟ ਮੰਤਰੀ ਲਾਲ ਜੀਤ ਸਿੰਘ ਭੁੱਲਰ ਨੇ ਕਿਹਾ ਕਿ ਸਰਕਾਰ ਵੱਲੋਂ ਨਾਜਾਇਜ਼ ਬੱਸਾਂ ਖ਼ਿਲਾਫ ਸ਼ੁਰੂ ਕੀਤੀ ਮੁਹਿੰਮ ਨਾਲ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਟਰਾਂਸਪੋਰਟ ਮੰਤਰੀ ਨੇ ਜਲੰਧਰ ਵਿਚ ਨਾਜਾਇਜ਼ ਚੱਲ ਰਹੀਆਂ ਬੱਸਾਂ ਖ਼ਿਲਾਫ ਕਾਰਵਾਈ ਕਰਦੇ ਹੋਏ ਇਕ ਕਾਂਗਰਸੀ ਆਗੂ ਦੀਆਂ ਚਾਰ ਬੱਸਾਂ ਸਮੇਤ 6 ਬੱਸਾਂ ਨੂੰ ਬੰਦ ਕਰਵਾਇਆ। ਮੰਤਰੀ ਨੇ ਪੀ.ਏ.ਪੀ. ਚੌਕ ਵਿਚ ਆਪਣੀ ਨਿਗਰਾਨੀ ਵਿਚ ਨਾਜਾਇਜ਼ ਬੱਸਾਂ ਖ਼ਿਲਾਫ ਕਾਰਵਾਈ ਕਰਵਾਈ। ਉਪਰੰਤ ਲਾਲ ਜੀਤ ਸਿੰਘ ਭੁੱਲਰ ਨੇ ਕਿਹਾ ਕਿ ਜਦੋਂ ਤੋਂ ਨਾਜਾਇਜ਼ ਬੱਸਾਂ ਖ਼ਿਲਾਫ ਕਾਰਵਾਈ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਉਸ ਤੋਂ ਬਾਅਦ 1 ਅਪਰੈਲ ਤੋਂ ਲੈ ਕੇ 10 ਅਪਰੈਲ ਤੱਕ ਵਿਭਾਗ ਦੀ ਰੋਜ਼ਾਨਾ ਆਮਦਨ ਵਿਚ 87 ਲੱਖ ਦਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਪਾਰਟੀ ਦੇ ਆਗੂ ਦੀ ਜੇਕਰ ਨਾਜਾਇਜ਼ ਬੱਸ ਚੱਲਦੀ ਫੜੀ ਜਾਂਦੀ ਹੈ ਤਾਂ ਬਣਦੀ ਕਾਰਵਾਈ ਕੀਤੀ ਜਾਵੇਗੀ।

## ਪ੍ਰਾਈਵੇਟ ਬੱਸ ਅਪਰੇਟਰਾਂ ਨੂੰ ਮਾਫੀਆ ਕਹਿਣਾ 'ਤੇ ਇਤਰਾਜ਼

**ਲੁਧਿਆਣਾ:** ਪ੍ਰਾਈਵੇਟ ਬੱਸ ਅਪਰੇਟਰ ਪੰਜਾਬ ਦੀ ਮੀਟਿੰਗ ਵਿਚ ਬੱਸ ਟਰਾਂਸਪੋਰਟਰਾਂ ਨੂੰ ਮਾਫੀਆ ਕਹਿਣ ਉਤੇ ਇਤਰਾਜ਼ ਜਤਾਇਆ ਗਿਆ। ਇਸ ਮੌਕੇ ਟਰਾਂਸਪੋਰਟਸ ਕੰਪਨੀ ਲੁਧਿਆਣਾ ਦੇ ਗੁਰਿੰਦਰਜੀਤ ਸਿੰਘ ਨੇ ਕਿਹਾ ਕਿ ਪ੍ਰਾਈਵੇਟ ਬੱਸਾਂ ਵਾਲੇ ਮਾਫੀਆ ਨਹੀਂ ਹਨ ਜਦਕਿ 2200 ਪ੍ਰਾਈਵੇਟ ਬੱਸਾਂ ਵਿਚੋਂ ਵੱਡੇ ਘਰਾਣਿਆਂ ਦੀਆਂ ਸਿਰਫ 329 ਬੱਸਾਂ ਹੀ ਹਨ।










# ਦਿਹਾਤੀ ਵਿਕਾਸ ਫੰਡ ਹੁਣ ਬੁਨਿਆਦੀ ਢਾਂਚੇ ਤੇ ਖਰੀਦ ਕੇਂਦਰਾਂ ’ਤੇ ਹੀ ਖਰਚੇ ਜਾ ਸਕਣਗੇ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ ਪੰਜਾਬ ਦਿਹਾਤੀ ਵਿਕਾਸ (ਸੋਧ) ਆਰਡੀਨੈਂਸ-2022 ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਆਰਡੀਨੈਂਸ ਮਗਰੋਂ ਹੁਣ ਕੇਂਦਰ ਤੋਂ ਮਿਲਣ ਵਾਲੇ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਨੂੰ ਦਿਹਾਤੀ ਮੰਡੀਆਂ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਕਿਸਾਨਾਂ ਨੂੰ ਕਾਰਗਰ ਖਰੀਦ ਪ੍ਰਣਾਲੀ ਮੁਹੱਈਆ ਕਰਵਾਉਣ ਲਈ ਹੀ ਖਰਚ ਕੀਤਾ ਜਾ ਸਕੇਗਾ।



ਇਸ ਦੇ ਨਾਲ ਹੀ ਪੰਜਾਬ ਕੈਬਨਿਟ ਨੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿਚ 145 ਅਸਾਮੀਆਂ ਭਰਨ ਅਤੇ ਗਰਾਮ ਪੰਚਾਇਤਾਂ ਨੂੰ ਰਾਸ਼ਟਰੀ ਬਰਾਡਬੈਂਡ ਨੈੱਟਵਰਕ ਨਾਲ ਜੋੜਨ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਦੱਸਣਾ ਬਣਦਾ ਹੈ ਕਿ ਕੇਂਦਰ ਸਰਕਾਰ ਨੇ ਪਿਛਲੇ ਦਿਨੀਂ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਵਿਚ ਪੰਜਾਬ ਦੇ ਹਿੱਸੇ ਦੀ 1100 ਕਰੋੜ ਰੁਪਏ ਤੋਂ ਵੱਧ ਦੀ ਰਕਮ ‘ਤੇ ਰੋਕ ਲਗਾ ਦਿੱਤੀ ਸੀ। ਕੇਂਦਰ ਦਾ ਕਹਿਣਾ ਸੀ ਕਿ ਆਰ.ਡੀ.ਐਫ. ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਜਦੋਂ ਕਿ ਇਨ੍ਹਾਂ ਫੰਡਾਂ ਦੀ ਵਰਤੋਂ ਸਿਰਫ ਦਿਹਾਤੀ ਮੰਡੀਆਂ ਅਤੇ ਖਰੀਦ ਕੇਂਦਰਾਂ ‘ਤੇ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਦੀਆਂ ਸਰਕਾਰਾਂ ਆਰ.ਡੀ.ਐਫ. ਦੀ ਵਰਤੋਂ ਕਿਸਾਨਾਂ ਅਤੇ ਮਜ਼ਦੂਰਾਂ ਦੀ ਕਰਜ਼ ਮੁਆਫੀ ਸਣੇ ਹੋਰਨਾਂ ਕੰਮਾਂ ‘ਤੇ ਕਰਦੀਆਂ ਆ ਰਹੀਆਂ ਸਨ। ਇਸੇ ਲਈ ਪੰਜਾਬ ਦੀ ‘ਆਪ‘ ਸਰਕਾਰ ਨੇ ਕੇਂਦਰ ਸਰਕਾਰ ਦੀ ਸ਼ਰਤ ਮੰਨਦੇ ਹੋਏ ਪੰਜਾਬ ਦਿਹਾਤੀ ਵਿਕਾਸ (ਸੋਧ) ਆਰਡੀਨੈਂਸ-2022 ਨੂੰ ਪ੍ਰਵਾਨਗੀ ਦਿੱਤੀ ਹੈ। ਪੰਜਾਬ ਸਰਕਾਰ ਵੱਲੋਂ ਆਰ.ਡੀ.ਐਫ. ਨੂੰ ਮੰਡੀਆਂ/ਖਰੀਦ ਕੇਂਦਰਾਂ ਤੱਕ ਪਹੁੰਚ ਸੜਕਾਂ ਦਾ ਨਿਰਮਾਣ ਜਾਂ ਮੁਰੰਮਤ ਅਤੇ ਸਟਰੀਟ ਲਾਈਟਾਂ ਲਾਉਣ ‘ਤੇ ਖਰਚਿਆ ਜਾਵੇਗਾ, ਜਿਸ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਢੋਆ-ਢੁਆਈ ਦੇ ਯੋਗ ਬਣਾਇਆ ਜਾ ਸਕੇਗਾ। ਇਸ ਤੋਂ ਇਲਾਵਾ ਨਵੀਆਂ ਮੰਡੀਆਂ/ਖਰੀਦ ਕੇਂਦਰਾਂ ਦਾ ਨਿਰਮਾਣ/ਵਿਕਾਸ ਅਤੇ ਪੁਰਾਣੀਆਂ ਮੰਡੀਆਂ/ਕੱਚੇ ਫੜ੍ਹਾਂ/ਖਰੀਦ ਕੇਂਦਰਾਂ ਦਾ ਵਿਕਾਸ, ਪੀਣ ਵਾਲੇ ਪਾਣੀ ਦੀ ਸਪਲਾਈ ਦੀ ਵਿਵਸਥਾ ਅਤੇ ਮੰਡੀਆਂ/ਖਰੀਦ ਕੇਂਦਰਾਂ ਵਿਚ ਸਾਫ-ਸਫਾਈ ਵਿਚ ਸੁਧਾਰ ਕਰਨਾ, ਖਰੀਦ ਕਾਰਜਾਂ ਨਾਲ ਜੁੜੇ ਕਿਸਾਨਾਂ ਅਤੇ ਮਜ਼ਦੂਰਾਂ ਲਈ ਚੰਗੀਆਂ ਸਹੂਲਤਾਂ ਵਾਲੇ ਰੈਸਟ ਹਾਊਸ/ਰੈਣ ਬਸੇਰੇ/ਸੈੱਡ ਬਣਾਉਣ ‘ਤੇ ਵੀ ਖਰਚ ਕੀਤਾ ਜਾਵੇਗਾ।

ਆਰ.ਡੀ.ਐਫ. ਦੀ ਵਰਤੋਂ ਫਸਲਾਂ ਦੇ ਸਟਾਕ ਨੂੰ ਭੰਡਾਰ ਕਰਨ ਲਈ ਮੰਡੀਆਂ ਵਿਚ ਸਟੋਰੇਜ ਸਹੂਲਤਾਂ ਵਧਾਉਣ ਲਈ ਕੀਤੀ ਜਾਵੇਗੀ ਤਾਂ ਜੋ ਸੂਬੇ ਵਿਚ ਖਰੀਦ ਅਤੇ ਮੰਡੀਕਰਨ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਆਰ.ਡੀ.ਐਫ. ਦਾ ਮੁੱਖ ਮੰਤਵ ਕਰਜ਼ੇ ਦੇ ਬੋਝ ਹੇਠ ਦੱਬੇ ਸੂਬੇ ਦੇ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਨਾ ਹੈ ਤਾਂ ਜੋ ਦਬਾਅ ਹੇਠ ਵਿਕਰੀ ਦੀ ਕਿਸੇ ਵੀ ਸੰਭਾਵਨਾ ਨੂੰ ਖਤਮ ਕੀਤਾ ਜਾ ਸਕੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ‘ਚ ਵੱਖ-ਵੱਖ ਸ਼੍ਰੇਣੀਆਂ ਦੀਆਂ 145 ਅਸਾਮੀਆਂ ਭਰਨ ਦੀ ਪ੍ਰਵਾਨਗੀ ਵੀ ਦਿੱਤੀ ਹੈ। ਹੁਣ 25 ਉਪ ਮੰਡਲ ਇੰਜੀਨੀਅਰ, 70 ਜੂਨੀਅਰ ਇੰਜੀਨੀਅਰ, 30 ਜੂਨੀਅਰ ਡਰਾਫਟਸਮੈਨ ਅਤੇ 20 ਸਟੈਨੋ ਟਾਈਪਿਸਟ ਦੀਆਂ ਅਸਾਮੀਆਂ ਭਰੀਆਂ ਜਾਣਗੀਆਂ।

# ਤਨਖਾਹ ਕਿਸਾਨਾਂ ਦੀਆਂ ਧੀਆਂ ਦੀ ਸਿੱਖਿਆ ’ਤੇ ਖਰਚਾਂਗਾ: ਹਰਭਜਨ ਸਿੰਘ


**ਚੰਡੀਗੜ੍ਹ:** ਕ੍ਰਿਕਟਰ ਤੋਂ ਨੇਤਾ ਬਣੇ ਹਰਭਜਨ ਸਿੰਘ ਨੇ ਕਿਹਾ ਕਿ ਉਹ ਰਾਜ ਸਭਾ ਸੰਸਦ ਮੈਂਬਰ ਵਜੋਂ ਮਿਲਣ ਵਾਲੀ ਤਨਖਾਹ ਨੂੰ ਕਿਸਾਨਾਂ ਦੀਆਂ ਧੀਆਂ ਦੀ ਭਲਾਈ ਲਈ ਖਰਚ ਕਰਨਗੇ। ਜ਼ਿਕਰਯੋਗ ਹੈ ਕਿ ਹਰਭਜਨ ਨੂੰ ਪਿਛਲੇ ਮਹੀਨੇ ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਦੇ ਰੂਪ ਵਿਚ ਬਿਨਾਂ ਵਿਰੋਧ ਚੁਣਿਆ ਗਿਆ ਸੀ।

ਉਨ੍ਹਾਂ ਟਵਿੱਟਰ ਉਤੇ ਜਾਣਕਾਰੀ ਸਾਂਝੀ ਕਰਦਿਆਂ ਲਿਖਿਆ ਕਿ ਉਹ ਆਪਣੇ ਦੇਸ਼ ਨੂੰ ਬਿਹਤਰ ਬਣਾਉਣ ਵਿਚ ਯੋਗਦਾਨ ਦਿੰਦਿਆਂ ਜੋ ਕੁਝ ਵੀ ਕਰ ਸਕਦੇ ਹਨ, ਕਰਨਗੇ। ਜਲੰਧਰ ਦੇ ਜੰਮਪਲ ਹਰਭਜਨ (41) ਨੇ ਪਿਛਲੇ ਸਾਲ ਦਸੰਬਰ ਵਿਚ ਖੇਡ ਦੇ ਬਾਕੀ ਸਾਰੇ ਰੂਪਾਂ ਤੋਂ ਸੰਨਿਆਸ ਲੈ ਲਿਆ ਸੀ। ਉਹ ਆਈ.ਪੀ.ਐਲ. ਵਿਚ ਵੀ ਖੇਡਦੇ ਰਹੇ ਹਨ। ਦੱਸਣਯੋਗ ਹੈ ਕਿ ਨਾਮਜ਼ਦਗੀ ਕਾਗਜ਼ ਭਰਨ ਵੇਲੇ ਹਰਭਜਨ ਨੇ ਕਿਹਾ ਸੀ ਕਿ ਉਨ੍ਹਾਂ ਦਾ ਧਿਆਨ ਖੇਡਾਂ ਤੇ ਇਨ੍ਹਾਂ ਨਾਲ ਜੁੜੇ ਬੁਨਿਆਦੀ ਢਾਂਚੇ ਦੀ ਬਿਹਤਰੀ ‘ਤੇ ਕੇਂਦਰਤ ਹੋਵੇਗਾ।


**Homeopathicvibes**

**Harminder Singh Gill**

**Homeopathic Consultant and Practitioner**



*D.H.M.S; B.C.I.H*

(Ex Homeopathic Medical officer Punjab

**Now we have two locations:**

940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538

Fax: (408)737-7102 www.homeopathicvibes.com

*We sell and ship homeopathic remedies through out North America.*

**ਚੰਡੀਗੜ੍ਹ ਦੇ ਨਜ਼ਦੀਕ ਜ਼ੀਰਕਪੁਰ ਵਿਖੇ ਕੋਠੀ ਵਿਕਾਊ ਹੈ**

ਜ਼ੀਰਕਪੁਰ ਪਟਿਆਲਾ ਰੋਡ ਦੇ ਬਿਲਕੁਲ ਨਜ਼ਦੀਕ ਬਣੀ 400 ਗਜ ਦੀ ਕੋਠੀ (ਈਸਟ ਫੇਸਿੰਗ) ਰਿਹਾਇਸ਼ੀ/ਕਮਰਸ਼ੀਅਲ, ਜਿਸਦੇ ਦੋਨੋ ਪਾਸੇ ਸੜਕ ਲਗਦੀ ਹੈ, ਵਿਕਾਊ ਹੈ।

ਸੰਪਰਕ ਕਰੋ: 001+847-359-0746
224-422-4773 (*Whatsapp*)

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਗੁਰਦੁਆਰਾ ਸਟਾਕਟਨ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ

**ਸਟਾਕਟਨ:** ਗਦਰੀ ਬਾਬਿਆਂ ਦੀ ਯਾਦ ਵਿਚ ਬਣੇ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ-ਕੈਲੀਫੋਰਨੀਆ ਵਿਖੇ ਖਾਲਸਾ ਸਾਜਨਾ ਦਿਹਾੜੇ ਮੌਕੇ ਲਗਭਗ ਮਹੀਨਾ ਭਰ ਚੱਲੇ ਧਾਰਮਿਕ ਦੀਵਾਨਾਂ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਸੰਗਤ ਦੀ ਰਿਕਾਰਡ ਤੋੜ ਆਮਦ ਰਹੀ। ਕਰੋਨਾਵਾਇਰਸ ਤੋਂ ਬਾਅਦ ਇਹ ਪਹਿਲਾ ਨਗਰ ਕੀਰਤਨ ਸੀ।

ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਚਲੀ ਆ ਰਹੀ ਲੜੀ ਦੀ ਸੰਪੂਰਨਤਾ ਹੋਈ। ਇਸੇ ਤਰ੍ਹਾਂ 15 ਅਪ੍ਰੈਲ ਤੋਂ ਹਰ ਸ਼ਾਮ ਛੇ ਵਜੇ ਤੋਂ ਆਰੰਭ ਹੋ ਕੇ ਲਗਾਤਾਰ 17 ਅਪ੍ਰੈਲ ਤੱਕ ਦੀਵਾਨ ਸਜਾਏ ਗਏ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ, ਭਾਈ ਜੁਝਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੇਵਕ ਸਿੰਘ ਸੰਗਰੂਰ ਵਾਲੇ, ਭਾਈ ਮਨਜੀਤ ਸਿੰਘ, ਭਾਈ ਜਗਮੋਹਨ ਸਿੰਘ ਜੰਮੂ ਹਜ਼ੂਰੀ ਰਾਗੀ ਸਟਾਕਟਨ ਗੁਰੂ ਘਰ ਤੇ ਢਾਡੀ ਭਾਈ ਕੁਲਵੰਤ ਸਿੰਘ ਪੰਡੋਰੀ ਵਾਲੇ ਦਾ ਢਾਡੀ ਜਥਾ ਲਗਾਤਾਰ ਗੁਰਬਾਣੀ ਕੀਰਤਨ ਤੇ ਗੁਰ-ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਆਖਰੀ ਦਿਨ ਦੇ ਸਮਾਗਮਾਂ ਵਿਚ ਵੱਡੀ ਗਿਣਤੀ ਸੰਗਤਾਂ ਨੇ ਸ਼ਮੂਲੀਅਤ ਕੀਤੀ। ਦੀਵਾਨ ਹਾਲ 'ਚ ਖਾਲਿਸਤਾਨ ਦੇ ਨਾਅਰੇ ਵੀ ਲੱਗਦੇ ਰਹੇ। ਸ਼ਨਿਚਰਵਾਰ ਅਤੇ ਐਤਵਾਰ ਵਾਲੇ ਦਿਨ ਵੱਖ ਵੱਖ ਧਾਰਮਿਕ ਤੇ ਸਿਆਸੀ ਸ਼ਖਸੀਅਤਾਂ 'ਚ ਅਮਰਕੀਨ ਅਸੈਂਬਲੀਮੈਨ, ਕਾਂਗਰਸਮੈਨ, ਪੁਲੀਸ ਚੀਫ ਤੇ ਫਾਇਰ ਡਿਪਰਟਾਮੈਂਟ ਦੇ ਅਫਸਰਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਸਟਾਕਟਨ ਵਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਿੱਖ ਭਾਈਚਾਰੇ ਦੇ ਆਗੂਆਂ ਨੇ ਭਾਰਤ ਵਿਚ ਸਿੱਖਾਂ ਨਾਲ ਹੋ ਰਹੀ ਜ਼ਿਆਦਤੀ,



ਸਜ਼ਾ ਕੱਟ ਚੁੱਕੇ ਸਿੰਘਾਂ ਨੂੰ ਰਿਹਾਅ ਨਾ ਕਰਨ ਤੇ ਕੇਂਦਰ ਵਲੋਂ ਪੰਜਾਬ ਦੇ ਕੀਤੇ ਜਾ ਰਹੇ ਆਰਥਿਕ ਸ਼ੋਸ਼ਣ ਦੀ ਨਿਖੇਧੀ ਕੀਤੀ।

ਨਗਰ ਕੀਰਤਨ ਦੌਰਾਨ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਮੁੱਖ ਸੁੰਦਰ ਫਲੋਟ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਤ ਸਨ। ਇਸ ਤੋਂ ਇਲਾਵਾ ਵੱਖ ਵੱਖ ਗੁਰੂ ਘਰਾਂ ਤੋਂ ਵਿਸ਼ੇਸ਼ ਤੌਰ 'ਤੇ ਫਲੋਟ ਸਜਾ ਕੇ ਨਗਰ ਕੀਰਤਨ 'ਚ ਸ਼ਾਮਲ ਕੀਤੇ ਗਏ ਸਨ। ਇਸ ਦੌਰਾਨ ਸੰਗਤ ਨੇ ਸੈਂਕੜੇ ਤਰ੍ਹਾਂ ਦੇ ਪਕਵਾਨਾਂ ਦਾ ਸੁਆਦ ਚੱਖਿਆ ਤੇ ਕਈਆਂ ਨੇ ਲੋੜੋਂ ਵੱਧ ਲੰਗਰ ਲੈ ਕੇ ਅੱਧ ਪਚੱਧਾ ਖਾ ਕੇ ਬਾਕੀ ਅਜਾਈਂ ਸੁੱਟਿਆ, ਜਿਸ ਤੋਂ ਪ੍ਰਹੇਜ਼ ਕਰਨਵ ਚਾਹੀਦਾ ਹੈ।

ਇਸ ਮੌਕੇ ਸਟਾਕਟਨ ਪੁਲੀਸ ਵਲੋਂ ਪੁਲੀਸ ਭਰਤੀ ਲਈ ਕੈਂਪ ਵੀ ਲਗਾਇਆ ਗਿਆ। ਨਗਰ ਕੀਰਤਨ ਦੌਰਾਨ ਭਾਵੇਂ ਪ੍ਰਬੰਧਕਾਂ ਵਲੋਂ ਪਾਰਕਿੰਗ ਦਾ ਪ੍ਰਬੰਧ ਕੀਤਾ ਗਿਆ ਸੀ ਪਰ ਉਹ ਕਾਫੀ ਨਹੀਂ ਸੀ ਤੇ ਸੰਗਤਾਂ ਨੂੰ ਮਜਬੂਰਨ ਲੋਕਾਂ ਦੇ ਘਰਾਂ ਅੱਗੇ ਗੱਡੀਆਂ ਖੜ੍ਹੀਆਂ ਕਰਨੀਆਂ ਪਈਆਂ, ਜਿਸ ਲਈ ਕਈਆਂ ਨੇ ਸੰਗਤ ਕੋਲੋਂ 20-25 ਡਾਲਰ ਵਸੂਲੇ, ਪ੍ਰਬੰਧਕਾਂ ਨੂੰ ਇਸਦਾ ਕੋਈ ਸਥਾਈ ਹੱਲ ਕਰਨਾ ਚਾਹੀਦਾ ਹੈ।

## ਸਟਾਕਟਨ ਨਗਰ ਕੀਰਤਨ 'ਤੇ ਬੂਥ ਲਾ ਕੇ 'ਆਪ' ਨੇ ਪੰਜਾਬੀਆ ਦਾ ਧੰਨਵਾਦ ਕੀਤਾ

**ਫਰਿਜ਼ਨੋ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਹੂੰਝਾ ਫੇਰ ਜਿੱਤ ਮਗਰੋਂ ਦੁਨੀਆ ਭਰ ਦੇ ਐਨ.ਆਰ.ਆਈ. ਖੁਸ਼ੀ ਵਿਚ ਖੀਵੇ ਹੋਏ ਆਪੋ ਆਪਣੇ ਸ਼ਹਿਰਾਂ ਵਿਚ ਪ੍ਰੋਗਰਾਮ ਕਰ ਰਹੇ ਹਨ। ਇਨ੍ਹਾਂ ਚਾਵਾਂ ਨੂੰ ਹੋਰ ਦੂਣ ਸਵਾਇਆ ਕਰਨ ਲਈ ਕੈਲੀਫੋਰਨੀਆ ਦੇ ਸ਼ਹਿਰ ਸਟਾਕਟਨ ਦੇ ਇਤਿਹਾਸਕ ਗੁਰੂਘਰ ਵੱਲੋਂ ਵਿਸਾਖੀ ਮੌਕੇ ਸਜਾਏ ਜਾਂਦੇ ਨਗਰ ਕੀਰਤਨ ਮੌਕੇ 'ਆਪ' ਵਾਲੰਟੀਅਰਾਂ ਨੇ ਵਿਸ਼ੇਸ਼ ਬੂਥ ਲਾ ਕੇ ਪੰਜਾਬੀਆਂ ਦਾ ਧੰਨਵਾਦ ਕੀਤਾ। ਇਸ ਮੌਕੇ 'ਆਪ' ਵਾਲੰਟੀਅਰ ਕੈਲੀਫੋਰਨੀਆ ਦੇ ਸ਼ਹਿਰਾਂ ਤੋਂ ਪਹੁੰਚੇ ਹੋਏ ਸਨ।




'ਆਪ' ਵਾਲੰਟੀਅਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰ ਕਰਾਂਤੀ ਪੰਜਾਬ ਵਿਚੋਂ ਜਨਮ ਲੈਂਦੀ ਹੈ, ਅਸੀਂ ਅਣਖੀ ਲੋਕ ਗੁਲਾਮੀ ਦਾ ਜੂਲ਼ਾ ਗਲੋਂ ਲਾਹੁਣਾ ਜਾਣਦੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀ ਲੰਮੇ ਸਮੇਂ ਦੀ ਮਿਹਨਤ ਅਤੇ ਲਗਨ ਨੂੰ ਬੂਰ ਪਿਆ ਹੈ, ਜਿਸ ਸਦਕਾ ਆਮ ਆਦਮੀ ਪਾਰਟੀ ਨੇ ਤੇ ਪੰਜਾਬ ਦੇ ਲੋਕਾਂ ਨੇ, ਪੰਜਾਬ ਦੇ ਇਤਿਹਾਸ ਵਿਚ ਇਕ ਅਣ-ਕਿਆਸੀ, ਇਤਿਹਾਸਕ ਜਿੱਤ ਦਰਜ ਕਰਵਾਈ ਹੈ, ਜਿਸ ਵਿਚ ਪੰਜਾਬ ਦੇ ਤਮਾਮ ਪਰਿਵਾਰਾਂ ਨੇ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਅੱਜ ਅਸੀਂ ਗਦਰੀ ਬਾਬਿਆਂ ਦੀ ਧਰਤੀ ਸਟਾਕਟਨ ਤੋਂ ਪੰਜਾਬੀਆਂ ਵਲੋਂ ਮਾਰੀ ਵੱਡੀ ਮੱਲ ਲਈ ਉਨ੍ਹਾਂ ਨੂੰ ਵਧਾਈ ਦਿੰਦੇ ਸਮੂਹ ਪੰਜਾਬੀਆਂ ਦਾ ਧੰਨਵਾਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਆਪਣਾ ਫਰਜ਼ ਨਿਭਾ ਦਿੱਤਾ ਹੁਣ 'ਆਪ' ਸਰਕਾਰ ਕੰਮ ਕਰ ਕੇ ਪੰਜਾਬੀਆਂ ਦਾ ਕਰਜ਼ ਉਤਾਰੇਗੀ।

## ਬਾਈ ਸੁਰਜੀਤ ਦੇ ਗੀਤ 'ਪੈੱਗ-4' ਨੂੰ ਭਰਵਾਂ ਹੁੰਗਾਰਾ

**ਫਰਿਜ਼ਨੋ, ਕੈਲੀਫੋਰਨੀਆ:** ਇਥੋਂ ਦਾ ਗਾਇਕ ਅਤੇ ਅਦਾਕਾਰ ਬਾਈ ਸੁਰਜੀਤ ਮਾਛੀਵਾੜਾ ਆਪਣੇ ਕਾਰੋਬਾਰ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਦੀ ਝੋਲੀ ਬਹੁਤ ਸਾਰੇ ਸਫਲ ਗੀਤ ਪਾ ਚੁੱਕਿਆ ਹੈ। ਗਾਇਕੀ ਬਾਈ ਸੁਰਜੀਤ ਦਾ ਕਿੱਤਾ ਨਹੀਂ ਸ਼ੌਕ ਹੈ, ਜਿਸ ਨੂੰ ਪੂਰਾ ਕਰਨ ਲਈ ਉਹ ਹਮੇਸ਼ਾ ਤਿਆਰ ਰਹਿੰਦਾ ਹੈ। ਉਸ ਦਾ ਨਵਾਂ ਗੀਤ 'ਪੈੱਗ ਚਾਰ' ਹਾਲ ਹੀ ਵਿਚ ਰਿਲੀਜ਼ ਹੋਇਆ ਹੈ, ਜਿਸ ਨੂੰ ਦਰਸ਼ਕਾਂ ਵਲੋਂ ਬਹੁਤ ਪਿਆਰ ਮਿਲ ਰਿਹਾ ਹੈ।

ਇਹ ਗੀਤ ਉਸ ਵੱਲੋਂ ਦੋਸਤਾਂ ਦੀ ਮੰਗ ਅਨੁਸਾਰ ਗਾਇਆ ਗਿਆ ਹੈ, ਜੋ ਚੱਲ ਰਹੀ ਪਾਰਟੀ ਵਿਚ ਸ਼ਰਾਬੀ ਯਾਰਾਂ ਦੇ ਮਾਹੌਲ ਨੂੰ ਸਿਰਜਦਾ ਹੈ। ਗਾਇਕੀ ਅਤੇ ਸੰਗੀਤ ਪੱਖੋਂ ਇਹ ਗੀਤ ਪਾਰਟੀਆਂ ਵਿਚ ਡੀ.ਜੇ. 'ਤੇ ਰੌਣਕਾਂ ਲਾਉਣ ਵਾਲੇ ਵੱਡੇ ਪੱਧਰ ਦੇ ਗੀਤਾਂ ਦੀ ਕਤਾਰ ਵਿਚ ਸ਼ਾਮਲ ਹੈ, ਜਿਸ ਦੀ ਵੀਡੀਓ ਅਮਰੀਕਾ ਅਤੇ ਭਾਰਤ ਵਿਚ ਬਣਾਈ ਗਈ ਹੈ। ਇਸ ਗੀਤ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਜੋ ਕਿ ਦੇਖਣਯੋਗ ਹੈ।

ਬਾਈ ਸੁਰਜੀਤ ਅਤੇ ਸਮੁੱਚੀ ਟੀਮ ਨੂੰ ਸਾਡੀ ਸਾਰੀ ਟੀਮ ਵਲੋਂ ਬਹੁਤ-ਬਹੁਤ



ਮੁਬਾਰਕਾਂ। ਅਸੀਂ ਉਮੀਦ ਕਰਦੇ ਹਾਂ ਕਿ ਪੰਜਾਬੀ ਮਾਂ ਬੋਲੀ ਦੀ ਝੋਲੀ ਬਾਈ ਸੁਰਜੀਤ ਹਮੇਸ਼ਾ ਨਵੇਂ-ਨਵੇਂ ਮਿਆਰੀ ਗੀਤਾਂ ਨਾਲ ਭਰਦਾ ਰਹੇਗਾ।

**ਭਾਈ ਵੀਰ ਸਿੰਘ ਜੀ ਦੀ 150 ਸਾਲਾ ਜਨਮ ਸ਼ਤਾਬਦੀ**

## 'ਸਿੱਖ ਅਧਿਐਨ ਦੀ ਰੂਪ-ਰੇਖਾ' ਉੱਪਰ ਵਿਸ਼ੇਸ਼ ਭਾਸ਼ਣ

**ਅੰਮ੍ਰਿਤਸਰ:** ਸੰਸਥਾ ਨਾਦ ਪ੍ਰਗਾਸੁ ਸ੍ਰੀ ਅੰਮ੍ਰਿਤਸਰ ਵੱਲੋਂ ਭਾਈ ਵੀਰ ਸਿੰਘ ਜੀ ਦੀ 150 ਸਾਲਾ ਜਨਮ-ਸ਼ਤਾਬਦੀ ਨੂੰ ਮੁੱਖ ਰੱਖਦਿਆਂ ਕਰਵਾਏ ਜਾ ਰਹੇ ਸਾਹਿਤਕ ਅਤੇ ਅਕਾਦਮਿਕ ਸਮਾਗਮਾਂ ਦੀ ਲੜੀ ਤਹਿਤ ਨਾਦ ਪ੍ਰਗਾਸੁ ਦੇ ਮੁੱਖ ਦਫ਼ਤਰ ਵਿਖੇ ਸਿੱਖ ਅਧਿਐਨ ਦੀ ਰੂਪ-ਰੇਖਾ ਉੱਪਰ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਇਸ ਮੌਕੇ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰੋ. ਗੁਰਪਾਲ ਸਿੰਘ ਸੰਧੂ ਮੁੱਖ ਬੁਲਾਰੇ ਵਜੋਂ ਪਹੁੰਚੇ। ਉਨ੍ਹਾਂ ਕਿਹਾ ਕਿ ਸਿੱਖ ਅਧਿਐਨ ਦੀ ਰੂਪ-ਰੇਖਾ ਸੁਨਿਸ਼ਚਿਤ ਕਰਨ ਲਈ ਸਭ ਤੋਂ ਪਹਿਲਾਂ ਸਿੱਖ ਧਰਮ ਬਾਰੇ ਉਪਲਬਧ ਅਜਿਹੇ ਦ੍ਰਿਸ਼ਟੀਕੋਣਾਂ ਨੂੰ ਤਿਆਗਣਾ ਪਵੇਗਾ ਜੋ ਇਸਨੂੰ ਕਿਸੇ ਵਿਸ਼ੇਸ਼ ਇਤਿਹਾਸਕ ਜਾਂ ਧਰਮ-ਸ਼ਾਸਤਰੀ ਵਰਤਾਰੇ ਦੇ ਅਰਥਾਂ ਵਿਚ ਪਰਿਭਾਸ਼ਤ ਕਰਦੇ ਹਨ। ਸਿੱਖ ਅਧਿਐਨ ਵਿਚ ਵਿਆਖਿਆ-ਸ਼ਾਸਤਰੀ ਨੁਕਤੇ ਤੋਂ ਰੂਪ ਕਦੇ ਪੁਨਰ-ਅਧਿਐਨ ਰਾਹੀਂ ਅਸੀਂ ਸਿੱਖ ਧਰਮ, ਇਤਿਹਾਸ ਅਤੇ ਦਰਸ਼ਨ ਦੇ ਸੰਕਲਪੀਕਰਨ ਦੀ ਸੰਭਾਵਨਾ ਪੈਦਾ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸਿੱਖੀ ਮਨੁੱਖ ਨੂੰ ਉਸਦੀ ਅਧੂਰੀ ਅਤੇ ਅਣਘੜ੍ਹ ਵਿਅਕਤੀਗਤਤਾ ਅਤੇ ਸਮਾਜਿਕਤਾ ਤੋਂ ਆਜ਼ਾਦ ਕਰਾਉਂਦੀ ਹੈ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੁੱਜੇ



ਡਾ. ਸੁਖਵਿੰਦਰ ਸਿੰਘ ਨੇ ਕਿਹਾ ਕਿ ਸੇਵੀ ਅਨੁਸ਼ਾਸਨ ਲਈ ਮੌਲਿਕ ਗਿਆਨ-ਸ਼ਾਸਤਰੀ ਮਾਡਲ ਦਾ ਹੋਣਾ ਜ਼ਰੂਰੀ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਦੇ ਖੋਜਾਰਥੀ ਲਖਵੀਰ ਸਿੰਘ ਨੇ ਕਿਹਾ ਕਿ ਮੈਟਾਫਰ ਦੀ ਸਿੱਖ ਵਿਆਖਿਆਕਾਰੀ ਵਿਚ ਉਪਯੋਗ ਕਰਨ ਸਮੇਂ ਇਸ ਦੇ ਸਾਹਿਤਕ ਅਤੇ ਚਿੰਤਨੀ ਰੂਪ ਵਿਚ ਅੰਤਰ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਤਾਂ ਕਿ ਸਿੱਖ ਅਧਿਐਨ, ਸਾਹਿਤ ਅਧਿਐਨ ਜਿਹਾ ਵਰਤਾਰਾ ਨਾ ਬਣ ਜਾਵੇ। ਜਾਮੀਆ ਮਿਲੀਆ ਇਸਲਾਮੀਆ ਤੋਂ ਖੋਜਾਰਥੀ ਹੀਰਾ ਸਿੰਘ ਨੇ ਸਿੱਖ ਵਿਆਖਿਆਕਾਰੀ ਦੇ ਸੰਦਰਭ ਵਿਚ ਅਰਥ-ਸਿਰਜਣਾ ਦੀ ਪ੍ਰਕਿਰਿਆ ਬਾਰੇ ਵਿਚਾਰ ਸਾਂਝੇ ਕੀਤੇ। ਸਮਾਗਮ ਵਿਚ ਪ੍ਰੋ. ਗੁਰਬਖਸ਼ ਸਿੰਘ, ਡਾ. ਰਿਹਾਨ ਹਸਨ, ਡਾ. ਮਨਿੰਦਰ ਸਿੰਘ, ਡਾ. ਕਰਨਦੀਪ ਸਿੰਘ, ਡਾ. ਜਸਵੰਤ ਸਿੰਘ, ਰਾਜਵੀਰ ਕੌਰ, ਮਨਿੰਦਰ ਕੌਰ ਤੇ ਨਾਦ ਪ੍ਰਗਾਸੁ ਦੇ ਸਕੱਤਰ ਵਰਿੰਦਰਪਾਲ ਸਿੰਘ ਹਾਜ਼ਰ ਸਨ।

# ਫਰਿਜ਼ਨੋ ਵਿਖੇ ਅਮੈਰੀਕਨ ਟਰੱਕਿੰਗ ਸ਼ੋਅ ਅਮਿੱਟ ਪੈੜਾਂ ਛੱਡਦਾ ਸੰਪੰਨ

**ਫਰਿਜ਼ਨੋ:** ਸੈਂਟਰਲ ਵੈਲੀ ਜਿਸਨੂੰ ਟਰੱਕਿੰਗ ਦੀ ਹੱਬ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਇੱਥੋਂ ਦੇ ਸੋਹਣੇ ਸ਼ਹਿਰ ਫਰਿਜ਼ਨੋ ਦੇ ਸਥਾਨਕ ਫੇਅਰ ਗਰਾਊਂਡ ਵਿਖੇ ਨਾਪਟਾ ਸੰਸਥਾ ਦੇ ਸੰਚਾਲਕ ਰਮਨ ਸਿੰਘ ਢਿਲੋਂ ਨੇ ਸਪਾਂਸਰ ਸੱਜਣਾਂ ਦੇ ਸਹਿਯੋਗ ਨਾਲ ਦੋ ਰੋਜ਼ਾ American Trucking Show ਦਾ ਸੰਚਾਲਨ ਬੜੇ ਸੁਚੱਜੇ ਢੰਗ ਨਾਲ ਕਰਵਾਇਆ। ਇਸ ਮੌਕੇ ਜਿੱਥੇ ਜਾਣਕਾਰੀ ਭਰਪੂਰ ਸਟਾਲ ਲੱਗੇ ਹੋਏ ਸੀ, ਓਥੇ ਹੋਲੀ ਦੇ ਤਿਉਹਾਰ ਨੂੰ ਮੁੱਖ ਰੱਖਕੇ ਦਰਸ਼ਕਾਂ ਦੇ ਮਨੋਰੰਜਨ ਲਈ ਹੋਲੀ ਗਰਾਊਂਡ ਦਾ ਪ੍ਰਬੰਧ ਕੀਤਾ ਗਿਆ ਸੀ। ਲਿਸ਼ਕਾਂ ਮਾਰਦੇ ਸ਼ਿੰਗਾਰੇ ਹੋਏ ਟਰੱਕ ਸ਼ੋਅ ਨੂੰ ਚਾਰ ਚੰਨ ਲਾ ਰਹੇ ਸਨ। ਇਸ ਮੌਕੇ ਟਰੱਕ ਪਾਰਟਸ ਅਤੇ ਟਰੱਕ ਡੀਲਰਾਂ ਦੀਆਂ ਸਟਾਲਾਂ 'ਤੇ ਕਾਫ਼ੀ ਤੰਤਾ ਲੱਗਿਆ ਨਜ਼ਰ ਆ ਰਿਹਾ ਸੀ। ਇਸ ਤੋਂ ਬਿਨਾ ਫੈਕਟਰਿੰਗ, ਟਰੱਕ ਇੰਸ਼ੋਰੈਂਸ, ਟਰੱਕਿੰਗ ਡਿਸਪੈਚ ਸੌਫਟਵੇਅਰ, ਲੋਨ ਕੰਪਨੀਆਂ ਦੇ ਵੀ ਕਾਫ਼ੀ ਸਟਾਲ ਲੱਗੇ ਹੋਏ ਸਨ। ਇਸ ਸ਼ੋਅ ਵਿਚ ਵੱਡੀ ਗਿਣਤੀ ਟਰੱਕਿੰਗ ਇੰਡਸਟਰੀ ਨਾਲ ਜੁੜੇ ਸੱਜਣਾਂ ਨੇ ਹਾਜ਼ਰੀ ਭਰ ਕੇ ਸ਼ੋਅ ਨੂੰ ਕਾਮਯਾਬ ਬਣਾਇਆ।

ਅਖੀਰ ਵਿਚ ਗਾਇਕ ਪੱਪੀ ਭਦੌੜ, ਸਵ. ਕੁਲਦੀਪ ਮਾਣਕ ਦੇ ਸ਼ਾਗਿਰਦ ਜੀਤਾ ਗਿੱਲ, ਸੁੱਖੀ ਢੋਲੀ, ਜ਼ੋਰਾ ਆਦਿ ਨੇ ਆਪਣੇ ਨਵੇਂ ਪੁਰਾਣੇ ਗੀਤਾਂ



ਦੀ ਖੂਬ ਮਹਿਫ਼ਲ ਲਾਈ। ਸੱਭਿਆਚਾਰਕ ਸਟੇਜ ਲਈ ਮਿਊਜ਼ਿਕ ਬੈਂਡ ਬਿੱਟੂ ਦੇਵਗਨ ਗਰੁੱਪ ਪਹੁੰਚਿਆ ਹੋਇਆ ਸੀ। ਹੋਰ ਮੂਲ ਦੇ ਬੈਂਡ ਵੀ ਸ਼ੋਅ ਦੌਰਾਨ ਲੋਕਾਂ ਲਈ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਗਾਇਕ ਗੋਗੀ ਸੰਧੂ ਨੇ ਮੇਲੇ ਵਿਚ ਸ਼ਿਰਕਤ ਕੀਤੀ। ਅਖੀਰ ਗਾਇਕ ਸ਼ੈਰੀ ਮਾਨ ਦੇ ਅਖਾੜੇ ਨੇ ਟਰੱਕ ਸ਼ੋਅ ਨੂੰ ਚਰਮ ਸੀਮਾ ਤੱਕ ਪਹੁੰਚਾਇਆ।

ਉਨ੍ਹਾਂ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖੂਬ ਰੌਣਕਾਂ ਲਾਈਆਂ। ਲੋਕੀ ਆਪਣੇ ਮਨਪਸੰਦ ਸੁਆਦਿਸ਼ਟ ਖਾਣੇ ਦੇ ਸਟਾਲਾਂ ਦਾ ਖੂਬ ਅਨੰਦ ਮਾਣ ਰਹੇ ਸਨ। ਅਖੀਰ ਜੇਤੂ ਟਰੱਕਰ ਵੀਰਾਂ ਨੂੰ ਕੱਪ ਅਤੇ ਇਨਾਮ ਦੇ ਕੇ ਨਿਵਾਜਿਆ ਗਿਆ। ਰਮਨ ਸਿੰਘ ਢਿੱਲੋਂ ਨੇ ਸਾਰਿਆਂ ਦਾ ਧੰਨਵਾਦ ਕੀਤਾ। ਅੰਤ ਅਮਿੱਟ ਪੈੜਾਂ ਛੱਡਦਾ ਇਹ ਟਰੱਕ ਸ਼ੋਅ ਯਾਦਗਾਰੀ ਹੋ ਨਿੱਬੜਿਆ। ਇਸ ਮੌਕੇ ਪੰਜਾਬੀ ਰੇਡੀਓ ਦੀ ਸਾਰੀ ਟੀਮ ਸ਼ੋਅ ਨੂੰ ਕਵਰ ਕਰ ਰਹੀ ਸੀ।

# ਹਾਈਕਮਾਨ ਦੀਆਂ ਘੂਰੀਆਂ ਦੇ ਬਾਵਜੂਦ ਪੰਜਾਬ ਕਾਂਗਰਸ 'ਚ ਖਿੱਚ-ਧੂਹ ਜਾਰੀ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਦੀਆਂ ਘੂਰੀਆਂ ਦੇ ਬਾਵਜੂਦ ਪੰਜਾਬ ਲੀਡਰਸ਼ਿਪ ਵਿਚ ਖਿੱਚ-ਧੂਹ ਜਾਰੀ ਹੈ। ਇਕ ਪਾਸੇ ਨਵੇਂ ਥਾਪੇ ਗਏ ਸੂਬਾ ਪ੍ਰਧਾਨ ਰਾਜਾ ਵੜਿੰਗ ਪਾਰਟੀ ਨੂੰ ਇਕਜੁਟ ਕਰਨ ਲਈ ਸੀਨੀਅਰ ਲੀਡਰਸ਼ਿਪ ਨਾਲ ਲਗਾਤਾਰ ਰਾਬਤਾ ਬਣਾ ਰਹੇ ਹਨ ਤੇ ਦੂਜੇ ਪਾਸੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਖਰੇ ਹੀ ਰਾਹ ਤੁਰੇ ਜਾਪ ਰਹੇ ਹਨ।





ਨਵਜੋਤ ਸਿੰਘ ਸਿੱਧੂ ਦੀ ਮਾਛੀਵਾੜਾ ਫੇਰੀ ਦੌਰਾਨ ਕਾਂਗਰਸ ਦੀ ਧੜੇਬੰਦੀ ਸਪਸ਼ਟ ਦਿਖਾਈ ਦਿੱਤੀ। ਇਸ ਦੌਰਾਨ ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ ਦੇ ਸਮਰਥਕ ਤਾਂ ਦੇਖੇ ਗਏ ਪਰ ਇਸ ਹਲਕੇ ਤੋਂ ਚੋਣ ਲੜ ਚੁੱਕੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਰਾਜਾ ਗਿੱਲ ਅਤੇ ਉਨ੍ਹਾਂ ਦੇ ਸਮਰਥਕ ਕਿਧਰੇ ਨਜ਼ਰ ਨਾ ਆਏ। ਇਸੇ ਤਰ੍ਹਾਂ ਸਿੱਧੂ ਵੀ ਰਾਜਾ ਵੜਿੰਗ ਵੱਲੋਂ ਕੀਤੀਆਂ ਜਾ ਰਹੀਆਂ ਮੀਟਿੰਗਾਂ ਤੋਂ ਦੂਰੀ ਬਣਾ ਰਹੇ ਹਨ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਬਣੇ ਪ੍ਰਤਾਪ ਸਿੰਘ ਬਾਜਵਾ ਨੇ ਦੋਆਬੇ ਦੇ ਜਿੱਤੇ ਤੇ ਹਾਰੇ ਹੋਏ ਕਾਂਗਰਸੀ ਆਗੂਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਭੁਲੱਥ ਹਲਕੇ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਉੱਤਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਬਾਵਾ ਹੈਨਰੀ ਗੈਰਹਾਜ਼ਰ ਰਹੇ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਹਾਰ ਦੇ ਕਾਰਨਾਂ ਦਾ ਪਤਾ ਲਾਉਣ ਲਈ ਉਹ ਉਨ੍ਹਾਂ ਹਲਕਿਆਂ ਨੂੰ ਤਰਜੀਹ ਦੇ ਰਹੇ ਹਨ, ਜਿਥੇ ਕਾਂਗਰਸ ਹਾਰੀ ਹੈ। ਪਾਰਟੀ ਆਗੂਆਂ ਵਿਚ ਇਸ ਗੱਲ ਦੀ ਵੀ ਚਰਚਾ ਰਹੀ ਹੈ ਕਿ ਵਰਕਰਾਂ ਨੂੰ ਅਣਗੌਲਿਆ ਕਰਨਾ ਵੀ ਕਾਂਗਰਸ ਨੂੰ ਮਹਿੰਗਾ ਪਿਆ ਹੈ। ਸ੍ਰੀ ਬਾਜਵਾ ਨੇ ਅਪੀਲ ਕੀਤੀ ਕਿ ਉਹ ਮੁੜ ਤੋਂ ਸੰਗਠਨ ਨੂੰ ਮਜ਼ਬੂਤ ਕਰਨ ਲਈ ਜ਼ਮੀਨੀ ਪੱਧਰ 'ਤੇ ਸਰਗਰਮ ਹੋਣ।

ਤਾਜ਼ਾ ਮਾਹੌਲ ਤੋਂ ਜਾਪ ਰਿਹਾ ਹੈ ਕਿ ਹਾਈਕਮਾਨ ਵੱਲੋਂ ਪਾਰਟੀ ਨੂੰ ਇਕਜੁੱਟ ਤੇ ਅਨੁਸ਼ਾਸਿਤ ਕਰਨ ਲਈ ਜੋ ਕਦਮ ਚੁੱਕੇ ਗਏ ਹਨ, ਉਹ ਪਾਰਟੀ ਅੰਦਰਲੇ ਸਾਰੇ ਧੜਿਆਂ ਨੂੰ ਪ੍ਰਵਾਨ ਨਹੀਂ। ਨਵਜੋਤ ਸਿੰਘ ਸਿੱਧੂ ਨੇ ਅੰਮ੍ਰਿਤਸਰ ਪੁੱਜੇ ਨਵੇਂ ਨਿਯੁਕਤ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਮੁਲਾਕਾਤ ਨਹੀਂ ਕੀਤੀ ਸਗੋਂ ਚੰਡੀਗੜ੍ਹ ਵਿਖੇ ਪਾਰਟੀ ਦੇ ਸੀਨੀਅਰ ਆਗੂ ਲਾਲ ਸਿੰਘ ਅਤੇ ਸੁਨੀਲ ਜਾਖੜ ਦੇ ਨਿਵਾਸ ਉਤੇ ਮੀਟਿੰਗਾਂ ਕੀਤੀਆਂ ਗਈਆਂ, ਜਦੋਂ ਕਿ ਇਸ ਤੋਂ ਪਹਿਲਾਂ ਸਮਰਾਲਾ ਵਿਖੇ ਉਹ ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ ਨੂੰ ਵੀ ਮਿਲ ਕੇ ਆਏ। ਸਿੱਧੂ ਨਾਲ ਇਨ੍ਹਾਂ ਮੀਟਿੰਗਾਂ ਦੌਰਾਨ ਸ੍ਰੀ ਅਸ਼ਵਨੀ ਸੇਖੜੀ, ਲਾਲ ਸਿੰਘ ਦੇ ਬੇਟੇ ਤੇ ਸਾਬਕਾ ਵਿਧਾਇਕ ਰਜਿੰਦਰ ਸਿੰਘ, ਨਵਤੇਜ ਸਿੰਘ ਚੀਮਾ ਤੇ ਹਰਦਿਆਲ ਸਿੰਘ ਕੰਬੋਜ ਵੀ ਸਨ।

ਸਿੱਧੂ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਇਨ੍ਹਾਂ ਸਰਗਰਮੀਆਂ ਨਾਲ ਹਾਈਕਮਾਨ ਦੀ ਕਾਰਜਸ਼ੈਲੀ ਪ੍ਰਤੀ ਨਾਖੁਸ਼ੀ ਸਪਸ਼ਟ ਨਜ਼ਰ ਆ ਰਹੀ ਹੈ। ਹਾਈਕਮਾਨ ਵੱਲੋਂ ਪਾਰਟੀ ਦੇ ਸੀਨੀਅਰ ਆਗੂ ਸੁਨੀਲ ਜਾਖੜ ਨੂੰ ਵੀ ਜੋ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ, ਉਸ ਸਬੰਧੀ ਵੀ ਪਾਰਟੀ ਵਿਚ ਚਰਚਾ ਹੈ ਕਿ ਹਾਈਕਮਾਨ ਵੱਲੋਂ ਮਹਾਰਾਣੀ ਪ੍ਰਨੀਤ ਕੌਰ, ਜਿਨ੍ਹਾਂ ਆਪਣੇ ਪਤੀ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਖੁੱਲ੍ਹੇਆਮ ਚੋਣ ਪ੍ਰਚਾਰ ਕੀਤਾ ਅਤੇ ਰਾਣਾ ਗੁਰਜੀਤ ਸਿੰਘ ਆਪਣੇ ਬੇਟੇ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਤੇ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਵੱਲੋਂ ਚੋਣ ਦੌਰਾਨ ਦਿੱਤੇ ਬਿਆਨਾਂ ਦਾ ਨੋਟਿਸ ਲੈਣ ਦੀ ਲੋੜ ਕਿਉਂ ਨਹੀਂ ਸਮਝੀ ਅਤੇ ਇਕੱਲੇ ਜਾਖੜ ਨੂੰ ਹੀ ਕਿਉਂ ਨਿਸ਼ਾਨਾ ਬਣਾਇਆ ਗਿਆ।

ਉਧਰ, ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਟੀ ਆਗੂਆਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਅੰਮ੍ਰਿਤਸਰ ਫੇਰੀ ਦੌਰਾਨ ਵੜਿੰਗ ਨੇ ਸਭ ਤੋਂ ਪਹਿਲਾਂ ਸਾਬਕਾ ਕੈਬਨਿਟ ਮੰਤਰੀ ਸੁਖਬਿੰਦਰ ਸਿੰਘ ਸੁਖ ਸਰਕਾਰੀਆ ਦੇ ਗ੍ਰਹਿ ਵਿਖੇ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਉਪਰੰਤ ਉਹ ਸਾਬਕਾ ਉਪ ਮੁੱਖ ਮੰਤਰੀ ਓਪੀ ਸੋਨੀ, ਸਾਬਕਾ ਕੈਬਨਿਟ ਮੰਤਰੀ ਰਾਜ ਕੁਮਾਰ ਵੇਰਕਾ, ਜ਼ਿਲ੍ਹਾ ਪ੍ਰਧਾਨ ਦਿਹਾਤੀ ਭਗਵੰਤਪਾਲ ਸਿੰਘ ਸੱਚਰ, ਸਾਬਕਾ ਵਿਧਾਇਕ ਸੁਨੀਲ ਦੱਤੀ ਨੂੰ ਮਿਲੇ। ਉਨ੍ਹਾਂ ਨਗਰ ਨਿਗਮ ਦੇ ਕਾਂਗਰਸੀ ਕੌਂਸਲਰਾਂ ਅਤੇ ਹੋਰ ਆਗੂਆਂ ਨਾਲ ਵੱਖਰੀ ਮੀਟਿੰਗ ਵੀ ਕੀਤੀ। ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਹ ਕਾਂਗਰਸ ਨੂੰ ਫਿਰ ਤੋਂ ਮਜ਼ਬੂਤ ਕਰਨ ਲਈ ਪਾਰਟੀ ਵਰਕਰਾਂ ਦੇ ਘਰ ਨੰਗੇ ਪੈਰੀਂ ਵੀ ਜਾਣ ਨੂੰ ਤਿਆਰ ਹਨ। ਸੂਬਾ ਪ੍ਰਧਾਨ ਬਣਨ ਮਗਰੋਂ ਪਹਿਲੀ ਵਾਰ ਜਲੰਧਰ ਆਏ ਰਾਜਾ ਵੜਿੰਗ ਇਥੋਂ ਦੇ ਸਾਬਕਾ ਵਿਧਾਇਕ ਸੁਸ਼ੀਲ ਰਿੰਕੂ ਤੇ ਰਾਜਿੰਦਰ ਬੇਰੀ ਦੇ ਘਰ ਗਏ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਸਮਾਂ ਬਿਤਾਇਆ। ਇਸੇ ਤਰ੍ਹਾਂ ਉਹ ਸ਼ਾਹਕੋਟ ਤੋਂ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਜਲੰਧਰ ਉੱਤਰੀ ਤੋਂ ਵਿਧਾਇਕ ਬਾਵਾ ਹੈਨਰੀ, ਫਿਲੌਰ ਤੋਂ ਵਿਧਾਇਕ ਚੌਧਰੀ ਬਿਕਰਮ ਸਿੰਘ ਤੇ ਜਲੰਧਰ ਤੋਂ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦੇ ਘਰ ਵੀ ਗਏ। ਰਾਜਾ ਵੜਿੰਗ ਨੇ ਸਪੱਸ਼ਟ ਕੀਤਾ ਕਿ ਪਾਰਟੀ ਵਿਚ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਕਲੇਸ਼ ਕਾਰਨ ਸੱਤਾ ਤੋਂ ਬਾਹਰ ਹੋਈ ਕਾਂਗਰਸ: ਵੜਿੰਗ

**ਅੰਮ੍ਰਿਤਸਰ:** ਰਾਜਾ ਵੜਿੰਗ ਨੇ ਕਿਹਾ ਕਿ ਪਾਰਟੀ ਦੀ ਅੰਦਰੂਨੀ ਧੜੇਬਾਜ਼ੀ ਕਾਰਨ ਕਾਂਗਰਸ ਸੱਤਾ 'ਚੋਂ ਬਾਹਰ ਹੋਈ ਹੈ। ਰਾਜਾ ਵੜਿੰਗ ਨੇ ਦਾਅਵਾ ਕੀਤਾ ਕਿ ਕਾਂਗਰਸ ਮੁੜ ਮਜ਼ਬੂਤ ਹੋ ਕੇ ਉਭਰੇਗੀ ਅਤੇ ਸੱਤਾ ਵਿਚ ਆਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਦੇ ਅੰਦਰੂਨੀ ਕਲੇਸ਼ ਖਤਮ ਹੋਣਗੇ ਅਤੇ ਪਾਰਟੀ ਇਕਜੁੱਟ ਹੋਵੇਗੀ। ਨਵਜੋਤ ਸਿੰਘ ਸਿੱਧੂ ਦੀ ਗੈਰਹਾਜ਼ਰੀ ਬਾਰੇ ਉਨ੍ਹਾਂ ਕਿਹਾ ਕਿ ਉਹ ਕਿਧਰੇ ਹੋਰ ਗਏ ਹੋ ਸਕਦੇ ਹਨ ਜਾਂ ਉਨ੍ਹਾਂ ਨੂੰ ਕੋਈ ਹੋਰ ਕੰਮ ਹੋ ਸਕਦਾ ਹੈ। ਵੇਰਵਿਆਂ ਮੁਤਾਬਕ ਸ੍ਰੀ ਵੜਿੰਗ ਨੇ ਮੁਲਾਕਾਤ ਲਈ ਸ੍ਰੀ ਸਿੱਧੂ ਨੂੰ ਫੋਨ ਕਰਕੇ ਸੂਚਿਤ ਵੀ ਕੀਤਾ ਸੀ ਪਰ ਸ੍ਰੀ ਸਿੱਧੂ ਅੰਮ੍ਰਿਤਸਰ ਤੋਂ ਬਾਹਰ ਚਲੇ ਗਏ।

## ਸਿੱਧੂ ਵੱਲੋਂ ਸਾਬਕਾ ਵਿਧਾਇਕਾਂ ਨਾਲ ਬੰਦ ਕਮਰਾ ਮੀਟਿੰਗ

**ਸਮਰਾਲਾ:** ਹਲਕਾ ਸਮਰਾਲਾ ਦੇ ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ ਦੇ ਘਰ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਮਾਲਵਾ ਖੇਤਰ ਨਾਲ ਸਬੰਧਤ ਕਾਂਗਰਸ ਦੇ ਕਰੀਬ ਇਕ ਦਰਜਨ ਸਾਬਕਾ ਵਿਧਾਇਕਾਂ ਅਤੇ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਵਾਲੇ ਆਗੂਆਂ ਨਾਲ ਬੰਦ ਕਮਰਾ ਮੀਟਿੰਗ ਕੀਤੀ। ਸੂਤਰ ਦੱਸਦੇ ਹਨ ਕਿ ਇਸ ਮੀਟਿੰਗ ਵਿਚ ਆਪਸੀ ਏਕਤਾ ਅਤੇ ਪਾਰਟੀ ਨੂੰ ਭਵਿੱਖ ਵਿਚ ਮਜ਼ਬੂਤ ਕਰਨ ਲਈ ਰਣਨੀਤੀ 'ਤੇ ਸਹਿਮਤੀ ਹੋਈ ਹੈ।

# ਬ੍ਰਿਸਬੇਨ: ਫਿਰ ਮਿਲਣ ਦੇ ਵਾਅਦੇ ਨਾਲ 'ਆਸਟ੍ਰੇਲਿਆਈ ਸਿੱਖ ਖੇਡਾਂ' ਸਮਾਪਤ

## ਹਾਕੀ ਓਪਨ ਵਿਚ ਮੈਲਬੋਰਨ ਯੂਨਾਈਟਿਡ ਕਲੱਬ ਜੇਤੂ

**ਬ੍ਰਿਸਬੇਨ:** 34ਵੀਆਂ ਆਸਟਰੇਲਿਆਈ ਸਿੱਖ ਖੇਡਾਂ ਸਮਾਜ ਨੂੰ ਨਵਾਂ ਸੁਨੇਹਾ ਦੇਂਦੀਆਂ ਹੋਈਆਂ ਅਗਲੇ ਵਰ੍ਹੇ 2023 ਵਿਚ ਬ੍ਰਿਸਬੇਨ ਵਿਖੇ ਮਿਲਣ ਦੇ ਵਾਅਦੇ ਨਾਲ ਧੂਮ ਧੜੱਕੇ ਨਾਲ ਸਮਾਪਤ ਹੋਈਆਂ। ਪੰਜਾਬੀਆਂ ਦੇ ਮਾਣ ਸਤਿਕਾਰ ਨਾਲ ਸਜੇ ਕਸਬੇ ਵੂਲਗੁਲਗਾ ਵਿਖੇ 34ਵੀਆਂ ਸਿੱਖ ਖੇਡਾਂ ਨੇ ਇਤਿਹਾਸ ਦਾ ਨਵਾਂ ਪੰਨਾ ਸਿਰਜਿਆ। ਇਨ੍ਹਾਂ ਖੇਡਾਂ ਵਿਚ ਆਸਟ੍ਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ, ਇੰਗਲੈਂਡ ਤੇ ਭਾਰਤ ਤੋਂ ਇਲਾਵਾ ਵੱਖ ਵੱਖ ਮੁਲਕਾਂ ਤੋਂ ਵੱਡੀ ਗਿਣਤੀ ਖਿਡਾਰੀਆਂ, ਖੇਡ ਪ੍ਰੇਮੀਆਂ, ਮਹਿਮਾਨਾਂ ਅਤੇ ਪ੍ਰਬੰਧਕਾਂ ਨੇ ਸ਼ਮੂਲੀਅਤ ਕੀਤੀ।

ਪੰਜਾਬੀਆਂ ਦੀ ਮਕਬੂਲ ਖੇਡ ਕਬੱਡੀ ਆਸਟ੍ਰੇਲੀਅਨ ਸਿੱਖ ਖੇਡਾਂ ਵਿਚ ਮੁੱਖ ਆਕਰਸ਼ਣ ਰਹੀ। ਕਬੱਡੀ ਦੇ ਫਾਈਨਲ ਮੁਕਾਬਲੇ ਵਿਚ ਸ਼ਹੀਦ ਬਾਬਾ ਦੀਪ ਸਿੰਘ ਕਬੱਡੀ ਕਲੱਬ ਵੂਲਗੂਲਗਾ ਨੇ ਕਿੰਗਜ਼ ਕਬੱਡੀ ਕਲੱਬ ਮੈਲਬੌਰਨ ਨੂੰ 29-18 ਅੰਕਾਂ ਨਾਲ ਹਰਾਇਆ। ਦੁਨੀਆ ਦੀ ਕਬੱਡੀ ਦਾ ਧੜੱਲੇਦਾਰ ਜਾਫ਼ੀ ਪਾਲਾ ਜਲਾਲਪੁਰ ਅਤੇ ਘੁੱਦਾ ਕਾਲਾਸੰਘਿਆ ਸਰਵੋਤਮ ਸਟੌਪਰ ਬਣੇ ਜਦਕਿ ਸੰਦੀਪ ਸਲਤਾਨ ਆਸਟ੍ਰੇਲੀਅਨ ਸਿੱਖ ਖੇਡਾਂ ਦਾ ਸਭ ਤੋਂ ਵਧੀਆ ਧਾਵੀ ਚੁਣਿਆ ਗਿਆ।

ਕਬੱਡੀ ਤੋਂ ਬਾਅਦ ਪੰਜਾਬੀਆਂ ਦੀ ਚਹੇਤੀ ਖੇਡ ਹਾਕੀ ਦਾ ਆਸਟ੍ਰੇਲਿਆਈ ਸਿੱਖ ਖੇਡਾਂ ਵਿਚ ਦਬਦਬਾ ਰਿਹਾ। ਹਾਕੀ ਓਪਨ ਦੇ ਫਾਈਨਲ ਮੁਕਾਬਲੇ ਵਿਚ ਮੈਲਬੌਰਨ ਯੂਨਾਈਟਿਡ ਹਾਕੀ ਕਲੱਬ ਨੇ ਨਿਊ ਸਾਊਥ ਵੇਲਜ਼ ਹਾਕੀ ਕਲੱਬ ਸਿਡਨੀ ਨੂੰ 5-0 ਗੋਲਾਂ ਨਾਲ ਹਰਾ ਕੇ ਜੇਤੂ ਟਰਾਫੀ ਆਪਣੇ ਕਬਜ਼ੇ ਹੇਠ ਕੀਤੀ ਜਦਕਿ ਮਾਸਟਰਜ਼ ਹਾਕੀ ਮੁਕਾਬਲੇ ਵਿਚ ਸਿਡਨੀ ਲਾਇਨਜ਼ ਹਾਕੀ ਕਲੱਬ ਨੇ ਨਿਊ ਸਾਊਥ ਵੇਲਜ਼ ਸਿਡਨੀ ਨੂੰ ਕਰੜੇ ਮੁਕਾਬਲੇ ਵਿਚ ਦੋ-ਇਕ ਗੋਲਾਂ ਨਾਲ ਹਰਾਇਆ। ਬੱਚਿਆਂ ਦੇ ਜੂਨੀਅਰ ਹਾਕੀ ਮੁਕਾਬਲਿਆਂ ਵਿਚ ਸਿਡਨੀ ਦਾ ਜੇਤੂ ਦਬਦਬਾ ਰਿਹਾ। ਸਿਡਨੀ ਦੀਆਂ ਦੋਵੇਂ ਕਲੱਬਾਂ ਜੇਤੂ ਅਤੇ ਉਪ ਜੇਤੂ ਬਣੀਆਂ। ਸਿਡਨੀ ਲੁਇਜ਼ ਹਾਕੀ ਕਲੱਬ ਦੇ ਬੱਚਿਆਂ ਦਾ ਹਾਕੀ ਹੁਨਰ ਸਿਰ ਚੜ੍ਹ ਕੇ ਬੋਲਿਆ ਖਾਸ ਕਰਕੇ ਜ਼ਿਆਦਾਤਰ ਕੇਸਧਾਰੀ ਖਿਡਾਰੀਆਂ ਦੀ ਆਮਦ ਹਾਕੀ ਮੁਕਾਬਲਿਆਂ ਵਿਚ ਖਿੱਚ ਦਾ ਕੇਂਦਰ ਰਹੀ। ਇਸ ਤੋਂ ਇਲਾਵਾ ਟੈਨਿਸ ਦੇ ਸਿੰਗਲਜ਼ ਅਤੇ ਡਬਲਜ਼ ਮੁਕਾਬਲੇ ਵਿਚ ਫ਼ਰੀਦਕੋਟੀਆ ਹਰਦੀਪ ਸਿੰਘ ਮਾਨ ਛਾਇਆ ਰਿਹਾ। ਇਸ ਤੋਂ ਇਲਾਵਾ ਨੈੱਟਬਾਲ ਕੁਸ਼ਤੀ ਫੁੱਟਬਾਲ ਅਥਲੈਟਿਕਸ ਆਦਿ ਖੇਡਾਂ ਦੇ ਮੁਕਾਬਲੇ ਖਿੱਚ ਦਾ ਕੇਂਦਰ ਰਹੇ। ਸੱਤ ਲੱਖ ਦੇ ਕਰੀਬ ਬਜਟ ਵਾਲੀਆਂ ਆਸਟ੍ਰੇਲਿਆਈ ਸਿੱਖ ਖੇਡਾਂ ਵਿਚ 180 ਦੇ ਕਰੀਬ ਟੀਮਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ ਤਿੰਨ ਹਜ਼ਾਰ ਖਿਡਾਰੀਆਂ ਨੇ ਵੱਖ ਵੱਖ ਖੇਡਾਂ ਵਿਚ ਆਪਣੇ ਖੇਡ ਹੁਨਰ ਦਾ ਲੋਹਾ ਮਨਵਾਇਆ।









ਇਨ੍ਹਾਂ ਖੇਡਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਪ੍ਰਧਾਨ ਦਲਜੀਤ ਸਿੰਘ ਧਾਮੀ, ਕੌਮੀ ਪ੍ਰਧਾਨ ਸਰਬਜੀਤ ਸਿੰਘ ਢਿੱਲੋਂ, ਮੀਤ ਪ੍ਰਧਾਨ ਰੌਕੀ ਭੁੱਲਰ, ਜਨਰਲ ਸਕੱਤਰ ਜਗਦੀਪ ਸਿੰਘ ਭਿੰਡਰ, ਗੁਰਜੀਤ ਸਿੰਘ, ਕਲਚਰਲ ਕੋਆਰਡੀਨੇਟਰ ਰਨਦੀਪ ਜੌਹਲ, ਸਰਬਜੀਤ ਸਿੰਘ ਢਿੱਲੋਂ ਪ੍ਰਧਾਨ, ਰੁਪਿੰਦਰ ਸਿੰਘ ਬਰਾੜ, ਕਲਚਰਲ ਕਮੇਟੀਆਂ ਦੇ ਕੋਆਰਡੀਨੇਟਰ, ਮਨਜੀਤ ਸਿੰਘ ਲਾਲੀ ਬੋਪਾਰਾਏ, ਪਰਮਵੀਰ ਸਿੰਘ ਸੰਘਾ, ਗੁਰਦਿਆਲ ਰਾਏ ਸਾਬੀ ਘੁੰਮਣ, ਨਵਤੇਜ ਤੇਜਾ, ਬਾਬਾ ਨਰਾਇਣ ਸਿੰਘ ਗਰੇਵਾਲ, ਉੱਘੇ ਖੇਡ ਕੁਮੈਂਟੇਟਰ ਰਣਜੀਤ ਸਿੰਘ ਖੇੜਾ ਤੋਂ ਇਲਾਵਾ ਹੋਰ ਪੰਜਾਬੀ ਭਾਈਚਾਰੇ ਦਾ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਆਏ ਮਹਿਮਾਨਾਂ ਦਾ ਸਹਿਯੋਗ ਰਿਹਾ।

**2023 ਦੀਆਂ ਆਸਟ੍ਰੇਲੀਅਨ ਸਿੱਖ ਖੇਡਾਂ ਬ੍ਰਿਸਬੇਨ ਵਿਖੇ ਹੋਣਗੀਆਂ**

ਅਗਲੇ ਵਰ੍ਹੇ ਦੀਆਂ ਆਸਟ੍ਰੇਲੀਅਨ ਸਿੱਖ ਖੇਡਾਂ ਕਿਊਨਜ਼ਲੈਂਡ ਸਟੇਟ ਨੂੰ ਅਲਾਟ ਹੋਈਆਂ ਹਨ। ਇਹ ਖੇਡਾਂ ਅਪ੍ਰੈਲ ਮਹੀਨੇ ਦੇ ਈਸਟ ਹਫ਼ਤੇ ਦੌਰਾਨ ਬ੍ਰਿਸਬੇਨ ਵਿਖੇ ਹੋਣਗੀਆਂ। ਯਾਦ ਰਹੇ ਬ੍ਰਿਸਬੇਨ ਉਹ ਸ਼ਹਿਰ ਹੈ ਜਿੱਥੇ 2032 ਦੀਆਂ ਓਲੰਪਿਕ ਖੇਡਾਂ ਹੋਣੀਆਂ ਹਨ। ਆਸਟ੍ਰੇਲੀਆ ਵਸਦੇ ਪੰਜਾਬੀਆਂ ਵੱਲੋਂ ਆਸਟ੍ਰੇਲੀਅਨ ਸਿੱਖ ਖੇਡਾਂ ਦੇ ਅਰੰਭੇ ਉਪਰਾਲੇ ਦੀ ਸ਼ਲਾਘਾ ਦੁਨੀਆ ਭਰ ਵਿੱਚ ਹੁੰਦੀ ਰਹੇਗੀ।

*-ਰਿਪੋਰਟ: ਜਗਰੂਪ ਸਿੰਘ ਜਰਖੜ*
*ਫੋਨ: 98143-00722*

ਪੰਜਾਬ ਟਾਈਮਜ਼

ਸਨਿਚਰਵਾਰ, 23 ਅਪਰੈਲ 2022

## ਸਿਆਸਤ ਅਤੇ ਸਦਭਾਵਨਾ

ਰਾਮ ਨੌਵੀਂ ਮੌਕੇ ਭਾਰਤ ਦੇ ਕੁਝ ਰਾਜਾਂ ਅੰਦਰ ਹੋਈ ਹਿੰਸਾ ਨੇ ਆਮ ਲੋਕਾਂ ਦਾ ਫਿਕਰ ਵਧਾ ਦਿੱਤਾ ਹੈ। ਇਨ੍ਹਾਂ ਮਾਮਲਿਆਂ ਸਭ ਤੋਂ ਵੱਡਾ ਸਵਾਲ ਸੁਰੱਖਿਆ ਏਜੰਸੀਆਂ ਲਈ ਹੈ। ਇਹ ਭਾਵੇਂ 1984 ਵਾਲੀ ਹਿੰਸਾ ਸੀ ਜਾਂ 2002 ਵਿਚ ਗੁਜਰਾਤ ਵਿਚ ਹੋਈ ਹਿੰਸਾ ਸੀ, ਹਾਲਾਤ ਵਿਕਰਾਲ ਉਦੋਂ ਹੀ ਬਣੇ ਜਦੋਂ ਸੁਰੱਖਿਆ ਏਜੰਸੀਆਂ ਆਪਣਾ ਬਣਦਾ ਫਰਜ਼ ਵੀ ਨਿਭਾਅ ਨਹੀਂ ਸਕੀਆਂ। ਹਮਲਾਵਰਾਂ ਨੇ ਮਰਜ਼ੀ ਨਾਲ ਇਨਸਾਨਾਂ ਅਤੇ ਘਰਾਂ-ਦੁਕਾਨਾਂ ਨੂੰ ਹਿੰਸਾ ਦਾ ਨਿਸ਼ਾਨਾ ਬਣਾਇਆ। ਇਸ ਹਿੰਸਾ ਦਾ ਸਭ ਤੋਂ ਖਤਰਨਾਕ ਪੱਖ ਇਹ ਹੈ ਕਿ ਇਸ ਵਿਚ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਮਾਤ- ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.), ਦੀ ਕਥਿਤ ਸਿੱਧੀ-ਅਸਿੱਧੀ ਸ਼ਮੂਲੀਅਤ ਜ਼ਾਹਿਰ ਹੋਣਾ ਹੈ। ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਚਿਰਾਂ ਤੋਂ ਇਹ ਸਿਆਸਤ ਕਰ ਰਹੀ ਹੈ ਕਿ ਸਮਾਜ ਅੰਦਰ ਧਾਰਮਿਕ ਵੰਡੀਆਂ ਪਾ ਕੇ ਲੋਕਾਂ ਦਰਮਿਆਨ ਦਰਾੜਾਂ ਪੈਦਾ ਕੀਤੀ ਜਾਣ। ਆਪਣੇ ਇਸ ਨਿਸ਼ਾਨੇ ਵਿਚ ਇਹ ਬਹੁਤ ਹੱਦ ਤੱਕ ਕਾਮਯਾਬ ਹੋ ਚੁੱਕੀ ਹੈ। ਕੇਂਦਰ ਵਿਚ 2014 ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ। ਇਉਂ ਪਿਛਲੇ ਤਕਰੀਬਨ ਅੱਠ ਸਾਲਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਸਮਾਜ ਨੂੰ ਵੰਡਣ ਲਈ ਹਰ ਹੀਲਾ ਅਤੇ ਹਰਬਾ ਵਰਤਿਆ ਹੈ। ਚੋਣਾਂ ਵਾਲੇ ਸਮਿਆਂ ਦੌਰਾਨ ਇਹ ਅਮਲ ਸਿਖਰ 'ਤੇ ਪੁੱਜ ਜਾਂਦਾ ਹੈ। ਅਸਲ ਵਿਚ ਇਹ ਪਾਰਟੀ ਲੋਕਾਂ ਜਾਂ ਵੋਟਾਂ ਦੇ ਧਰੁਵੀਕਰਨ ਲਈ ਹਰ ਵਾਰ ਇਹ ਹੱਥਕੰਡਾ ਵਰਤਦੀ ਹੈ।

ਹੁਣ ਹਕੀਕਤ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਸਾਧਾਰਨ ਹਿੰਦੂ ਨੂੰ ਵਰਗਲਾਉਣ ਵਿਚ ਕਾਮਯਾਬ ਹੋ ਰਹੀ ਹੈ। 800 ਸਾਲਾਂ ਬਾਅਦ ਹਿੰਦੂ ਰਾਸ਼ਟਰ ਦੀ ਸ਼ਾਨ ਬਰਕਰਾਰ ਹੋਣ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਮੁਸਲਮਾਨਾਂ ਉਤੇ ਨਿਸ਼ਾਨਾ ਸਾਧਿਆ ਗਿਆ ਹੈ ਅਤੇ ਇਨ੍ਹਾਂ ਨੂੰ ਦੇਸ਼ ਦੇ ਦੁਸ਼ਮਣਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਹਰ ਸੰਕਟ ਅਤੇ ਸਮੱਸਿਆਵਾਂ ਲਈ ਇਸ ਭਾਈਚਾਰੇ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਸਭ ਐਨ ਉਸੇ ਤਰ੍ਹਾਂ ਕੀਤਾ ਜਾ ਰਿਹਾ ਹੈ, ਜਿਵੇਂ ਪੰਜਾਬ ਵਿਚ ਕੁਝ ਕੱਟੜ ਲੋਕ ਕਮਿਊਨਿਸਟਾਂ ਨੂੰ ਹੀ ਪੰਜਾਬ ਦੀ ਹਰ ਸਮੱਸਿਆ ਲਈ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਨਫਰਤ ਦੇ ਇਸ ਝੂਠੇ ਅਤੇ ਮਾਰੂ ਪ੍ਰਚਾਰ ਲਈ ਸੋਸ਼ਲ ਮੀਡੀਆ ਦੀ ਰੱਜ ਕੇ ਦੁਰਵਰਤੋਂ ਕੀਤੀ ਜਾ ਰਹੀ ਹੈ। ਅਫਵਾਹਾਂ ਫੈਲਾ ਕੇ ਆਮ ਸਾਧਾਰਨ ਲੋਕਾਂ ਨੂੰ ਲਗਾਤਾਰ ਭੜਕਾਇਆ ਜਾ ਰਿਹਾ ਹੈ। ਪ੍ਰਸ਼ਾਸਨ ਦੀ ਖਾਮੋਸ਼ੀ ਅਤੇ ਨਾ-ਅਹਿਲੀਅਤ ਕਾਰਨ ਇਹ ਕੱਟੜ ਜਮਾਤਾਂ ਆਪਣੇ ਨਿਸ਼ਾਨਿਆਂ ਵਿਚ ਕਾਮਯਾਬ ਵੀ ਹੋ ਰਹੀਆਂ ਹਨ। ਇਨ੍ਹਾਂ ਵੰਡੀਆਂ ਦੇ ਆਧਾਰ 'ਤੇ ਫਿਰ ਚੋਣਾਂ ਜਿੱਤਣ ਲਈ ਰਾਹ ਮੋਕਲੇ ਕੀਤੇ ਜਾਂਦੇ ਹਨ। ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਇਹ ਕਿਆਸਅਰਾਈਆਂ ਸਨ ਕਿ ਇਸ ਵਾਰ ਭਾਰਤੀ ਜਨਤਾ ਪਾਰਟੀ ਨੂੰ ਡਾਢਾ ਨੁਕਸਾਨ ਝੱਲਣਾ ਪਵੇਗਾ ਪਰ ਚੋਣਾਂ ਦੇ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਏ। ਭਾਰਤੀ ਜਨਤਾ ਪਾਰਟੀ ਥੋੜ੍ਹਾ-ਬਹੁਤ ਨੁਕਸਾਨ ਤਾਂ ਹੋਇਆ ਪਰ ਇਹ ਉਤਰ ਪ੍ਰਦੇਸ਼ ਵਰਗੇ ਰਣਨੀਤਕ ਤੌਰ 'ਤੇ ਅਹਿਮ ਰਾਜ ਅੰਦਰ ਦੁਬਾਰਾ ਆਪਣੀ ਸਰਕਾਰ ਕਾਇਮ ਕਰਨ ਵਿਚ ਕਾਇਮ ਰਹੀ। ਇਸ ਤੋਂ ਸਾਫ ਜ਼ਾਹਿਰ ਹੋ ਗਿਆ ਕਿ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਫਿਰਕੂ ਵੰਡੀਆਂ ਸਿਆਸਤ ਕਿੰਨੀ ਹੇਠਾਂ ਤੱਕ ਅੱਪੜ ਗਈ ਹੈ। ਲੰਮਾ ਸਮਾਂ ਚੱਲਿਆ ਅਤੇ ਜੇਤੂ ਰਿਹਾ ਕਿਸਾਨ ਅੰਦੋਲਨ ਵੀ ਭਾਰਤੀ ਜਨਤਾ ਪਾਰਟੀ ਦੀ ਜੇਤੂ ਮੁਹਿੰਮ ਨੂੰ ਬਹੁਤੀ ਠੱਲ੍ਹ ਨਹੀਂ ਪਾ ਸਕਿਆ ਹਾਲਾਂਕਿ ਨਤੀਜਿਆਂ ਤੋਂ ਪਹਿਲਾਂ ਰਿਪੋਰਟਾਂ ਇਹੀ ਆ ਰਹੀਆਂ ਸਨ ਕਿ ਕਿਸਾਨ ਅੰਦੋਲਨ ਦੀ ਸੱਟ ਭਾਰਤੀ ਜਨਤਾ ਪਾਰਟੀ ਨੂੰ ਮਹਿੰਗੀ ਪੈ ਸਕਦੀ ਹੈ।

ਇਸ ਹਿੰਸਾ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਜੇ ਤੱਕ ਇਕ ਵੀ ਸ਼ਬਦ ਨਹੀਂ ਬੋਲਿਆ ਹੈ। ਉਸ ਦੀ ਖਾਮੋਸ਼ੀ ਦੱਸਦੀ ਹੈ ਕਿ ਉਹ ਆਪਣੀ ਸਿਆਸਤ ਲਈ ਹੁਣ ਹਰ ਸੀਮਾ ਪਾਰ ਕਰਨ ਲਈ ਤਿਆਰ ਹੈ। ਅਸਲ ਵਿਚ, ਭਾਰਤੀ ਜਨਤਾ ਪਾਰਟੀ ਨੇ ਇਹ ਚੰਗੀ ਤਰ੍ਹਾਂ ਤਾੜ ਲਿਆ ਹੈ ਕਿ ਹੁਣ ਵਿਰੋਧੀ ਧਿਰ ਇਸ ਨੂੰ ਡੱਕਣ ਦੇ ਸਮਰੱਥ ਨਹੀਂ ਰਹੀ, ਇਸ ਲਈ ਅਜਿਹੀ ਸਿਆਸਤ ਨੂੰ ਅਗਲੇ ਪੜਾਵਾਂ 'ਤੇ ਲਿਜਾਇਆ ਜਾਵੇ। ਵਿਰੋਧੀ ਧਿਰ ਪੂਰੀ ਤਰ੍ਹਾਂ ਇਕਜੁਟ ਵੀ ਨਹੀਂ। ਹਾਲ ਹੀ ਵਿਚ ਕੁਝ ਪਾਰਟੀਆਂ ਨੇ ਇਸ ਹਿੰਸਾ ਅਤੇ ਪ੍ਰਧਾਨ ਮੰਤਰੀ ਦੀ ਖਾਮੋਸ਼ੀ ਬਾਰੇ ਸਵਾਲ ਉਠਾਏ ਹਨ ਪਰ ਵਿਰੋਧੀ ਧਿਰ ਦੀ ਇਹ ਕਵਾਇਦ ਸਿਰਫ ਬਿਆਨ ਜਾਰੀ ਕਰਨ ਤੱਕ ਸੀਮਤ ਹੋ ਕੇ ਰਹਿ ਗਈ ਹੈ। ਹੋਰ ਤਾਂ ਹੋਰ ਵਿਰੋਧੀ ਧਿਰ ਤਾਂ ਕੋਈ ਵੀ ਮੁੱਦਾ ਕਾਰਗਰ ਢੰਗ ਨਾਲ ਉਠਾਉਣ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੀ; ਨਾ ਸੰਸਦ ਦੇ ਅੰਦਰ ਅਤੇ ਨਾ ਹੀ ਸੰਸਦ ਦੇ ਬਾਹਰ। ਇਸ ਵਕਤ ਮਹਿੰਗਾਈ ਸਿਖਰਾਂ 'ਤੇ ਪੁੱਜ ਗਈ ਹੈ। ਦੇਸ਼ ਨੂੰ ਆਰਥਿਕ ਲੀਹਾਂ 'ਤੇ ਪਾਉਣ ਲਈ ਮੋਦੀ ਸਰਕਾਰ ਬੁਰੀ ਤਰ੍ਹਾਂ ਨਾਕਾਮ ਰਹੀ ਹੈ ਪਰ ਇਨ੍ਹਾਂ ਮਸਲਿਆਂ 'ਤੇ ਵਿਰੋਧੀ ਧਿਰ ਸਰਕਾਰ ਨੂੰ ਢੰਗ ਨਾਲ ਘੇਰ ਵੀ ਨਹੀਂ ਸਕੀ ਹੈ। ਸੱਚੀ ਗੱਲ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਵੱਖ-ਵੱਖ ਹੱਥਕੰਡੇ ਅਪਨਾ ਕੇ ਆਪਣੀ ਸਮੁੱਚੀ ਮਸ਼ੀਨਰੀ ਨੂੰ ਚੋਣ ਸਿਆਸਤ ਮੁਤਾਬਿਕ ਫਿੱਟ ਕਰ ਲਿਆ ਹੈ। ਇਸੇ ਕਰਕੇ ਇੱਕਾ-ਦੁੱਕਾ ਮਿਸਾਲਾਂ ਨੂੰ ਛੱਡ ਕੇ ਚੋਣ ਸਿਆਸਤ ਵਿਚ ਵਿਰੋਧੀ ਧਿਰ ਦੇ ਪੈਰ ਹੀ ਨਹੀਂ ਲੱਗ ਰਹੇ। ਇਸ ਲਈ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਵੰਡ-ਪਾਊ ਸਿਆਸਤ ਦਾ ਤੋੜ ਤਿਆਰ ਕਰਨ ਲਈ ਸਮੁੱਚੀ ਵਿਰੋਧੀ ਧਿਰ ਨੂੰ ਨਵੇਂ ਸਿਰਿਓਂ ਸੋਚ-ਵਿਚਾਰ ਕਰਨੀ ਪਵੇਗੀ। ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੂੰ ਆਪੋ-ਆਪਣੇ ਨਿੱਜੀ ਮੁਫਾਦ ਛੱਡ ਕੇ ਮਨੁੱਖਤਾਵਾਦੀ ਸਿਆਸਤ ਦੇ ਲੜ ਲੱਗਣਾ ਪਵੇਗਾ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਰੀਆਂ ਧਿਰਾਂ ਹੱਥ ਮਲਦੀਆਂ ਰਹਿ ਜਾਣਗੀਆਂ ਅਤੇ ਸਿਆਸਤ ਦੇ ਪਿੜ ਵਿਚ ਭਾਰਤੀ ਜਨਤਾ ਪਾਰਟੀ ਵਰਗੀ ਹੀ ਕੋਈ ਹੋਰ ਪਾਰਟੀ ਇਨ੍ਹਾਂ ਦੀ ਸਾਰੀ ਥਾਂ ਮੱਲ ਲਵੇਗੀ। ਇਸ ਪ੍ਰਸੰਗ ਵਿਚ ਆਮ ਆਦਮੀ ਪਾਰਟੀ ਬਾਰੇ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ। ਭਾਰਤ ਦੀ ਸਿਆਸਤ ਇਸ ਵਕਤ ਵੱਡੀ ਤਬਦੀਲੀ ਦੇ ਦੌਰ ਵਿਚੋਂ ਲੰਘ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਫੇਸਬੁੱਕ ਤੇ ਫੀਲਡ ਦਾ ਫਰਕ

ਭਾਵਨਾ ਲਿਖਤ ਵਿਚੋਂ ਝੱਟ ਹੀ ਨਜ਼ਰ ਪੈਂਦੀ, ਦਿਲ ਵਿਚ ਭਰੀ ਪਈ ਈਰਖਾ ਤੇ ਖਾਰ ਦੀ।
ਆਪਣੀ ਹੀ ਪੋਸਟ ਨੂੰ ਮੰਨ ਕੇ ਅਖੀਰੀ ਸੱਚ, ਖੁੰਬ ਠੱਪ ਦਿੰਦੇ ਨੇ ਸਿਆਣੇ ਕਿਸੇ ਯਾਰ ਦੀ।
ਹੋਰਨਾਂ ਦੀ 'ਸੌ' ਵੀ ਸੁਨਿਆਰ ਵਾਲੀ ਜਾਣਦੇ ਨੇ, ਆਪੇ ਲਿਖੀ 'ਇਕ' ਨੂੰ ਹੀ ਦੱਸਦੇ ਲੁਹਾਰ ਦੀ।
ਦੇਖ ਦੇ ਅਸਹਿਮਤੀ ਨੂੰ ਹੋ ਜਾਂਦੇ ਨੇ ਲੋਹੇ ਲਾਖੇ, 'ਫੀਤੀ' ਝੱਟ ਠੋਕਦੇ ਐ 'ਭਗਤ ਗੱਦਾਰ' ਦੀ।
ਸਿੰਗ ਹੀ ਫਸਾ ਲੈਂਦੇ ਨੇ ਬਹੁਤੇ ਏਸ ਮੰਚ ਉਤੇ, ਮਿਹਣੋ-ਮਿਹਣੀ ਹੁੰਦੇ ਗੱਲ ਛੱਡ ਕੇ ਵਿਚਾਰ ਦੀ।
ਫੀਲਡ ਦੇ ਵਿਚ ਤਾਂ ਹਾਲਾਤ ਹੁੰਦੇ ਆਮ ਜਿਹੇ, 'ਫੇਸ-ਬੁੱਕ' ਰਹਿੰਦੀ ਐ ਉਬਾਲੇ ਸਦਾ ਮਾਰਦੀ!

# ਸੰਸਾਰ ਚੌਧਰੀ ਅਮਰੀਕਾ ਦਾ ਅਰਥਚਾਰਾ ਹਾਲੋਂ ਬੇਹਾਲ

**ਅਜੇ ਵੀ ਅਮਰੀਕਾ 'ਚ ਸਬਸਿਡੀਆਂ, ਰਾਹਤ ਪੈਕਜਾਂ ਦਾ ਫਾਇਦਾ ਭਾਵੇਂ ਬਹੁਤਾ ਸਰਮਾਏਦਾਰਾਂ ਨੂੰ ਹੁੰਦਾ ਹੈ ਪਰ ਕਰਾਂ ਦਾ ਵਧੇਰੇ ਬੋਝ ਆਮ ਲੋਕਾਂ ਉੱਤੇ ਹੀ ਹੈ। ਉਤੋਂ ਅਮਰੀਕਾ ਨੇ ਰੂਸ-ਯੂਕਰੇਨ ਜੰਗ ਵਿਚ ਜੰਗ ਵਿਰੋਧੀ ਹੋਣ ਦੀ ਗੱਲ ਕਰਦਿਆਂ ਰੂਸ ਉਤੇ ਕਈ ਆਰਥਕ ਰੋਕਾਂ ਵੀ ਮੜ੍ਹ ਦਿੱਤੀਆਂ ਹਨ। ਇਸ ਦਾ ਅਸਰ ਮੋੜਵੇਂ ਰੂਪ ਵਿਚ ਅਮਰੀਕੀ ਅਰਥਚਾਰੇ ਅਤੇ ਅਮਰੀਕੀ ਲੋਕਾਈ ਉਤੇ ਵੀ ਪਵੇਗਾ।**

ਕਰੋਨਾ ਕਾਲ ਤੋਂ ਦੁਨੀਆ ਭਰ ਵਿਚ ਇਹ ਆਮ ਵਰਤਾਰਾ ਬਣ ਗਿਆ ਹੈ ਕਿ ਹਰ ਤਿਮਾਹੀ, ਛਿਮਾਹੀ ਤੇ ਸਾਲ ਦੀ ਸ਼ੁਰੂਆਤ ਵਿਚ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼, ਫੈਡਰਲ ਰਿਜ਼ਰਵ ਬੈਂਕ, ਵੱਖੋ-ਵੱਖ ਮੁਲਕਾਂ ਦੇ ਕੇਂਦਰੀ ਬੈਂਕ ਆਉਣ ਵਾਲੇ ਸਮੇਂ ਵਿਚ ਤੇਜ਼ ਆਰਥਕ ਵਾਧਾ ਦਰ ਦੇ ਦਾਅਵੇ ਭਵਿੱਖਵਾਣੀਆਂ ਕਰਦੇ ਹਨ ਕਿ ਬੇਰੁਜ਼ਗਾਰੀ, ਮਹਿੰਗਾਈ ਆਦਿ ਉੱਤੇ ਕਾਬੂ ਪਾ ਲਿਆ ਜਾਵੇਗਾ ਪਰ ਕੁਝ ਸਮਾਂ ਲੰਘਣ ਪਿੱਛੋਂ ਹੀ ਇਨ੍ਹਾਂ ਖਿਆਲੀ ਉਡਾਰੀਆਂ ਦੀ ਫੂਕ ਨਿੱਕਲ ਜਾਂਦੀ ਹੈ।

2008 ਦੇ ਸਬਪ੍ਰਾਈਮ ਸੰਕਟ ਮਗਰੋਂ ਹੀ ਪੂਰੀ ਦੁਨੀਆ ਦੇ ਅਰਥਚਾਰਿਆਂ ਵਿਚ ਹੀ ਕੋਈ ਟਿਕਵਾਂ ਉਭਾਰ ਦਾ ਸਮਾਂ ਨਹੀਂ ਆਇਆ। ਕਰੋਨਾ

ਨਵਜੋਤ
ਫੋਨ: +91-85578-12341

ਕਾਲ ਤੱਕ ਆਉਂਦੇ ਆਉਂਦੇ ਵੱਖੋ-ਵੱਖ ਮੁਲਕਾਂ ਵਿਚ ਆਰਥਕ ਸੰਕਟ ਕਾਫੀ ਡੂੰਘਾ ਹੋ ਚੁੱਕਿਆ ਸੀ ਤੇ ਪੂਰੇ ਅਰਥਚਾਰੇ ਵਿਚ ਹੀ ਮੁਨਾਫਾ ਕਾਫੀ ਹੇਠਾਂ ਆ ਚੁੱਕਾ ਸੀ। ਅਜਿਹੇ ਵੇਲੇ ਲੋਕਾਂ ਵਿਚ ਬੇਚੈਨੀ ਵਧਣ ਲੱਗੀ ਸੀ ਤੇ ਇਸ ਦੇ ਪ੍ਰਗਟਾਵੇ ਵੀ ਹੋ ਰਹੇ ਸਨ ਜਿਨ੍ਹਾਂ ਕਰਕੇ ਸਰਕਾਰਾਂ ਚਿੰਤਾ ਵਿਚ ਸਨ।

ਦੂਜਾ, ਸਰਕਾਰਾਂ ਲਈ ਸਭ ਤੋਂ ਵੱਡਾ ਚਿੰਤਾ ਦਾ ਵਿਸ਼ਾ ਘੱਟ ਰਹੇ ਮੁਨਾਫੇ ਸੀ ਤੇ ਇਨ੍ਹਾਂ ਨੂੰ ਹੁਲਾਰਾ ਦੇਣ ਲਈ ਵੱਡੇ ਪੱਧਰ ਉਤੇ ਨਿੱਜੀਕਰਨ ਦੀ ਲੋੜ ਸੀ। ਕਰੋਨਾ ਕਾਲ ਦੀਆਂ ਪਾਬੰਦੀਆਂ ਸਮੇਂ ਲੋਕਾਂ ਦੇ ਵਿਰੋਧਾਂ ਨੂੰ ਜਬਰੀ ਰੋਕਣ ਤੇ ਦੂਜਾ ਨਿੱਜੀਕਰਨ, ਕਿਰਤ ਕਾਨੂੰਨ ਵਿਚ ਸੋਧ ਕਰਕੇ ਉਨ੍ਹਾਂ ਦੀ ਲੁੱਟ, ਜਬਰ ਨੂੰ ਹੋਰ ਅੱਗੇ ਵਧਾਇਆ ਗਿਆ ਪਰ ਇਨ੍ਹਾਂ ਪਾਬੰਦੀਆਂ ਰਾਹੀਂ ਜਿੱਥੇ ਵੱਡੇ ਸਰਮਾਏਦਾਰਾਂ ਨੂੰ ਅਥਾਹ ਫਾਇਦਾ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਉੱਥੇ ਇਨ੍ਹਾਂ ਪਾਬੰਦੀਆਂ ਸਦਕਾ ਹੀ ਦੁਨੀਆ ਭਰ ਵਿਚ ਆਰਥਕ ਸੰਕਟ ਵੀ ਨਵੀਆਂ ਉਚਾਈਆਂ ਉੱਤੇ ਪੁੱਜ ਗਿਆ। ਇਸ ਤੋਂ ਪਿੰਡ ਛੁਡਾਉਣਾ ਤਾਂ ਛੱਡੋ, ਆਪਣੀਆਂ ਸਾਰੀਆਂ ਨੀਤੀਆਂ ਆਦਿ ਦੇ ਬਾਵਜੂਦ ਸਰਕਾਰਾਂ ਲਈ ਫੌਰੀ ਰਾਹਤ ਲੱਭਣੀ ਵੀ ਔਖੀ ਹੋ ਚੁੱਕੀ ਹੈ।

ਸੰਸਾਰ ਅਰਥਚਾਰੇ ਅੰਦਰ ਅਮਰੀਕਾ ਸਿਰਮੌਰ ਥਾਂ ਰੱਖਦਾ ਹੈ। ਸਾਲ ਦੇ ਸ਼ੁਰੂਆਤ ਵਿਚ ਇਸ ਦੀ ਕੁੱਲ ਘਰੇਲੂ ਪੈਦਾਵਾਰ 22.9 ਖਰਬ ਡਾਲਰ ਸੀ ਜੋ ਸੰਸਾਰ ਦੀ ਕੁੱਲ ਪੈਦਾਵਾਰ ਦਾ 24.4% ਬਣਦਾ ਹੈ। 1960 ਵਿਚ ਸੰਸਾਰ ਦੀ ਕੁੱਲ ਪੈਦਾਵਾਰ ਦਾ 40% ਅਮਰੀਕਾ ਤੋਂ ਆਉਂਦਾ ਸੀ ਜੋ ਹੁਣ ਘਟ ਕੇ 24.4% ਰਹਿ ਗਿਆ ਹੈ। ਬਹੁਤੇ ਅਨੁਮਾਨਾਂ ਅਨੁਸਾਰ ਚੀਨ ਨੂੰ ਇਸ ਪੱਧਰ ਤੱਕ ਪਹੁੰਚਣ ਲਈ ਕੁਝ ਸਾਲ ਹੋਰ ਲੱਗ ਸਕਦੇ ਹਨ ਤੇ ਉਦੋਂ ਤੱਕ ਅਮਰੀਕਾ ਹੀ ਸੰਸਾਰ ਦੇ ਅਰਥਚਾਰੇ ਦਾ ਚੌਧਰੀ ਰਹੇਗਾ ਤੇ ਇਸ ਦੇ ਅਰਥਚਾਰੇ ਵਿਚ ਆਉਂਦੇ ਉਤਾਰ-ਚੜ੍ਹਾਅ ਦਾ ਪੂਰੇ ਸੰਸਾਰ ਅਰਥਚਾਰੇ ਉੱਤੇ ਕਿਸੇ ਹੋਰ ਮੁਲਕ ਦੇ ਅਰਥਚਾਰੇ ਨਾਲੋਂ ਵਧੇਰੇ ਅਸਰ ਪਵੇਗਾ।

ਅਮਰੀਕਾ ਦੁਨੀਆ ਵਿਚ ਸਭ ਤੋਂ ਵੱਧ ਵਪਾਰ ਕਰਨ ਵਾਲਾ ਮੁਲਕ ਹੈ। ਸੰਸਾਰ ਅਰਥਚਾਰੇ ਲਈ ਅਮਰੀਕੀ ਡਾਲਰ ਦੇ ਮੁੱਲ ਦਾ ਹੇਠਾਂ ਉੱਤੇ ਹੋਣਾ ਕਾਫੀ ਮਾਇਨੇ ਰੱਖਦਾ ਹੈ ਕਿਉਂਕਿ ਅਮਰੀਕਾ ਦੀ ਮੁਦਰਾ ਅਮਰੀਕੀ ਡਾਲਰ ਇੱਕ ਹੱਦ ਤੱਕ ਅਖੌਤੀ ਸੰਸਾਰ ਮੁਦਰਾ ਦੀ ਭੂਮਿਕਾ ਨਿਭਾਉਂਦੀ ਹੈ। ਤਾਜ਼ਾ ਅੰਕੜਿਆਂ ਅਨੁਸਾਰ ਪੂਰੀ ਦੁਨੀਆ ਵਿਚ ਵੱਖ ਵੱਖ ਸਰਕਾਰਾਂ ਦੇ ਵਿਦੇਸ਼ੀ ਮੁਦਰਾ ਭੰਡਾਰਾਂ ਦਾ 61% ਅਮਰੀਕੀ ਡਾਲਰਾਂ ਵਿਚ ਹੈ; ਨਾਲ ਹੀ ਸੰਸਾਰ ਵਿਚਲੇ ਕੁੱਲ ਕਰਜ਼ੇ ਦਾ 40% ਵੀ ਅਮਰੀਕੀ ਡਾਲਰਾਂ ਵਿਚ ਹੀ ਲਿਆ ਗਿਆ ਹੈ। ਇਸ ਦੇ ਨਾਲ ਹੀ ਵੱਖ ਵੱਖ ਮੁਲਕਾਂ ਦਰਮਿਆਨ ਆਪਸੀ ਵਿੱਤੀ ਲੈਣ-ਦੇਣ ਦਾ 80% ਵੀ ਅਮਰੀਕੀ ਡਾਲਰਾਂ ਵਿਚ ਹੁੰਦਾ ਹੈ ਤੇ ਬਹੁਤੀਆਂ ਜਿਣਸਾਂ ਜਿਵੇਂ ਖੇਤੀਬਾੜੀ ਨਾਲ ਸਬੰਧਤ ਜਿਣਸਾਂ, ਤੇਲ, ਤਾਂਬਾ ਆਦਿ ਦਾ ਵਪਾਰ ਵੀ ਬਹੁਤਾ ਕਰਕੇ ਅਮਰੀਕੀ ਡਾਲਰਾਂ ਵਿਚ ਹੀ ਹੁੰਦਾ ਹੈ; ਮਤਲਬ, ਅਮਰੀਕੀ ਡਾਲਰ ਦਾ ਸਥਿਰ ਰਹਿਣਾ ਸੰਸਾਰ ਅਰਥਚਾਰੇ ਲਈ ਖਾਸ ਮਹੱਤਵ ਰੱਖਦਾ ਹੈ ਤੇ ਇਸ ਸਥਿਰਤਾ ਦਾ ਸਿੱਧਾ ਸਬੰਧ ਅਮਰੀਕੀ



ਅਰਥਚਾਰੇ ਨਾਲ ਹੈ।

2008 ਦੇ ਸੰਕਟ ਤੋਂ ਅਮਰੀਕਾ ਦਾ ਅਰਥਚਾਰਾ ਉੱਭਰ ਨਹੀਂ ਸਕਿਆ। ਜਨਵਰੀ 2020 ਤੋਂ ਅਮਰੀਕਾ ਦਾ ਆਰਥਕ ਸੰਕਟ ਗਹਿਰਾ ਹੋ ਰਿਹਾ ਸੀ। ਕਰੋਨਾ ਕਾਲ ਮਗਰੋਂ ਇਹ ਹੋਰ ਡੂੰਘਾ ਹੋਇਆ। 2020 'ਚ ਮਨਫੀ ਵਾਧਾ ਦਰ ਤੋਂ ਬਾਅਦ 2021 'ਚ ਵਾਧਾ ਦਰ 5.7% ਰਹੀ। ਅਨੁਮਾਨਾਂ ਅਨੁਸਾਰ 2022 'ਚ ਵੀ ਇਹ 3.8-4% ਦੇ ਨੇੜੇ ਤੇੜੇ ਰਹਿਣ ਦੀ ਆਸ ਸੀ ਪਰ ਅਰਥਚਾਰੇ ਦੀ ਜਨਵਰੀ-ਫਰਵਰੀ ਦੀ ਕਾਰਗੁਜ਼ਾਰੀ ਨੇ ਦਿਖਾ ਦਿੱਤਾ ਕਿ ਇਹ ਅਨੁਮਾਨ ਹਕੀਕਤ ਤੋਂ ਬਹੁਤ ਵੱਧ ਹਨ। ਹੁਣ ਅਨੁਮਾਨ ਹੈ ਕਿ ਅਰਥਚਾਰਾ ਇਸ ਸਾਲ 3-3.2% ਨਾਲ ਵੀ ਵਧੇਗਾ। ਵਧੇਰੇ ਅਨੁਮਾਨਾਂ ਅਨੁਸਾਰ 2023 ਤੇ 2024 ਵਿਚ ਵਾਧਾ ਦਰ ਇਸ ਤੋਂ ਵੀ ਹੇਠਾਂ ਜਾਵੇਗੀ।

ਸਰਕਾਰ ਦੀ ਚਿੰਤਾ ਇਸ ਗੱਲ ਨਾਲ ਹੋਰ ਵਧ ਗਈ ਹੈ ਕਿ ਅਸਲ ਪੈਦਾਵਾਰ ਵਿਚ ਮੁਨਾਫਿਆਂ ਦੀ ਤੋਟ ਸਦਕਾ ਸਰਮਾਏਦਾਰ ਇਸ ਖੇਤਰ ਵਿਚ ਨਿਵੇਸ਼ ਕਰਨ ਤੋਂ ਹੱਥ ਪਿੱਛੇ ਖਿੱਚ ਰਹੇ ਹਨ ਜਿਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਗੰਭੀਰ ਹੋ ਰਹੀ ਹੈ। ਸਰਕਾਰੀ ਅੰਕੜਿਆਂ ਨੇ ਦਰਸਾਇਆ ਹੈ ਕਿ ਸਾਲ ਦੀ ਸ਼ੁਰੂਆਤ ਮਗਰੋਂ ਅਮਰੀਕਾ ਅੰਦਰ 3 ਲੱਖ 1 ਹਜ਼ਾਰ ਨੌਕਰੀਆਂ ਘੱਟ ਗਈਆਂ। ਪ੍ਰਾਈਵੇਟ ਏਜੰਸੀਆਂ ਦੇ ਅੰਕੜਿਆਂ ਅਨੁਸਾਰ ਜਨਵਰੀ ਦੌਰਾਨ ਅਮਰੀਕਾ ਵਿਚ ਕਰੀਬ 2.5-4 ਲੱਖ ਨੌਕਰੀਆਂ ਘਟ ਗਈਆਂ। ਕਰੋਨਾ ਕਾਲ ਸਮੇਂ ਥੋਪੀਆਂ ਪਾਬੰਦੀਆਂ ਤੋਂ ਹੀ ਬੇਰੁਜ਼ਗਾਰੀ ਅਮਰੀਕਾ ਵਿਚ ਭਿਅੰਕਰ ਸਮੱਸਿਆ ਬਣ ਰਹੀ ਸੀ। ਹੁਣ ਹਾਲਤ ਇਹ ਹੈ ਕਿ 25 ਤੋਂ 54 ਸਾਲ ਦੀ ਉਮਰ ਵਾਲੇ ਅਮਰੀਕੀਆਂ ਜੋ ਕਰੋਨਾ ਕਾਲ ਤੋਂ ਪਹਿਲਾਂ ਬਾਰੁਜ਼ਗਾਰ ਸਨ, ਵਿਚੋਂ ਹੁਣ 80% ਕੋਲ ਕੋਈ ਨੌਕਰੀ ਨਹੀਂ।

ਕਰੋਨਾ ਕਾਲ ਵੇਲੇ ਅਮਰੀਕੀ ਸਰਕਾਰ ਅਤੇ ਫੈਡਰਲ ਰਿਜ਼ਰਵ ਬੈਂਕ ਨੇ ਵੱਡੇ ਸਰਮਾਏਦਾਰਾਂ ਦੇ ਮੁਨਾਫੇ ਵਧਾਉਣ ਲਈ ਜੋ ਨੀਤੀਆਂ ਅਪਨਾਈਆਂ, ਸਬਸਿਡੀਆਂ ਤੇ ਰਾਹਤਾਂ ਦੇ ਖੁੱਲ੍ਹੇ ਗਫੇ ਦਿੱਤੇ, ਵਿਆਜ ਦਰਾਂ ਹੇਠਾਂ ਰੱਖੀਆਂ ਆਦਿ, ਹੁਣ ਨਤੀਜਾ ਸਾਹਮਣੇ ਆਉਣ ਲੱਗਾ ਹੈ। ਵਧਿਆ ਕਰਜ਼ਾ, ਮਹਿੰਗਾਈ, ਸੱਟਾ ਬਾਜ਼ਾਰ ਵਿਚ ਗੜਬੜੀ ਆਦਿ ਗੰਭੀਰ ਰੂਪ ਅਖਤਿਆਰ ਕਰ ਰਹੇ ਹਨ। ਜੇ ਸਰਕਾਰ ਮਹਿੰਗਾਈ ਨਾਲ ਨਜਿੱਠਣ ਵਾਲੀ ਨੀਤੀ ਅਪਨਾਉਂਦੀ ਹੈ ਤਾਂ ਇਸ ਨਾਲ ਸੱਟਾ ਬਾਜ਼ਾਰ ਵਿਚ ਕਾਫੀ ਗਿਰਾਵਟ ਆ ਸਕਦੀ ਹੈ ਜੋ ਪੂਰੇ ਅਰਥਚਾਰੇ ਦੀਆਂ ਜੜ੍ਹਾਂ ਹਿਲਾ ਦੇਵੇਗੀ; ਜੇ ਸੱਟਾ ਬਾਜ਼ਾਰ ਵਿਚ ਗਿਰਾਵਟ ਰੋਕਣ ਦਾ ਫੈਸਲਾ ਕੀਤਾ ਜਾਂਦਾ ਹੈ ਤਾਂ ਮਹਿੰਗਾਈ ਵਿਚ ਛੜੱਪੇ-ਮਾਰ ਵਾਧਾ ਹੋਵੇਗਾ। ਦੋਹਾਂ ਹਾਲਾਤ ਵਿਚ ਨਾ ਸਿਰਫ ਸਰਮਾਏਦਾਰਾਂ ਨੂੰ ਆਰਥਕ ਨੁਕਸਾਨ ਹੋਵੇਗਾ; ਬੇਰੁਜ਼ਗਾਰੀ, ਗਰੀਬੀ ਵਧਣ ਨਾਲ ਆਮ ਲੋਕਾਈ ਵਿਚ ਬੇਚੈਨੀ ਵਧਣ ਦੇ ਅਸਾਰ ਹਨ।

ਇਸ ਦੇ ਕੁਝ ਪ੍ਰਗਟਾਵੇ ਪਿੱਛੇ ਜਿਹੇ ਦੇਖਣ ਨੂੰ ਵੀ ਮਿਲੇ ਜਦ ਅਮਰੀਕਾ ਵਿਚ 2021 ਦੀ ਅਖੀਰਲੀ ਤਿਮਾਹੀ ਸਮੇਂ ਵੱਖ-ਵੱਖ ਕੰਪਨੀਆਂ ਜਿਵੇਂ ਕੈਲੋਗਜ਼, ਮੈਕਡੋਨਲਡਜ਼, ਜੌਹਨ ਡੀਅਰ, ਫਰਿਟੋਲੇਅ, ਵੈਂਡੀਜ਼, ਵਾਲਮਾਰਟ ਆਦਿ ਵਿਚ ਛੋਟੀਆਂ-ਵੱਡੀਆਂ ਹੜਤਾਲਾਂ ਹੋਈਆਂ ਤੇ ਬਹੁਕੌਮੀ ਕੰਪਨੀ ਸਟਾਰਬਕਸ ਵਿਚ ਪਹਿਲੀ ਵਾਰ ਮਜ਼ਦੂਰਾਂ ਦੀਆਂ ਯੂਨੀਅਨਾਂ ਬਣੀਆਂ। ਕਰੋਨਾ ਕਾਲ ਸਮੇਂ ਤੋਂ ਅਮਰੀਕਾ ਸਰਕਾਰ ਦੀ ਵਿੱਤੀ ਹਾਲਤ ਵਿਚ ਨਿਘਾਰ ਆਇਆ ਹੈ। ਤਰ੍ਹਾਂ ਤਰ੍ਹਾਂ ਦੇ ਰਾਹਤ ਪੈਕਜ, ਸਬਸਿਡੀਆਂ, ਟੈਕਸ ਵਿਚ ਛੋਟਾਂ (ਜਿਸ ਦਾ ਮੁੱਖ ਫਾਇਦਾ ਸਰਮਾਏਦਾਰਾਂ ਨੂੰ ਹੀ ਹੋਇਆ) ਆਦਿ ਨਾਲ ਅਮਰੀਕਾ ਦਾ ਫੈਡਰਲ ਕਰਜ਼ਾ ਜਨਵਰੀ 2022 ਵਿਚ 30 ਖਰਬ ਡਾਲਰ ਸੀ। ਇਹ ਇਸ ਦੀ ਕੁੱਲ ਘਰੇਲੂ ਪੈਦਾਵਾਰ ਦਾ ਲਗਭਗ 130% ਬਣਦਾ ਹੈ। 2008 ਦੇ ਸੰਕਟ ਸਮੇਂ ਇਹ ਅੰਕੜਾ 68% ਸੀ ਜੋ ਕਰੋਨਾ ਕਾਲ ਤੋਂ ਪਹਿਲਾਂ 107% ਨੂੰ ਛੂਹ ਚੁੱਕਿਆ ਸੀ। ਹੁਣ 2 ਸਾਲਾਂ ਦੇ ਵਕਫੇ ਵਿਚ ਹੀ ਇਸ ਵਿਚ ਲਗਭਗ 23% ਵਾਧਾ ਦਰਜ ਹੋਇਆ। ਜੇ ਨਿੱਜੀ ਕਰਜ਼ੇ ਨੂੰ ਵਿਚ ਜੋੜੀਏ ਜਿਸ ਵਿਚ ਮੁੱਖ ਹਿੱਸਾ ਸਰਮਾਏਦਾਰਾਂ ਸਿਰ ਕਰਜ਼ੇ ਦਾ ਹੀ ਹੁੰਦਾ ਹੈ ਤਾਂ ਅਮਰੀਕਾ ਦਾ ਕੁੱਲ ਕਰਜ਼ਾ ਕੁੱਲ ਘਰੇਲੂ ਪੈਦਾਵਾਰ ਦਾ 365% ਦੇ ਨੇੜੇ ਤੇੜੇ ਬਣਦਾ ਹੈ। ਸਰਕਾਰ ਨੂੰ ਆਸ ਸੀ ਕਿ ਉਹ ਕਰੋਨਾ ਕਾਲ ਵੇਲੇ ਵੱਡੇ ਸਰਮਾਏਦਾਰਾਂ ਨੂੰ ਜੋ ਸਬਸਿਡੀਆਂ, ਰਾਹਤ ਪੈਕੇਜ, ਘੱਟ ਦਰ ਉੱਤੇ ਵਿਆਜ ਦੇ ਰਹੇ ਹਨ, ਪਾਬੰਦੀਆਂ ਖੁੱਲ੍ਹਣ ਨਾਲ ਸਰਮਾਏਦਾਰ ਉਸ ਨੂੰ ਪੈਦਾਵਾਰ ਵਿਚ ਲਾਉਣਗੇ ਜਿਸ ਨਾਲ ਪੈਦਾਵਾਰ, ਰੁਜ਼ਗਾਰ ਵਿਚ ਵਾਧਾ ਹੋਵੇਗਾ ਤੇ ਸਰਕਾਰ ਆਪਣਾ ਕਰਜ਼ਾ ਲੋਕਾਂ ਤੇ ਸਰਮਾਏਦਾਰਾਂ ਉੱਤੇ ਟੈਕਸ ਲਾ ਕੇ ਲਾਹ ਸਕਣ ਦੇ ਸਮਰੱਥ ਹੋ ਜਾਵੇਗੀ।

ਇੱਥੇ ਇਹ ਜ਼ਿਕਰ ਜ਼ਰੂਰੀ ਹੈ ਕਿ ਅਜੇ ਵੀ ਅਮਰੀਕਾ 'ਚ ਸਬਸਿਡੀਆਂ, ਰਾਹਤ ਪੈਕਜਾਂ ਦਾ ਫਾਇਦਾ ਭਾਵੇਂ ਬਹੁਤਾ ਸਰਮਾਏਦਾਰਾਂ ਨੂੰ ਹੁੰਦਾ ਹੈ ਪਰ ਕਰਾਂ ਦਾ ਵਧੇਰੇ ਬੋਝ ਆਮ ਲੋਕਾਂ ਉਤੇ ਹੀ ਹੈ। ਅਸਲ ਪੈਦਾਵਾਰ ਦੇ ਖੇਤਰ 'ਚ ਮੁਨਾਫਿਆਂ ਦੀ ਤੋਟ ਸਦਕਾ ਵਧੇਰੇ ਮੁਨਾਫੇ ਕਮਾਉਣ ਲਈ ਸਰਮਾਏਦਾਰਾਂ ਨੇ ਪੈਦਾਵਾਰ ਦੀ ਥਾਂ ਮੁੱਖ ਨਿਵੇਸ਼ ਸੱਟਾ ਬਾਜ਼ਾਰ 'ਚ ਕੀਤਾ ਜਿਸ ਨਾਲ ਸੱਟਾ ਬਾਜ਼ਾਰ 'ਚ ਬੁਲਬੁਲਾ ਬਣਿਆ ਹੋਇਆ ਹੈ ਤੇ ਅਸਲ ਰੁਜ਼ਗਾਰ ਪਹਿਲਾਂ ਨਾਲੋਂ ਸੁੰਗੜਿਆ ਹੋਇਆ ਹੈ। ਉਤੋਂ ਰੂਸ-ਯੂਕਰੇਨ ਜੰਗ ਵਿਚ ਜੰਗ ਵਿਰੋਧੀ ਹੋਣ ਦਾ ਪਖੰਡ ਰਚਦਿਆਂ ਅਮਰੀਕਾ ਨੇ ਰੂਸ ਉਤੇ ਕਈ ਆਰਥਕ ਰੋਕਾਂ ਵੀ ਮੜ੍ਹ ਦਿੱਤੀਆਂ ਹਨ। ਇਸ ਦਾ ਅਸਰ ਮੋੜਵੇਂ ਰੂਪ ਵਿਚ ਅਮਰੀਕੀ ਅਰਥਚਾਰੇ ਤੇ ਅਮਰੀਕੀ ਲੋਕਾਈ ਉਤੇ ਵੀ ਪਵੇਗਾ।

***ਆਰ.ਐਸ.ਐਸ.-ਭਾਜਪਾ ਦੀ ਹਿੰਦੂ ਰਾਸ਼ਟਰ ਅਤੇ ਮੁਕੰਮਲ ਕਾਰਪੋਰੇਟ ਰਾਜ ਸਥਾਪਤ ਕਰਨ ਦੀ ਬੇਹੱਦ ਖਤਰਨਾਕ ਯੋਜਨਾ ਭਾਰਤ ਦੀ ਅਮੀਰ ਸਮਾਜਕ-ਸਭਿਆਚਾਰਕ ਵੰਨ-ਸਵੰਨਤਾ, ਭਾਈਚਾਰਕ ਸਾਂਝ ਅਤੇ ਜਮਹੂਰੀ ਕਦਰਾਂ-ਕੀਮਤਾਂ ਨੂੰ ਸਿਲਸਿਲੇਵਾਰ ਨਸ਼ਟ ਕਰ ਰਹੀ ਹੈ। ਸੰਘ ਪਰਿਵਾਰ ਵੱਲੋਂ ਅਜ਼ਾਨ ਦਾ ਵਿਰੋਧ ਕਰਨ ਲਈ ਮਸਜਿਦਾਂ ਅੱਗੇ ਲਾਊਡ ਸਪੀਕਰ ਲਗਾ ਕੇ ਹਨੂਮਾਨ ਚਾਲੀਸਾ ਪੜ੍ਹਨ ਦੇ ਸੱਦੇ ਦਿੱਤੇ ਜਾ ਰਹੇ ਹਨ। ਸੋਸ਼ਲ ਮੀਡੀਆ ਰਾਹੀਂ ਦਿਨ-ਰਾਤ ਐਨੇ ਵਿਆਪਕ ਪੈਮਾਨੇ 'ਤੇ ਮੁਸਲਮਾਨਾਂ ਵਿਰੁੱਧ ਨਫਰਤ ਬੀਜੀ ਜਾ ਰਹੀ ਹੈ ਜਿਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਐਨੇ ਖਤਰਨਾਕ ਹਾਲਾਤ ਦੇ ਬਾਵਜੂਦ ਵਿਰੋਧੀ ਧਿਰ ਦੀਆਂ 13 ਰਾਜਨੀਤਕ ਪਾਰਟੀਆਂ ਨੇ ਸਰਗਰਮ ਵਿਰੋਧ ਕਰਨ ਦੀ ਬਜਾਇ ਮਹਿਜ਼ ਸਾਂਝਾ ਬਿਆਨ ਦੇ ਕੇ ਡੰਗ ਟਪਾ ਲਿਆ ਹੈ।***

# ਭਾਰਤ ਨੂੰ ਫਿਰਕੂ ਦੰਗਿਆਂ 'ਚ ਝੋਕਣ ਦੀ ਕੋਸ਼ਿਸ਼

ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਆਰ.ਐਸ.ਐਸ.-ਭਾਜਪਾ ਨੇ ਫਿਰਕੂ ਪਾਲਾਬੰਦੀ ਦੀ ਮੁਹਿੰਮ ਹੋਰ ਤੇਜ਼ ਕਰ ਦਿੱਤੀ ਹੈ। ਹਰਦਵਾਰ ਵਿਚ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਐਲਾਨ ਕੀਤਾ ਹੈ ਕਿ ਉਂਞ ਤਾਂ 'ਅਖੰਡ ਭਾਰਤ' 20-25 ਸਾਲ 'ਚ ਬਣਨਾ ਹੈ ਪਰ ਸਾਰੇ ਥੋੜ੍ਹਾ ਯਤਨ ਕਰਨਗੇ ਤਾਂ ਇਹ ਸਿਰਫ 10-15 ਸਾਲ 'ਚ ਬਣ ਜਾਵੇਗਾ। ਉਸ ਨੇ ਇਹ ਵੀ ਕਿਹਾ ਕਿ ਜੋ ਇਸ ਨੂੰ ਰੋਕਣਗੇ, ਉਹ ਮਿਟ ਜਾਣਗੇ। ਆਰ.ਐਸ.ਐਸ. ਦੇ ਸ਼ਬਦ ਕੋਸ਼ ਵਿਚ 'ਅਖੰਡ ਭਾਰਤ' ਜਾਂ 'ਸੰਪੂਰਨ ਸਮਾਜ' ਤੋਂ ਭਾਵ ਅਫਗਾਨਿਸਤਾਨ, ਪਾਕਿਸਤਾਨ, ਬੰਗਲਾ ਦੇਸ਼, ਤਿੱਬਤ, ਭੂਟਾਨ, ਨੇਪਾਲ, ਮਿਆਂਮਾਰ, ਮਾਲਦੀਵ ਅਤੇ ਸ੍ਰੀਲੰਕਾ ਨੂੰ ਭਾਰਤ ਵਿਚ ਮਿਲਾ ਕੇ ਹਿੰਦੂ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਰਾਸ਼ਟਰ ਤੋਂ ਬਣਾਉਣ ਤੋਂ ਹੈ। ਸੰਘ ਮੁਖੀ ਨੇ ਇਹ ਵੀ ਸਪਸ਼ਟ ਕਿਹਾ ਹੈ ਕਿ ਸਨਾਤਨ ਧਰਮ ਹੀ ਹਿੰਦੂ ਰਾਸ਼ਟਰ ਹੈ। ਇਹ ਬਿਆਨ ਉਸ ਵਕਤ ਦਿੱਤਾ ਗਿਆ ਹੈ ਜਦੋਂ ਤਾਜ਼ਾ ਭਗਵੇਂ ਹਮਲਿਆਂ ਕਾਰਨ ਮੁਸਲਿਮ ਭਾਈਚਾਰਾ ਪਹਿਲਾਂ ਹੀ ਭਾਰਤ ਵਿਚ ਆਪਣੇ ਭਵਿੱਖ ਨੂੰ ਲੈ ਕੇ ਸਹਿਮਿਆ ਹੋਇਆ ਹੈ। ਭਾਗਵਤ ਦਾ 'ਅਖੰਡ ਭਾਰਤ' ਦਾ ਰਾਗ ਦੰਗਈ ਬ੍ਰਿਗੇਡ ਨੂੰ ਹੱਲਾਸ਼ੇਰੀ ਦੇਣ ਲਈ ਹੈ। ਪ੍ਰਧਾਨ ਮੰਤਰੀ ਇੰਞ ਖਾਮੋਸ਼ ਹੈ ਜਿਵੇਂ ਕੁਝ ਹੋ ਹੀ ਨਹੀਂ ਰਿਹਾ।

ਨਵਰਾਤਰੀ ਦੌਰਾਨ ਦਿੱਲੀ ਦੇ ਖਾਸ ਹਿੱਸਿਆਂ 'ਚ ਮੀਟ ਵੇਚਣ ਉਪਰ ਭਗਵਾਂ ਬ੍ਰਿਗੇਡ ਵੱਲੋਂ ਪਾਬੰਦੀ ਲਗਾ ਕੇ ਹਿੰਦੂ-ਮੁਸਲਿਮ ਟਕਰਾਓ ਪੈਦਾ ਕੀਤਾ ਗਿਆ। ਇਸ ਤੋਂ ਪਹਿਲਾਂ ਕਰਨਾਟਕਾ ਵਿਚ ਸਕੂਲਾਂ-ਕਾਲਜਾਂ ਵਿਚ ਹਿਜਾਬ ਪਹਿਨਣ ਨੂੰ ਮੁੱਦਾ ਬਣਾਇਆ ਗਿਆ ਤਾਂ ਜੋ ਮੁਸਲਿਮ ਲੜਕੀਆਂ ਨੂੰ ਪੜ੍ਹਾਈ ਤੋਂ ਬਾਹਰ ਕੀਤਾ ਜਾ ਸਕੇ। ਫਿਰ 'ਕਸ਼ਮੀਰ ਫਾਈਲਜ਼' ਫਿਲਮ ਦੇ ਬਹਾਨੇ ਕਸ਼ਮੀਰੀ ਪੰਡਤਾਂ ਦੇ ਉਜਾੜੇ ਅਤੇ ਹਿਜਰਤ ਦੇ ਸੰਤਾਪ ਨੂੰ ਫਿਰਕੂ ਪਾਲਾਬੰਦੀ ਲਈ ਵਰਤਿਆ ਗਿਆ। ਫਿਰ ਭਗਵੇਂ ਆਗੂਆਂ ਵੱਲੋਂ ਧਾਰਮਿਕ ਸਮਾਗਮਾਂ ਦੇ ਬਹਾਨੇ ਮੀਟ ਦੀ ਵਿਕਰੀ ਬੰਦ ਕਰਾਉਣੀ ਸ਼ੁਰੂ ਕਰ ਦਿੱਤੀ ਗਈ। ਮਾਸਾਹਾਰੀ ਖਾਣੇ ਨੂੰ ਮੁੱਦਾ ਬਣਾ ਕੇ ਜੇ.ਐਨ.ਯੂ. ਵਿਚ ਮੁੜ ਹਿੰਸਕ ਹਮਲਾ ਕੀਤਾ ਗਿਆ ਹੈ। ਦੁਕਾਨਾਂ ਬੰਦ ਰਹਿਣ ਕਾਰਨ ਮੀਟ ਵਿਕ੍ਰੇਤਾਵਾਂ, ਜੋ ਮੁੱਖ ਤੌਰ 'ਤੇ ਛੋਟੀਆਂ-ਛੋਟੀਆਂ ਦੁਕਾਨਾਂ ਚਲਾਉਣ ਵਾਲੇ ਮੁਸਲਮਾਨ ਹਨ, ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਉਨ੍ਹਾਂ 'ਚ ਡੂੰਘੀ ਬੇਚੈਨੀ ਅਤੇ ਗੁੱਸਾ ਖੌਲ ਰਿਹਾ ਹੈ ਜੋ ਕਦੇ ਵੀ ਫਿਰਕੂ ਰੰਗਤ ਅਖਤਿਆਰ ਕਰ ਸਕਦਾ ਹੈ।

ਮੀਟ ਬੰਦ ਕਰਾਉਣ ਤੋਂ ਬਾਅਦ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਪੱਛਮੀ ਬੰਗਾਲ ਸਮੇਤ ਘੱਟੋ-ਘੱਟ ਛੇ ਰਾਜਾਂ ਵਿਚ ਮੁਸਲਿਮ ਭਾਈਚਾਰੇ ਦੀਆਂ ਦੁਕਾਨਾਂ ਅਤੇ ਮਸਜਿਦਾਂ ਦੀ ਗਿਣ-ਮਿੱਥ ਕੇ ਭੰਨਤੋੜ ਕੀਤੀ ਗਈ ਹੈ। ਬਹੁਤ ਸਾਰੀਆਂ ਥਾਵਾਂ ਦੇ ਐਸੇ ਵੀਡੀਓ ਕਲਿੱਪ ਮੌਜੂਦ ਹਨ ਜਿੱਥੇ ਰਾਮ ਨੌਮੀ ਦੇ ਜਲੂਸਾਂ ਵਿਚ ਖੁੱਲ੍ਹੇਆਮ ਤਲਵਾਰਾਂ ਲਹਿਰਾਉਂਦੇ, ਮਸਜਿਦਾਂ ਉਪਰ ਹਮਲੇ ਕਰਦੇ, ਗੁੰਬਦਾਂ ਉਪਰ ਚੜ੍ਹ ਕੇ ਭਗਵੇਂ ਝੰਡੇ ਟੰਗਦੇ ਅਤੇ ਦੁਕਾਨਾਂ ਦੀ ਭੰਨਤੋੜ ਕਰਦੇ ਭਗਵੇਂ ਹਜੂਮ ਦੇਖੇ ਜਾ ਸਕਦੇ ਹਨ।

ਰਾਜਸਥਾਨ ਦੇ ਕਰੌਲੀ, ਮੱਧ ਪ੍ਰਦੇਸ਼ ਦੇ ਖਰਗੋਨ ਅਤੇ ਹੋਰ ਥਾਵਾਂ ਉਪਰ ਮੁਸਲਿਮ ਭਾਈਚਾਰੇ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਗਿਆ। ਕਰੌਲੀ 'ਚ ਹਿੰਦੂ ਨਵੇਂ ਵਰ੍ਹੇ ਦੇ ਜਸ਼ਨ ਮਨਾਉਣ ਲਈ 2 ਅਪਰੈਲ ਨੂੰ ਆਰ.ਐਸ.ਐਸ. ਦੇ ਸਥਾਨਕ ਆਗੂ ਸਾਹਿਬ ਸਿੰਘ ਗੁਰਜਰ ਦੀ ਅਗਵਾਈ ਹੇਠ ਰੈਲੀ ਕੱਢੀ ਗਈ ਜੋ ਮੁਸਲਿਮ ਵਿਰੋਧੀ ਭੜਕਾਊ ਨਾਅਰਿਆਂ ਤੋਂ ਚੁਣਵੀਆਂ ਦੁਕਾਨਾਂ ਦੀ ਸਾੜਫੂਕ ਅਤੇ ਹਮਲਿਆਂ 'ਚ ਬਦਲ ਗਈ। ਕਰੌਲੀ 'ਚ 62 ਦੁਕਾਨਾਂ/ਕਾਰੋਬਾਰਾਂ ਦੀ ਭੰਨਤੋੜ ਹੋਈ ਜਿਨ੍ਹਾਂ ਵਿਚੋਂ 59 ਦੁਕਾਨਾਂ ਮੁਸਲਮਾਨਾਂ ਦੀਆਂ ਸਨ। ਇਕ ਅੰਦਾਜ਼ੇ ਅਨੁਸਾਰ 5 ਕਰੋੜ ਤੋਂ ਵਧੇਰੇ ਨੁਕਸਾਨ ਹੋਇਆ ਹੈ। ਪੁਲਿਸ ਨੇ ਇਹ ਦੋਸ਼ ਲਗਾ ਕੇ ਮੁਸਲਮਾਨਾਂ ਵਿਰੁੱਧ ਹੀ ਕੇਸ ਦਰਜ ਕਰ ਲਏ ਕਿ ਉਨ੍ਹਾਂ ਨੇ ਹਿੰਦੂਆਂ ਦੇ ਧਾਰਮਿਕ ਜਲੂਸ ਉਪਰ ਪਥਰਾਓ ਕੀਤਾ ਸੀ। ਇਹ ਚੇਤੇ ਰੱਖਣਾ ਹੋਵੇਗਾ ਕਿ ਅਗਲੇ ਸਾਲ ਰਾਜਸਥਾਨ 'ਚ ਵਿਧਾਨ ਸਭਾ ਚੋਣਾਂ ਹੋਣਗੀਆਂ। ਹੁਣ ਕਾਂਗਰਸ ਸੱਤਾ ਵਿਚ ਹੈ ਅਤੇ ਅਗਲੀਆਂ ਚੋਣਾਂ ਦੀ ਤਿਆਰੀ ਲਈ ਆਰ.ਐਸ.ਐਸ.-ਭਾਜਪਾ ਫਿਰਕੂ ਪਾਲਾਬੰਦੀ ਰਾਹੀਂ ਵੋਟ ਆਧਾਰ ਵਧਾ ਰਹੀ ਹੈ। ਦੰਗੇ ਕਰਵਾ ਕੇ ਹਿੰਦੂ ਫਿਰਕੇ ਨੂੰ ਭੜਕਾਇਆ ਜਾ ਰਿਹਾ ਹੈ ਕਿ ਕਾਂਗਰਸ ਮੁਸਲਮਾਨਾਂ ਨੂੰ ਖੁਸ਼ ਕਰਨ ਦੀ ਨੀਤੀ 'ਤੇ ਚੱਲਦੀ ਹੈ ਅਤੇ ਦੰਗਈ ਮੁਸਲਮਾਨਾਂ ਨਾਲ ਸਖਤੀ ਨਾਲ ਪੇਸ਼ ਨਹੀਂ ਆਉਂਦੀ, ਦੰਗੇ ਇਸ ਕਰਕੇ ਹੁੰਦੇ ਹਨ। ਇਹ ਵੀ ਕਿ ਜੇ ਭਾਜਪਾ ਦਾ ਰਾਜ ਹੋਵੇਗਾ ਤਾਂ ਮੁਸਲਮਾਨਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

ਭਾਜਪਾ ਸ਼ਾਸਿਤ ਮੱਧ ਪ੍ਰਦੇਸ਼ ਵਿਚ ਖਰਗੋਨ 'ਚ ਵੀ ਰਾਮਨੌਮੀ ਦੇ ਨਾਂ ਹੇਠ 'ਕਸ਼ਮੀਰ ਫਾਈਲਜ਼' ਫਿਲਮ ਦੇ ਵੱਡੇ ਵੱਡੇ ਪੋਸਟਰ ਚੁੱਕ ਕੇ ਭਗਵੇਂ ਜਲੂਸ ਕੱਢੇ ਗਏ ਅਤੇ ਮਸਜਿਦਾਂ ਅੱਗੇ ਭੜਕਾਊ ਹਰਕਤਾਂ ਕਰਕੇ ਹਿੰਸਾ ਭੜਕਾਈ ਗਈ। ਮੁਸਲਮਾਨਾਂ ਵਿਰੁੱਧ ਨਿੱਤ ਨਵਾਂ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਖਰਗੋਨ ਵਿਚ ਹਿੰਸਾ ਸ਼ੁਰੂ ਹੋਣ ਤੋਂ ਪਹਿਲਾਂ ਭਾਜਪਾ ਦੇ ਆਗੂ ਕਪਿਲ ਮਿਸ਼ਰਾ ਦਾ ਸ੍ਰੀਰਾਮ ਜਨਉਤਸਵ ਸੋਭਾ ਯਾਤਰਾ ਵਿਚ ਸ਼ਾਮਿਲ ਹੋਣਾ ਕਿਸੇ ਡੂੰਘੀ ਸਾਜ਼ਿਸ਼ ਦਾ ਸਾਫ ਸੰਕੇਤ ਹੈ (ਇਸੇ ਕਪਿਲ ਮਿਸ਼ਰਾ ਨੇ ਉੱਤਰ-ਪੂਰਬੀ ਦਿੱਲੀ ਵਿਚ ਮੁਸਲਿਮ ਵਿਰੋਧੀ ਹਿੰਸਾ ਦੀ ਅਗਵਾਈ ਕੀਤੀ ਸੀ ਅਤੇ ਹੁਣ ਵੀ ਜਹਾਂਗੀਰਪੁਰੀ (ਦਿੱਲੀ) ਦੇ ਮੌਜੂਦਾ ਟਕਰਾਓ ਦੇ ਬਹਾਨੇ ਮੁਸਲਿਮ ਫਿਰਕੇ ਵਿਰੁੱਧ ਭੜਕਾਊ ਬਿਆਨਬਾਜ਼ੀ ਕਰ ਰਿਹਾ ਹੈ)। ਮੁਸਲਮਾਨਾਂ ਨੂੰ ਮਾਰਨ ਦੇ ਸੱਦੇ ਦਿੰਦੇ ਭੜਕਾਊ ਗੀਤ ਡੀ.ਜੇ. ਉਪਰ ਲਗਾ ਕੇ ਮਸਜਿਦਾਂ ਅੱਗੇ ਡਾਂਸ ਕੀਤੇ ਗਏ। ਜਦੋਂ ਇਸ ਦੇ ਪ੍ਰਤੀਕਰਮ 'ਚ ਖਰਗੋਨ, ਸੇਧਵਾਂ ਆਦਿ ਜ਼ਿਲ੍ਹਿਆਂ 'ਚ ਟਕਰਾਓ ਪੈਦਾ ਹੋ ਗਿਆ ਤਾਂ ਮੁਸਲਮਾਨਾਂ ਉਪਰ ਗਿਣਿਆ-ਮਿਥਿਆ ਹਮਲਾ ਸ਼ੁਰੂ ਕਰ ਦਿੱਤਾ ਗਿਆ। ਭਾਜਪਾ ਹਕੂਮਤ ਦੇ ਇਸ਼ਾਰੇ 'ਤੇ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਮੁਸਲਮਾਨਾਂ ਦੇ ਘਰ ਇਸ ਬਹਾਨੇ ਤੋੜ ਦਿੱਤੇ ਗਏ ਕਿ ਉਨ੍ਹਾਂ ਨੇ ਰਾਮ ਨੌਮੀ ਦੇ ਜਲੂਸ




ਉਪਰ ਪਥਰਾਓ ਕੀਤਾ ਸੀ। ਖਰਗੋਨ 'ਚ 45 ਮਕਾਨ ਗੈਰ-ਕਾਨੂੰਨੀ ਉਸਾਰੀਆਂ ਕਰਾਰ ਦੇ ਕੇ ਤੋੜ ਦਿੱਤੇ ਗਏ ਹਨ। ਇਨ੍ਹਾਂ ਵਿਚ ਇਕ ਬਜ਼ੁਰਗ ਔਰਤ ਹਸੀਨਾ ਫਖਰੂ ਦਾ ਘਰ ਵੀ ਸੀ ਜੋ ਸਰਕਾਰੀ ਸਕੀਮ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਬਣਾਇਆ ਗਿਆ ਸੀ। ਹਕੂਮਤ ਨੇ ਬਾਕਾਇਦਾ ਹੁਕਮ ਦੇ ਕੇ ਮੁਸਲਿਮ ਜਾਇਦਾਦਾਂ ਨੂੰ ਨਸ਼ਟ ਕਰਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਸੱਤਾਧਾਰੀ ਸਿਆਸਤਦਾਨਾਂ ਅਤੇ ਪ੍ਰਸ਼ਾਸਨ ਨੇ ਇਸ ਨੂੰ ਸਮੂਹਿਕ ਸਜ਼ਾ ਦਾ ਨਾਮ ਦਿੱਤਾ ਹੈ। ਮੁੱਖ ਮੰਤਰੀ ਨੇ ਇਹ ਐਲਾਨ ਵੀ ਕੀਤਾ ਹੈ ਕਿ ਜੋ ਰਾਮ ਨੌਵੀਂ ਦੇ ਜਲੂਸਾਂ ਦੌਰਾਨ ਹਿੰਸਾ ਵਿਚ ਸ਼ਾਮਿਲ ਸਨ ਉਨ੍ਹਾਂ ਤੋਂ ਨੁਕਸਾਨ ਦਾ ਹਰਜਾਨਾ ਵਸੂਲਿਆ ਜਾਵੇਗਾ। ਯਾਨੀ ਇਸ ਬਹਾਨੇ ਮੁਸਲਮਾਨਾਂ ਨੂੰ ਅਗਲੀ ਆਰਥਕ ਸੱਟ ਮਾਰੀ ਜਾਵੇਗੀ। ਮੱਧ ਪ੍ਰਦੇਸ਼ ਦੇ ਗ੍ਰਹਿ ਮੰਤਰੀ ਨੇ ਬਿਆਨ ਦਿੱਤਾ ਹੈ ਕਿ 'ਜਿਸ ਘਰ ਸੇ ਪੱਥਰ ਆਏ ਹੈਂ ਉਸ ਘਰ ਕੋ ਪੱਥਰੋਂ ਕਾ ਹੀ ਢੇਰ ਬਨਾਏਂਗੇ।'

ਅਦਾਲਤ ਰਾਹੀਂ ਦੋਸ਼ ਸਾਬਤ ਕਰਨ ਦੀ ਅਦਾਲਤੀ ਪ੍ਰਕਿਰਿਆ ਅਤੇ ਸਬੂਤਾਂ ਦੇ ਆਧਾਰ 'ਤੇ ਸਜ਼ਾ ਦੀ ਨਿਆਂਇਕ ਵਿਵਸਥਾ ਦੀਆਂ ਧੱਜੀਆਂ ਉਡਾ ਕੇ ਗੈਰ-ਅਦਾਲਤੀ ਸਜ਼ਾਵਾਂ ਦਾ ਮਾਡਲ ਖੁੱਲ੍ਹੇਆਮ ਰਾਜਕੀ ਸਰਪ੍ਰਸਤੀ ਹੇਠ ਸਥਾਪਿਤ ਕੀਤਾ ਜਾ ਰਿਹਾ ਹੈ। ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀਆਂ ਨੇ ਘੱਟਗਿਣਤੀਆਂ ਦੀਆਂ ਜਾਇਦਾਦਾਂ ਨੂੰ ਬੇਕਿਰਕੀ ਨਾਲ ਤਬਾਹ ਕਰ ਦੇਣ ਦੇ ਰਾਜਕੀ ਦਿਸ਼ਾ-ਨਿਰਦੇਸ਼ ਦੇ ਕੇ 'ਬੁਲਡੋਜ਼ਰ ਬਾਬਾ' ਅਤੇ 'ਬੁਲਡੋਜ਼ਰ ਮਾਮਾ' ਵਜੋਂ ਨਾਮਣਾ ਖੱਟਿਆ ਹੈ ਅਤੇ ਹਿੰਦੂ ਭਾਈਚਾਰੇ ਦਾ ਇਕ ਹਿੱਸਾ 'ਬੁਲਡੋਜ਼ਰ ਨੀਤੀ' ਪਿਛਲੇ ਮਨੋਰਥ ਨੂੰ ਸਮਝਣ ਦੀ ਬਜਾਇ ਇਸ ਦੀਆਂ ਤਾਰੀਫਾਂ ਕਰ ਰਿਹਾ ਹੈ।

ਇਸੇ ਤਰ੍ਹਾਂ ਉੱਤਰ-ਪੂਰਬੀ ਦਿੱਲੀ ਦੇ ਜਹਾਂਗੀਰਪੁਰੀ ਇਲਾਕੇ ਵਿਚ ਹਨੂਮਾਨ ਜੈਅੰਤੀ ਦੀ ਸੋਭਾ ਯਾਤਰਾ ਰਾਹੀਂ ਫਿਰਕੂ ਟਕਰਾਓ ਖੜ੍ਹਾ ਕੀਤਾ ਗਿਆ। ਸਥਾਨਕ ਲੋਕਾਂ ਨੂੰ ਇਕ ਦੂਜੇ ਨਾਲ ਕੋਈ ਸਮੱਸਿਆ ਨਹੀਂ ਸੀ। ਮਾਹੌਲ ਸੋਭਾ ਯਾਤਰਾ 'ਚ ਸ਼ਾਮਿਲ ਭਗਵੇਂ ਝੰਡੇ ਵਾਲੇ ਅਨਸਰਾਂ ਵੱਲੋਂ ਭੜਕਾਊ ਨਾਅਰੇ ਲਾਉਣ ਨਾਲ ਵਿਗੜਿਆ। ਸਥਾਨਕ ਲੋਕਾਂ ਅਨੁਸਾਰ ਉਨ੍ਹਾਂ ਨੇ ਮਸਜਿਦ ਉਪਰ ਹਮਲਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਜਿਸ ਦਾ ਨਤੀਜਾ ਆਪਸੀ ਪਥਰਾਓ ਅਤੇ ਭੰਨਤੋੜ 'ਚ ਨਿਕਲਿਆ। ਭਾਜਪਾ ਦਾ ਅੰਗ ਲਾਊ ਦੂਤ ਕਪਿਲ ਮਿਸ਼ਰਾ ਇਹ ਬਿਰਤਾਂਤ ਸਿਰਜ ਰਿਹਾ ਹੈ ਕਿ ਇਸ ਪਿੱਛੇ 'ਬੰਗਲਾਦੇਸ਼ੀ ਘੁਸਪੈਠੀਆਂ ਦਾ ਹੱਥ' ਹੈ ਅਤੇ ਇਸ ਨੂੰ ਦਹਿਸ਼ਤਵਾਦੀ ਹਮਲੇ ਦੇ ਰੂਪ 'ਚ ਲੈ ਕੇ ਮੁਸਲਮਾਨਾਂ ਦੇ ਘਰਾਂ ਨੂੰ ਬੁਲਡੋਜ਼ਰ ਨਾਲ ਢਾਹ ਦੇਣਾ ਚਾਹੀਦਾ ਹੈ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਅਤੇ ਹੋਰ ਭਗਵੇਂ ਆਗੂ ਵੀ ਇਸ ਪਿੱਛੇ ਕਥਿਤ ਮੁਸਲਿਮ ਅੱਤਵਾਦੀ ਜਥੇਬੰਦੀਆਂ ਪੀ.ਐਫ.ਆਈ. ਜਾਂ ਸਿਮੀ ਦੀ ਵੱਡੀ ਸਾਜ਼ਿਸ਼ ਦਾ ਰਾਗ ਅਲਾਪ ਰਹੇ ਹਨ।

ਦਰਅਸਲ, ਇਹ ਗਿਣੀ-ਮਿੱਥੀ ਯੋਜਨਾਬੱਧ ਹਿੰਸਾ ਹੈ ਜਿਸ ਦਾ ਮਨੋਰਥ ਘੱਟਗਿਣਤੀ ਮੁਸਲਿਮ ਫਿਰਕੇ ਨੂੰ ਭੈਭੀਤ ਅਤੇ ਦਹਿਸ਼ਤਜ਼ਦਾ ਕਰਨਾ, ਉਨ੍ਹਾਂ ਦੇ ਧਾਰਮਿਕ ਸਥਾਨਾਂ, ਘਰਾਂ, ਦੁਕਾਨਾਂ ਅਤੇ ਹੋਰ ਕਾਰੋਬਾਰਾਂ ਨੂੰ ਜਲਾ ਕੇ ਉਨ੍ਹਾਂ ਨੂੰ ਆਰਥਕ ਤੌਰ 'ਤੇ ਸੱਟ ਮਾਰਨਾ ਅਤੇ ਘੱਟਗਿਣਤੀ ਸਮੂਹਾਂ ਨੂੰ ਬੇਵਸੀ ਦਾ ਅਹਿਸਾਸ ਕਰਾ ਕੇ ਬਹੁਗਿਣਤੀਵਾਦੀ ਧੌਂਸ ਅਤੇ ਦਾਬਾ ਥੋਪਣਾ ਹੈ। ਇਨ੍ਹਾਂ ਹੌਲਨਾਕ ਹਮਲਿਆਂ 'ਚ ਨਿਸ਼ਾਨੇ ਮਿੱਥ ਕੇ ਕਾਰੋਬਾਰਾਂ, ਘਰਾਂ, ਮਸਜਿਦਾਂ ਆਦਿ ਦੀ ਸਾੜਫੂਕ, ਹਮਲਿਆਂ ਅਤੇ ਕਤਲਾਂ ਲਈ ਭੀੜਾਂ ਦੀ ਤਿਆਰੀ, ਲਾਮਬੰਦੀ ਅਤੇ ਅਗਵਾਈ ਦਾ ਉਸੇ ਤਰ੍ਹਾਂ ਦਾ ਸਾਂਝਾ ਨਮੂਨਾ ਉਘੜਵੇਂ ਰੂਪ 'ਚ ਦਿਖਾਈ ਦਿੰਦਾ ਹੈ ਜਿਸ ਦਾ ਪ੍ਰਗਟਾਵਾ ਗੁਜਰਾਤ ਕਤਲੇਆਮ (2002), ਮੁਜ਼ੱਫਰਨਗਰ 'ਚ ਮੁਸਲਿਮ ਵਿਰੋਧੀ ਹਿੰਸਾ, ਦਿੱਲੀ 'ਚ ਸ਼ਾਹੀਨ ਬਾਗ ਮੋਰਚਿਆਂ ਸਮੇਂ ਮੁਸਲਿਮ ਹਿੰਸਾ (2020) ਅਤੇ ਮੁਸਲਿਮ ਵਿਰੋਧੀ ਹੋਰ ਹਿੰਸਕ ਘਟਨਾਵਾਂ 'ਚ ਪਹਿਲਾਂ ਵੀ ਵਾਰ ਵਾਰ ਹੋ ਚੁੱਕਾ ਹੈ।

ਹਜੂਮ ਦੀ ਆਮਦ ਅਤੇ ਤਣਾਓ ਤੇ ਹਿੰਸਾ ਦੀ ਸ਼ੁਰੂਆਤ ਅੰਤਰ-ਸੰਬੰਧਤ ਹੈ। ਹਿੰਦੁਤਵੀ ਹਮਲਾਵਰ ਭੀੜਾਂ ਦੇ ਆਉਣ ਤੋਂ ਪਹਿਲਾਂ ਵੱਖ-ਵੱਖ ਧਰਮਾਂ ਦੇ ਲੋਕ ਸ਼ਾਂਤਮਈ ਰਹਿ ਰਹੇ ਹੁੰਦੇ ਹਨ ਅਤੇ ਉਨ੍ਹਾਂ ਵਿਚਕਾਰ ਸਦਭਾਵਨਾ ਹੁੰਦੀ ਹੈ। ਪਹਿਲਾਂ ਅਫਵਾਹਾਂ, ਝੂਠੀਆਂ ਖਬਰਾਂ, ਇਤਿਹਾਸ ਦੀ ਤੋੜ-ਮਰੋੜ ਦੇ ਝੂਠੇ ਬਿਰਤਾਂਤ ਰਾਹੀਂ ਖਾਸ ਭਾਈਚਾਰੇ ਵਿਰੁੱਧ ਆਮ ਹਿੰਦੂਆਂ ਦੇ ਮਨਾਂ 'ਚ ਫਿਰਕੂ ਜ਼ਹਿਰ ਭਰੀ ਜਾਂਦੀ ਹੈ ਅਤੇ ਮਜ਼ਬੀ ਆਧਾਰ 'ਤੇ ਪਾਲਾਬੰਦੀ ਕੀਤੀ ਜਾਂਦੀ ਹੈ। ਫਿਰ ਖਾਨ-ਪੀਨ, ਪਹਿਰਾਵੇ, ਮੁਸਲਮਾਨਾਂ ਦੀ ਨਾਗਰਿਕਤਾ, ਦੇਸ਼ ਪ੍ਰਤੀ ਵਫਾਦਾਰੀ ਅਤੇ ਜਨਸੰਖਿਆ 'ਚ ਵਾਧੇ, ਨਮਾਜ਼, ਮਸਜਿਦਾਂ ਤੋਂ ਅਜ਼ਾਨ ਦੇ ਸੱਦੇ, ਹਲਾਲ ਮੀਟ ਵਗੈਰਾ ਨੂੰ ਮੁੱਦਾ ਬਣਾ ਕੇ ਜਾਂ ਕਿਸੇ ਧਾਰਮਿਕ ਸਮਾਗਮ ਦੇ ਨਾਂ ਹੇਠ ਹਮਲਾਵਰ ਜਲੂਸ ਜਥੇਬੰਦ ਕਰਕੇ ਕਤਲ, ਸਾੜ-ਫੂਕ, ਭੰਨਤੋੜ ਕਰਵਾਈ ਜਾਂਦੀ ਹੈ। ਮੁਸਲਮਾਨਾਂ ਦੇ ਘਰ ਅਤੇ ਕਾਰੋਬਾਰ ਜਲਾਏ ਜਾਂਦੇ ਹਨ। ਫਿਰ ਮੁਸਲਮਾਨਾਂ ਨੂੰ ਹੀ ਹਿੰਸਾ ਲਈ ਜ਼ਿੰਮੇਵਾਰ ਕਰਾਰ ਦੇ ਕੇ ਉਨ੍ਹਾਂ ਵਿਰੁੱਧ ਝੂਠੇ ਕੇਸਾਂ, ਗ੍ਰਿਫਤਾਰੀਆਂ, ਅਦਾਲਤੀ ਖੱਜਲ-ਖੁਆਰੀ, ਜੇਲ੍ਹਬੰਦੀਆਂ ਅਤੇ ਸਜ਼ਾਵਾਂ ਦੀ ਰਾਜਕੀ ਹਿੰਸਾ ਸ਼ੁਰੂ ਹੋ ਜਾਂਦੀ ਹੈ। ਜਿਵੇਂ ਉੱਤਰ-ਪੂਰਬੀ ਦਿੱਲੀ ਹਿੰਸਾ (2020) ਸਮੇਂ ਕਪਿਲ ਮਿਸ਼ਰਾ ਵਰਗੇ ਹਮਲਿਆਂ ਦੇ ਮੋਹਰੀ ਆਗੂਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਦਿੱਲੀ ਪੁਲਿਸ ਨੇ ਮੁਸਲਮਾਨਾਂ ਵਿਰੁੱਧ ਹੀ ਕੇਸ ਦਰਜ ਕੀਤੇ ਸਨ ਅਤੇ ਭਾਈਚਾਰਕ ਸਾਂਝ ਅਤੇ ਹੱਕਾਂ ਦੇ ਮੁਦਈ ਵਿਦਿਆਰਥੀ ਅਤੇ ਕਾਰਕੁੰਨਾਂ ਨੂੰ ਜੇਲ੍ਹਾਂ 'ਚ ਡੱਕ ਦਿੱਤਾ ਸੀ ਉਸੇ ਤਰਜ਼ 'ਤੇ ਹੁਣ ਵੀ ਕੇਸ ਮੁੱਖ ਤੌਰ 'ਤੇ ਮੁਸਲਮਾਨਾਂ ਵਿਰੁੱਧ ਹੀ ਦਰਜ ਕੀਤੇ ਗਏ ਹਨ।

ਹਾਲ ਹੀ ਵਿਚ ਦਿੱਲੀ ਪੁਲਿਸ ਵੱਲੋਂ ਦਿੱਲੀ 'ਚ 'ਧਰਮ ਸੰਸਦ' ਵਿਚ ਭੜਕਾਊ ਭਾਸ਼ਣ ਦੇਣ ਵਾਲਿਆਂ ਨੂੰ ਠੋਸ ਸਬੂਤਾਂ ਦੇ ਬਾਵਜੂਦ ਕਲੀਨ ਚਿੱਟ ਦਿੱਤੀ ਗਈ ਹੈ ਜਿਸ ਤੋਂ ਇਕ ਵਾਰ ਫਿਰ ਇਹ ਸਾਬਤ ਹੋ ਗਿਆ ਕਿ ਪੁਲਿਸ ਦਾ ਡੂੰਘੇ ਰੂਪ 'ਚ ਫਿਰਕੂਕਰਨ ਹੋ ਚੁੱਕਾ ਹੈ ਅਤੇ ਇਹ ਸੱਤਾਧਾਰੀ ਧਿਰ ਦੀ ਸਾਖਾ ਵਜੋਂ ਕੰਮ ਕਰ ਰਹੀ ਹੈ। ਯਤੀ ਨਰਸਿੰਘਾਨੰਦ, ਮਹੰਤ ਬਜਰੰਗ ਮੁਨੀ ਵਰਗੇ ਮੁਜਰਿਮ, ਜੋ ਮੁਸਲਮਾਨਾਂ ਨੂੰ ਮਾਰਨ ਲਈ ਹਥਿਆਰ ਚੁੱਕਣ ਅਤੇ ਉਨ੍ਹਾਂ ਦੀਆਂ ਔਰਤਾਂ ਨੂੰ ਅਗਵਾ ਕਰਕੇ ਬਲਾਤਕਾਰ ਕਰਨ ਦੇ ਸੱਦੇ ਵਾਰ ਵਾਰ ਦਿੰਦੇ ਹਨ, ਉਹ ਸਾਫ ਬਚ ਜਾਂਦੇ ਹਨ।

ਆਰ.ਐਸ.ਐਸ.-ਭਾਜਪਾ ਦੀ ਹਿੰਦੂ ਰਾਸ਼ਟਰ ਅਤੇ ਮੁਕੰਮਲ ਕਾਰਪੋਰੇਟ ਰਾਜ ਸਥਾਪਤ ਕਰਨ ਦੀ ਇਹ ਬੇਹੱਦ ਖਤਰਨਾਕ ਯੋਜਨਾ ਭਾਰਤ ਦੀ ਅਮੀਰ ਸਮਾਜਕ-ਸਭਿਆਚਾਰਕ ਵੰਨ-ਸਵੰਨਤਾ, ਭਾਈਚਾਰਕ ਸਾਂਝ ਅਤੇ ਜਮਹੂਰੀ ਕਦਰਾਂ-ਕੀਮਤਾਂ ਨੂੰ ਸਿਲਸਿਲੇਵਾਰ ਤਰੀਕੇ ਨਾਲ ਨਸ਼ਟ ਕਰ ਰਹੀ ਹੈ। ਸੰਘ ਪਰਿਵਾਰ ਵੱਲੋਂ ਅਜ਼ਾਨ ਦਾ ਵਿਰੋਧ ਕਰਨ ਲਈ ਮਸਜਿਦਾਂ ਅੱਗੇ ਲਾਊਡ ਸਪੀਕਰ ਲਗਾ ਕੇ ਹਨੂਮਾਨ ਚਾਲੀਸਾ ਪੜ੍ਹਨ ਦੇ ਸੱਦੇ ਦਿੱਤੇ ਜਾ ਰਹੇ ਹਨ। ਸੋਸ਼ਲ ਮੀਡੀਆ ਰਾਹੀਂ ਦਿਨ-ਰਾਤ ਐਨੇ ਵਿਆਪਕ ਪੈਮਾਨੇ 'ਤੇ ਮੁਸਲਮਾਨਾਂ ਵਿਰੁੱਧ ਨਫਰਤ ਬੀਜੀ ਜਾ ਰਹੀ ਹੈ ਜਿਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ।

ਐਨੇ ਖਤਰਨਾਕ ਹਾਲਾਤ ਦੇ ਬਾਵਜੂਦ ਵਿਰੋਧੀ ਧਿਰ ਦੀਆਂ 13 ਰਾਜਨੀਤਕ ਪਾਰਟੀਆਂ ਨੇ ਸਰਗਰਮ ਵਿਰੋਧ ਕਰਨ ਦੀ ਬਜਾਇ ਮਹਿਜ਼ ਸਾਂਝਾ ਬਿਆਨ ਦੇ ਕੇ ਡੰਗ ਟਪਾ ਲਿਆ ਹੈ। ਉਨ੍ਹਾਂ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਫਾਸ਼ੀਵਾਦੀ ਤਾਕਤਾਂ ਦੀ ਵਧ ਰਹੀ ਧੌਂਸ ਨੂੰ ਰੋਕਣ ਲਈ ਕੋਈ ਸਾਰਥਕ ਪਹਿਲਕਦਮੀ ਕਰਨਗੀਆਂ। ਮੁਲਕ ਉਪਰ ਮੰਡਰਾ ਰਹੇ ਐਨੇ ਵਿਕਰਾਲ ਸੰਕਟ ਦੇ ਸਮੇਂ ਫਾਸ਼ੀਵਾਦੀ ਤਾਕਤਾਂ ਅੱਗੇ ਵਿਰੋਧੀ-ਧਿਰ ਦੇ ਗੋਡੇ ਟੇਕਣ, ਚੁੱਪ ਬੈਠੇ ਰਹਿਣ ਅਤੇ ਕੋਈ ਰਾਜਨੀਤਕ ਵਿਰੋਧ ਨਾ ਕਰਨ ਦੀ ਹਕੀਕਤ ਨੂੰ ਭਾਰਤ ਦੇ ਲੋਕਾਂ ਨੂੰ ਪਛਾਨਣਾ ਚਾਹੀਦਾ ਹੈ। ਜਾਗਦੀਆਂ ਜ਼ਮੀਰਾਂ ਵਾਲੇ ਸਮੂਹ ਧਰਮਨਿਰਪੱਖ, ਅਮਨਪਸੰਦ ਲੋਕਾਂ ਨੂੰ ਖੁਦ ਸ਼ਾਹੀਨ ਬਾਗ ਅਤੇ ਕਿਸਾਨ ਅੰਦੋਲਨ ਦੀ ਤਰ੍ਹਾਂ ਸੜਕਾਂ ਉਪਰ ਮੋਰਚੇ ਮੱਲ ਕੇ ਇਸ ਖਤਰਨਾਕ ਮਨਸੂਬੇ ਨੂੰ ਟੱਕਰ ਦੇਣ ਲਈ ਅੱਗੇ ਆਉਣਾ ਪਵੇਗਾ।

# ਛਿੱਣ-ਭੰਗਰਤਾ ਦੀ ਚਾਨਣ-ਝੀਤ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਛਿੱਣ-ਭੰਗਰਤਾ ਦਾ ਜ਼ਿਕਰ ਕੀਤਾ ਹੈ, ਜਿਸ ਵਿਚੋਂ ਜ਼ਿੰਦਗੀ ਨੂੰ ਨਵੇਂ ਸਰੋਕਾਰਾਂ, ਸਾਰਥਿਕਤਾਵਾਂ ਅਤੇ ਸਮਰਪਣ ਦਾ ਸੁਰਖ ਸਿਰਨਾਵਾਂ ਮਿਲਦਾ ਜੋ ਸਾਹਾਂ ਨੂੰ ਜਿਉਣ-ਜੋਗਾ ਕਰ ਦਿੰਦਾ ਹੈ।***

ਛਿੱਣ-ਭੰਗਰਤਾ, ਮਨ 'ਚ ਅਚਨਚੇਤੀ ਪੈਦਾ ਹੋਈ ਪ੍ਰਕਿਰਿਆ। ਕੁਝ ਅਚੰਭਤ ਦਾ ਵਰਤ ਜਾਣਾ। ਕੁਝ ਅਚੇਤ ਰੂਪ ਵਿਚ ਮਨ ਦੀ ਜੂਹ ਵਿਚ ਹੋਣਾ। ਅਛੋਪਲੇ ਜਹੇ ਕੁਝ ਅਜੇਹਾ ਵਾਪਰ ਜਾਣਾ ਕਿ ਮਨ ਆਪਣੀ ਪ੍ਰਤੀਕਿਰਿਆ ਕਰਨ ਅਤੇ ਇਸ ਵਿਚੋਂ ਉਭਰਨ ਲਈ ਕੁਝ ਸਮਾਂ ਲਗਾਉਂਦਾ। ਇਸ ਦੌਰਾਨ ਕੁਝ ਹੋਰ ਹੀ ਵਾਪਰ ਜਾਂਦਾ ਜਿਸਦੀ ਮਨ ਨੂੰ ਵੀ ਸੂਹ ਨਾ ਮਿਲਦੀ।

ਇਹ ਸਭ ਕੁਝ ਅਚਨਚੇਤੀ ਹੀ ਹੁੰਦਾ ਜੋ ਮਨੁੱਖੀ ਜ਼ਿੰਦਗੀ ਦੀਆਂ ਭਵਿੱਖੀ ਪੈੜਾਂ ਨੂੰ ਮੰਜ਼ਲ ਵੱਲ ਜਾਂਦੀਆਂ ਰਾਹਾਂ ਦਾ ਨਾਮ ਵੀ ਦਿੰਦਾ ਅਤੇ ਕਈ ਵਾਰ ਰਸਾਤਲ ਨੂੰ ਜਾਂਦੀ ਤੋਰ ਦਾ ਸਿਰਨਾਵਾਂ ਵੀ ਹੁੰਦਾ।

ਛਿੱਣ-ਭੰਗਰਤਾ ਦਰਅਸਲ ਸਾਡੇ ਆਲੇ-ਦੁਆਲੇ ਵਾਪਰ ਰਹੇ ਵਰਤਾਰੇ ਵਿਚੋਂ ਹੀ ਪੈਦਾ ਹੁੰਦੀ ਜਿਸਨੂੰ ਅਸੀਂ ਕਈ ਵਾਰ ਸਮਝਦੇ ਨਹੀਂ ਜਾਂ ਇਸਦੀ ਥਾਹ ਨਹੀਂ ਪਾਉਂਦੇ ਅਤੇ ਇਸ ਤੋਂ ਨਿਰਲੇਪ ਰਹਿਣ ਦੀ ਅਸਫਲ ਕੋਸ਼ਿਸ਼ ਕਰਦੇ ਹਾਂ। ਸਾਨੂੰ ਇਹ ਯਾਦ ਹੀ ਨਹੀਂ ਰਹਿੰਦਾ ਕਿ ਚੌਗਿਰਦੇ ਵਿਚ ਵਾਪਰ ਰਹੇ ਹਰ ਵਰਤਾਰੇ ਵਿਚੋਂ ਹੀ ਸਾਡੀਆਂ ਪ੍ਰਤੀ-ਕਿਰਿਆਵਾਂ ਨੇ ਜਨਮ ਲੈਣਾ ਹੁੰਦਾ ਅਤੇ ਇਸ ਨੇ ਸਾਡੇ ਸਮੁੱਚ ਨੂੰ ਹਰ ਪੱਖ ਤੋਂ ਪ੍ਰਭਾਵਤ ਕਰਨਾ ਹੁੰਦਾ।

ਛਿੱਣ-ਭੰਗਰਤਾ ਇਸ ਲਈ ਅਹਿਮ ਹੈ ਕਿਉਂਕਿ ਇਨ੍ਹਾਂ ਪਲਾਂ ਵਿਚ ਮਨ ਦੀ ਪ੍ਰੀਖਿਆ ਹੁੰਦੀ ਅਤੇ ਪਤਾ ਲੱਗਦਾ ਕਿ ਮਨ ਕਿਸ ਦਿਸ਼ਾ ਅਤੇ ਦਸ਼ਾ ਵੱਲ ਸੇਧਤ ਹੈ? ਇਸ ਵਿਚੋਂ ਆਲੇ-ਦੁਆਲੇ ਵੱਸਦੇ ਲੋਕਾਂ ਨੇ ਕੀ ਸਮਝਣਾ ਅਤੇ ਇਸਦੇ ਕਿਹੜੇ ਅਰਥਾਂ ਵਿਚੋਂ ਤੁਹਾਡੇ ਵਿਅਕਤੀਤਵ ਨੂੰ ਪਰਿਭਾਸ਼ਤ ਕਰਨਾ ਹੁੰਦਾ? ਇਹ ਬਿੰਬ ਹੀ ਹੁੰਦਾ ਜੋ ਲੋਕ-ਮਨਾਂ ਵਿਚ ਬੈਠ, ਤੁਹਾਡੀ ਜ਼ਿੰਦਗੀ ਦੀਆਂ ਕਰਮ-ਰੇਖਾਵਾਂ ਅਤੇ ਜੀਵਨ ਵਿਚ ਆਉਣ ਵਾਲੇ ਪਲਾਂ ਦਾ ਨਾਮਕਰਨ ਬਣਨਾ ਹੁੰਦਾ।

ਛਿੱਣ-ਭੰਗਰਤਾ ਵਿਚ ਹੀ ਮਨੁੱਖ ਦਾ ਗੁੱਸਾ ਅੱਧ-ਅਸਮਾਨੇ ਚੜ੍ਹਦਾ। ਖੁਦ ਦੇ ਹੋਸ਼-ਹਵਾਸ ਨਹੀਂ ਰਹਿੰਦੇ ਅਤੇ ਉਹ ਗੁੱਸੇ ਵਿਚ ਕੁਝ ਅਜੇਹਾ ਕਰ ਜਾਂਦਾ ਕਿ ਸਾਰੀ ਉਮਰ ਉਹ ਪਛਤਾਵੇ ਦੀ ਜ਼ਿੰਦਗੀ ਜਿਉਣ ਜੋਗਾ ਹੀ ਰਹਿ ਜਾਂਦਾ। ਇਹ ਗੁੱਸੇ ਵਿਚ ਬੋਲੇ ਬੋਲ-ਕਬੋਲ ਹੋਣ, ਕਿਸੇ ਦੀ ਰੂਹ 'ਤੇ ਲਾਏ ਜ਼ਖ਼ਮ ਹੋਣ ਜਾਂ ਕਿਸੇ ਆਪਣੇ ਦੇ ਹੱਥੀਂ ਕੀਤੀ ਕਬਰ-ਖੁਦਾਈ ਹੋਵੇ, ਆਪਣਿਆਂ ਦੇ ਸੀਨੇ ਵਿਚ ਛੇਕ ਪਾਉਣਾ ਹੋਵੇ ਜਾਂ ਕਿਸੇ ਦੇ ਹਉਕਿਆਂ ਵਿਚੋਂ ਆਪਣੇ ਹਾਸਿਆਂ ਦੀ ਆਉਧ ਕਿਆਸਣਾ ਹੋਵੇ।


ਇਹ ਮਾਨਸਿਕ ਛਿੱਣ-ਭੰਗਰਤਾ ਹੀ ਹੁੰਦੀ ਕਿ ਬੰਦਾ ਆਪਣੇ ਮਾਤਹਿਤ ਦੀ ਕਿਰਦਾਰ-ਕੁਸ਼ੀ ਕਰਦਾ। ਉਸ ਦੀਆਂ ਭਾਵਨਾਵਾਂ ਵਿਚ ਚੀਸ ਧਰਦਾ ਜਾਂ ਉਸ ਵਲੋਂ ਦਿਖਾਏ ਅਦਬ ਨੂੰ ਦਰ-ਕਿਨਾਰ ਕਰ ਕੇ ਆਪਣੀ ਹਉਮੈਂ ਨੂੰ ਪੱਠੇ ਪਾ ਕੇ ਤੌਹੀਨ ਕਰਦਾ। ਇਹ ਅਜੇਹਾ ਪਲ ਜਦ ਤੁਸੀਂ ਕਿਸੇ ਬੱਚੇ ਦੇ ਨੈਣਾਂ ਵਿਚ ਸੁਪਨਿਆਂ ਦੀ ਲਿਸ਼ਕੋਰ ਨੂੰ ਇਕ ਹੀ ਛਿਣ ਵਿਚ ਖਤਮ ਕਰ ਦਿੰਦੇ। ਉਸਦੇ ਬਸਤੇ ਵਿਚ ਜਾਗਦੇ ਅੱਖਰਾਂ ਅਤੇ ਕਿਤਾਬਾਂ ਵਿਚਲੇ ਜੁਗਨੂੰਆਂ ਨੂੰ ਸਦਾ ਦੀ ਨੀਂਦਰੇ ਸੁਆ ਦਿੰਦੇ ਅਤੇ ਨਿੱਕੇ ਨਿੱਕੇ ਪੈਰਾਂ ਵਿਚ ਉਗੇ ਵੱਡੇ ਸਫ਼ਰ ਦੀ ਦਾਸਤਾਨ ਸਿਰਫ਼ ਸਿਸਕੀਆਂ ਭਰਨ ਜੋਗੀ ਹੀ ਰਹਿ ਜਾਂਦੀ।

ਛਿੱਣ-ਭੰਗਰਤਾ ਦਾ ਇਹ ਕੇਹਾ ਆਲਮ ਕਿ ਇਕ ਹੀ ਬੋਲ, ਕਿਸੇ ਕਲਮ ਦੀ ਕੁੱਖ ਵਿਚ ਉਗੀ ਕਵਿਤਾ, ਕਹਾਣੀ ਜਾਂ ਕਿਰਤ ਦਾ ਗਰਭਪਾਤ ਕਰ ਦਿੰਦਾ। ਕੋਰੇ ਵਰਕਿਆਂ 'ਤੇ ਹਰਫ਼ਾਂ ਅਤੇ ਅਰਥਾਂ ਦੀ ਉਗੀ ਕਬਰ ਵਿਚ ਕਲਮਕਾਰ ਆਪਣੇ ਭਾਵਾਂ ਦੀ ਲੋਥ ਨੂੰ ਟਿਕਾਉਣ, ਵਰਾਉਣ ਅਤੇ ਇਸਦੇ ਮੁੱਢੀ ਹੰਝੂਆਂ ਦੀ ਭੇਟਾ ਕਰਨ ਜੋਗਾ ਹੀ ਰਹਿ ਜਾਂਦਾ।

ਅਜੋਕੇ ਸਮੇਂ ਵਿਚ ਲੋਕਾਂ ਦੇ ਮਨਾਂ ਵਿਚ ਕੇਹੀ ਛਿੱਣ-ਭੰਗਰਤਾ ਨੇ ਘਰ ਕਰ ਲਿਆ ਏ ਕਿ ਅਸੀਂ ਉਚੇ ਮਹਿਲਾਂ ਵਿਚ ਰਹਿੰਦਿਆਂ ਵੀ ਝੁੱਗੀਆਂ ਵਿਚ ਜਿਉਂਦਿਆਂ ਨੂੰ ਦੇਖਣਾ ਨਹੀਂ ਚਾਹੁੰਦੇ ਨਾ ਹੀ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਹਿੱਸੇ ਦਾ ਸੂਰਜ ਜਾਂ ਧੁੱਪ ਮਿਲੇ। ਤਾਂ ਹੀ ਸਾਡੀਆਂ ਕੋਠੀਆਂ ਦੀਆਂ ਦੀਵਾਰਾਂ ਇੰਨੀਆਂ ਉਚੀਆਂ ਹੁੰਦੀਆਂ ਕਿ ਆਲੇ-ਦੁਆਲੇ ਵਿਚ ਵੱਸਦੇ ਨਿੱਕੇ ਘਰਾਂ ਨੂੰ ਪਹੁੰਚਣ ਵਾਲੀ ਧੁੱਪ ਅਤੇ ਚਾਨਣੀ ਦਾ ਓਹਲਾ ਬਣ ਕੇ, ਖੁਦ 'ਨੇਰਿਆਂ ਦਾ ਵਣਜ ਕਰਨ ਜੋਗੇ ਹੀ ਰਹਿ ਜਾਂਦੇ।

ਛਿੱਣ-ਭੰਗਰਤਾ ਵਿਚੋਂ ਹੀ ਅਸੀਂ ਕਿਸੇ ਦੇ ਮਨ ਵਿਚ ਬੈਠੀ ਸੋਚ, ਵਿਚਾਰਧਾਰਾ, ਖ਼ਿਆਲਾਂ ਅਤੇ ਸੁਪਨਿਆਂ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ। ਇਹ ਜਾਣ ਸਕਦੇ ਹਾਂ ਕਿ ਕੋਈ ਮਨੁੱਖ ਕੀ ਸੋਚਦਾ, ਜਾਣਦਾ ਤੇ ਸਮਝਦਾ? ਕਿਹੜੀ ਭਾਵਨਾ ਨਾਲ ਉਹ ਆਪਣੇ ਵਰਤਾਰਿਆਂ ਨੂੰ ਸੰਸਾਰ ਵਿਚ ਪ੍ਰਗਟ ਕਰਦਾ ਹੈ ਕਿ ਕੀ ਇਹ ਨਿਰਾ ਛਲਾਵਾ ਹੀ ਹਨ ਜੋ ਬੰਦਾ ਖੁਦ ਨਾਲ ਵੀ ਅਤੇ ਖੁਦਾਈ ਨਾਲ ਵੀ ਕਰਦਾ ਹੈ।

ਛਿੱਣ-ਭੰਗਰਤਾ ਤ੍ਰਭਕਣਾ, ਤ੍ਰਹਿਕਣਾ ਵੀ ਹੁੰਦਾ ਜੋ ਕਦੇ ਕਦਾਈਂ ਤੁਸੀਂ ਨੀਂਦ ਵਿਚ ਅੱਭੜਵਾਹੇ ਉਠਦੇ, ਆਲੇ-ਦੁਆਲੇ ਨੂੰ ਦੇਖਦੇ। ਤੁਹਾਡੇ ਇਸ ਅਚਨਚੇਤੀ ਵਰਤਾਰੇ ਵਿਚ ਤੁਹਾਨੂੰ ਨੀਂਦ ਵਿਚ ਆਏ ਉਨ੍ਹਾਂ ਖ਼ਿਆਲਾਂ ਨੂੰ ਜਦ ਸੱਚ ਕਿਧਰੇ ਨਜ਼ਰ ਨਹੀਂ ਆਉਂਦਾ ਤਾਂ ਮਨੁੱਖ ਖੁਦ ਤੋਂ ਹੀ ਬਹੁਤ ਦੂਰ ਚਲੇ ਜਾਂਦਾ। ਫਿਰ ਉਹ ਸੁਪਨਈ ਹਾਲਾਤ ਵਿਚ ਜਾਂ ਤਾਂ ਪਰਤਣਾ ਲੋਚਦਾ ਜਾਂ ਇਸ ਤੋਂ ਬਹੁਤ ਦੂਰ ਦੌੜ ਜਾਣਾ ਚਾਹੁੰਦਾ। ਇਹ ਸਿਰਫ਼ ਸੁਪਨਈ ਹਾਲਾਤ 'ਤੇ ਨਿਰਭਰ। ਇਸ ਵਿਚੋਂ ਉਸਨੂੰ ਇਹ ਵੀ ਕਿਆਸ ਹੁੰਦਾ ਕਿ ਅਜੇਹੀ ਛਿੱਣ-ਭੰਗਰਤਾ ਕਿਵੇਂ ਮਨੁੱਖ ਦੀ ਨੀਂਦ ਨੂੰ ਹੰਗਾਲਦੀ ਹੈ? ਅਜੇਹੀ ਸੁਪਨਈ ਸੱਚ ਦੇ ਰੂਬਰੂ ਕਰਦੀ ਹੈ ਜਿਸ ਵਿਚੋਂ ਮਨੁੱਖ ਦਾ ਮਾਨਵੀ ਧਰੁਵੀਕਰਨ ਹੁੰਦਾ ਹੈ ਜਾਂ ਉਹ ਅਮਾਨਵੀ ਵਰਤਾਰਿਆਂ ਦੀ ਅਧਾਰਸ਼ਿਲਾ ਵੀ ਬਣ ਜਾਂਦਾ ਹੈ।



ਛਿੱਣ-ਭੰਗਰਤਾ, ਮਨੁੱਖੀ ਮਨ ਵਿਚ ਬੈਠੀਆਂ ਅਤੇ ਅਚੇਤ ਰੂਪ ਵਿਚ ਮਨੁੱਖ ਦਾ ਹਾਸਲ ਬਣੇ ਉਨ੍ਹਾਂ ਗੁਣਾਂ ਦਾ ਗਿਆਨ ਅਤੇ ਸਮਰੱਥਾ ਦਾ ਵੀ ਪ੍ਰਗਟਾਅ ਹੁੰਦਾ ਹੈ ਕਿਉਂਕਿ ਜ਼ਿਆਦਾਤਰ ਖੋਜਾਂ, ਕੁਝ ਨਵਾਂ ਨਿਵੇਕਲਾ ਜਾਂ ਅਨੋਖੀ ਕਲਾ-ਕਿਰਤ ਸਿਰਫ਼ ਇਕ ਪਲ ਵਿਚ ਹੀ ਪ੍ਰਗਟਦੀ ਹੈ। ਇਸਨੂੰ ਵਰਕੇ 'ਤੇ ਉਤਾਰਨ ਵਿਚ ਦੇਰੀ ਕਰਨ 'ਤੇ ਇਕ ਪਛਤਾਵਾ ਮਨੁੱਖ ਦੀ ਝੋਲੀ ਵਿਚ ਰਹਿ ਜਾਂਦਾ ਹੈ। ਲੋੜ ਹੈ ਅਜੇਹੀ ਛਿੱਣ ਭੰਗਰਤਾ ਦੇ ਹਾਸਲ ਨੂੰ ਆਪਣਾ ਹਾਣੀ ਬਣਾ ਕੇ ਇਸਦੀ ਹੋਂਦ ਅਤੇ ਅਹਿਮੀਅਤ ਨੂੰ ਜ਼ਿੰਦਗੀ ਦਾ ਮਾਣਮੱਤਾ ਹਾਸਲ ਬਣਾਇਆ ਜਾਵੇ।

ਛਿੱਣ-ਭੰਗਰਤਾ, ਮਨੁੱਖ ਦਾ ਮਨੁੱਖ ਨਾਲ ਸੰਵਾਦ। ਮਨੁੱਖ ਦੀ ਖੁਦ ਨਾਲ ਵਾਰਤਾਲਾਪ ਜਾਂ ਮਨੁੱਖ ਦੀ ਸਮਾਜਿਕ ਸਰੋਕਾਰਾਂ ਨਾਲ ਗੁਫ਼ਤਗੂ ਦਾ ਸਬੱਬ ਵੀ ਬਣਦੀ ਹੈ। ਅਸੀਂ ਉਨ੍ਹਾਂ ਸਰੋਕਾਰਾਂ ਦੀ ਸਮੁੱਚਤਾ ਵਿਚੋਂ ਸੰਸਾਰਕ ਪੱਧਰ 'ਤੇ ਨਵੀਆਂ ਪਹਿਲ ਕਦਮੀਆਂ ਅਤੇ ਪ੍ਰੇਰਨਾਵਾਂ ਦਾ ਮੂਲ ਅਧਾਰ ਵੀ ਬਣਦੇ ਅਤੇ ਇਸ ਵਿਚੋਂ ਵੀ ਮਨੁੱਖਤਾ ਦੇ ਮੁੱਖੜੇ ਦਾ ਨੂਰ ਸਮਾਜਿਕ ਵਰਤਾਰੇ ਨੂੰ ਅਚੰਭਤ ਵੀ ਕਰਦਾ ਅਤੇ ਰੌਸ਼ਨ ਵੀ।

ਛਿੱਣ-ਭੰਗਰਤਾ ਕੁਝ ਪਲ, ਛਿੱਣ, ਕੁਝ ਸੈਕਿੰਡ ਜਾਂ ਅੱਖ-ਝਪੱਕੇ ਦੌਰਾਨ ਹੀ ਵਾਪਰਦਾ ਅਤੇ ਫਿਰ ਅਲੋਪ ਹੋ ਜਾਂਦਾ। ਇਹ ਮਨੁੱਖੀ ਮਾਨਸਿਕਤਾ 'ਤੇ ਨਿਰਭਰ ਕਰਦਾ ਕਿ ਉਸਨੇ ਇਸ ਛਿੱਣ ਭੰਗਰਤਾ ਨੂੰ ਕਿਸ ਰੂਪ, ਅੰਦਾਜ਼, ਆਪਣੇਪਣ ਅਤੇ ਆਤਮਿਕਤਾ ਵਿਚੋਂ ਕਿਆਸਣਾ? ਇਸ ਦੀਆਂ ਕਿਹੜੀਆਂ ਪਰਤਾਂ ਵਿਚੋਂ ਚਾਨਣ-ਝੀਤਾਂ ਨੂੰ ਆਉਣ ਦੀ ਆਗਿਆ ਦੇਣਾ? ਕਿਹੜੀਆਂ ਵਿਰਲਾਂ ਵਿਚ ਹਨੇਰਿਆਂ ਨੂੰ ਵਰਜਿਤ ਕਰਨਾ?

ਛਿੱਣ ਭੰਗਰਤਾ, ਮਨ ਦੀ ਪਰਵਾਜ਼, ਨੈਣਾਂ ਵਿਚ ਉਗਿਆ ਖ਼ੁਆਬ, ਖ਼ਿਆਲਾਂ ਵਿਚ ਪੈਦਾ ਹੋਈ ਪਰਵਾਜ਼, ਜੀਵਨ ਵਿਚ ਪੈਦਾ ਹੋਣ ਵਾਲਾ ਸੁਹਜਮਈ ਰਿਆਜ਼, ਜੀਵਨੀ ਸੁਰਖ-ਰੰਗਤਾ ਲਈ ਪ੍ਰਗਟ ਹੋਏ ਗੁੱਝੇ ਰਾਜ਼ ਅਤੇ ਮਨ ਵਿਚੋਂ ਮਨ ਦੀਆਂ ਤਹਿਆਂ ਫਰੋਲਣ ਵਾਲਾ ਧੁਰ-ਅਗਾਮੀ ਮਜਾਜ਼ ਹੁੰਦਾ।

ਇਹ ਛਿੱਣ-ਭੰਗਰਤਾ ਦਾ ਹੀ ਪੈਦਾ ਹੋਣਾ ਲਾਜ਼ਮੀ ਹੁੰਦਾ ਜਦ ਪਾਣੀ ਨੂੰ ਹੁੰਦੀ ਹੈ ਪਾਣੀ ਦੀ ਪਿਆਸ ਅਤੇ ਨਦੀਆਂ ਦੇ ਮਨਾਂ ਵਿਚ ਪੈਦਾ ਹੁੰਦੀ ਹੈ ਜਲਦੀ ਜਲਦੀ ਸਮੁੰਦਰ ਨੂੰ ਮਿਲਣ ਦੀ ਆਸ। ਜਦ ਚਾਨਣ ਨੂੰ ਹੁੰਦਾ ਹੈ ਚਾਨਣ ਨਾਲ ਮਿਲਣ ਦਾ ਧਰਵਾਸ ਤਾਂ ਹੀ ਚੰਨ ਚਾਨਣੀ ਨੂੰ ਹੀ ਹੋ ਸਕਦਾ ਏ ਸੂਰਜ ਦੇ ਉਗਮਣ ਦਾ ਅਭਾਸ। ਇਹ ਪੌਣ ਨੂੰ ਪੌਣ ਸੰਗ ਮਿਲਣ ਦਾ ਕੇਹਾ ਹੁਲਾਸ ਕਿ ਉਸਦੀ ਰੁਮਕਣੀ ਵਿਚੋਂ ਹੀ ਹੁੰਦਾ ਏ ਸੁਗੰਧਤ-ਮਈ ਪਲਾਂ ਦਾ ਕਿਆਸ। ਇਹ ਪੈੜਾਂ ਨੂੰ ਪੈਰਾਂ ਨਾਲ ਮਿਲਣ ਦੀ ਕੇਹੀ ਪਿਆਸ ਕਿ ਉਹ ਨਾ-ਚਾਹੁੰਦਿਆਂ ਵੀ ਕਰ ਲੈਂਦੇ ਪ੍ਰਵਾਸ। ਜਦ ਦਰਿਆ ਹੀ ਦਰਿਆ ਨਾਲ ਮਿਲਣ ਲਈ ਜਾਂਦੇ ਨੇ ਇਕ ਦੂਜੇ ਦੇ ਪਾਸ ਤਾਂ ਹੀ ਹਰੀ ਕੇ ਪੱਤਣ ਤੇ ਸਤਲੁਜ ਨੂੰ ਮਿਲਦਾ ਹੈ ਬਿਆਸ। ਇਹ ਉਮੀਦ ਵਿਚੋਂ ਪੈਦਾ ਹੋਈ ਉਮੀਦ ਦਾ ਕੇਹਾ ਹੈ ਕਿਆਸ ਕਿ ਉਮੀਦ ਦੇ ਗਲੇ ਲੱਗ ਮਿਲਦੀ ਹੈ ਉਮੀਦ ਦੀ ਆਸ।

ਪਲ ਭਰ ਦੀ ਛਿੱਣ-ਭੰਗਰਤਾ ਜੀਵਨ ਵੀ ਹੋ ਸਕਦੀ ਏ, ਮੌਤ ਵੀ, ਮੰਨਤ ਵੀ, ਮੁਰਾਦ ਵੀ ਮਹਾਨਤਾ ਵੀ, ਮਜਬੂਰੀ ਵੀ, ਮਜ਼ਦੂਰੀ ਵੀ ਤੇ ਮੰਗਣਾ ਵੀ।

ਛਿੱਣ-ਭੰਗਰਤਾ ਵਿਚੋਂ ਹੀ ਹੁੰਦੀ ਏ ਖੁਦ ਦੀ ਪਛਾਣ। ਜੱਗ-ਜ਼ਾਹਰ ਹੁੰਦਾ ਏ ਪਰਦਾਦਾਰੀ ਵਿਚਲਾ ਇਨਸਾਨ। ਸੋਚਾਂ ਵਿਚ ਚਮਕਦਾ ਏ ਨਜ਼ਰ ਆਉਂਦਾ ਜਹਾਨ। ਬੰਦੇ 'ਤੇ ਬੰਦੇ ਦੀ ਬੰਦਿਆਈ ਤੇ ਚੰਗਿਆਈ ਦਾ ਹੁੰਦਾ ਏ ਅਹਿਸਾਨ ਅਤੇ ਇਸ ਵਿਚੋਂ ਹੀ ਉਗਦਾ ਏ ਬੰਦੇ ਦੇ ਆਪਣੇ ਹਿੱਸੇ ਦਾ ਅਸਮਾਨ।

ਛਿੱਣ-ਭੰਗਰਤਾ ਨੂੰ ਬੇਅਰਥੀ, ਬੇਕਾਰ ਤੇ ਬੇਗਾਨੀ ਨਾ ਸਮਝੋ। ਸਗੋਂ ਇਸ ਨਾਲ ਅਪਣੱਤ ਪਾਲੋਗੇ ਤਾਂ ਤੁਹਾਨੂੰ ਇਸ ਰਾਹੀਂ ਖੁਦ ਦਾ ਵਿਸਥਾਰਨ ਅਤੇ ਆਪਣੇ ਉਸ ਰੂਪ ਨੂੰ ਸਮਝਣ ਤੇ ਸਮਝਾਉਣ ਦੀ ਸੋਝੀ ਅਤੇ ਸਫ਼ਲਤਾ ਵੀ ਮਿਲੇਗੀ। ਤੁਸੀਂ ਆਪਣੀ ਰੂਹ ਵਿਚ ਝਾਤੀ ਮਾਰਨ ਅਤੇ ਇਸ ਨੂੰ ਆਪਣੀ ਕਰਮਯੋਗਤਾ ਰਾਹੀਂ ਰੁਸ਼ਨਾਉਣ ਦੇ ਕਾਬਲ ਹੋ ਸਕੋਗੇ।

ਮਨ ਕਦੇ ਕਦਾਈਂ ਕੂਕਦਾ;
ਵੇ ਜੋਗੀਆ!
ਗਰਦਸ਼ ਵਿਚ ਗਵਾਚੇ ਚਿੰਨ੍ਹ
ਕਿਧਰੇ ਨਹੀਂ ਥਿਆਉਂਦੇ।
ਇਹ ਛਿਣ
ਜੋ ਕਦੇ ਗਵਾਚ ਜਾਂਦੇ ਨੇ
ਅੰਦਾਜ਼ ਵਿਚ
ਪ੍ਰਵਾਜ਼ ਵਿਚ
ਮਜਾਜ਼ ਵਿਚ
ਤੇ ਸਾਹ-ਸਾਜ਼ ਵਿਚ।
ਇਹ ਛਿਣ ਅਕਸਰ ਹੀ ਗਵਾਚ ਜਾਂਦੇ ਨੇ
ਸੂਹਾਂ ਵਿਚ
ਜੂਹਾਂ ਵਿਚ
ਮੂਹਾਂ ਵਿਚ
ਤੇ ਕਦੇ ਕਦੇ ਰੂਹਾਂ ਵਿਚ।
ਜੋ ਕਦੇ ਕਦਾਈਂ ਛੁਪ ਜਾਂਦੇ ਨੇ
ਨਾਦ ਵਿਚ
ਸੰਵਾਦ ਵਿਚ
ਅੱਪਵਾਦ ਵਿਚ
ਤੇ ਯਾਦ ਵਿਚ
ਅਕਸਰ ਹੀ ਗੁੰਮ ਜਾਂਦੇ ਨੇ
ਆਦਾਬ ਵਿਚ
ਖ਼ਾਬ ਵਿਚ
ਸ਼ਰਾਬ ਵਿਚ
ਤੇ ਸ਼ਬਾਬ ਵਿਚ
ਇਹ ਛਿਣ ਲੁਪਤ ਹੀ ਹੋ ਜਾਂਦੇ ਨੇ
ਸ਼ਬਦਾਂ ਵਿਚ
ਅਰਥਾਂ ਵਿਚ
ਵਾਕਾਂ ਵਿਚ
ਤੇ ਵਰਕਿਆਂ ਵਿਚ।
ਇਹ ਛਿੱਣ-ਭੰਗਰਤਾ ਹੀ ਬਣਦੀ ਹੈ
ਰਾਗ ਤੇ ਰਬਾਬ
ਅਜ਼ਬ ਤੇ ਅਜ਼ਾਬ
ਅਦਬ ਤੇ ਅਦਾਬ
ਖਰਚ ਤੇ ਹਿਸਾਬ
ਤੇ ਹੁਕਮ ਤੇ ਹਿਜਾਬ।
ਇਸ ਛਿੱਣ-ਭੰਗਰਤਾ ਵਿਚੋਂ ਹੀ ਉਗਦਾ ਹੈ
ਜੀਵਨ ਦੇ ਵਿਹੜੇ ਸੂਰਜ
ਅੰਬਰ 'ਤੇ ਤਾਰਿਆਂ ਦੀਆਂ ਖ਼ਿੱਤੀਆਂ
ਅਤੇ ਪੁੰਨਿਆਂ ਦਾ ਭਰ ਜਵਾਨ ਚੰਦਰਮਾ।

ਇਹ ਛਿੱਣ-ਭੰਗਰਤਾ ਹੀ ਬੱਦਲਾਂ ਦੀ ਪੈੜਚਾਲ ਹੁੰਦੀ, ਤਿੱਤਰਖੰਭੀ ਜੂਹ ਹੁੰਦੀ ਤੇ ਬਾਰਸ਼-ਬੂੰਦਾਂ ਦੀ ਕਿਣਮਿਣ ਹੁੰਦੀ। ਇਨ੍ਹਾਂ ਵਿਚੋਂ ਉਗਦੀ ਸੱਤਰੰਗੀ ਮਨ-ਅੰਬਰ ਦੇ ਕੋਨੇ ਕੋਨੇ ਵਿਚ ਦੂਰ ਤੀਕ ਫੈਲ ਜਾਂਦੀ।

ਛਿੱਣਭੰਗਰਤਾ ਖੁਦ ਦਾ ਖੁਦ ਨੂੰ ਮਿਲਣ ਦਾ ਸਬੱਬ। ਮਿਲਾਪ ਲਈ ਰੂਹ-ਮੱਕੇ ਨੂੰ ਜਾਣ ਵਾਲਾ ਹੱਜ, ਖੁਦ ਦੇ ਅੰਬਰ ਬੈਠਾ ਰੱਬ ਅਤੇ ਖੁਦ ਵਿਚੋਂ ਪਾਇਆ ਖੁਦ ਦਾ ਰੱਜ ਹੁੰਦੀ। ਇਸ ਤੋਂ ਬੇਮੁੱਖਤਾ ਵਿਚੋਂ ਨਹੀ ਰੂਹ ਏ-ਦੀਦਾਰ ਹੁੰਦਾ।

ਛਿੱਣ-ਭੰਗਰਤਾ ਜ਼ਿੰਦਗੀ ਦੇ ਮੱਥੇ ਦਾ ਨੂਰ, ਨੈਣਾਂ ਵਿਚ ਵੱਸਦਾ ਸਰੂਰ ਅਤੇ ਸਫ਼ਰ ਦੇ ਸਿਰਨਾਵਿਆਂ ਵਿਚ ਬੈਠਾ ਗਰੂਰ ਹੁੰਦੀ। ਛਿੱਣ-ਭੰਗਰਤਾ ਇਕ ਨਿਰੰਤਰ ਵਰਤਾਰਾ। ਇਸ ਵਰਤਾਰੇ ਵਿਚੋਂ ਹੀ ਜੀਵਨ ਨੂੰ ਹੁਲਾਰਾ ਹਰਸ਼, ਹੰਭਲਾ ਅਤੇ ਹੋਂਦ ਮਿਲਦੀ। ਖ਼ੁਦਾ ਕਰੇ! ਅਜੇਹੀ ਛਿੱਣਭੰਗਰਤਾ ਹਮੇਸ਼ਾ ਜਾਰੀ ਹੈ ਅਤੇ ਜਾਰੀ ਰਹੇ ਕਲਮ/ਕਿਰਤ ਦਾ ਅਦਬੀ ਸਫ਼ਰ।

ਛਿੱਣ-ਭੰਗਰਤਾ ਕਾਰਨ ਹੀ ਟੁੱਟਦੀ ਹੈ ਸਿੱਧ-ਸਮਾਧੀ, ਤ੍ਰਭਕਦੀ ਹੈ ਤਾਸੀਰ, ਤਿੜਕਦੀ ਹੈ ਤਸਵੀਰ ਅਤੇ ਹੰਝੂ ਕੇਰਦੀ ਹੈ ਕੈਨਵਸ ਵਿਚ ਕੈਦ ਹੋਈ ਕਲਾ-ਨਕਾਸ਼ੀ। ਛਿੱਦੇ ਹੋਏ ਧਾਗੇ ਅਤੇ ਫਿੱਕੜੇ ਹੋਏ ਰੰਗਾਂ ਵਿਚੋਂ ਉਗੀ ਹੋਈ ਸੂਹੀ ਭਾਅ ਹੀ ਬਣਦੀ ਹੈ ਸਵੇਰ ਦੀ ਲਾਲੀ।

ਛਿੱਣ-ਭੰਗਰਤਾ ਕਾਰਨ ਹੀ ਸੂਰਜ ਦੀ ਲਾਲ ਅੱਖ ਵਿਚੋਂ ਸਰਘੀ ਪ੍ਰਕਾਸ਼ਮਾਨ ਹੁਮਦੀ ਬੂਦੇ ਦੀ ਲਾਲੀ ਵਿਚ ਰਾਤ ਧਰਤੀ 'ਤੇ ਉਤਰਦੀ ਮੱਸਿਆ ਦੀ ਕੁੱਖ ਵਿਚੋਂ ਪੁੰਨਿਆ ਦਾ ਚੰਨ ਉਦੈ ਹੁੰਦਾ ਅਤੇ ਕਦੇ ਕਦਾਈਂ ਛਿੱਣ-ਭੰਗਰਤਾ ਕਾਰਨ ਹੀ ਸੁਪਨੇ ਦੀ ਅੱਖ ਚੁੰਝਦੀ। ਸੰਭਾਵਨਾਵਾਂ ਨੂੰ ਸੋਗ ਮਿਲਦਾ ਅਤੇ ਸਫ਼ਲਤਾਵਾਂ ਦੇ ਗੁੰਬਦਾਂ ਦੇ ਕਿੰਗਰੇ ਭੁਰ ਜਾਂਦੇ।

ਰੋਜ਼ਮਰਾ ਦੀ ਜ਼ਿੰਦਗੀ ਵਿਚ ਪੈਦਾ ਹੋਈ ਛਿੱਣ-ਭੰਗਰਤਾ ਕਾਰਨ ਹੀ ਗਰਭਦੀ ਹੈ ਕਵਿਤਾ, ਕਲਮ, ਕਲਾ, ਕਿਰਤ, ਕਹਾਣੀ ਅਤੇ ਕਰਮਯੋਗਤਾ। ਛਿੱਣ-ਭੰਗਰਤਾ ਹੀ ਨਵੀਆਂ ਤਸ਼ਬੀਹਾਂ, ਤਜਵੀਜ਼ਾਂ, ਤਦਬੀਰਾਂ, ਤਕਦੀਰਾਂ ਅਤੇ ਤਮੰਨਾਵਾਂ ਦੀ ਤਾਂਘ ਪੈਦਾ ਕਰ ਜੀਵਨ ਨੂੰ ਉਚੇ ਮਰਹੱਲਿਆਂ ਦਾ ਮਾਣ ਬਖ਼ਸ਼ਦੀ।

ਛਿੱਣ-ਭੰਗਰਤਾ ਵਿਚੋਂ ਹੀ ਜ਼ਿੰਦਗੀ ਨੂੰ ਨਵੇਂ ਸਰੋਕਾਰਾਂ, ਸਾਰਥਿਕਤਾਵਾਂ ਅਤੇ ਸਮਰਪਣ ਦਾ ਸੁਰਖ ਸਿਰਨਾਵਾਂ ਮਿਲਦਾ ਜੋ ਸਾਹਾਂ ਨੂੰ ਜਿਉਣ-ਜੋਗਾ ਕਰ ਦਿੰਦਾ।

## ਇਕ ਗੀਤ

ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ,
ਵਾਜ ਵੀ ਨਾ ਮਾਰ ਸਕਦੇ
ਡਾਢਾ ਮਜਬੂਰ ਆਂ।

ਅੱਖਾਂ ਨਾਲ ਜੋ ਗੁਫ਼ਤਗੂ
ਜੋ ਹੋਈ ਦੱਸੀ ਨਾ ਜਾਵੇ
ਇਨ੍ਹਾਂ ਕਾਫ਼ਰ ਹਵਾਵਾਂ ਨਾਲ
ਝੜੀ ਜਾਂਦਾ ਬੂਰ ਆ
ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ।

ਹੁਣ ਸ਼ਰੇਆਮ ਨਾਮ ਤੇਰਾ
ਲੈ ਵੀ ਨਾ ਸਕਦੇ
ਤੇਰੇ ਬਿਨਾ ਤੈਨੂੰ ਪਤੈ ਅਸਾਂ
ਰਹਿ ਵੀ ਨਾ ਸਕਦੇ।
ਗੱਲ ਰਾਜ਼ ਵਾਲੀ ਕਿਸੇ
ਕਹਿ ਵੀ ਨਾ ਸਕਦੇ।

ਫਿਕਰਾਂ ਨੇ ਲੁੱਟ ਲਿਆ
ਚਿਹਰਿਆਂ ਦਾ ਨੂਰ ਆ
ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ।

ਨਜ਼ਮਾਂ ਨੂੰ ਇਲਮ
ਇਹ ਹਰਫ਼ ਕਿਉਂ ਉਦਾਸ ਨੇ
ਸਾਡੇ ਲਈ ਜੋ ਖਾਸ
ਉਹ ਬਹੁਤਿਆਂ ਦੇ ਖਾਸ ਨੇ।

ਟਾਵਾਂ ਹੀ ਸਮਝੇ ਕੋਈ
ਬਹੁਤੇ ਲਾਉਂਦੇ ਕਿਆਸ ਨੇ
ਦਰਦਾਂ ਨੇ ਵਿਹੜਾ ਪੱਕਾ
ਮੱਲਿਆ ਹਜ਼ੂਰ ਆ
ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ।

ਮੁੜ ਮੁੜ ਆਉਣ ਜੋ
ਤੇਰੇ ਖ਼ਿਆਲ ਤੰਗ ਕਰਦੇ
ਉਲਝ ਕੇ ਪਹੇਲੀ ਬਣੇ
ਉਹ ਸਵਾਲ ਤੰਗ ਕਰਦੇ।
ਲਾਲਪੁਰੀ ਤੇਰੇ ਨਾਵੇਂ ਲਾਏ
ਜੋ ਸਾਲ ਤੰਗ ਕਰਦੇ।

ਯਾਦਾਂ ਦਾ ਹਰ ਪਲ ਰਹਿੰਦਾ
ਚੜ੍ਹਿਆ ਸਰੂਰ ਆ
ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ

*-ਰਵਿੰਦਰ ਸਿੰਘ ਲਾਲਪੁਰੀ*
*ਫੋਨ: 94634 52261*

# ਅਮੋਲਕ ਸਿੰਘ ਜੰਮੂ ਦੀਆਂ ਯਾਦਾਂ ਤੇ ਯੋਗਦਾਨ

**ਬਰਸੀ 'ਤੇ ਵਿਸ਼ੇਸ਼**



ਜਦ ਵੀ ਕੋਈ ਮਹਿਫ਼ਲ ਜੁੜਦੀ,

ਅਮੋਲਕ ਭਾਜੀ ਦਾ ਜ਼ਿਕਰ ਜ਼ਰੂਰ ਹੁੰਦੈ।

ਪੰਜਾਬ ਟਾਈਮਜ਼, ਉਸੇ ਤਰ੍ਹਾਂ ਚਲ ਰਿਹੈ,

ਹੱਥ 'ਚ ਆਉਂਦਿਆਂ ਹੀ, ਸਰੂਰ ਹੁੰਦੈ।

ਹਰ ਪੰਨੇ ਵਿਚੋਂ ਵੀਰੇ, ਤੇਰੀ ਰੂਹ ਦਿਸਦੀ

ਬੇ-ਬਾਕ ਸਿਰੜੀ 'ਜੰਮੂ' ਅਖਬਾਰ

ਪੜ੍ਹ-ਪੜ੍ਹ ਗ਼ਰੂਰ ਹੁੰਦੈ।

'ਪੰਜਾਬ ਟਾਈਮਜ਼' ਦਾ ਬੂਟਾ ਲਾ ਕੇ ਉਸਨੂੰ ਆਪਣੇ ਖ਼ੂਨ ਨਾਲ ਸਿੰਜ ਕੇ ਜਵਾਨ ਕਰ ਕੇ ਤੁਰ ਗਏ ਸ. ਅਮੋਲਕ ਸਿੰਘ ਜੰਮੂ ਦੀ ਪਹਿਲੀ ਬਰਸੀ 'ਤੇ ਉਨ੍ਹਾਂ ਨਾਲ ਬਿਤਾਏ ਪਲ ਕਦੇ ਭੁੱਲ ਨਹੀਂ ਸਕਦੇ। ਮੇਰਾ ਤੇ ਅਮੋਲਕ ਭਾਜੀ ਦਾ ਬਹੁਤ ਗੂੜ੍ਹਾ ਪਿਆਰ ਸੀ। ਉਨ੍ਹਾਂ ਨੇ ਮੈਨੂੰ ਜੋ ਦਿੱਤਾ ਉਸ ਵਿਚੋਂ ਸਭ ਤੋਂ ਪਹਿਲਾਂ ਮੇਰੀ ਕੰਪਨੀ 'ਅਮਰ ਕਾਰਪੇਟ' ਦਾ ਨਾਮ ਅਮੋਲਕ ਭਾਜੀ ਦੀ ਦੇਣ ਹੈ, ਜੋ ਪੰਜਾਬ ਟਾਈਮਜ਼ ਦੇ ਨਾਲ-ਨਾਲ ਚੱਲਦਾ ਇਸ ਅਖਬਾਰ ਵਾਂਗ ਹਰ ਇੱਕ ਦੀ ਜ਼ੁਬਾਨ 'ਤੇ ਹੈ। 2004 ਦੇ ਨਵੰਬਰ ਮਹੀਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰ-ਪੁਰਬ 'ਤੇ ਅਮੋਲਕ ਭਾਜੀ ਨੇ ਮੇਰੇ ਛੋਟੇ ਨਾਮ 'ਅਮਰ' 'ਤੇ ਮੇਰੀ ਕੰਪਨੀ ਦਾ ਨਾਮ 'ਅਮਰ ਕਾਰਪੈਟ' ਰੱਖ ਕੇ ਗੁਰਪੁਰਬ 'ਤੇ ਵਧਾਈ ਦੀ ਇੱਕ ਸਫੇ ਦੀ ਮਸ਼ਹੂਰੀ ਪਾ ਦਿੱਤੀ। ਉਸ ਦਿਨ ਤੋਂ 'ਅਮਰ ਕਾਰਪੈਟ' ਹੋਂਦ ਵਿਚ ਆ ਗਿਆ ਤੇ 'ਪੰਜਾਬ ਟਾਈਮਜ਼' ਦੇ ਨਾਲ-ਨਾਲ 'ਅਮਰ ਕਾਰਪੈਟ' ਵੀ ਸ਼ਿਕਾਗੋ ਸ਼ਹਿਰ ਵਿਚ ਬਹੁਤ ਸਫਲਤਾ ਨਾਲ ਚੱਲ ਕੇ ਮੇਰਾ ਤੇ ਮੇਰੇ ਗੂੜ੍ਹੇ ਦੋਸਤ ਸ. ਅਮੋਲਕ ਸਿੰਘ ਜੰਮੂ ਦਾ ਨਾਮ ਉਚਾ ਕਰ ਰਿਹਾ ਹੈ।

ਅਮੋਲਕ ਭਾਜੀ ਦੀ ਜ਼ਿੰਦਗੀ ਵਿਚ ਬਹੁਤ ਚੰਗੇ-ਮਾੜੇ ਦੌਰ ਆਏ, ਪਰ ਮੈਂ ਉਨ੍ਹਾਂ ਨੂੰ ਸਦਾ ਚੜ੍ਹਦੀ ਕਲਾ ਵਿਚ ਦੇਖਿਆ। 2005 ਤੋਂ ਨਾਮੁਰਾਦ ਬੀਮਾਰੀ ਬਹੁਤ ਤੇਜ਼ੀ ਨਾਲ ਆਪਣਾ ਅਸਰ ਦਿਖਾਉਣ ਲਗ ਪਈ ਸੀ। ਲੰਬਾ ਸਮਾਂ ਆਪਣੇ ਸਰੀਰ ਨਾਲ ਜਦੋ-ਜਹਿਦ ਕਰਦਿਆਂ ਅੰਤ ਪਿਛਲੇ ਸਾਲ 20 ਅਪ੍ਰੈਲ ਨੂੰ ਭਾਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ। ਮੈਂ ਉਨ੍ਹਾਂ ਨੂੰ ਕਦੇ ਨਹੀਂ ਭੁੱਲ ਸਕਦਾ ਪਰ ਉਨ੍ਹਾਂ ਦੇ ਹੱਥੀਂ ਲਾਇਆ 'ਪੰਜਾਬ ਟਾਈਮਜ਼' ਜਦ ਹਫ਼ਤੇ ਬਾਅਦ ਹੱਥ ਵਿਚ ਆਉਂਦਾ ਹੈ, ਫਿਰ ਸੱਚ ਦੱਸਣਾ, ਤੁਹਾਨੂੰ ਅਮੋਲਕ ਵੀਰ




**ਸ. ਅਮਰੀਕ ਸਿੰਘ ਸ਼ਿਕਾਗੋ**
**ਫੋਨ: 773-507-8043**

ਹਰ ਪੰਨੇ ਵਿਚੋਂ ਦਿਖਾਈ ਨਹੀਂ ਦਿੰਦੇ? ਉਨ੍ਹਾਂ ਦੀ ਬਰਸੀ 'ਤੇ ਮੈਂ ਸਾਰੇ ਪੰਜਾਬੀ ਭਾਈਚਾਰੇ ਨੂੰ ਅਪੀਲ ਕਰਦਾ ਹਾਂ, 'ਪੰਜਾਬ ਟਾਈਮਜ਼' ਭਾਜੀ ਤੋਂ ਬਾਅਦ ਭੈਣ ਜੀ ਜਸਪ੍ਰੀਤ ਆਪਣੀ ਪੂਰੀ ਟੀਮ ਸਮੇਤ ਪੂਰੇ ਦਮ-ਖਮ ਨਾਲ ਚਲਾ ਰਹੇ ਨੇ। 'ਪੰਜਾਬ ਟਾਈਮਜ਼' ਨੂੰ ਹੋਰ ਬੁਲੰਦੀਆਂ 'ਤੇ ਪਹੁੰਚਾਉਣਾ ਸਾਡਾ ਫਰਜ਼ ਹੈ, ਇਹੀ ਸ. ਅਮੋਲਕ ਸਿੰਘ ਜੰਮੂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

---

## ਅਮੋਲਕ ਸਿੰਘ ਜੰਮੂ: ਇੱਕ ਵਰ੍ਹਾ ਬੀਤਿਆਂ...

'ਪੰਜਾਬ ਟਾਈਮਜ਼ ਦੇ ਕਰਤਾ-ਧਰਤਾ ਅਮੋਲਕ ਸਿੰਘ ਨੂੰ ਇਸ ਜਹਾਨ ਤੋਂ ਰੁਖਸਤ ਹੋਇਆਂ ਸਾਲ ਹੋ ਗਿਆ ਹੈ ਪਰ ਜਾਪਦਾ ਇਉਂ ਹੈ ਜਿਵੇਂ ਕੱਲ੍ਹ ਦੀ ਗੱਲ ਹੋਵੇ। ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ॥ ਬਾਣੀ 'ਚ ਬੜਾ ਸਪਸ਼ਟ ਹੈ ਕਿ ਇੱਥੇ ਕੋਈ ਚੀਜ਼ ਸਥਿਰ ਨਹੀਂ ਹੈ ਆਪਣਾ ਸਮਾਂ ਪਾ ਕੇ ਸਭ ਨੇ ਬਿਨਸ ਜਾਣਾ ਹੈ। ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥ ਚਾਹੇ ਜੀਵ ਹਨ ਜਾਂ ਬਨਸਪਤੀ, ਆਪਣਾ ਜੀਵਨ ਚੱਕਰ ਪੂਰਾ ਕਰਕੇ ਅਗਾਂਹ ਤੁਰ ਜਾਂਦੇ ਹਨ। ਹਰ ਉਪਜੀ ਚੀਜ਼ ਦਾ ਆਪਣਾ ਵਿਲੱਖਣ ਗੁਣ ਅਤੇ ਮਕਸਦ ਹੈ। ਸਾਡੇ ਜੀਵਨ ਕਾਲ 'ਚ ਪਰੇ ਤੋਂ ਪਰੇ ਐਸੇ



**ਕੁਲਵੰਤ ਸਿੰਘ ਸਹੋਤਾ**
**ਫੋਨ: 604-589-5919**

ਵਧੀਆ ਇਨਸਾਨ ਹਨ ਜਿਨ੍ਹਾਂ ਨੂੰ ਮਿਲੇ ਬਿਨਾਂ ਹੀ ਅਸੀਂ ਆਪਣਾ ਜੀਵਨ ਚੱਕਰ ਪੂਰਾ ਕਰ ਇੱਥੋਂ ਤੁਰ ਜਾਣਾ ਹੈ। ਜੇ ਅਸੀਂ ਉਨ੍ਹਾਂ ਨੂੰ ਨਹੀਂ ਮਿਲ ਸਕੇ ਤਾਂ ਦੱਸੋ, ਉਨ੍ਹਾਂ ਦੇ ਵਿਲੱਖਣ ਗੁਣਾਂ ਅਤੇ ਅਦਭੁੱਤ ਸ਼ਖਸੀਅਤ ਨੂੰ ਕੋਈ ਫਰਕ ਪੈਣਾ ਹੈ? ਜਾਂ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖਸੀਅਤ 'ਚ ਕੋਈ ਊਣਤਾਈ ਆਉਣੀ ਹੈ? ਬਿਲਕੁਲ ਨਹੀਂ। ਹਾਂ, ਇਹ ਗੱਲ ਜ਼ਰੂਰ ਹੈ ਕਿ ਜਿੱਥੇ ਕਿਤੇ ਵੀ ਉਹ ਹੋਣਗੇ, ਆਪਣੀ ਵਿਲੱਖਣਤਾ ਦੀ ਮਹਿਕ ਜ਼ਰੂਰ ਖਿਲਾਰ ਕੇ ਜਾਣਗੇ। ਦੁਨੀਆ ਨੂੰ ਦੇਖਣ ਦੀ ਸਭ ਦੀ ਆਪੋ-ਆਪਣੀ ਅੱਖ ਹੈ, ਆਪੋ-ਆਪਣਾ ਦ੍ਰਿਸ਼ਟੀਕੋਣ ਹੈ।

ਤੁਸੀਂ ਚੜ੍ਹਦੇ ਵਲ ਮੂੰਹ ਕਰਕੇ ਖੜ੍ਹੇ ਹੋ ਤਾਂ ਸੁਭਾਵਿਕ ਹੀ ਤੁਹਾਡੀ ਪਿੱਠ ਲਹਿੰਦੇ ਵਲ ਹੋਵੇਗੀ। ਜੇ ਕੋਈ ਕਹੇ ਕਿ ਇਹ ਲਹਿੰਦੇ ਵਲ ਪਿੱਠ ਕਰਕੇ ਖੜ੍ਹਾ ਹੈ ਤਾਂ ਸੁਭਾਵਿਕ ਹੀ ਉਸ ਦਾ ਮੂੰਹ ਚੜ੍ਹਦੇ ਵਲ ਹੋਣਾ ਲਾਜ਼ਮੀ ਹੈ। ਬੰਦੇ ਦੀ ਪੁਜ਼ੀਸ਼ਨ ਉਹੀ ਹੈ, ਸਿਰਫ ਸਥਿਤੀ ਨੂੰ ਵਰਣਨ ਕਰਨ ਦਾ ਹੀ ਫਰਕ ਹੈ। ਖੜ੍ਹੇ ਬੰਦੇ ਦੀ ਸਥਿਤੀ ਨੂੰ ਕੋਈ ਫਰਕ ਨਹੀਂ ਪੈਣ ਲੱਗਾ ਪਰ ਉਹ ਕਿਸ ਮਕਸਦ ਲਈ ਚੜ੍ਹਦੇ ਵਲ ਨੂੰ ਮੂੰਹ ਕਰਕੇ ਖੜ੍ਹਾ ਹੈ, ਉਸ ਉਦੇਸ਼ ਦੀ ਪੂਰਤੀ ਹੀ ਉਸ ਦਾ ਮੁੱਖ ਮੁੱਦਾ ਤੇ ਮਕਸਦ ਹੈ। ਜੋ ਇਨਸਾਨ ਅਜਿਹੇ ਕਾਰਜ ਕਰਕੇ ਦੂਸਰਿਆਂ ਦੇ ਪ੍ਰੇਰਨਾ ਸਰੋਤ ਬਣਦੇ ਹਨ, ਦੂਸਰਿਆਂ ਨੂੰ ਪ੍ਰਭਾਵਿਤ ਤੇ ਉਤਸ਼ਾਹਿਤ ਕਰਦੇ ਹਨ, ਤੁਰ ਜਾਣ ਬਾਅਦ ਵੀ ਆਪਣੀ ਵਿਲੱਖਣ ਛਾਪ ਛੱਡ ਜਾਂਦੇ ਹਨ। ਉਨ੍ਹਾਂ ਦਾ ਜੀਵਿਆ ਅਰਥ ਹੈ। ਜ਼ਿੰਦਗੀ 'ਚ ਔਕੜਾਂ ਦਾ ਖਿੜੇ ਮੱਥੇ ਸਾਹਮਣਾ ਕਰਦੇ ਜੇ ਤੁਸੀਂ ਆਪਣੀ ਮੰਜ਼ਿਲ ਵਲ ਵਧਦੇ ਜਾਂਦੇ ਹੋ, ਮੰਜ਼ਿਲ ਦੀ ਪੂਰਤੀ ਲਈ ਹੋਰ ਯਤਨ ਕਰਦੇ ਹੋ ਤਾਂ ਦ੍ਰਿੜਤਾ ਨਾਲ ਹੋ ਰਿਹਾ ਘੋਲ ਤੁਹਾਡੇ ਮਨ ਨੂੰ ਬਲਵਾਨ ਕਰੇਗਾ, ਅੰਦਰੋਂ ਤਾਕਤ ਪੈਦਾ ਹੋਏਗੀ, ਇਰਾਦਾ ਦ੍ਰਿੜ ਹੋਏਗਾ, ਪ੍ਰਪੱਕਤਾ ਆਏਗੀ, ਮੰਜ਼ਿਲ ਵਲ ਤੇਜ਼ੀ ਨਾਲ ਵਧੋਗੇ। ਔਖੇ ਵੇਲੇ ਵੀ ਨਾ ਘਬਰਾਉਂਦੇ



ਹੋਏ ਆਪਣੇ ਮਨ ਨੂੰ ਇੱਥੇ ਲਿਆ ਖੜ੍ਹਾ ਕਰ ਲਓਗੇ ਕਿ ਇਹ ਜ਼ਿੰਦਗੀ ਦਾ ਅੰਗ ਹੈ, ਇਸ ਨਾਲ ਸੂਰਬੀਰਤਾ ਨਾਲ ਨਜਿੱਠਣਾ ਹੈ ਤੇ ਅੱਗੇ ਵਧਣਾ ਹੈ, ਹਾਰ ਨਹੀਂ ਮੰਨਣੀ। ਜਦ ਮਨ ਇੱਥੇ ਪੁੱਜ ਜਾਏ ਤਾਂ ਉਸ ਲੜਾਈ ਦੀ ਇਹ ਪਹਿਲੀ ਜਿੱਤ ਹੁੰਦੀ ਹੈ। ਵੱਡੀ ਲੜਾਈ ਭਾਵੇਂ ਜਾਰੀ ਰਹਿੰਦੀ ਹੈ ਪਰ ਪਹਿਲੀ ਲੜਾਈ ਜਿੱਤੀ ਜਾਂਦੀ ਹੈ। ਕਮਜ਼ੋਰ ਮਨ ਕਮਜ਼ੋਰ ਦਲੀਲਾਂ ਨਾਲ ਹਾਰ ਮੰਨਣ ਦੇ ਬਹਾਨੇ ਭਾਲੇਗਾ ਪਰ ਮਜ਼ਬੂਤ ਦ੍ਰਿੜ ਮਨ ਹਾਰ ਮੰਨਣ ਦੀ ਥਾਂ, ਚੜ੍ਹਦੀ ਕਲਾ 'ਚ ਰਹਿੰਦਾ ਹਾਰ ਨੂੰ ਪਛਾੜਨ ਲਈ ਜੱਦੋਜਹਿਦ ਦੇ ਹੀਲੇ-ਵਸੀਲੇ ਕਰੇਗਾ, ਸ਼ਿਦਤ ਨਾਲ ਮੰਜ਼ਿਲ ਵਲ ਵਧੇਗਾ ਤੇ ਜਿੱਤੇਗਾ।

ਪਰਦੇਸਾਂ 'ਚ ਪੰਜਾਬੀ ਅਖਬਾਰ ਕੱਢਣੀ, ਸਾਲਾਂ ਬੱਧੀ ਚਲਦੀ ਰੱਖਣੀ ਕੋਈ ਅਸਾਨ ਕੰਮ ਨਹੀਂ। ਬਹੁਤ ਲਗਨ ਤੇ ਮਿਹਨਤ ਦੀ ਲੋੜ ਹੈ। ਜੇ ਅਖਬਾਰ ਮਿਆਰ ਰੱਖ ਕੇ ਕੱਢਣਾ ਹੋਵੇ ਤਾਂ ਹੋਰ ਵੀ ਤੰਗੀਆਂ ਅਤੇ ਮੁਸ਼ਕਿਲਾਂ ਮੂੰਹ ਅੱਡੀ ਖੜ੍ਹੀਆਂ ਹੁੰਦੀਆਂ ਹਨ। 'ਪੰਜਾਬ ਟਾਈਮਜ਼' ਦੇ ਬਾਨੀ ਸ. ਅਮੋਲਕ ਸਿੰਘ ਦੀ ਜੀਵਨ ਸਾਥਣ ਬੀਬੀ ਜਸਪ੍ਰੀਤ ਕੌਰ ਦਾ ਪੇਪਰ ਨੂੰ ਉਸੇ ਤਰਜ਼ 'ਤੇ ਜਾਰੀ ਰੱਖਣਾ ਬਹੁਤ ਵੱਡੀ ਚੁਣੌਤੀ ਹੈ। ਜਿਹੜਾ ਕੰਮ ਵੀਹ ਸਾਲ ਅਮੋਲਕ ਸਿੰਘ ਨੇ ਪਰਚੇ ਨੂੰ ਸਿਖਰਾਂ ਵਲ ਲਿਜਾਣ ਲਈ ਸਿਰੜ ਨਾਲ ਕੀਤਾ, ਹੁਣ ਉਹੀ ਕੰਮ ਜਸਪ੍ਰੀਤ ਕੌਰ ਅਤੇ ਉਨ੍ਹਾਂ ਦੇ ਸਾਥੀ ਕਾਮਿਆਂ ਨੂੰ ਕਰਨਾ ਪੈ ਰਿਹਾ ਹੈ, ਇਹ ਕਿਸੇ ਚੁਣੌਤੀ ਤੋਂ ਘੱਟ ਨਹੀਂ। 'ਪੰਜਾਬ ਟਾਈਮਜ਼' ਬਹੁ-ਪੱਖੀ ਪੇਪਰ ਹੈ। ਇਹ ਕਿਸੇ ਖਾਸ ਇੱਕ ਤਰਫਾ ਵਿਚਾਰਧਾਰਾ ਨਾਲ ਨਹੀਂ ਬੱਝਿਆ। ਇਹ ਆਮ ਅਤੇ ਖਾਸ, ਹਰ ਤਰ੍ਹਾਂ ਦੇ ਪਾਠਕਾਂ ਦਾ ਪਸੰਦੀਦਾ ਪੇਪਰ ਹੈ। ਇਸ ਵਿਚ ਚਿਰਾਂ ਤੋਂ ਸਥਾਪਤ ਲੇਖਕਾਂ ਦੀਆਂ ਲਿਖਤਾਂ ਵੀ ਛਪਦੀਆਂ ਹਨ, ਨਾਲ ਹੀ ਨਵੇਂ ਤੇ ਸਥਾਪਤ ਹੋ ਰਹੇ ਲੇਖਕਾਂ ਦੀਆਂ ਵੀ। ਲੇਖਕ ਆਪਣੇ ਆਪ ਜਮਾਂਦਰੂ ਹੀ ਸਥਾਪਤ ਨਹੀਂ ਹੁੰਦੇ, ਉਨ੍ਹਾਂ ਨੂੰ ਪਾਠਕ ਸਥਾਪਤ ਕਰਦੇ ਹਨ, ਜੋ ਉਨ੍ਹਾਂ ਨੂੰ ਪੜ੍ਹਦੇ ਹਨ ਅਤੇ ਪੜ੍ਹ ਕੇ ਆਪਣਾ ਪ੍ਰਤੀਕਰਮ ਲੇਖਕ ਤੱਕ ਪੁੱਜਦਾ ਕਰਦੇ ਹਨ। 'ਪੰਜਾਬ ਟਾਈਮਜ਼' ਦੂਰ-ਦੂਰ ਤੱਕ ਪੜ੍ਹਿਆ ਜਾਂਦਾ ਹੈ; ਹਾਰਡ ਕਾਪੀ ਦੇ ਰੂਪ 'ਚ ਵੀ ਅਤੇ ਈ-ਕਾਪੀ ਰਾਹੀਂ ਵੀ।

ਸੁਹਿਰਦ ਪਾਠਕ, ਲੇਖਕ ਅਤੇ ਵਪਾਰੀ ਸੱਜਣ ਅਖਬਾਰ ਦਾ ਧੁਰਾ ਹਨ। ਉਨ੍ਹਾਂ ਬਿਨਾਂ ਕੋਈ ਪੇਪਰ ਨਹੀਂ ਚੱਲ ਸਕਦਾ। ਅਮੋਲਕ ਸਿੰਘ ਨੇ ਆਪਣੇ ਯਤਨਾਂ ਨਾਲ ਪੇਪਰ ਨੂੰ ਪੜ੍ਹਨ ਯੋਗ ਬਣਾਉਣ ਲਈ ਅਹਿਮ ਭੂਮਿਕਾ ਨਿਭਾਈ ਜੋ ਹੁਣ ਵੀ ਜਾਰੀ ਹੈ। ਆਪਣੀ ਵਿਗੜਦੀ ਸਿਹਤ ਦੇ ਬਾਵਜੂਦ ਉਨ੍ਹਾਂ ਅਖਬਾਰ ਨੂੰ ਆਖਰੀ ਦਮ ਤੱਕ ਹੋਰ ਵਧੀਆ ਬਣਾਉਣ ਲਈ ਜੱਦੋਜਹਿਦ ਜਾਰੀ ਰੱਖਦਿਆਂ ਆਖਰੀ ਸਾਹ ਵੀ ਪੇਪਰ ਨੂੰ ਹੀ ਸਮਰਪਿਤ ਕੀਤੇ। ਉਨ੍ਹਾਂ ਕਦੀ ਪੈਸੇ ਨੂੰ ਪਹਿਲ ਨਹੀਂ ਦਿੱਤੀ ਅਤੇ ਅਖਬਾਰ ਦੇ ਮਿਆਰ ਨਾਲ ਕਦੀ ਸਮਝੌਤਾ ਨਹੀਂ ਕੀਤਾ। ਪੇਪਰ ਨੂੰ ਨਿਰੋਲ ਨਿਰਪੱਖ ਰੱਖ ਕੇ ਇਸ ਨੂੰ ਬਹੁਸੰਮਤੀ ਪਾਠਕਾਂ 'ਚ ਹਰਮਨ ਪਿਆਰਾ ਬਣਾਇਆ। ਸਮੂਹ ਪਾਠਕ ਅਤੇ ਲੇਖਕ ਇਹ ਵਿਸ਼ਵਾਸ ਰੱਖਦੇ ਹਨ ਕਿ ਸਮੇਂ-ਸਮੇਂ ਆਉਂਦੀਆਂ ਚੁਣੌਤੀਆਂ ਅਤੇ ਔਖਿਆਈਆਂ ਦੇ ਬਾਵਜੂਦ 'ਪੰਜਾਬ ਟਾਈਮਜ਼' ਕਾਮਯਾਬੀ ਨਾਲ ਮੱਲਾਂ ਮਾਰਦਾ ਜਾਏਗਾ ਅਤੇ ਸਮੁੱਚੇ ਪਾਠਕਾਂ ਤੇ ਲੇਖਕਾਂ ਨੂੰ ਆਪਣੇ ਨਾਲ ਰੱਖਦਾ ਹੋਇਆ ਅਖਬਾਰਾਂ ਦੀ ਦੁਨੀਆ 'ਚ ਆਪਣਾ ਵਿਲੱਖਣ ਸਥਾਨ ਬਣਾਈ ਰੱਖੇਗਾ। ਇਹ ਦਿਲੀ ਕਾਮਨਾ ਹੈ-
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥

---

## ਵੀਰ ਅਮੋਲਕ ਬਿਨ ਗੁਜ਼ਰਿਆ ਇਕ ਸਾਲ

ਮੈਂ ਕਦੀ ਇਹ ਸੋਚਿਆ ਹੀ ਨਹੀਂ ਸੀ ਕਿ ਅਪਣੇ ਵੀਰ ਅਮੋਲਕ ਸਿੰਘ ਜੰਮੂ ਦੀ ਬਰਸੀ 'ਤੇ ਮੈਂ ਵੀ ਪੀੜਾਂ ਭਰੀ ਗਾਥਾ ਲਿਖਾਂਗੀ, ਪਰ ਸਮਾਂ ਬਲਵਾਨ ਹੈ ਅਤੇ ਮਾਲਕ ਦਾ ਹੁਕਮ ਵੀ ਅਟੱਲ ਹੈ। ਪੂਰਾ ਇਕ ਸਾਲ ਬੀਤ ਗਿਆ ਹੈ ਵੀਰ ਨੂੰ ਇਸ ਸੰਸਾਰ ਤੋਂ ਕੂਚ ਕੀਤਿਆਂ। ਸਮਾਂ ਰੁਕਿਆ ਨਹੀਂ; ਇਸਦਾ ਗੇੜ ਹੀ ਸਾਰੇ ਬ੍ਰਹਿਮੰਡ ਨੂੰ ਚਲਾ ਰਿਹਾ ਹੈ।



**ਸੁਰਜੀਤ ਕੌਰ ਸੈਕਰਾਮੈਂਟੋ**

ਕਹਿਣ ਨੂੰ ਸਾਰੇ ਦਿਨ ਇਕੋ ਜਿਹੇ ਹੁੰਦੇ ਹਨ, ਪਰ ਨਹੀਂ, ਕਈ ਦਿਨ, ਮਹੀਨੇ ਤੇ ਸਾਲ ਐਸੀਆਂ ਯਾਦਾਂ ਨਾਲ ਸਾਨੂੰ ਜੁੜੇ ਹੁੰਦੇ ਹਨ, ਜੋ ਖੁਸ਼ੀ-ਗਮੀ ਦੇ ਅਹਿਸਾਸਾਂ ਨੂੰ ਚੇਤੇ ਕਰਾਉਂਦੇ ਰਹਿੰਦੇ ਹਨ।

ਕਹਿਣ ਨੂੰ ਤਾਂ ਅਸੀ ਜੀਅ ਰਹੇ ਹੁੰਦੇ ਹਾਂ ਪਰ ਅਪਣੇ ਆਪ ਨੂੰ ਸਮੇਂ ਦੇ ਅੱਗੇ ਸੁੱਟ ਕੇ ਸਾਹ ਪੂਰੇ ਕਰਨ ਵਾਲੀ ਗੱਲ ਹੁੰਦੀ ਹੈ। ਪਿਛਲੇ ਸਾਲ ਅਪ੍ਰੈਲ ਦੀ 20 ਤਾਰੀਖ਼ ਨੂੰ ਭੁਲਾਇਆ ਨਾ ਜਾ ਸਕੇਗਾ ਅਤੇ ਹਰ ਲਮਹਾ ਉਸਦੀ ਯਾਦ ਦਵਾਉਂਦਾ ਰਹੇਗਾ, ਜਦ ਇਹ ਮਨਹੂਸ ਖ਼ਬਰ ਸੁਣੀ ਕਿ 'ਪੰਜਾਬ ਟਾਈਮਜ਼' ਦੇ ਬਾਨੀ ਸ. ਅਮੋਲਕ ਸਿੰਘ ਜੰਮੂ ਇਸ ਦੁਨੀਆਂ ਨੂੰ ਅਲਵਿਦਾ ਕਹਿ ਉਥੇ ਚਲੇ ਗਏ ਨੇ ਜਿੱਥੋਂ ਕਦੀ ਕੋਈ ਪਰਤਿਆ ਨਹੀਂ।

ਇਸ ਖ਼ਬਰ ਨੇ ਸੁੰਨ ਕਰ ਦਿੱਤਾ। ਉਹ ਬੇ-ਧੜਕ, ਬੇ-ਖ਼ੌਫ਼ ਅਤੇ ਸੱਚ ਦਾ ਮੁਦੱਈ ਇਨਸਾਨ ਹੁਣ ਸਾਡੇ ਕੋਲ ਨਹੀਂ ਸੀ, ਆਉਣ ਵਾਲਾ ਸਮਾਂ ਪ੍ਰਸ਼ਨ ਚਿੰਨ ਬਣ ਕੇ ਸਾਹਮਣੇ ਖੜਾ ਸੀ, ਵੀਰ ਦੇ ਪਰਿਵਾਰ ਅਤੇ 'ਪੰਜਾਬ ਟਾਈਮਜ਼' ਦੇ ਸਨੇਹੀਆਂ ਲਈ ਜਿੱਥੇ ਇਹ ਬੇ-ਹੱਦ ਦੁਖਦਾਈ ਸੀ ਉਥੇ ਫਿਕਰਾਂ ਭਰਪੂਰ ਵੀ ਸੀ। ਜੰਮੂ ਵੀਰ ਦਾ ਤੁਰ ਜਾਣਾ ਅਤੇ ਉਪਰੋਂ ਕਰੋਨਾ ਕਾਲ ਦਾ ਅਤਿ ਭਿਆਨਕ ਸਮਾਂ ਇਥੇ ਆ ਕੇ ਸ਼ਬਦ ਗੁਆਚ ਜਾਂਦੇ ਹਨ,

ਸੋ ਕਤਿ ਜਾਣੈ ਪੀਰ ਪਰਾਈ॥
ਜਾ ਕੈ ਅੰਤਰਿ ਦਰਦ ਨਾ ਪਾਈ॥

ਵੀਰ ਜਿਸ ਬਹਾਦਰੀ ਨਾਲ ਬੀਮਾਰੀ ਨਾਲ ਜੂਝਦਾ ਰਿਹਾ, ਤਕਰੀਬਨ ਉਨ੍ਹਾਂ ਨੂੰ ਚਾਹੁਣ ਵਾਲੇ ਸਾਰੇ ਹੀ ਵਾਕਿਫ ਹਨ। 'ਪੰਜਾਬ ਟਾਈਮਜ਼' ਨੂੰ ਬੁਲੰਦੀਆਂ ਤੱਕ ਲੈ ਜਾਣ ਲਈ ਆਪਣੀ ਜ਼ਿੰਦਗੀ ਦਾ ਹਰ ਪਲ ਉਸਦੇ ਲੇਖੇ ਲਾ ਕੇ ਆਪਣੇ ਸੁਪਨੇ ਨੂੰ ਸਾਕਾਰ ਕੀਤਾ।



ਜੰਮੂ ਵੀਰੇ ਦੇ ਤੁਰ ਜਾਣ ਨਾਲ ਜਿੱਥੇ ਜਸਪ੍ਰੀਤ ਕੌਰ ਦੀ ਜ਼ਿੰਦਗੀ ਵੀਰਾਨ ਹੋ ਗਈ ਬੇਟਾ ਮਨਪ੍ਰੀਤ ਤੇ ਸੰਦੀਪ ਬਾਬੁਲ ਦੇ ਪਿਆਰ ਤੋਂ ਵਾਂਝੇ ਹੋ ਗਏ, ਉਥੇ ਵੀਰ ਦੇ ਅਨਗਿਣਤ ਚਾਹੁਣ ਵਾਲੇ ਵੀ ਇਕ ਸੱਚੇ-ਸੁੱਚੇ ਪੱਤਰਕਾਰ, ਦੋਸਤ ਦੇ ਪਿਆਰ ਤੋਂ ਵਿਰਵੇ ਹੋ ਗਏ।

ਭਾਵੇਂ ਜਸਪ੍ਰੀਤ ਅਤੇ ਸਮੁੱਚਾ ਸਟਾਫ਼ ਪੰਜਾਬ ਟਾਈਮਜ਼ ਨੂੰ ਲੈ ਕੇ ਅੱਗੇ ਵੱਧ ਰਹੇ ਹਨ ਪਰ ਉਸਦੇ ਪਿਆਰ ਤੇ ਅਨਮੋਲ ਯਾਦਾਂ ਦੀ ਪੂੰਜੀ ਸਾਨੂੰ ਹਰ ਪਲ ਵੀਰ ਦੀ ਯਾਦ ਦਿਵਾਉਂਦੀ ਰਹੇਗੀ। ਮਨ ਉਦਾਸ ਹੈ, ਵੀਰੇ ਦੀ ਅਪਣੱਤ ਅਤੇ ਅਪਣੇਪਨ ਨਾਲ ਆਖੀ ਹਰ ਗੱਲ ਮੈਨੂੰ ਤੜਪਾ ਤੜਪਾ ਜਾਂਦੀ ਹੈ। ਮੈਂ ਤਾਂ ਵੀਰ ਦੇ ਪਿਆਰ ਤੋਂ ਸੱਖਣੀ ਪਈ ਸਾਂ, ਪਰ ਜੰਮੂ ਵੀਰ ਨੇ ਉਸ ਖਾਲੀ ਥਾਂ ਨੂੰ ਭਰਕੇ ਜੋ ਮਾਣ-ਤਾਣ ਦਿੱਤਾ ਉਸ ਲਈ ਸ਼ਬਦ ਨਹੀਂ ਹਨ, ਹਾਂ ਮੈਂ ਇਹ ਨਿਸ਼ਚੇ ਨਾਲ ਕਹਿ ਸਕਦੀ ਹਾਂ ਕਿ ਅਗਰ ਮੇਰਾ ਕੋਈ ਵੀਰ ਹੁੰਦਾ ਵੀ, ਤਾਂ ਉਹ ਜੰਮੂ ਵੀਰ ਜਿਹਾ ਕਤੱਈ ਨਹੀਂ ਸੀ ਹੋ ਸਕਦਾ।

ਅਖੀਰਲਾ ਸਾਲ ਜਦੋਂ ਵੀਰਾ ਬੋਲਣ ਤੋਂ ਵੀ ਅ-ਸਮਰੱਥ ਹੋ ਗਿਆ ਤਾਂ ਵੀ ਮੈਂ ਕਿੰਨਾ-ਕਿੰਨਾ ਚਿਰ ਫ਼ੋਨ ਤੇ ਗੱਲਾਂ ਕਰਨੀਆਂ ਅਤੇ ਵੀਰੇ ਨੇ ਨਿੱਕਾ ਨਿੱਕਾ ਹੁੰਗਾਰਾ ਭਰੀ ਜਾਣਾ, ਬਹੁਤ ਅਰਦਾਸਾਂ ਕੀਤੀਆਂ, ਬੜੀਆਂ ਸੁਖਾਂ ਵੀ ਮੰਗੀਆਂ ਪਰ ਵੀਰ ਨੂੰ ਰੱਖ ਨਾ ਸਕੇ।

ਇਕ ਗੱਲ ਜ਼ਰੂਰ ਕਹਾਂਗੀ ਅਮੋਲਕ ਵੀਰ ਅਤੇ ਜਸਪ੍ਰੀਤ ਇਕ ਦੂਜੇ ਦਾ ਸਾਥ ਨਿਭਾਅ ਕਿਸੇ ਹੋਰ ਦੁਨੀਆਂ ਦੇ ਇਨਸਾਨ ਹੋ ਨਿਬੜੇ ਹਨ। ਵੀਰ ਲਈ ਅਰਦਾਸ ਕਰਾਂਗੀ ਕਿ ਸੱਚੀ-ਸੁੱਚੀ ਨੇਕ ਆਤਮਾ ਨੂੰ ਅਪਣੇ ਚਰਨਾਂ ਵਿੱਚ ਨਿਵਾਸ ਦੇਵੇ ਪਰਿਵਾਰ, ਪੰਜਾਬ ਟਾਈਮਜ਼ ਅਤੇ ਵੀਰ ਦੇ ਚਾਹੁਣ ਵਾਲ਼ਿਆਂ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ ਸਦੀਵ ਸਾਥ ਦੇਵੇ ।

ਪਹਿਲਾਂ ਮੈਂ ਬੀਬੀ ਸੁਰਜੀਤ ਕੌਰ ਸੀ ਪਰ ਮੇਰੇ ਅਮੋਲਕ ਵੀਰੇ ਨੇ ਮੇਰੇ ਨਾਂ ਨਾਲ 'ਸੈਕਰਾਮੈਂਟੋ' ਲਿਖ ਕੇ ਮੈਨੂੰ ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ' ਦਾ ਉਹ ਉਪਹਾਰ ਦਿੱਤਾ ਜੋ ਆਖਰੀ ਪਲ ਤੱਕ ਮੈਨੂੰ ਵੀਰ ਦੀ ਯਾਦ ਦਵਾਉਂਦਾ ਰਹੇਗਾ ਸ਼ੁਕਰਾਨੇ ਮੇਰੇ ਵੀਰੇ ।

2010 ਵਿੱਚ ਲਿਖਿਆ ਮੇਰਾ ਇਕ ਸ਼ਿਅਰ

ਸਾਡਾ ਭੈਣ-ਭਰਾ ਦਾ ਪ੍ਰਣ ਹੈ, ਜੋ ਕਹਿੰਦੇ ਹਾਂ ਉਹ ਕਰਦੇ ਹਾਂ

ਅਸੀ ਸੱਚ ਦੇ ਰਾਹ ਦੇ ਪਾਂਧੀ ਹਾਂ, ਨਾ ਸੱਚ ਬੋਲਣ ਤੋਂ ਡਰਦੇ ਹਾਂ

ਇੱਥੇ ਕੈਰਟ ਦੀ ਕੋਈ ਗਿਣਤੀ ਨਹੀਂ, ਇਹ ਤਾਂ ਅਨਮੁਲਾ ਹੀਰਾ ਹੈ

'ਸੁਰਜੀਤ' ਹੈ ਭੈਣ ਅਮੋਲਕ ਦੀ ਉਹ ਮੇਰਾ ਨਿਕੜਾ ਵੀਰਾ ਹੈ।

# ਅਮੋਲਕ ਸਿੰਘ ਜੰਮੂ ਨੂੰ ਯਾਦ ਕਰਦਿਆਂ...

## ਇਕ ਖ਼ਤ ਪੰਜਾਬ ਟਾਈਮਜ਼ ਦੇ ਸੁਹਿਰਦ ਅਤੇ ਸੂਝਵਾਨ ਪਾਠਕਾਂ ਦੇ ਨਾਮ

*ਪਿਆਰੇ ਸੁਹਿਰਦ ਪਾਠਕ ਸਾਹਿਬਾਨ,*

**ਮੈਨੂੰ ਸੱਚਮੁਚ ਸਮਝ ਨਹੀਂ ਆ ਰਹੀ ਕਿ ਕਿਨ੍ਹਾਂ ਸ਼ਬਦਾਂ ਨਾਲ ਆਪ ਸਭ ਦੇ ਰੂ-ਬ-ਰੂ ਹੋਵਾਂ। ਦਿਨਾਂ ਦੇ ਹਫ਼ਤੇ, ਹਫ਼ਤਿਆਂ ਦੇ ਮਹੀਨੇ ਅਤੇ ਮਹੀਨਿਆਂ ਦਾ ਸਾਲ ਬਣ ਗਿਐ। ਯਾਦ ਕਰਦੀ ਹਾਂ 20 ਅਪਰੈਲ 2021 ਦੀ ਉਹ ਦੁਪਹਿਰ ਤਾਂ ਪੈਰਾਂ ਤੋਂ ਸਿਰ ਤੱਕ ਕੰਬ ਜਾਂਦੀ ਹਾਂ, ਦਹਿਲ ਜਾਂਦੀ ਹਾਂ। ਮੇਰੀ ਰੂਹ ਕਦੀ ਬਿਰਹਾ ਦੀ ਧੂਣੀ ਵਿਚ ਹੋਲ਼ਾਂ ਵਾਂਗ ਭੁੱਜਦੀ ਹੈ ਅਤੇ ਕਦੀ ਗ਼ਮਾਂ ਦੀ ਬਰਸਾਤ ਵਿਚ ਠੁਰ-ਠੁਰ ਕਰਦੀ ਹੈ...**'ਮੇਰੇ ਦਰਦ ਸਿਸਕੀਆਂ ਬਣ ਕੰਧਾਂ 'ਚ ਸਮਾ ਗਏ... ਕੁਝ ਦਿਲ ਦੇ ਕੋਨੇ ਮੱਲ ਧੜਕਣ ਨਾਲ ਤੁਰ ਪਏ...ਤੇ ਰਹਿ ਗਏ ਜਾਗਦੀਆਂ ਅੱਖਾਂ ਦੀ ਰੜਕ ਬਣੇ, ਜੋ ਕਦੇ-ਕਦੇ ਮੋਤੀਆਂ ਵਾਂਗ ਛਲਕ ਕੇ ਜਾਣ ਵਾਲੇ ਦੀ ਅਹਿਮੀਅਤ ਦੀ ਕਹਾਣੀ ਸੁਣਾ ਗਏ।' ਜ਼ਿੰਦਗੀ ਦੇ ਸਫਰ 'ਚ ਮਿਲੇ ਚੰਗੇ ਇਨਸਾਨ ਜਦੋਂ ਹੱਥ ਛੁਡਾ ਜਾਂਦੇ ਨੇ, ਫਿਰ ਰਹਿੰਦੀ ਜ਼ਿੰਦਗੀ ਉਨ੍ਹਾਂ ਦੀ ਘਾਟ ਰੜਕਦੀ ਹੀ ਰਹਿੰਦੀ ਹੈ।


ਪੰਜਾਬ ਟਾਈਮਜ਼ ਦੇ ਇਕ ਇਕ ਵਰਕੇ ਵਿਚੋਂ ਮੈਨੂੰ ਅਮੋਲਕ ਦੀ ਤਸਵੀਰ ਨਜ਼ਰ ਆਉਂਦੀ ਹੈ। ਆਪਣੇ ਆਖਰੀ ਸਾਹ ਤੱਕ 'ਪੰਜਾਬ ਟਾਈਮਜ਼' ਨੂੰ ਉਸਦੇ ਸੁਹਿਰਦ ਪਾਠਕਾਂ ਦੇ ਹੱਥਾਂ ਵਿਚ ਦੇਖਣਾ ਮੇਰੀ ਰਹਿੰਦੀ ਜ਼ਿੰਦਗੀ ਦਾ ਮਕਸਦ ਹੀ ਨਹੀਂ, ਸਗੋਂ ਜਿਉਣ ਲਈ ਸਹਾਰਾ ਵੀ ਹੈ।

ਅਮੋਲਕ ਅਤੇ ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮ.ਏ ਪੰਜਾਬੀ ਵਿਚ ਇਕੱਠੇ ਪੜ੍ਹਦੇ ਸੀ। ਉਹ ਮੇਰਾ ਸਾਥ ਚਾਹੁੰਦੇ ਸੀ, ਪਰ ਮੈਂ ਕੁਝ ਕਾਰਨਾਂ ਕਰਕੇ ਕਦੀ ਸਹਿਮਤੀ ਨਹੀਂ ਸੀ ਭਰੀ। ਇਕ ਸਾਲ ਲੁਕਣ-ਮੀਟੀ ਖੇਡਣ ਤੋਂ ਬਾਅਦ ਜਦੋਂ ਆਪ ਅਤੇ ਆਪਣੇ ਦੋਸਤਾਂ-ਮਿਤਰਾਂ ਦੁਆਰਾ ਹਰ ਹੀਲਾ ਵਰਤ ਕੇ ਉਹ ਹਾਰ-ਹੰਭ ਗਏ ਤਾਂ ਮੇਰੇ ਹੋਸਟਲ ਦੇ ਨੋਟਿਸ ਬੋਰਡ 'ਤੇ ਚਿਪਕਿਆ ਇਕ ਲੈਟਰ ਮੈਨੂੰ ਮਿਲਿਆ। ਦੋ ਲਾਈਨਾਂ ਦਾ ਖ਼ਤ ਬਹੁਤ ਹੀ ਭਾਵੁਕ ਕਰ ਦੇਣ ਵਾਲਾ ਸੀ, ਜਿਸ ਨੇ ਮੈਨੂੰ ਧੁਰ ਅੰਦਰ ਤਕ ਹਿਲਾ ਦਿੱਤਾ। ਇਹ ਛੋਟਾ ਜਿਹਾ ਖ਼ਤ ਬਹੁਤ ਹੀ ਸੰਵੇਦਨਸ਼ੀਲ ਸੀ, ਜਿਸ ਦੀਆਂ ਪਹਿਲੀਆਂ ਕੁਝ ਸਤਰਾਂ ਮੈਨੂੰ ਯਾਦ ਨਹੀਂ, ਪਰ ਅਖੀਰ ਵਿਚ ਬਹੁਤ ਹੀ ਟੁੱਟੇ ਹੋਏ ਦਿਲ ਨਾਲ ਲਿਖਿਆ ਹੋਇਆ ਸੀ, 'ਇਹ ਵਨ ਵੇਅ ਟਰੈਫ਼ਿਕ ਪਤਾ ਨਹੀਂ ਕਦੋਂ ਤੱਕ ਚੱਲੇਗਾ?'

ਇਹ ਨਿਜੀ ਬਿਰਤਾਂਤ ਮੈਂ ਤੁਹਾਡੇ ਨਾਲ ਇਸ ਕਰਕੇ ਸਾਂਝਾ ਕੀਤਾ ਹੈ ਕਿ ਅਪਰੈਲ ਦਾ ਮਹੀਨਾ ਮੈਨੂੰ ਖੁਸ਼ੀ-ਗਮੀ ਦਾ ਅਹਿਸਾਸ ਕਰਵਾਉਂਦਾ ਰਹਿੰਦਾ ਹੈ। ਇਸ ਦੋ-ਚਾਰ ਸਤਰਾਂ ਦੇ ਖ਼ਤ ਨੇ ਮੇਰੇ ਦਿਲੋ-ਦਿਮਾਗ 'ਤੇ ਐਸਾ ਅਸਰ ਕੀਤਾ ਕਿ 1977 ਦੇ ਅਪਰੈਲ ਮਹੀਨੇ ਦੀ 20 ਤਾਰੀਖ ਨੂੰ ਮੈਂ ਕਿਸੇ ਅਣਦਿਸਦੀ ਸ਼ਕਤੀ ਤੋਂ ਡਰਦਿਆਂ ਆਪਣਾ ਵਜੂਦ ਸਮਰਪਣ ਕਰ ਦਿਤਾ ਸੀ ਤੇ ਅਪਰੈਲ (2021) ਮਹੀਨੇ ਦੀ ਇਹ 20 ਤਾਰੀਖ ਹੀ ਸੀ, ਜਦੋਂ ਉਹ ਮੈਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਏ। 26 ਅਪਰੈਲ 2014 ਦਾ ਉਹ ਦਿਨ ਵੀ ਮੇਰੇ ਚੇਤਿਆਂ ਵਿਚੋਂ ਵਿਸਰਦਾ ਨਹੀਂ, ਜਦੋਂ ਉਨ੍ਹਾਂ ਨੂੰ ਪਹਿਲੀ ਵਾਰ ਹਸਪਤਾਲ ਦਾਖਲ ਕਰਵਾਇਆ ਤਾਂ ਇਕ ਮਹੀਨਾ ਜ਼ਿੰਦਗੀ-ਮੌਤ ਦੀ ਲੜਾਈ ਵਿਚੋਂ ਵਾਹਿਗੁਰੂ ਨੇ ਕੁਝ ਸਾਲਾਂ ਦੀ ਮੋਹਲਤ ਦੇ ਦਿਤੀ।

ਅਸੀਂ ਪ੍ਰੇਮ ਵਿਆਹ ਕਰਵਾ ਜ਼ਿੰਦਗੀ ਦਾ ਸਫ਼ਰ ਸ਼ੁਰੂ ਕੀਤਾ। ਆਪਣੇ ਪਿਆਰ ਦੀ ਗ਼ੁਲਾਬ ਜਿਹੀ ਮਹਿਕ ਨੂੰ ਉਸਦੇ ਆਖਰੀ ਸਾਹ ਤੱਕ ਹੀ ਨਹੀਂ, ਸਗੋਂ ਉਸ ਦੇ ਤੁਰ ਜਾਣ ਬਾਅਦ ਵੀ 'ਪੰਜਾਬ ਟਾਈਮਜ਼' ਰਾਹੀਂ ਚੁਫ਼ੇਰੇ ਫੈਲਾਅ ਰਹੀ ਹਾਂ। ਆਪ ਸਭ ਵਲੋਂ ਮਿਲੇ ਹੌਂਸਲੇ ਦੀ ਲੱਠ ਹੱਥ ਵਿਚ ਫੜ ਕੇ ਉਸਦੀ ਪੈੜ ਵਿਚ ਪੈੜ ਧਰ ਲਈ ਹੈ। ਤੁਰ ਰਹੀ ਹਾਂ, ਤੁਰਦੀ ਜਾਵਾਂਗੀ। ਇਸ ਤੋਰ ਦੀ ਨਿਰੰਤਰਤਾ ਲਈ ਆਪ ਸਭ ਦਾ ਪਿਆਰ, ਹੌਸਲਾ ਅਫਜ਼ਾਈ ਅਤੇ ਸਹਿਯੋਗ ਮੈਨੂੰ ਊਰਜਾ ਦਿੰਦਾ ਰਹੇਗਾ। ਮੈਂ 'ਪੰਜਾਬ ਟਾਈਮਜ਼' ਦਾ ਮਿਆਰ ਅਤੇ ਲਗਾਤਾਰਤਾ ਬਣਾਈ ਰੱਖਣ ਲਈ ਵਚਨਬੱਧ ਹਾਂ ਅਤੇ ਆਪ ਸਭ ਵਲੋਂ ਭਰਵੇਂ ਹੁੰਗਾਰੇ ਦੀ ਆਸ ਰਖਦੀ ਹਾਂ।

***ਆਪਦੀ ਆਪਣੀ,***
***ਜਸਪ੍ਰੀਤ ਕੌਰ***



*1977 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਤੋਂ ਹੋਸਟਲ ਆਉਂਦਿਆਂ ਅਮੋਲਕ ਸਿੰਘ ਜੰਮੂ ਵਲੋਂ ਆਪਣੀ ਹਮਸਫਰ ਜਸਪ੍ਰੀਤ ਦੀ ਖਿੱਚੀ ਗਈ ਤਸਵੀਰ।*

# ਸਿਰੜ ਤੇ ਚੜ੍ਹਦੀ ਕਲਾ ਦੀ ਮਿਸਾਲ

ਅਮੋਲਕ ਸਿੰਘ ਜੰਮੂ ਇਕ ਨਾਂ ਨਹੀਂ, ਇਕ ਸੰਸਥਾ ਸੀ। ਜਿਸ ਸ਼ਿੱਦਤ, ਹਿੰਮਤ ਤੇ ਮਿਹਨਤ ਨਾਲ ਕੰਮ ਕਰ ਕੇ ਉਨ੍ਹਾਂ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਦਾ ਆਪਣਾ ਧਰਮ ਨਿਭਾਇਆ, ਉਹ ਇਕ ਮਿਸਾਲ ਹੈ। ਆਪਣੇ ਕੰਮ ਪ੍ਰਤੀ ਨਿਸ਼ਠਾ ਤੇ ਲਗਨ ਪਾਠਕਾਂ ਦੇ ਮਨਾਂ 'ਤੇ ਉਨ੍ਹਾਂ ਦੀ ਇਕ ਸਦੀਵੀ ਛਾਪ ਛੱਡ ਗਈ ਹੈ। ਬੇਸ਼ੱਕ ਉਹ ਅੱਜ ਸਾਡੇ ਵਿਚ ਨਹੀਂ, ਸਾਲ ਬੀਤ ਗਿਆ ਦੁਨੀਆ ਤੋਂ ਰੁਖਸਤ ਹੋਇਆਂ, ਪਰ ਪਾਠਕਾਂ ਦੇ ਦਿਲਾਂ 'ਚ ਅਜਿਹੀ ਥਾਂ ਬਣਾ ਗਏ ਕਿ ਅਖਬਾਰ ਸਾਹਮਣੇ ਆਉਂਦਿਆਂ ਹੀ ਉਨ੍ਹਾਂ ਦਾ ਚਿਹਰਾ ਸਾਹਮਣੇ ਆ ਜਾਂਦਾ ਹੈ।



**ਦੇਵਿੰਦਰ ਗੁਰਾਇਆ, ਵਰਜੀਨੀਆ**
**ਫੋਨ: 572 315 9543**

ਮੈਂ 'ਪੰਜਾਬ ਟਾਈਮਜ਼' ਪੇਪਰ 2004 ਵਿਚ ਪੜ੍ਹਨ ਲਈ ਲਵਾਇਆ ਸੀ। ਇਸੇ ਸਾਲ ਮੇਰੀਆਂ ਬਹੁਤ ਸਾਰੀਆਂ ਕਵਿਤਾਵਾਂ ਅਖਬਾਰ ਵਿਚ ਛਪੀਆਂ। ਪਹਿਲੀ ਕਵਿਤਾ ਭੇਜੀ ਤਾਂ ਸੋਚਿਆ, ਭੇਜ ਦਿੰਦੀ ਹਾਂ ਸ਼ਾਇਦ ਲੱਗ ਜਾਵੇ। ਫਿਰ ਇਸ ਤੋਂ ਬਾਅਦ ਅਮੋਲਕ ਸਿੰਘ ਜੰਮੂ ਇਕ ਐਡੀਟਰ ਹੀ ਨਹੀਂ ਮੇਰੇ ਲਈ ਉਂਗਲੀ ਫੜ ਕੇ ਤੋਰਨ ਵਾਲੇ ਰਾਹ ਦਸੇਰਾ ਬਣ ਗਏ। ਉਨ੍ਹਾਂ ਦੀ ਮਿੱਠੀ ਆਵਾਜ਼ ਤੇ ਥੋੜੇ ਸ਼ਬਦਾਂ 'ਚ ਬਹੁਤ ਕੁਝ ਆਪਣੇ ਪਾਠਕਾਂ ਨੂੰ ਪਰੋਸ ਦੇਣ ਦੀ ਕਲਾ ਕਿਸੇ ਵਿਰਲੇ ਦੇ ਹਿਸੇ ਆਈ ਹੈ। ਮੈਂ ਹੀ ਨਹੀਂ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲਾ ਹਰ ਇਨਸਾਨ ਉਨ੍ਹਾਂ ਦੇ ਨੇੜੇ ਹੋਣ 'ਤੇ ਮਾਣ ਮਹਿਸੂਸ ਕਰਦਾ ਸੀ। ਉਹ ਡੂੰਘੇ ਸਮੁੰਦਰ ਵਾਂਗ ਸੀ, ਜੋ ਲੱਖਾਂ ਤੂਫ਼ਾਨਾਂ ਦਾ ਸ਼ੋਰ ਆਪਣੇ ਸੀਨੇ ਵਿਚ ਛੁਪਾ ਕੇ ਵੀ ਜ਼ਿੰਦਗੀ ਨੂੰ ਮਧੁਰ ਸੰਗੀਤ ਵਾਂਗ ਜਿਉਣ ਦਾ ਸੁਨੇਹਾ ਦੇਂਦਾ ਹੈ। ਉਨ੍ਹਾਂ ਜਿੰਨਾ ਸੰਘਰਸ਼ ਪੰਜਾਬੀ ਮਾਂ ਬੋਲੀ ਦੀ ਸਾਂਭ-ਸੰਭਾਲ਼ ਲਈ ਕੀਤਾ, ਉਸ ਤੋਂ ਵੱਧ ਆਪਣੇ ਸਾਹਾਂ ਨੂੰ ਬਚਾਈ ਰੱਖਣ ਲਈ ਕੀਤਾ। ਅਸੀਂ ਆਮ ਲੋਕ ਆਪਣੀ ਜ਼ਿੰਦਗੀ ਆਪਣੇ ਬੱਚਿਆਂ ਤੇ ਘਰ-ਪਰਿਵਾਰ ਨੂੰ ਸੈਟ ਕਰਨ ਦੇ ਫਿਕਰ 'ਚ ਗੁਜ਼ਾਰ ਦੇਂਦੇ ਹਾਂ ਪਰ ਅਮੋਲਕ ਸਿੰਘ ਜੰਮੂ ਇਕ ਐਸਾ ਇਨਸਾਨ ਸੀ ਜਿਸ ਨੇ ਸਾਫ-ਸੁਥਰੀ ਪੱਤਰਕਾਰੀ ਲਈ ਆਪਣੇ ਨਾਲ ਆਪਣੀ ਜੀਵਨ ਸਾਥਣ ਜਸਪ੍ਰੀਤ ਨੂੰ ਵੀ ਸਮਰਪਿਤ ਕਰ ਦਿੱਤਾ ਸੀ।

ਆਪਣੇ ਕਰੀਅਰ ਦੀ ਸ਼ੁਰੂਆਤ 1978 ਵਿਚ 'ਪੰਜਾਬੀ ਟ੍ਰਿਬਿਊਨ' ਅਖਬਾਰ ਤੋਂ ਕੀਤੀ। ਹਾਲਾਂਕਿ ਇੰਡੀਆ ਦੇ ਡਾਕਟਰਾਂ ਨੇ ਦੱਸ ਦਿਤਾ ਸੀ ਕਿ ਇਸ ਬਿਮਾਰੀ ਦਾ ਦੁਨੀਆ ਵਿਚ ਕਿਤੇ ਵੀ ਇਲਾਜ ਨਹੀਂ, ਫਿਰ ਵੀ ਜ਼ਿੰਦਗੀ ਨੂੰ ਜਿਊਣ ਦੀ ਲਾਲਸਾ ਵਸ 1996 ਵਿਚ ਅਮਰੀਕਾ ਆ ਗਏ। ਬੜੀ ਨਾਮੁਰਾਦ ਬੀਮਾਰੀ, ਜਿਸ ਦਾ ਪਤਾ ਉਨ੍ਹਾਂ ਨੂੰ 1977 ਵਿਚ ਹੀ ਲੱਗ ਗਿਆ ਸੀ। ਇਸ ਬੀਮਾਰੀ ਦਾ ਨਾਂ ਓ ਹੈ ਜਿਸ ਨਾਲ ਹੌਲੀ-ਹੌਲੀ ਸਾਰੇ ਸਰੀਰ ਦੇ ਮਸਲ ਕਮਜ਼ੋਰ ਹੁੰਦੇ ਜਾਂਦੇ ਹਨ। ਇਥੋਂ ਦੇ ਪਾਕਿਸਤਾਨੀ ਡਾਕਟਰ ਨੇ ਉਨ੍ਹਾਂ ਨੂੰ ਦੱਸ ਦਿੱਤਾ ਸੀ ਕਿ ਉਨ੍ਹਾਂ ਦਾ ਜੀਵਨ ਕਾਲ ਸਿਰਫ 10 ਸਾਲ ਤੱਕ ਹੋਰ ਹੈ। ਆਖਦੇ ਨੇ ਜੇ ਬੰਦੇ ਨੂੰ ਪਤਾ ਲੱਗ ਜਾਏ ਕਿ ਉਸ ਨੇ ਇੰਨੇ ਦਿਨਾਂ ਜਾਂ ਸਾਲਾਂ ਤੱਕ ਹੀ ਜ਼ਿੰਦਾ ਰਹਿਣਾ ਹੈ ਤਾਂ ਉਸ ਦੇ ਜੀਵਨ ਦਾ ਹਰ ਪਲ ਮੌਤ ਵਰਗਾ ਹੋ ਜਾਂਦਾ ਹੈ, ਪਰ ਅਮੋਲਕ ਸਿੰਘ ਜੰਮੂ ਨੇ ਇਸ ਸੱਚ ਨੂੰ ਝੂਠ ਕਰ ਕੇ ਦਿਖਾ ਦਿੱਤਾ। ਸਗੋਂ ਉਨ੍ਹਾਂ ਨੇ ਤੇ ਦਸ ਸਾਲਾਂ ਦੀ ਜ਼ਿੰਦਗੀ ਨੂੰ ਸੌ ਸਾਲ ਵਾਂਗ ਜੀਅ ਕੇ ਇਕ ਉਦਾਹਰਨ ਪੈਦਾ ਕਰ ਦਿੱਤੀ ਕਿ ਉਮਰ ਲੰਮਾਈ ਨਾਲ ਨਹੀਂ, ਡੂੰਘਾਈ ਨਾਲ ਮਿਣੀ ਜਾਂਦੀ ਹੈ। ਅਮਰੀਕਾ ਆ ਕੇ ਉਨ੍ਹਾਂ ਆਪਣਾ ਮਨਪਸੰਦ ਕੰਮ ਪੱਤਰਕਾਰੀ ਨੂੰ ਚੁਣ ਲਿਆ। ਬਾਵਜੂਦ ਇਸ ਦੇ ਕਿ ਜਿਊਣ ਦਾ ਸਮਾਂ ਨਿਸ਼ਚਿਤ ਹੈ ਫਿਰ ਵੀ! ਬਿਮਾਰੀ ਦੀ ਸੀਰੀਅਸਨੈਸ ਤੋਂ ਵਾਕਫ ਜਸਪ੍ਰੀਤ ਨੂੰ ਪਤਾ ਸੀ, ਕਿ ਜਦੋਂ ਤਕ ਅਖਬਾਰ ਆਪਣੇ ਪੈਰਾਂ ਸਿਰ ਹੋਵੇਗਾ ਤੇ ਪਾਠਕਾਂ ਵਿਚ ਆਪਣੀ ਥਾਂ ਬਣਾਏਗਾ, ਉਦੋਂ ਤਕ ਅਮੋਲਕ ਦਾ ਕੀ ਬਣੇਗਾ? ਇਸੇ ਕਰਕੇ ਉਸ ਨੇ ਅਖਬਾਰ ਸ਼ੁਰੂ ਕਰਨ ਤੋਂ ਬਹੁਤ ਰੋਕਿਆ। ਪਰ ਉਹ ਆਪਣੀ ਧੁਨ ਦੇ ਬਹੁਤ ਪੱਕੇ ਸਨ। ਉਨ੍ਹਾਂ 'ਪੰਜਾਬ ਟਾਈਮਜ਼' ਅਖਬਾਰ 2000 ਵਿਚ ਸ਼ੁਰੂ ਕਰ ਦਿੱਤਾ। ਇਹ ਅਮਰੀਕਾ ਵਿਚ ਪਹਿਲਾ ਪੰਜਾਬੀ ਅਖਬਾਰ ਸੀ ਜੋ ਸਾਹਿਤਕ ਕਿਰਤਾਂ ਨੂੰ ਪਹਿਲ ਦੇ ਆਧਾਰ 'ਤੇ ਰੱਖਦਾ ਸੀ। ਇਸ ਤੋਂ ਤਿੰਨ ਕੁ ਮਹੀਨੇ ਪਹਿਲਾਂ 'ਸ਼ੇਰੇ ਪੰਜਾਬ' ਸ਼ੁਰੂ ਹੋਇਆ ਸੀ, ਪਰ ਕਿਉਂਕਿ 'ਪੰਜਾਬ ਟਾਈਮਜ਼' ਦਾ ਘੇਰਾ ਸਾਹਿਤਕ ਸਰਗਰਮੀਆਂ ਤੇ ਪਾਏਦਾਰ ਲਿਖਤਾਂ ਨਾਲ ਸੀ, ਸੋ ਜਲਦੀ ਹੀ ਇਸ ਦੀ ਇਕ ਵੱਖਰੀ ਕਿਸਮ ਦੀ ਪਹਿਚਾਣ ਬਣ ਗਈ। ਇਹ ਅਖਬਾਰ ਅਮਰੀਕਾ ਵਿਚ ਪਹਿਲੇ ਦਰਜੇ ਦਾ ਸਾਹਿਤਕ ਪੇਪਰ ਬਣ ਗਿਆ। ਜਿਸ ਲੇਖਕ ਦੀ ਲਿਖਤ ਇਸ ਅਖਬਾਰ 'ਚ ਛਪ ਜਾਂਦੀ, ਉਸ ਦਾ ਹੌਸਲਾ ਦੂਣਾ-ਚੌਣਾ ਹੋ ਜਾਂਦਾ। ਇਸ ਤੋਂ ਇਲਾਵਾ ਅਮੋਲਕ ਸਿੰਘ ਜੰਮੂ ਤੇ ਉਨ੍ਹਾਂ ਦੀ ਪਤਨੀ ਜਸਪ੍ਰੀਤ ਕੌਰ ਦਾ ਪੇਪਰ ਦੇ ਪਾਠਕਾਂ ਦੀ ਗੱਲ ਸੁਣਨਾ ਤੇ ਸਹੀ ਗਲਤ ਬਾਰੇ ਇਮਾਨਦਾਰੀ ਤੋਂ ਕੰਮ ਲੈਣਾ ਪਾਠਕਾਂ ਦਾ ਚੰਗਾ ਵਰਗ ਤਿਆਰ ਕਰਨ 'ਚ ਸਹਾਈ ਹੋਇਆ। 2000 ਤੋਂ 2006 ਤੱਕ ਪੇਪਰ ਨੂੰ ਚਲਾਉਣ ਲਈ ਬਹੁਤ ਸਖ਼ਤ ਮਿਹਨਤ ਕਰਨੀ ਪਈ। ਬੜੀਆਂ ਚੁਣੌਤੀਆਂ ਤੇ ਆਰਥਕ ਹਾਲਾਤ ਦਾ ਸਾਹਮਣਾ ਕਰਨਾ ਪਿਆ, ਪਰ ਉਨ੍ਹਾਂ ਦੀ ਫਿਤਰਤ ਵਿਚ ਹਾਰਨਾ ਨਹੀਂ ਸੰਘਰਸ਼ ਕਰ ਕੇ ਜਿੱਤ ਹਾਸਲ ਕਰਨਾ ਸੀ। 2003 ਤੋਂ ਬਾਅਦ ਉਨ੍ਹਾਂ ਦਾ ਸੱਜਾ ਹੱਥ ਕੰਮ ਕਰਨ ਤੋਂ ਜਵਾਬ ਦੇ ਗਿਆ ਸੀ। ਖੱਬੇ ਹੱਥ ਨਾਲ ਬੜੀ ਮੁਸ਼ਕਲ ਨਾਲ ਕੰਪਿਊਟਰ 'ਤੇ ਕੰਮ ਕਰਦੇ ਸਨ। ਅਲੱਗ-ਅਲੱਗ ਕਿਸਮ ਦੇ ਮਾਊਸ ਵਰਤਦੇ ਜਿਨ੍ਹਾਂ ਨੂੰ ਅਸਾਨੀ ਨਾਲ ਹਿਲਾ ਸਕਣ। ਆਖਰ ਹੌਲੀ-ਹੌਲੀ ਖੱਬਾ ਹੱਥ ਵੀ ਕੰਮ ਕਰਨ ਤੋਂ ਇਨਕਾਰੀ ਹੋ ਗਿਆ। ਦੋਵੇਂ ਹੱਥ ਚੱਲਣੇ ਬੰਦ ਹੋ ਗਏ, ਆਮ ਇਨਸਾਨ ਸੋਚ ਕੇ ਹੀ ਡੋਲ ਜਾਂਦਾ ਹੈ ਪਰ ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਹਾਲਤ ਵਿਚ ਕੰਮ ਕਰਦਿਆਂ ਦੇਖਿਆ ਹੈ, ਉਹ ਉਨ੍ਹਾਂ ਦੀ ਸਿਰੜ ਨੂੰ ਸਲਾਮ ਕਰਦੇ ਹਨ। ਆਪਣੇ ਬੇਟੇ ਮਨਦੀਪ ਅਤੇ ਪਤਨੀ ਜਸਪ੍ਰੀਤ ਕੌਰ ਦੀ ਮਦਦ ਨਾਲ 'ਪੰਜਾਬ ਟਾਈਮਜ਼' ਦਾ ਹਰ ਅੰਕ ਪਾਠਕਾਂ ਦੇ ਦਰਵਾਜ਼ੇ 'ਤੇ ਦਸਤਕ ਦਿੰਦਾ ਰਿਹਾ।



ਜੇ ਕਿਸੇ ਚੰਗੀ ਜੀਵਨ ਸਾਥਣ ਦੀ ਮਿਸਾਲ ਦੇਣੀ ਹੋਵੇ ਤਾਂ ਜਸਪ੍ਰੀਤ ਤੋਂ ਬਿਨਾ ਕੋਈ ਹੋਰ ਨਹੀਂ ਹੋ ਸਕਦੀ। ਉਸ ਨੇ ਪਤਨੀ ਹੋਣ ਦੇ ਫ਼ਰਜ਼ ਹੀ ਨਹੀਂ ਨਿਭਾਏ, ਜ਼ਿੰਮੇਵਾਰੀ ਵੀ ਖ਼ੂਬ ਨਿਭਾਈ ਹੈ। ਅਮਰੀਕਾ ਵਰਗੇ ਮੁਲਕ ਵਿਚ ਰਹਿੰਦਿਆਂ ਇੰਨੀ ਲੰਮੀ ਬੀਮਾਰੀ ਨਾਲ ਘੁਲਦਿਆਂ 'ਪੰਜਾਬ ਟਾਈਮਜ਼' ਵਰਗੇ ਪੇਪਰ ਦਾ ਬਣਿਆ ਮਿਆਰ ਬੁਲੰਦੀਆਂ 'ਤੇ ਚੱਲਦਾ ਰੱਖਣਾ ਮੁਸ਼ਕਿਲ ਹੀ ਨਹੀਂ, ਬਹੁਤ ਮੁਸ਼ਕਿਲ ਸੀ, ਪਰ ਇਕ ਦਿਨ ਵੀ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਨਿਰਾਸ਼ਾ ਨਹੀਂ ਹੋਈ। ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਦਾ 'ਪੰਜਾਬ ਟਾਈਮਜ਼' ਅਜ ਵੀ ਚੜ੍ਹਦੀ ਕਲਾ ਵਿਚ ਹੈ। ਜਸਪ੍ਰੀਤ ਤੇ ਉਨ੍ਹਾਂ ਦੀ ਸਾਰੀ ਟੀਮ ਬਹੁਤ ਵਧੀਆ ਕੰਮ ਕਰ ਰਹੇ ਹਨ। ਅਮੋਲਕ ਸਿੰਘ ਜੰਮੂ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਉਂਦੇ ਸਨ। ਉਹ ਚੜ੍ਹਦੀ ਕਲਾ 'ਚ ਰਹਿ ਕੇ ਮੌਤ ਨੂੰ ਵੰਗਾਰਨ ਵਾਲੇ ਸਿਪਾਹੀ ਸਨ। ਉਨ੍ਹਾਂ ਜ਼ਿੰਦਗੀ ਦੀ ਲੜਾਈ ਹਾਰਨ ਤੋਂ ਪਹਿਲਾਂ ਆਪਣੇ ਹਿੱਸੇ ਦੀ ਕਿਰਤ-ਕਮਾਈ ਮਾਂ ਬੋਲੀ ਦੇ ਵਾਰਸਾਂ (ਪਾਠਕਾਂ) ਦੇ ਹਵਾਲੇ ਕਰ ਦਿੱਤੀ ਸੀ। ਮੇਰੀ ਦਿਲੀ ਕਾਮਨਾ ਹੈ ਕਿ ਜਿਸ ਤਰ੍ਹਾਂ ਅਮੋਲਕ ਸਿੰਘ ਚੜ੍ਹਦੀ ਕਲਾ ਵਿਚ ਰਹਿੰਦੇ ਸਨ, ਉਸੇ ਤਰ੍ਹਾਂ 'ਪੰਜਾਬ ਟਾਈਮਜ਼' ਵੀ ਚੜ੍ਹਦੀ ਕਲਾ ਵਿਚ ਰਹੇ। ਇਹ ਹੁਣ ਸਾਡਾ ਸਭ ਦਾ ਸਾਂਝਾ ਫ਼ਰਜ਼ ਹੈ ਕਿ ਇਸ ਨੂੰ ਹੋਰ ਵੱਧਦਾ-ਫੁਲਦਾ ਰੱਖੀਏ। ਪੰਜਾਬੀ ਪੱਤਰਕਾਰੀ ਦੇ ਥੰਮ੍ਹ ਅਮੋਲਕ ਸਿੰਘ ਜੰਮੂ ਨੂੰ ਉਨ੍ਹਾਂ ਦੀ ਪਹਿਲੀ ਬਰਸੀ 'ਤੇ ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ!

# ਅਮੋਲਕ ਸਿੰਘ ਦਾ ਵੱਖਰਾ ਅੰਦਾਜ਼

***'ਪੰਜਾਬ ਟਾਈਮਜ਼' ਦੇ ਰੂਹ-ਏ-ਰਵਾਂ ਅਤੇ ਪੱਤਰਕਾਰੀ ਦਾ ਜਲੌਅ ਬਰਕਰਾਰ ਰੱਖਣ ਵਾਲੇ ਸ. ਅਮੋਲਕ ਸਿੰਘ ਜੰਮੂ ਦੀ ਪਹਿਲੀ ਬਰਸੀ ਮੌਕੇ ਉਨ੍ਹਾਂ ਦੇ 'ਪੰਜਾਬੀ ਟ੍ਰਿਬਿਊਨ' ਵਿਚ ਕੰਮ ਕਰਨ ਵਾਲੇ ਸਮਿਆਂ ਦੇ ਸਾਥੀ, ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਨੇ ਇਹ ਲੇਖ ਭੇਜਿਆ ਹੈ। ਇਸ ਲੇਖ ਵਿਚ ਉਨ੍ਹਾਂ ਰਮਜ਼ਾਂ ਨੂੰ ਫੜਨ ਦਾ ਯਤਨ ਹੈ ਜਿਹੜੀਆਂ 'ਪੰਜਾਬ ਟਾਈਮਜ਼' ਦੇ ਪੰਨਿਆਂ ਉਤੇ ਪਿਛਲੇ ਦੋ ਦਹਾਕਿਆਂ ਦੌਰਾਨ ਫੈਲਦੀਆਂ ਰਹੀਆਂ ਹਨ।***

ਅਮੋਲਕ ਵੀਰ ਦੀ ਪਹਿਲੀ ਬਰਸੀ ਹੈ। ਉਹ ਹੁਣ ਸਾਡੇ ਵਿਚ ਨਹੀਂ ਪਰ ਕੀ ਉਹ ਸੱਚਮੁੱਚ ਸਾਡੇ ਵਿਚ ਨਹੀਂ? ਸ਼ੇਕਸਪੀਅਰ ਯਾਦ ਆ ਰਿਹਾ ਹੈ ਜੋ ਆਪਣੀ ਕਿਸੇ ਰਚਨਾ ਵਿਚ ਜ਼ਿੰਦਗੀ ਤੇ ਮੌਤ ਬਾਰੇ ਵੱਖਰੀ ਤਰ੍ਹਾਂ ਦੀ ਸੋਝੀ ਦਿੰਦਾ ਹੈ, ਵੱਖਰੀ ਤਰ੍ਹਾਂ ਦੇ ਸਵਾਲ ਕਰਦਾ ਹੈ ਤੇ ਵੱਖਰੀ ਤਰ੍ਹਾਂ ਦਾ ਜਵਾਬ ਦਿੰਦਾ ਹੈ, ਜਦੋਂ ਇਹ ਆਖਦਾ ਹੈ ਕਿ ਅਸੀਂ ਜਿਊਂਦੇ ਹਾਂ ਪਰ ਕੀ ਅਸੀਂ ਸੱਚਮੁੱਚ ਜਿਉਂਦੇ ਹਾਂ? ਅਸੀਂ ਮਰ ਜਾਂਦੇ ਹਾਂ ਪਰ ਕੀ ਅਸੀਂ ਸੱਚਮੁੱਚ ਮਰ ਜਾਂਦੇ ਹਾਂ?...ਅਮੋਲਕ ਜਿਊਂਦਾ ਸੀ ਅਤੇ ਤੁਸੀਂ ਕਹੋਗੇ ਤੇ ਮੰਨੋਗੇ ਵੀ ਕਿ ਜੇ ਜਿਊਣਾ ਹੈ ਤਾਂ ਇਸੇ ਤਰ੍ਹਾਂ ਹੀ ਜਿਊਣਾ ਚਾਹੀਦਾ ਹੈ। ਉਹ ਚਲਾ ਗਿਆ ਹੈ ਪਰ ਕਿਸੇ ਵੱਖਰੇ ਅੰਦਾਜ਼ ਵਿਚ ਸਾਡੇ ਵਿਚ ਮੌਜੂਦ ਹੈ।



ਬਹੁਤਿਆਂ

**ਕਰਮਜੀਤ ਸਿੰਘ**
**ਫੋਨ:+91-99150-91063**

ਨੇ ਉਸ ਨੂੰ 'ਪੰਜਾਬ ਟਾਈਮਜ਼' ਰਾਹੀਂ ਦੇਖਿਆ- ਇੱਕ ਅਜਿਹਾ ਅਖਬਾਰ ਜਿਸ ਨੂੰ ਉਸ ਨੇ ਖੁਦ ਜਨਮ ਦਿੱਤਾ, ਸਜਾਇਆ ਤੇ ਸ਼ਿੰਗਾਰਿਆ ਪਰ ਉਹ ਇਸ ਤੋਂ ਵੱਖਰਾ ਵੀ ਸੀ। 'ਪੰਜਾਬ ਟਾਈਮਜ਼' ਉਸ ਦੇ ਪਿਛਲੇ ਅਨੁਭਵਾਂ ਅਤੇ ਕੌੜੇ ਮਿੱਠੇ ਤਜਰਬਿਆਂ ਦਾ ਕੁੱਲ ਨਿਚੋੜ ਕਿਹਾ ਜਾ ਸਕਦਾ ਹੈ। ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੜ੍ਹਿਆ ਸੀ ਅਤੇ ਉਥੇ ਹੀ ਉਸ ਨੇ ਤਰਜਮਾ ਕਰਨ ਦਾ ਡਿਪਲੋਮਾ ਵੀ ਹਾਸਲ ਕੀਤਾ ਸੀ। ਇੱਥੇ ਇਹ ਗੱਲ ਪ੍ਰਸੰਗ ਤੋਂ ਬਾਹਰੀ ਨਹੀਂ ਹੈ ਕਿ ਇਸੇ ਯੂਨੀਵਰਸਿਟੀ ਵਿਚ ਪੜ੍ਹਦੀ ਜਸਪ੍ਰੀਤ ਵੀ ਉਸ ਦੇ ਜੀਵਨ ਦੀ ਹਮਸਫ਼ਰ ਬਣੀ। ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਜਾਂ ਤਰਜਮਾ ਕਰਨਾ ਹੁਨਰ ਹੁੰਦਾ ਹੈ, ਮੌਲਿਕ ਕਲਾ ਹੁੰਦੀ ਹੈ ਜਿਸ ਵਿਚ ਕੋਈ-ਕੋਈ ਹੀ ਨਿਪੁੰਨ ਹੁੰਦਾ ਹੈ। ਜ਼ਿੰਦਗੀ ਦੇ ਇਸ ਮੈਦਾਨ ਨੂੰ ਜਿੱਤਣਾ ਹਰ ਕਿਸੇ ਦੇ ਵੱਸ ਵਿਚ ਨਹੀਂ ਹੁੰਦਾ, ਪਰ ਅਮੋਲਕ ਨੇ ਵੱਸ ਵਿਚ ਕੀਤਾ ਹੋਇਆ ਸੀ।

ਜਦੋਂ ਮੈਂ ਤਰਜਮੇ ਦੀ ਕਲਾ ਦੀ ਗੱਲ ਕਰਦਾ ਹਾਂ ਤਾਂ ਮੇਰੇ ਸਾਹਮਣੇ ਪ੍ਰੋ. ਪੂਰਨ ਸਿੰਘ ਅਤੇ ਗੁਰਬਖਸ਼ ਸਿੰਘ ਪ੍ਰੀਤ ਲੜੀ ਆ ਜਾਂਦੇ ਹਨ। ਮੈਂ ਅਜੇ ਕਾਲਜ ਦੇ ਪਹਿਲੇ ਸਾਲਾਂ ਵਿਚ ਹੀ ਸੀ ਜਦੋਂ ਐਮਰਸਨ ਦੇ ਲੇਖਾਂ ਦੀ ਕਿਤਾਬ ਦੇ ਇਕ ਲੇਖ 'ਇੰਸਪੀਰੇਸ਼ਨ' ਦਾ ਪੰਜਾਬੀ ਅਨੁਵਾਦ ਪੜ੍ਹਨ ਦਾ ਮੌਕਾ ਮਿਲਿਆ ਜੋ ਪ੍ਰੋਫੈਸਰ ਪੂਰਨ ਸਿੰਘ ਨੇ ਕੀਤਾ ਸੀ। ਇਹ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਿਲ ਸੀ ਕਿ ਇਹ ਲੇਖ ਅੰਗਰੇਜ਼ੀ ਵਿਚ ਲਿਖੀ ਕਿਸੇ ਰਚਨਾ ਦਾ ਤਰਜਮਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਵੀ ਤਰਜਮੇ ਵਿਚ ਉਹੋ ਜਿਹੇ ਰੰਗ ਭਰ ਦਿੰਦੇ ਸਨ ਕਿ ਤੁਸੀਂ ਸਹਿਜ ਸੁਭਾਅ ਹੀ ਅਸਲੀ ਲੇਖਕ ਦੀਆਂ ਲਿਖਤਾਂ ਪੜ੍ਹਨ ਲਈ ਉਤਾਵਲੇ ਹੋ ਜਾਂਦੇ ਸੀ। ਤਰਜਮਾ ਕਰਨ ਦੀ ਕਲਾ ਅਮੋਲਕ ਦੇ ਅੰਦਰ ਪਹਿਲਾਂ ਹੀ ਕਿਤੇ ਮੌਜੂਦ ਸੀ ਅਤੇ ਵਿਆਕਰਨ ਪੱਖੋਂ ਵੀ ਉਸ ਨੂੰ ਵਿਸ਼ੇਸ਼ ਮੁਹਾਰਤ ਹਾਸਲ ਸੀ। 'ਪੰਜਾਬੀ ਟ੍ਰਿਬਿਊਨ' ਵਿਚ ਜਦੋਂ ਉਹ ਪਰੂਫ ਰੀਡਰ ਹੁੰਦਾ ਸੀ ਤਾਂ ਸਬ ਐਡੀਟਰਾਂ ਦੀਆਂ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕੀਤੀਆਂ ਕਈ ਖਬਰਾਂ ਇਸੇ ਕਰਕੇ ਵਾਪਸ ਹੋ ਜਾਂਦੀਆਂ ਸਨ ਕਿ ਉਨ੍ਹਾਂ ਵਿਚ ਅਨੁਵਾਦ ਕੀਤੇ ਸ਼ਬਦ ਪੰਜਾਬੀ ਦੀ ਜੀਵਨ ਤੋਰ, ਅਰਥਾਤ ਪੰਜਾਬੀ ਦੀ ਤਰਜ਼ੇ-ਜ਼ਿੰਦਗੀ ਵਾਂਗ ਢੁਕਵੇਂ ਨਹੀਂ ਹਨ। ਮਗਰੋਂ 'ਪੰਜਾਬ ਟਾਈਮਜ਼' ਜਿਥੇ ਉਹ ਇੱਕੋ ਸਮੇਂ ਮਾਲਕ ਤੇ ਮਜ਼ਦੂਰ ਵੀ ਸੀ, ਉਸ ਨੇ ਆਪਣੀ ਇਸ ਮੌਲਿਕ ਕਲਾ ਦੇ ਜਾਹੋ-ਜਲਾਲ ਨੂੰ ਖੁੱਲ੍ਹ ਕੇ ਅਮਲ ਵਿਚ ਲਿਆਂਦਾ।

ਡਿਗਰੀਆਂ ਵਧ ਤੋਂ ਵਧ ਇਕੱਠੀਆਂ ਕਰਨ ਦਾ ਸ਼ੌਕ ਵੀ ਉਸ ਨੇ ਪਾਲਿਆ ਹੋਇਆ ਸੀ। ਬਹੁਤ ਘਟ ਲੋਕਾਂ ਨੂੰ ਇਹ ਪਤਾ ਹੋਵੇਗਾ ਕਿ ਉਸ ਨੇ ਪੰਜਾਬੀ ਸਾਹਿਤ ਵਿਚ ਐਮ.ਏ. ਵੀ ਕੀਤੀ ਅਤੇ ਫਿਰ ਐਮ.ਫਿਲ। ਫੇਰ ਉਸ ਨੂੰ ਪੱਤਰਕਾਰੀ ਦਾ ਚਾਅ ਚੜ੍ਹਿਆ ਅਤੇ ਪੱਤਰਕਾਰੀ ਵਿਚ ਮਾਸਟਰ ਡਿਗਰੀ ਲਈ। ਇਥੇ ਵੀ ਨਹੀਂ ਰੁਕਿਆ ਅਤੇ ਕਾਨੂੰਨ ਦੇ ਖੇਤਰ ਵਿਚ ਜਾ ਦਾਖਲ ਹੋ ਗਿਆ ਅਤੇ ਐਲ.ਐਲ.ਬੀ. ਪਾਸ ਕੀਤੀ। ਇਸ ਤਰ੍ਹਾਂ ਜ਼ਿੰਦਗੀ ਬਾਰੇ ਉਸ ਦੀ ਪਹੁੰਚ ਦਾ ਘੇਰਾ ਵਿਸ਼ਾਲ ਹੋ ਗਿਆ ਜੋ ਥੋੜ੍ਹੇ ਲੋਕਾਂ ਨੂੰ ਨਸੀਬ ਹੁੰਦਾ ਹੈ।

ਵੈਸੇ ਉਸ ਨੇ ਜਦੋਂ ਪੰਜਾਬ ਯੂਨੀਵਰਸਿਟੀ ਅਤੇ 'ਪੰਜਾਬੀ ਟ੍ਰਿਬਿਊਨ' ਵਿਚ ਗੁਜ਼ਾਰੇ ਪਲਾਂ ਦੀ ਯਾਦ ਨੂੰ ਆਪਣੀ ਇਕ ਅਤਿ ਪਿਆਰੀ ਤੇ ਯਾਦ ਰੱਖਣ ਵਾਲੀ ਰਚਨਾ 'ਕਮਲਿਆਂ ਦਾ ਟੱਬਰ' ਵਿਚ ਸਾਹਮਣੇ ਲਿਆਂਦਾ ਤਾਂ ਉਨ੍ਹਾਂ ਲਿਖਤਾਂ ਵਿਚ ਜਿਵੇਂ ਮਨੁੱਖੀ ਸੁਭਾਅ ਦੇ ਦਰਸ਼ਨ ਦੀਦਾਰੇ ਹੋਏ। ਉਹ ਪੜ੍ਹ ਕੇ ਇਉਂ ਮਹਿਸੂਸ ਹੋਇਆ, ਜਿਵੇਂ ਅਮੋਲਕ ਕਈ ਪੱਖਾਂ ਤੋਂ ਬੰਦਿਆਂ ਨੂੰ ਬੁਝਣ ਲਈ ਉਨ੍ਹਾਂ ਦੇ ਧੁਰ ਅੰਦਰ ਤਕ ਪਹੁੰਚ ਗਿਆ ਹੈ ਅਤੇ ਜੇਕਰ ਤੁਸੀਂ ਸਾਹਿਤ ਦੇ ਪਿੜ ਵਿਚ ਡੂੰਘਾ ਉਤਰਨ ਦਾ ਸ਼ੌਕ ਰੱਖਦੇ ਹੋ ਤਾਂ ਇਹ ਲਿਖਤਾਂ ਪੜ੍ਹ ਕੇ ਤੁਹਾਨੂੰ ਤਾਲਸਤਾਏ ਅਤੇ ਦਾਸਤੋਵਸਕੀ ਯਾਦ ਆ ਜਾਣਗੇ- ਉਹ ਮਹਾਨ ਲੇਖਕ ਜੋ ਜੀਵਨ ਦੇ ਹਨੇਰਿਆਂ ਨੂੰ ਵੀ ਨਮਸਕਾਰ ਕਰਦੇ ਹਨ। ਇਨ੍ਹਾਂ ਰਚਨਾਵਾਂ ਵਿਚ ਅਮੋਲਕ ਨੇ ਮੇਰੇ ਸਮੇਤ ਕਈ ਪੱਤਰਕਾਰ ਦੋਸਤਾਂ ਅਤੇ ਹੋਰਨਾਂ ਦੇ ਭੇਤ ਜੱਗ ਜ਼ਾਹਰ ਕੀਤੇ ਹਨ। ਹਾਲਾਂਕਿ ਗੁਰਦਿਆਲ ਬੱਲ ਨੂੰ ਸਮਝਣ ਲਈ ਪੰਜਾਬ ਵਿਚ ਕੋਈ ਵੀ 'ਸਮਝ' ਅਜੇ ਨਿੱਤਰ ਕੇ ਸਾਹਮਣੇ ਨਹੀਂ ਆਈ ਜੋ ਇਸ 'ਆਊਟਸਾਈਡਰ' ਨਾਲ ਬਣਦਾ ਨਿਆਂ ਕਰ ਸਕੇ। ਮੈਂ ਅਮੋਲਕ ਨੂੰ ਕਈ ਵਾਰ ਕਿਹਾ ਕਿ ਉਹ ਗੁਰਦਿਆਲ ਬੱਲ ਬਾਰੇ ਜ਼ਰੂਰ ਲਿਖੇ ਪਰ ਹਰ ਵਾਰ ਉਸ ਦਾ ਇਹੋ ਜਵਾਬ ਹੁੰਦਾ ਕਿ ਭਾਜੀ, ਤੁਸੀਂ ਹੀ ਉਸ ਨੂੰ 'ਗ੍ਰਿਫਤਾਰ' ਕਰ ਸਕਦੇ ਹੋ। 'ਨਿਰਮਲ ਨਿਰਪੱਖਤਾ' ਵਾਲੇ ਗੁਣਾਂ ਦਾ ਕੋਈ ਹਾਣੀ ਅਜੇ ਨਹੀਂ ਮਿਲਿਆ ਜੋ ਗੁਰਦਿਆਲ ਬੱਲ ਦੇ ਅੰਦਰ ਖੌਰੂ ਪਾਉਂਦੀਆਂ ਵਿਰੋਧਤਾਈਆਂ ਦੇ ਗੁਣਾਂ ਨੂੰ ਪਛਾਣ ਸਕੇ, ਉਨ੍ਹਾਂ ਗੁਣਾਂ ਦਾ ਨਿਖੇੜਾ ਕਰ ਸਕੇ ਅਤੇ ਸ਼ਬਦਾਂ ਵਿਚ ਗੁੰਦ ਸਕੇ। ਵੈਸੇ ਇੱਕ ਆਵਾਜ਼ ਮੈਨੂੰ ਵੀ ਡੂੰਘੀਆਂ ਰਾਤਾਂ ਨੂੰ ਪ੍ਰੇਸ਼ਾਨ ਕਰਦੀ ਹੈ ਜੋ ਉਨ੍ਹਾਂ ਗੁਣਾਂ ਨੂੰ ਪਛਾਣ ਸਕਣ ਦਾ ਸਿਹਰਾ ਮੈਨੂੰ ਦਿੰਦੀ ਹੋਈ ਉਸ ਬਾਰੇ ਲਿਖਣ ਨੂੰ ਕਹਿੰਦੀ ਹੈ।

'ਕਮਲਿਆਂ ਦਾ ਟੱਬਰ' ਵਾਲੀਆਂ ਰਚਨਾਵਾਂ ਬਾਰੇ ਕੁਝ ਹੋਰ ਵੀ ਮੈਂ ਕਹਿਣਾ ਚਾਹੁੰਦਾ ਹਾਂ। ਇਹ ਇਕ ਤਰ੍ਹਾਂ ਨਾਲ ਅਮੋਲਕ ਦੀ ਸਵੈ-ਜੀਵਨੀ ਹੈ ਜਿਸ ਦੇ ਤਿੰਨ ਹਿੱਸਿਆਂ ਵਿਚ ਸਿਰਸਾ ਦੇ ਨੇੜੇ ਉਨ੍ਹਾਂ ਦੇ ਆਪਣੇ ਜੱਦੀ ਪਿੰਡ ਕੁੱਤੇਵੱਡ ਦੀ ਕਹਾਣੀ ਦੱਸੀ ਹੈ, ਫਿਰ ਪੰਜਾਬ ਯੂਨੀਵਰਸਿਟੀ ਵਿਚ ਬੀਤੀਆਂ ਕੁਝ ਯਾਦਾਂ ਤੇ ਉਨ੍ਹਾਂ ਯਾਦਾਂ ਨਾਲ ਜੁੜੇ ਵਿਅਕਤੀ ਪੇਸ਼ ਹੋਏ ਹਨ ਅਤੇ ਨਾਲ ਹੀ 'ਪੰਜਾਬੀ ਟ੍ਰਿਬਿਊਨ' ਦੇ ਨਿਊਜ਼ ਸੈਕਸ਼ਨ ਵਿਚ ਖਬਰਾਂ ਵਿਚ ਡੁੱਬਦੇ-ਤਰਦੇ ਪੱਤਰਕਾਰਾਂ ਦੇ ਸੁਭਾਅ ਅਤੇ ਉਨ੍ਹਾਂ ਦੀਆਂ ਆਦਤਾਂ ਦਾ ਮਨ-ਭਾਉਂਦਾ ਵੇਰਵਾ ਹੈ। ਅਮੋਲਕ ਯਕੀਨਨ ਕੁਝ ਦੋਸਤਾਂ ਦੇ ਧੁਰ ਅੰਦਰ ਤਕ ਪਹੁੰਚਣ ਵਿਚ ਜੇਤੂ ਰਿਹਾ ਹੈ। ਕੀ ਇਹ ਸਾਰੇ ਕਿਰਦਾਰ ਸਿਧੀ ਸੌਖੀ ਭਾਸ਼ਾ ਵਿਚ ਆਖੇ ਤੇ ਸਮਝੇ ਜਾਂਦੇ ਸ਼ਬਦ 'ਕਮਲੇ' ਦੇ ਅਰਥਾਂ ਨਾਲ ਮਿਲਦੇ ਜੁਲਦੇ ਹਨ ਜਾਂ ਇਸ 'ਕਮਲਪਨ' ਵਿਚ ਡੂੰਘੀਆਂ ਸਿਆਣਪਾਂ ਤੇ ਸਿਆਸਤਾਂ ਵੀ ਲੁਕੀਆਂ ਹੋਈਆਂ ਹਨ? ਜਦੋਂ ਤੁਸੀਂ ਪੜ੍ਹਦੇ ਹੋ ਤਾਂ ਤੁਹਾਨੂੰ ਦੋਵਾਂ ਹਕੀਕਤਾਂ ਦੇ ਦਰਸ਼ਨ ਹੋਣਗੇ। ਅਮੋਲਕ ਵਿਚ ਮਨੁੱਖੀ ਸਭਾਵਾਂ ਦੀ ਪੇਚੀਦਗੀ ਨੂੰ ਕਿਸੇ ਦਿਲਚਸਪ ਸਾਦਗੀ ਵਿਚ ਦੱਸਣ ਦੀ ਪੁਖਤਾ ਜਾਚ ਅਤੇ ਸਮਝ ਸੀ। ਇਨ੍ਹਾਂ ਲਿਖਤਾਂ ਵਿਚ ਪੱਤਰਕਾਰਾਂ ਤੋਂ ਇਲਾਵਾ ਪੱਤਰਕਾਰੀ ਦੇ ਹੁਨਰ ਨਾਲ ਵੀ ਅਮੋਲਕ ਤੁਹਾਡੀ ਸਾਂਝ ਪਾਉਂਦਾ ਹੈ। ਕਮਲਿਆਂ ਦੇ ਟੱਬਰ ਤੋਂ ਇਲਾਵਾ ਅਮੋਲਕ ਦੀਆਂ ਕੁਝ ਚੋਣਵੀਆਂ ਲਿਖਤਾਂ ਉਤੇ ਆਧਾਰਤ ਕਿਤਾਬ ਆਉਣੀ ਚਾਹੀਦੀ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਜਿੱਥੇ ਮਾਰਗ ਦਰਸ਼ਨ ਬਣੇਗੀ, ਉੱਥੇ ਉਸ ਇੱਕ ਦੌਰ ਬਾਰੇ ਵੀ ਜਾਣਕਾਰੀ ਹਾਸਲ ਹੋਵੇਗੀ ਜਦੋਂ ਪੰਜਾਬੀ ਪੱਤਰਕਾਰੀ ਦੇ ਮਿਆਰ ਦਾ ਚੜ੍ਹਦਾ ਗਰਾਫ ਵੀ ਨਜ਼ਰ ਆਉਂਦਾ ਹੈ।

ਅਮੋਲਕ ਨੇ ਪੱਤਰਕਾਰੀ ਦੇ ਅਸਲ ਹੁਨਰ ਨੂੰ 'ਪੰਜਾਬ ਟਾਈਮਜ਼' ਵਿਚ ਜਿਊਂਦਾ ਤੇ ਜਗਦਾ-ਮਘਦਾ ਰੱਖਿਆ। ਪੰਜਾਬ ਦੇ ਕਿਸੇ ਵੀ ਭਖਦੇ ਨਾਜ਼ੁਕ ਮਸਲੇ ਦੇ ਹੱਕ ਵਿਚ ਅਤੇ ਵਿਰੋਧੀ ਪੱਖਾਂ ਨੂੰ ਉਸ ਨੇ ਖੁੱਲ੍ਹ ਕੇ ਥਾਂ ਦਿੱਤੀ, ਬਸ਼ਰਤਿ ਸਬੰਧਤ ਲਿਖਤ ਵਿਚ ਭਾਸ਼ਾ ਦੇ ਸਲੀਕੇ ਅਤੇ ਸੰਜਮ ਨੂੰ ਕਾਇਮ ਰੱਖਿਆ ਹੋਵੇ। ਅਜਿਹਾ ਕਰਕੇ ਉਸ ਨੇ ਪੂਰਾ ਯਤਨ ਕੀਤਾ ਕਿ ਬਹਿਸ ਦਾ ਪੱਧਰ ਵੀ ਉੱਚਾ ਰਹੇ ਅਤੇ ਬਹਿਸ ਦਾ ਘੇਰਾ ਵੀ ਵਿਸ਼ਾਲ ਰੂਪ ਅਖਤਿਆਰ ਕਰ ਲਵੇ। 'ਪੰਜਾਬ ਟਾਈਮਜ਼' ਦੀ ਇਹ ਵੱਡੀ ਪ੍ਰਾਪਤੀ ਹੈ। 'ਪੰਜਾਬ ਟਾਈਮਜ਼' ਦੇ ਮੁਕਾਬਲੇ 'ਅੰਮ੍ਰਿਤਸਰ ਟਾਈਮਜ਼' ਅਖਬਾਰ ਵੀ ਸੀ ਪਰ ਇਸ ਅਖਬਾਰ ਦੀਆਂ ਆਪਣੀਆਂ ਸੀਮਾਵਾਂ, ਹੱਦਾਂ ਅਤੇ ਮਜਬੂਰੀਆਂ ਸਨ। ਇਸ ਨੇ ਮਸਲਿਆਂ ਦੇ ਇੱਕ ਪਾਸੜ ਹੁਨਰ ਨੂੰ ਉੱਚੀ ਪੱਧਰ



ਉਤੇ ਸਥਾਪਤ ਕਰਨ ਦਾ ਨਵਾਂ ਆਯਾਮ ਤਾਂ ਜ਼ਰੂਰ ਸਿਰਜਿਆ ਪਰ 'ਪੰਜਾਬ ਟਾਈਮਜ਼' ਨੇ ਤਸਵੀਰ ਦੇ ਦੂਜੇ ਪੱਖ ਨੂੰ ਖੁੱਲ੍ਹ ਕੇ ਥਾਂ ਦੇਣ ਦੀ ਪਿਰਤ ਪਾਈ ਅਤੇ ਇਉਂ ਪੱਤਰਕਾਰੀ ਦੇ ਖੇਤਰ ਵਿਚ ਸਿਹਤਮੰਦ ਮੁਕਾਬਲੇ ਦਾ ਮਾਹੌਲ ਸਿਰਜ ਦਿੱਤਾ। ਮੈ ਇਹ ਗੱਲ ਵਧਾ ਚੜ੍ਹਾ ਕੇ ਨਹੀਂ ਦਸ ਰਿਹਾ ਕਿ ਬਾਹਰਲੇ ਮੁਲਕਾਂ ਵਿਚ ਛਪਣ ਵਾਲੇ ਤਮਾਮ ਪੰਜਾਬੀ ਅਖਬਾਰਾਂ ਵਿਚ ਗਿਆਨ ਦੇ ਮਿਆਰ ਪੱਖੋਂ ਇਹ ਅਖਬਾਰ ਸਰਵੋਤਮ ਸਥਾਨ ਰੱਖਦਾ ਹੈ।

ਜਦੋਂ ਅਮੋਲਕ 'ਪੰਜਾਬੀ ਟ੍ਰਿਬਿਊਨ' ਵਿਚ ਸੀ ਤਾਂ ਉਸ ਸਮੇਂ ਜੁਝਾਰੂ ਲਹਿਰ ਵੀ ਆਪਣੇ ਭਰ ਜੋਬਨ ਵਿਚ ਸੀ। ਅਮੋਲਕ ਨੇ ਆਪਣੇ ਸੁਭਾਅ ਮੁਤਾਬਕ ਲਹਿਰ ਨਾਲ ਆਦਰਯੋਗ ਦੂਰੀ ਵੀ ਬਣਾਈ ਰੱਖੀ ਤੇ ਨੇੜਤਾ ਵੀ। ਕੁਝ ਜੁਝਾਰੂ ਆਗੂ ਟ੍ਰਿਬਿਊਨ ਕਲੋਨੀ ਵਿਚ ਉਸ ਦੇ ਘਰ ਅਕਸਰ ਆ ਜਾਂਦੇ ਸਨ। ਹਾਲਾਂਕਿ ਮੈਂ ਨਿੱਜੀ ਤੌਰ 'ਤੇ ਜੁਝਾਰੂ ਲਹਿਰ ਦੇ ਹੱਕ ਵਿਚ ਕਾਫੀ ਦੂਰ ਤਕ ਨਿਕਲ ਗਿਆ ਸੀ- ਏਨੀ ਦੂਰ ਤਕ ਕਿ ਜਿੱਥੇ ਪਤਾ ਹੀ ਨਹੀਂ ਲੱਗਾ ਪਈ ਕਦੋਂ ਮੇਰੀ ਪੱਤਰਕਾਰੀ ਨੇ ਜੁਝਾਰੂ ਲਹਿਰ ਦੀ ਮਹਾਨਤਾ ਅਤੇ ਮਹੱਤਤਾ ਅੱਗੇ ਪੂਰੀ ਤਰ੍ਹਾਂ ਸਮਰਪਣ ਕਰ ਦਿੱਤਾ ਸੀ। ਫਿਰ ਇੱਕ ਅਜਿਹਾ ਮੌਕਾ ਵੀ ਆਇਆ, ਜਦੋਂ ਮੈਨੂੰ ਕੁਝ ਦਿਨਾਂ ਲਈ ਅਮੋਲਕ ਦੇ ਘਰ ਵਿਚ ਸ਼ਰਨ ਲੈਣੀ ਪਈ। ਉਹ ਦਿਨ ਹੀ ਇਹੋ ਜਿਹੇ ਸਨ ਪਰ ਜਸਪ੍ਰੀਤ ਨੇ ਕਦੇ ਮੱਥੇ ਵੱਟ ਨਹੀਂ ਪਾਇਆ ਅਤੇ ਮੇਰਾ ਪੂਰਾ ਖਿਆਲ ਰੱਖਿਆ। ਉਨ੍ਹਾਂ ਦਿਨਾਂ ਦੀ ਵਿਹਲ ਵਿਚ ਮੈਨੂੰ ਕਈ ਕਿਤਾਬਾਂ ਪੜ੍ਹਨ ਦਾ ਸੁਨਹਿਰੀ ਮੌਕਾ ਹਾਸਲ ਹੋਇਆ। 'ਪੰਜਾਬ ਟਾਈਮਜ਼' ਵਿਚ ਮੇਰੇ ਬਹੁਤ ਲੇਖ ਛਪਦੇ ਰਹੇ ਅਤੇ ਉਨ੍ਹਾਂ ਲੇਖਾਂ ਦੇ ਵਿਰੋਧ ਵਿਚ ਆਏ ਪੱਖ ਵੀ ਛਪਦੇ ਰਹੇ ਪਰ 'ਪੰਜਾਬੀ ਟ੍ਰਿਬਿਊਨ' ਵਿਚ ਉੱਚੇ ਪਦਾਂ 'ਤੇ ਕੰਮ ਕਰਦਿਆਂ ਟ੍ਰਿਬਿਊਨ ਅੰਦਰ ਪੱਤਰਕਾਰੀ ਦੀਆਂ ਬਹੁਤ ਸਾਰੀਆਂ ਰਵਾਇਤਾਂ ਦਾ ਵੀ ਡੂੰਘਾ ਅਨੁਭਵ ਹਾਸਲ ਹੋਇਆ। ਅਸੀਂ ਕਈ ਵਾਰ ਪੰਜਾਬ ਮਸਲਿਆਂ ਉੱਤੇ ਅਮੋਲਕ ਨਾਲ ਬਹਿਸਾਂ ਕਰਦੇ ਰਹਿੰਦੇ। ਕਈ ਵਾਰ ਸਹਿਮਤ ਹੁੰਦੇ ਅਤੇ ਕਈ ਵਾਰ ਬੁਰੀ ਤਰ੍ਹਾਂ ਅਸਹਿਮਤ। ਸੱਚ ਤਾਂ ਇਹ ਸੀ ਕਿ ਅਸਹਿਮਤੀ ਦੇ ਗੁਣਾਂ ਦੀ ਪਛਾਣ ਕਰਨ ਅਤੇ ਅਸਹਿਮਤੀ ਦਾ ਜਸ਼ਨ ਮਨਾਉਣ ਦੀ ਖੁੱਲ੍ਹਦਿਲੀ ਵੀ ਇਨ੍ਹਾਂ ਬਹਿਸਾਂ ਵਿਚੋਂ ਹੀ ਹਾਸਲ ਹੁੰਦੀ ਸੀ ਜਿਸ ਦੇ ਕਈ ਰੰਗ ਰੂਪ ਮੇਰੇ ਆਪਣੇ ਵਜੂਦ ਵਿਚ ਅਜੇ ਵੀ ਜਗਦੇ ਰਹਿੰਦੇ ਹਨ। ਅੰਗਰੇਜ਼ੀ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਵੀ ਆਪਣੇ ਨਿਊਜ਼ ਰੂਮ ਨੂੰ ਛਡ ਕੇ ਏਧਰ 'ਪੰਜਾਬੀ ਟ੍ਰਿਬਿਊਨ' ਦੇ ਨਿਊਜ਼ ਰੂਮ ਵਿਚ ਬਲ ਨੂੰ ਅਕਸਰ ਹੀ ਮਿਲਣ ਆਉਂਦੇ। ਅਸਲ ਵਿਚ ਗੁਰਦਿਆਲ ਬੱਲ ਅਣਗਿਣਤ ਖਿੜੇ ਅਤੇ ਮੁਰਝਾਏ ਫੁੱਲਾਂ ਦਾ ਹੁਸੀਨ ਗੁਲਦਸਤਾ ਹੈ। ਮੇਰਾ ਖਿਆਲ ਹੈ ਕਿ ਅਮਰੀਕਾ ਵਿਚ 'ਪੰਜਾਬ ਟਾਈਮਜ਼' ਨਾਲ ਨੇੜਿਓਂ ਜੁੜੇ ਕਈ ਵੀਰਾਂ ਅਤੇ ਗੰਭੀਰ ਪਾਠਕਾਂ ਨੂੰ ਆਪਣੀਆਂ ਯਾਦਾਂ ਇੱਕ ਭਰਪੂਰ ਵਿਸ਼ਲੇਸ਼ਣ ਦੇ ਰੂਪ ਵਿਚ ਪੇਸ਼ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਨ ਦਾ ਕੰਮ ਕਰ ਸਕਣ।

ਤੇ ਫਿਰ ਉਹ ਬਿਮਾਰੀ ਜਿਸ ਦੇ ਮਰੀਜ਼ ਦੁਨੀਆ ਵਿਚ ਉਂਗਲਾਂ 'ਤੇ ਗਿਣੇ ਜਾ ਸਕਦੇ ਸਨ, ਉਸ ਬਿਮਾਰੀ ਨੇ ਅਮੋਲਕ ਨੂੰ ਵੀ ਆਪਣੇ ਘੇਰੇ ਵਿਚ ਲੈ ਲਿਆ। ਮਸਕੁਲਰ ਡਿਸਟਰੌਫੀ ਦੇ ਨਾਂ ਨਾਲ ਜਾਣੀ ਜਾਂਦੀ ਇਸ ਬਿਮਾਰੀ ਵਿਚ ਜਿਸਮ ਦੇ ਸਾਰੇ ਅੰਗ ਸਹਿਜੇ ਸਹਿਜੇ ਕੰਮ ਕਰਨ ਤੋਂ ਜੁਆਬ ਦੇ ਦਿੰਦੇ ਹਨ। 40-42 ਸਾਲ ਪਹਿਲਾਂ ਹੀ ਇਸ ਬਿਮਾਰੀ ਦੇ ਨਿਸ਼ਾਨ ਦਿਸਣੇ ਸ਼ੁਰੂ ਹੋ ਗਏ ਜਦੋਂ ਅਮੋਲਕ ਦੇ ਹੱਥ ਦੀ ਇਕ ਉਂਗਲੀ ਨੇ ਕੰਮ ਕਰਨਾ ਬੰਦ ਕਰ ਦਿੱਤਾ। ਅਮਰੀਕਾ ਜਾਣ ਪਿੱਛੋਂ ਇਸ ਬਿਮਾਰੀ ਨੇ ਹੋਰ ਜ਼ੋਰ ਫੜ ਲਿਆ ਪਰ ਹੈਰਾਨੀ ਦੀ ਗੱਲ ਇਹ ਸੀ ਕਿ ਅਮੋਲਕ ਨੇ ਦਿਲ ਨਹੀਂ ਛੱਡਿਆ ਹਾਲਾਂਕਿ ਇਸ ਬਿਮਾਰੀ ਦਾ ਇਲਾਜ ਅਜੇ ਵੀ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਇਆ। ਉਂਝ, ਇਹ ਚਮਤਕਾਰ ਹੀ ਸੀ ਕਿ 'ਪੰਜਾਬ ਟਾਈਮਜ਼' ਉਸ ਦੀ ਦੇਖ ਰੇਖ ਹੇਠ ਛਪਦਾ ਰਿਹਾ। ਉਹ ਬਾਕਾਇਦਾ ਖਬਰਾਂ ਪੜ੍ਹਦਾ ਤੇ ਲੋੜ ਅਨੁਸਾਰ ਐਡਿਟ ਕਰਦਾ। ਮੈਂ ਖੁਦ ਵੀ ਜਦੋਂ ਅਮਰੀਕਾ ਵਿਚ ਉਸ ਕੋਲ ਕੁਝ ਦਿਨਾਂ ਲਈ ਠਹਿਰਦਾ ਤਾਂ ਖਬਰਾਂ ਦੀ ਚੋਣ ਬਾਰੇ ਉਸ ਦੀਆਂ ਹਦਾਇਤਾਂ ਅਮਲ ਵਿਚ ਲਾਗੂ ਜ਼ਰੂਰ ਹੁੰਦੀਆਂ। ਵਿਸ਼ੇਸ਼ ਕਿਸਮ ਦੇ ਅਤੇ ਨਾਜ਼ੁਕ ਕਿਸਮ ਦੇ ਲੇਖਾਂ ਉਤੇ ਉਸ ਦੀ ਬਾਜ਼ ਨਿਗ੍ਹਾ ਹੁੰਦੀ ਸੀ ਕਿਉਂਕਿ ਉਹ ਜਾਣਦਾ ਸੀ ਕਿ ਗੰਭੀਰ ਪਾਠਕਾਂ ਦੀ ਖਾਸਮ-ਖਾਸ ਨਿਗ੍ਹਾ ਉਨ੍ਹਾਂ ਲਿਖਤਾਂ ਉੱਤੇ ਹੁੰਦੀ ਹੈ। ਕਾਸ਼! ਕੋਈ ਜਣਾ ਉਨ੍ਹਾਂ ਵਰ੍ਹਿਆਂ ਨੂੰ ਖਾਸ ਲੜੀ ਵਿਚ ਰੱਖ ਕੇ ਉਸ ਮਨੋਵਿਗਿਆਨਕ ਸੰਸਾਰ ਬਾਰੇ ਦੱਸੇ ਜੋ ਅਮੋਲਕ ਨੇ ਹੰਢਾਇਆ। ਦੱਸਣ ਵਾਲੇ ਬੰਦੇ ਲਈ ਇਹ ਗੱਲ ਦੱਸਣੀ ਵਧੇਰੇ ਅਹਿਮ ਹੋਏਗੀ ਕਿ ਅਮੋਲਕ ਇਸ ਦੌਰ ਵਿਚੋਂ 'ਕਿਵੇਂ' ਲੰਘਿਆ। ਇਹ ਉਹ ਵਰ੍ਹੇ ਸਨ ਜਦੋਂ ਉਸ ਦੇ 'ਜਿਊਣ' ਦੇ ਅਮਲ ਵਿਚ 'ਜਾਗਣ ਤੇ ਜਗਾਉਣ' ਦੀ ਤਾਕਤ ਤੇ ਸਮਰੱਥਾ ਹੈਰਾਨ ਹੀ ਕਰਦੀ ਹੈ। ਇੱਕ ਵਾਰ ਜਦੋਂ 'ਪੰਜਾਬ ਟਾਈਮਜ਼' ਦਾ ਸਾਲਾਨਾ ਸਮਾਗਮ ਸ਼ਿਕਾਗੋ ਵਿਚ ਮਨਾਇਆ ਜਾ ਰਿਹਾ ਸੀ ਤਾਂ ਮੈਂ ਆਪਣੀ ਤਕਰੀਰ ਵਿਚ ਅਮੋਲਕ ਨੂੰ ਪੰਜਾਬੀ ਪੱਤਰਕਾਰੀ ਦਾ ਸਟੀਫਨ ਹਾਕਿੰਗ ਕਰਾਰ ਦਿੱਤਾ ਜੋ ਵਿਗਿਆਨੀ ਸਰੀਰ ਦੇ ਸਾਰੇ ਹਿੱਸੇ ਨਕਾਰਾ ਹੋਣ ਦੇ ਬਾਵਜੂਦ ਇਕ ਵਿਸ਼ੇਸ਼ ਤਕਨਾਲੋਜੀ ਦੀ ਸਹਾਇਤਾ ਨਾਲ ਬ੍ਰਹਿਮੰਡ ਬਾਰੇ ਵਿਗਿਆਨਕ ਖੋਜ ਦੀਆਂ ਉਹ ਗੱਲਾਂ ਦੱਸਦਾ ਜਿਸ ਨੂੰ ਸੁਣ ਕੇ ਹਰ ਕੋਈ ਮੂੰਹ ਵਿਚ ਉਂਗਲਾਂ ਪਾ ਲੈਂਦਾ ਹੈ। ਇਨ੍ਹਾਂ 40 ਵਰ੍ਹਿਆਂ ਵਿਚ ਦਸ ਕੁ ਵਰ੍ਹੇ ਦਰਦ ਨਾਲ ਭਰੇ ਵਰ੍ਹੇ ਸਨ, ਜਦੋਂ ਬਿਮਾਰੀ ਅਮੋਲਕ ਦੇ ਗਲ ਤੱਕ ਪਹੁੰਚ ਗਈ ਸੀ। ਸਰੀਰ ਦਾ ਹੇਠਲਾ ਹਿੱਸਾ ਪੱਥਰ ਬਣ ਗਿਆ ਸੀ ਪਰ ਉਸ ਦੀ ਯਾਦਦਾਸ਼ਤ, ਉਸ ਦਾ ਹੌਸਲਾ, ਉਸ ਦੀ ਹਿੰਮਤ, ਉਸ ਦੀ ਦ੍ਰਿੜ੍ਹਤਾ, ਉਸ ਦੀ ਸਿਰੜ ਅਤੇ ਜਿਊਣ ਦੀ ਤਾਂਘ ਕਿਸੇ ਸੱਜਰੀ ਸਵੇਰ ਵਾਂਗ ਤਾਜ਼ਾ ਸੀ।... ਤੇ ਇਨ੍ਹਾਂ ਸਾਰੇ ਵਰ੍ਹਿਆਂ ਵਿਚ ਉਸ ਦੀ ਹਮਸਫਰ ਜਸਪ੍ਰੀਤ ਦੀ ਸੇਵਾ ਨੇ ਆਪਣੇ ਧੀਰਜ, ਸਬਰ ਤੇ ਸ਼ੁਕਰ ਦੇ ਜਜ਼ਬਿਆਂ ਨੂੰ ਜਿਸ ਤਰ੍ਹਾਂ ਸਾਂਭ ਕੇ ਰੱਖਿਆ, ਉਹ ਵੀ ਸ਼ਬਦਾਂ ਦੇ ਘੇਰੇ ਵਿਚ ਨਹੀਂ ਸਮਾ ਸਕਦਾ। ਦੋ ਕੁ ਮਹੀਨੇ ਪਹਿਲਾਂ ਜਸਪ੍ਰੀਤ ਨੇ ਫੋਨ ਕਰਕੇ ਕਿਹਾ ਕਿ ਭਾਜੀ, ਤੁਸੀਂ ਅਮੋਲਕ ਦੀ ਯਾਦ ਵਿਚ ਖੁਦ ਸਹਿਜ ਪਾਠ ਕਰੋ। ਸਹਿਜ ਪਾਠ ਰਖਿਆ, ਤੇ ਪਾਵਨ ਪਵਿੱਤਰ ਹੁਕਮਨਾਮਾ ਇਹ ਆਇਆ।

'ਐਸੋ ਗੁਨੁ ਮੇਰੋ ਪ੍ਰਭ ਜੀ ਕੀਨ॥ ਪੰਚ ਦੋਖ ਅਰੁ ਅਹੰ ਰੋਗ; ਇਹ ਤਨ ਤੇ, ਸਗਲ ਦੂਰਿ ਕੀਨ॥'

## ਡੂੰਘੇ ਬੌਧਿਕ ਸਰੋਕਾਰ ਰੱਖਣ ਵਾਲੇ ਪੱਤਰਕਾਰ ਸਨ ਅਮੋਲਕ ਸਿੰਘ

ਸ. ਅਮੋਲਕ ਸਿੰਘ ਦੇ ਚਲਾਣੇ ਨਾਲ ਪੰਜਾਬੀ ਪੱਤਰਕਾਰੀ ਨੂੰ ਵਾਕਈ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। 'ਪੰਜਾਬ ਟਾਈਮਜ਼' ਦੁਨੀਆ ਦਾ ਸਭ ਤੋਂ ਵਧੀਆ ਪੰਜਾਬੀ ਅਖਬਾਰ ਹੈ; ਕੋਈ ਹੋਰ ਅਖਬਾਰ ਇਸ ਦੇ ਨੇੜੇ-ਤੇੜੇ ਵੀ ਨਹੀਂ। ਅਜਿਹਾ ਅਖਬਾਰ ਸ. ਅਮੋਲਕ ਸਿੰਘ ਵਰਗੀ ਸ਼ਖਸੀਅਤ ਹੀ ਖੜ੍ਹਾ ਕਰ ਸਕਦੀ ਸੀ, ਕਿਉਂਕਿ ਉਨ੍ਹਾਂ ਵਿਚ ਲੋੜੀਂਦੀ ਕਾਬਲੀਅਤ ਵੀ ਸੀ ਅਤੇ ਆਪਣੇ ਕੰਮ ਨਾਲ ਪ੍ਰਤੀਬੱਧਤਾ ਵੀ। ਅੱਜ ਕੱਲ੍ਹ ਉਨ੍ਹਾਂ ਦੇ ਪੱਧਰ ਦਾ ਭਾਸ਼ਾ ਦਾ ਗਿਆਨ ਰੱਖਣ ਵਾਲੇ ਪੱਤਰਕਾਰ ਘੱਟ ਹੀ ਮਿਲ਼ਦੇ ਹਨ। ਭਾਸ਼ਾ 'ਤੇ ਅਜਿਹੀ ਪ੍ਰਬੀਨਤਾ ਦੇ ਨਾਲ-ਨਾਲ ਉਨ੍ਹਾਂ ਦੀ ਆਪਣੇ ਕਿੱਤੇ ਨਾਲ ਲਗਨ ਵੀ ਲਾਸਾਨੀ ਸੀ।

ਉਹ ਸਾਰੇ ਦਾ ਸਾਰਾ ਅਖਬਾਰ ਖੁਦ ਪੜ੍ਹ ਕੇ, ਉਸ ਦੀ ਵਾਕ-ਬਣਤਰ ਅਤੇ ਸ਼ਬਦਾਵਲੀ ਦੀ ਪੂਰੀ ਤਸਦੀਕ ਕਰ ਕੇ, ਲੋੜੀਂਦੀਆਂ ਸੋਧਾਂ ਤੋਂ ਬਾਅਦ ਹੀ ਛਪਣ ਲਈ ਭੇਜਦੇ ਸਨ। ਇਕ ਡੂੰਘੇ ਬੌਧਿਕ ਸਰੋਕਾਰ ਰੱਖਣ ਵਾਲੇ ਪੱਤਰਕਾਰ ਹੋਣ ਕਾਰਨ ਉਨ੍ਹਾਂ ਨੇ ਸਮੇਂ-ਸਮੇਂ 'ਤੇ 'ਪੰਜਾਬ ਟਾਈਮਜ਼' ਵਿਚ ਬਹੁਤ ਉਸਾਰੂ ਬਹਿਸਾਂ ਚਲਾਈਆਂ। ਵਿਚਾਰਧਾਰਕ ਮੱਤਭੇਦਾਂ ਕਾਰਨ ਕਿਸੇ ਵੀ ਧਿਰ ਦਾ ਪੱਖ ਛਾਪਣ ਵਿਚ ਕੋਈ ਝਿਜਕ ਨਹੀਂ ਵਿਖਾਈ।

ਸਖਤ ਬਿਮਾਰੀ ਦੀ ਹਾਲਤ ਵਿਚ ਵੀ ਉਨ੍ਹਾਂ ਨੇ ਆਪਣੀ ਚੜ੍ਹਦੀ ਕਲਾ ਬਰਕਰਾਰ ਰੱਖੀ। ਜਦੋਂ ਤੱਕ ਸ. ਅਮੋਲਕ ਸਿੰਘ ਬੋਲਣ ਦੇ ਸਮਰੱਥ ਰਹੇ, ਮੇਰੀ ਉਨ੍ਹਾਂ ਨਾਲ ਗੱਲ ਹੁੰਦੀ ਰਹੀ। ਹਰ ਵਾਰ ਹਾਲ-ਚਾਲ ਪੁੱਛਣ 'ਤੇ ਜੁਆਬ ਹੁੰਦਾ, "ਚੜ੍ਹਦੀ ਕਲਾ!" ਅਜਿਹੀ ਅਡੋਲ ਤੇ ਮਨੋਹਰ ਸ਼ਖਸੀਅਤ ਵਾਲੇ ਬੰਦਿਆਂ ਦਾ ਚਲੇ ਜਾਣਾ ਸੱਚਮੁੱਚ ਦੁਖਦਾਈ ਹੁੰਦਾ ਹੈ। ਤਸੱਲੀ ਇਸ ਗੱਲ ਦੀ ਹੈ ਕਿ ਉਨ੍ਹਾਂ ਦਾ ਸ਼ੁਰੂ ਕੀਤਾ 'ਪੰਜਾਬ ਟਾਈਮਜ਼' ਉਸੇ ਤਰ੍ਹਾਂ ਚਲ ਰਿਹਾ ਹੈ।

***-ਪ੍ਰਭਸ਼ਰਨਦੀਪ ਸਿੰਘ***

# ਚਾਰਲਸ ਡਿਕਨਜ਼ ਦੇ ਖਤ ਦਾ ਰਾਜ਼

ਕਲਾ ਪਰਿਕਰਮਾ

ਮੈਂ ਇਕ ਜ਼ਹੀਨ ਕਲਾ ਅਤੇ ਸਟੈਨੋਗ੍ਰਾਫੀ ਦਾ ਰਹੱਸ ਹਾਸਲ ਕੀਤਾ ਹੈ ਜੋ ਮੈਨੂੰ ਸੋਲ੍ਹਾਂ ਪੈਂਸ ਵਿਚ ਪਿਆ ਹੈ; ਤੇ ਕੁਝ ਹਫਤੇ ਮੈਂ ਇਸ ਨਾਲ ਖੌਝਲਦਾ ਰਿਹਾ ਹਾਂ। -ਚਾਰਲਸ ਡਿਕਨਜ਼

ਕਾਲਜ ਦੇ ਦਿਨਾਂ ਵਿਚ ਜੇ ਕਿਸੇ ਅੰਗਰੇਜ਼ੀ ਲੇਖਕ ਬਾਰੇ ਅਸੀਂ ਅਕਸਰ ਪੜ੍ਹਦੇ ਜਾਂ ਸੁਣਦੇ ਰਹਿੰਦੇ ਸਾਂ ਤਾਂ ਉਹ ਸੀ ਚਾਰਲਸ ਡਿਕਨਜ਼। ਉਸ ਦੀ ਮੌਜੂਦਗੀ ਹਰ ਥਾਂ ਹੁੰਦੀ ਸੀ; ਸਾਡੀਆਂ ਪਾਠ ਪੁਸਤਕਾਂ ਵਿਚ, ਅਧਿਆਪਕਾਂ ਦੇ ਬਹਿਸ ਮੁਬਾਹਿਸੇ ਤੇ ਸਾਡੀ ਆਪਣੀ ਚੁੰਝ ਚਰਚਾ ਵਿਚ। 'ਓਲਿਵਰ ਟਵਿਸਟ', 'ਡੇਵਿਡ ਕੌਪਰਫੀਲਡ', 'ਏ ਟੇਲ ਆਫ ਟੂ ਸਿਟੀਜ਼' ਜਿਹੀਆਂ ਉਸ ਦੀਆਂ


**ਬੀ.ਐਨ. ਗੋਸਵਾਮੀ**

ਕਿਤਾਬਾਂ ਦੇ ਨਾਂ ਸਾਡੀ ਜ਼ਬਾਨ 'ਤੇ ਚੜ੍ਹੇ ਰਹਿੰਦੇ ਸਨ; ਸਾਡੇ ਅਧਿਆਪਕ ਡਿਕਨਜ਼ ਦੀਆਂ ਲਿਖਤਾਂ ਦੇ ਪਾਤਰਾਂ - ਓਲਿਵਰ, ਡੇਵਿਡ, ਫੈਗਿਨ, ਦਿ ਬੀਡਲ ਦੇ ਨਕਸ਼ੇ ਖਿੱਚਦੇ ਰਹਿੰਦੇ ਸਨ। ਮਿਸਟਰ ਬਰਕੀਸ ਤੇ ਮਿਸ ਪੈਗੋਟੀ (ਜਿਸ ਨੂੰ ਪੰਜਾਬ ਦੇ ਇਕ ਕਸਬੇ ਵਿਚਲੇ ਕਾਲਜ ਦਾ ਸਾਡਾ ਅਧਿਆਪਕ ਪੇਗੋਟੀ ਆਖਦਾ ਸਨ ਤੇ ਕੋਲੋਂ ਇਹ ਵੀ ਜੋੜ ਦਿੰਦਾ ਸੀ ਕਿ ਉਹ ਬਹੁਤ ਮੋਟੀ ਸੀ) ਅਤੇ ਅਕਸਰ ਅਸੀਂ ਉਸ ਦੀਆਂ ਕਿਤਾਬਾਂ 'ਚੋਂ ਲਏ ਕੁਝ ਫਿਕਰੇ ਤੇ ਬੋਲ ਆਪਣੀ ਅਸਲ ਜ਼ਿੰਦਗੀ ਵਿਚ ਵਰਤਦੇ ਰਹਿੰਦੇ ਸਾਂ। ਤੇ ਜਦੋਂ ਅਸੀਂ 'ਟੇਲ ਆਫ ਟੂ ਸਿਟੀਜ਼' ਦੇ ਉਸ ਬੇਮਿਸਾਲ ਕਾਂਡ 'ਤੇ ਪਹੁੰਚਦੇ ਤਾਂ ਬਿਲਕੁਲ ਅਵਾਕ ਰਹਿ ਜਾਂਦੇ ਸਾਂ ਜੋ ਇੰਝ ਸੀ: "ਇਹ ਬਹੁਤ ਹੀ ਵਧੀਆ ਸਮਾਂ ਸੀ ਤੇ ਇਹ ਬਹੁਤ ਹੀ ਮਾੜਾ ਸਮਾਂ ਵੀ ਸੀ ਪਰ ਇਹ ਬੁੱਧੀਮਤਾ ਦਾ ਸਮਾਂ ਸੀ, ਇਹ ਮੂਰਖਪੁਣੇ ਦਾ ਸਮਾਂ ਸੀ, ਇਹ ਵਿਸ਼ਵਾਸ ਦਾ ਯੁੱਗ ਸੀ, ਇਹ ਅਵਿਸ਼ਵਾਸ ਦਾ ਸਮਾਂ ਸੀ।"

ਉਦੋਂ ਤੋਂ ਲੈ ਕੇ ਹੁਣ ਤੱਕ ਡਿਕਨਜ਼ ਦੀ ਕੋਈ ਕਿਤਾਬ ਪੜ੍ਹਿਆਂ ਇੰਨਾ ਲੰਮਾ ਅਰਸਾ ਗੁਜ਼ਰ ਗਿਆ ਹੈ। ਅਚਨਚੇਤ ਉਹ ਮੇਰੀ ਚੇਤਨਾ ਵਿਚ ਵਾਪਸ ਆ ਗਿਆ ਤੇ ਉਸ ਦੇ ਨਾਲ ਹੀ ਹੋਰ ਬਹੁਤ ਸਾਰੇ ਵੀ ਆ ਜਾਂਦੇ ਹਨ। ਇਹ ਇਸ ਕਰਕੇ ਨਹੀਂ ਕਿ ਉਸ ਦੀ ਕੋਈ ਜਾਣੀ ਪਛਾਣੀ ਕਿਰਤ ਅਚਨਚੇਤ ਹੀ ਨਮੂਦਾਰ ਹੋ ਗਈ ਸਗੋਂ ਉਸ ਦੇ ਲਿਖੇ ਗਏ ਕੁਝ ਅਣਜਾਣੇ ਸ਼ਬਦ, ਅਰਥ ਜਾਂ ਅਨੁਵਾਦ ਕਰ ਕੇ ਜੋ ਲਗਭਗ ਡੇਢ ਸਦੀ ਤੋਂ ਇਕ ਬੁਝਾਰਤ ਬਣੇ ਰਹੇ ਹਨ ਉਨ੍ਹਾਂ ਵਿਚੋਂ ਕੋਈ ਹੌਲੀ-ਹੌਲੀ ਉਤਰਦਾ ਜਾਂਦਾ ਹੈ। ਇਹ ਸ਼ਬਦ ਡਿਕਨਜ਼ ਦੇ ਲਿਖੇ ਇਕ ਸਫੇ ਦੇ ਖਤ ਵਿਚ ਸ਼ਾਮਲ ਹਨ ਜੋ ਉਸ ਨੇ 1859 ਵਿਚ ਲਿਖਿਆ ਸੀ ਅਤੇ ਜੋ ਘੱਟੋ-ਘੱਟ 1913 ਤੋਂ ਨਿਊ ਯਾਰਕ ਦੀ ਮੌਰਗਨ ਲਾਇਬਰੇਰੀ ਵਿਚ ਪਿਆ ਹੈ। ਚਾਰਲਸ ਡਿਕਨਜ਼ ਦੀ ਵਿਦਵਤਾ ਦਾ ਬਹੁਤ ਵੱਡਾ ਕਾਰਜ ਕਈ ਦੇਸ਼ਾਂ ਵਿਚ ਪਿਆ ਹੈ ਅਤੇ ਉਹ ਪਿਛਲੀ ਕਰੀਬ ਇਕ ਸਦੀ ਤੋਂ ਇਸ ਖਤ ਨੂੰ ਸਮਝਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਹ ਖਤ ਬ੍ਰੈਕੀਗ੍ਰਾਫੀ ਵਿਚ ਲਿਖਿਆ ਹੋਇਆ ਹੈ ਜਿਸ ਨੂੰ ਡਿਕਨਜ਼ ਸ਼ਾਰਟਹੈਂਡ ਦੀ ਅਜਿਹੀ ਵੰਨਗੀ ਗਿਣਦਾ ਸੀ ਜੋ ਉਸ ਨਾਲ ਬਹੁਤ ਹੀ ਖਾਸ ਤੌਰ 'ਤੇ ਜੁੜੀ ਹੋਈ ਸੀ ਪਰ ਇਸ ਵਿਚ ਉਹ ਸਫਲ ਨਹੀਂ ਹੁੰਦਾ। ਇਸ ਦਾ ਲੈਟਰਹੈੱਡ 'ਤੇ ਲੰਡਨ ਦੇ ਬਲੂਮਜ਼ਬਰੀ ਵਿਚਲੇ ਟਾਵਿਸਟੌਕ ਹਾਊਸ ਦਾ ਛਾਪਾ ਮੌਜੂਦ ਹੈ ਜਿੱਥੇ ਉਹ 1851 ਤੋਂ 1860 ਤੱਕ ਰਿਹਾ ਸੀ। ਉਂਝ, ਬਾਕੀ ਸਭ ਕੁਝ ਡਿਕਨਜ਼ ਦੀ ਲਿਖਤ ਹੈ; ਬਿੰਦੂਆਂ, ਦਸ਼ਮਲਵਾਂ ਅਤੇ ਬਿੰਬਾਂ ਦੀ ਇਕ ਲੜੀ ਜੋ ਸਮਝ ਤੋਂ ਪਰ੍ਹੇ ਹੈ।



ਚਾਰਲਸ ਡਿਕਨਜ਼



ਚਾਰਲਸ ਡਿਕਨਜ਼ ਦਾ ਲਿਖਿਆ ਖਤ।

ਹੁਣ ਜਾਪਦਾ ਹੈ ਕਿ ਚੀਜ਼ਾਂ ਬਦਲ ਗਈਆਂ ਹਨ। ਸਾਂ ਓਜ਼ੇ, ਕੈਲੀਫੋਰਨੀਆ ਦੇ ਇਕ ਕੰਪਿਊਟਰ ਤਕਨੀਕੀ ਇਮਦਾਦੀ ਮਾਹਿਰ ਸ਼ੇਨ ਬੌਗਜ਼ ਅਤੇ ਵਰਜੀਨੀਆ ਯੂਨੀਵਰਸਿਟੀ ਵਿਚ ਬੌਧਾਤਮਕ (ਕੌਗਨਿਟਿਵ) ਵਿਗਿਆਨ ਦੇ ਇਕ ਵਿਦਿਆਰਥੀ ਕੇਨ ਕੌਕਸ ਜਿਸ ਦਾ ਪਿਛੋਕੜ ਜ਼ਾਹਰਾ ਤੌਰ 'ਤੇ ਕੰਪਿਊਟਰ ਨਾਲ ਜੁੜਿਆ ਹੋਇਆ ਹੈ, ਨੇ ਖਤ ਦੇ ਰਹੱਸ ਨੂੰ ਖੋਲ੍ਹਣ ਵਿਚ ਅਹਿਮ ਪੇਸ਼ਕਦਮੀ ਕੀਤੀ ਹੈ। ਸੁਣਨ ਵਿਚ ਆਇਆ ਹੈ ਕਿ ਇਸ ਕਾਰਜ ਪਿੱਛੇ ਲੈਸਟਰ ਯੂਨੀਵਰਸਿਟੀ ਵੱਲੋਂ ਰੱਖੀ ਗਈ ਇਕ ਚੁਣੌਤੀ ਕਾਰਜਸ਼ੀਲ ਹੈ ਜਿਸ ਨੇ ਟੈਵਿਸਟੌਕ ਦੇ ਖਤ ਦੀ ਇਕ ਕਾਪੀ ਆਨਲਾਈਨ ਨਸ਼ਰ ਕੀਤੀ ਸੀ ਕਿ ਜੋ ਵੀ ਸ਼ਖਸ ਡਿਕਨਜ਼ ਦੇ ਇਸ ਰਹੱਸ ਨੂੰ ਬੁੱਝੇਗਾ, ਉਸ ਨੂੰ ਤਿੰਨ ਸੌ ਪਾਊਂਡ ਦਾ ਇਨਾਮ ਦਿੱਤਾ ਜਾਵੇਗਾ। ਲਗਭਗ ਇਕ ਹਜ਼ਾਰ ਲੋਕਾਂ ਨੇ ਇਸ ਮੁਕਾਬਲੇ ਵਿਚ ਹਿੱਸਾ ਲਿਆ। ਹਾਲਾਂਕਿ ਸ਼ੇਨ ਤੇ ਕੇਨ 'ਚੋਂ ਕਿਸੇ ਦੀ ਵੀ ਡਿਕਨਜ਼ ਵਿਚ ਕੋਈ ਖਾਸ ਰੁਚੀ ਨਹੀਂ ਸੀ ਪਰ ਉਨ੍ਹਾਂ ਨੇ ਇਸ ਖਤ ਦਾ ਜ਼ਿਆਦਾਤਰ ਭਾਵ ਤਕਰੀਬਨ 70 ਫੀਸਦੀ ਹਿੱਸਾ ਬੁੱਝ ਲਿਆ ਹੈ।

ਪਤਾ ਲੱਗਿਆ ਹੈ ਕਿ ਖਤ ਵਿਚ ਕੋਈ ਦਿਲਕੰਬਾਊ ਅਤੇ ਗੁੱਝਾ ਰਾਜ਼ ਨਹੀਂ ਹੈ, ਕੋਈ ਘੁਟਾਲਾ, ਕਾਂਡ ਜਾਂ ਇਕਬਾਲੀਆ ਬਿਆਨ ਵੀ ਨਹੀਂ ਹੈ। ਸਾਫ ਤੇ ਸੌਖੇ ਲਫਜ਼ਾਂ ਵਿਚ ਕਿਹਾ ਜਾਵੇ ਤਾਂ ਇਹ ਡਿਕਨਜ਼ ਵੱਲੋਂ 'ਟਾਈਮਜ਼ ਆਫ ਲੰਡਨ' ਦੇ ਸੰਪਾਦਕ ਜੇਟੀ ਡੀਲੇਨ ਨੂੰ ਲਿਖਿਆ ਰੁੱਕਾ ਸੀ ਜੋ ਨਵੇਂ ਰਸਾਲੇ 'ਹਾਊਸਹੋਲਡ ਵਰਡਜ਼' ਲਈ ਰੱਦ ਕੀਤੇ ਇਸ਼ਤਿਹਾਰ ਨਾਲ ਸਬੰਧਤ ਸੀ। ਲੇਖਕ ਨੇ ਕੁਝ ਪੈਸੇ ਕਮਾਉਣ ਦੇ ਮਨੋਰਥ ਨਾਲ ਇਹ ਰਸਾਲਾ ਸ਼ੁਰੂ ਕੀਤਾ ਸੀ। ਖੋਜਕਾਰਾਂ ਨੇ ਦੱਸਿਆ ਹੈ ਕਿ ਇਸ ਖਤ ਦਾ ਪਿਛੋਕੜ ਇਹ ਸੀ ਕਿ ਡਿਕਨਜ਼ ਨੂੰ ਉਸ ਵੇਲੇ ਸ਼ਾਇਦ ਕੁਝ ਵਿੱਤੀ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਉਸ ਦਾ ਸ਼ਾਇਦ ਫਿਰ ਤਲਾਕ ਹੋਣ ਜਾ ਰਿਹਾ ਸੀ। ਡਿਕਨਜ਼ ਦਾ ਇਹ ਖਤ ਪੜ੍ਹੇ ਜਾਣ ਨਾਲ ਇਸ ਕਿਸਮ ਦੀ ਸ਼ਾਰਟਹੈਂਡ ਵਿਚ ਲਿਖੇ ਗਏ ਕਈ ਹੋਰ ਦਸਤਾਵੇਜ਼ਾਂ ਦਾ ਰਹੱਸ ਸਮਝਣ ਦਾ ਰਾਹ ਖੁੱਲ੍ਹਣ ਦੀ ਉਮੀਦ ਵੀ ਜਾਗ ਪਈ ਹੈ। ਉਂਝ, ਡਿਕਨਜ਼ ਦਾ ਭੇਤ ਪੂਰੀ ਤਰ੍ਹਾਂ ਨਹੀਂ ਖੁੱਲ੍ਹ ਸਕਿਆ ਅਤੇ ਉਸ ਦੀ ਦਾਨਿਸ਼ਵਰੀ ਦੀ ਇਕ ਹੋਰ ਬੇਸ਼ਕੀਮਤੀ ਕਹਾਣੀ ਇਨ੍ਹਾਂ ਪੱਤਰਿਆਂ ਵਿਚ ਹੀ ਕਿਤੇ ਲੁਕੀ ਹੋਈ ਹੈ। ਇਕ ਖੋਜਕਾਰ ਕਿਊਰੇਟਰ ਨੇ ਆਖਿਆ- ਇਸ ਪ੍ਰੋਜੈਕਟ ਦਾ ਦਿਲਚਸਪ ਹਿੱਸਾ ਇਹ ਹੈ ਕਿ ਕੌਮਾਂਤਰੀ ਪ੍ਰਸਿੱਧੀ ਦੇ ਮਾਲਕ ਇਸ ਲੇਖਕ ਦੀ ਮੌਤ ਤੋਂ ਕਰੀਬ ਡੇਢ ਸੌ ਸਾਲਾਂ ਬਾਅਦ ਵੀ ਅਜੇ ਕਈ ਨਵੀਆਂ ਗੱਲਾਂ ਉਜਾਗਰ ਹੋਣ ਵਾਲੀਆਂ ਹਨ। ਟੈਵਿਸਟੌਕ ਖਤ ਡਿਕਨਜ਼ ਦੇ ਰੋਕੜੀ ਲੈਣ ਦੇਣ ਬਾਰੇ ਝਾਤ ਪੁਆਉਂਦਾ ਹੈ ਜਦੋਂਕਿ ਉਸ ਦੀਆਂ ਹੋਰਨਾਂ ਹੱਥਲਿਖਤਾਂ ਵਿਚ ਡਿਕਨਜ਼ ਦੀ ਸ਼ੈਲਫ 'ਤੇ ਪਈਆਂ ਕਿਤਾਬਾਂ ਵਿਚੋਂ ਲਏ ਕੁਝ ਹਿੱਸੇ, ਤਕਰੀਰਾਂ ਜਾਂ ਕੋਈ ਅਣਜਾਣੀ ਲਘੂ ਕਹਾਣੀ ਸ਼ਾਮਲ ਹੋ ਸਕਦੀਆਂ ਹਨ।

## ਡਿਕਨਜ਼ ਕੋਡ ਪ੍ਰੋਜੈਕਟ

*ਡਿਕਨਜ਼ ਕੋਡ ਪ੍ਰੋਜੈਕਟ ਫਰਵਰੀ 2023 ਤੱਕ ਚਲੇਗਾ। ਇਸ ਤੋਂ ਪਹਿਲਾਂ ਕਿ ਕੋਈ ਇਸ ਵਿਚ ਹਿੱਸਾ ਲੈਣ ਦੀ ਅਰਜ਼ੀ ਦੇਵੇ; ਮੈਂ ਕੁਝ ਮੰਨੇ-ਪ੍ਰਮੰਨੇ ਲੋਕਾਂ ਬਾਰੇ ਕੁਝ ਘੱਟ ਜਾਣੀਆਂ ਜਾਂਦੀਆਂ ਚੀਜ਼ਾਂ ਬਾਰੇ ਇਕ ਦੋ ਗੱਲਾਂ ਜੋੜਨੀਆਂ ਚਾਹੁੰਦਾ ਹਾਂ: ਗੋਗੋਲ, ਕਾਫਕਾ, ਥੌਮਸ ਕਾਰਲਾਇਲ, ਲੌਰਡ ਬਾਯਰਨ ਜਿਹੇ ਕਈ ਹੋਰਨਾਂ ਲੇਖਕਾਂ ਦੀ ਤਰ੍ਹਾਂ ਡਿਕਨਜ਼ ਨੇ ਆਪਣੇ ਜਿਊਂਦੇ ਜੀਅ ਨੋਟਾਂ, ਡਾਇਰੀਆਂ, ਯਾਦਾਂ ਤੇ ਹੱਥ ਖਰੜਿਆਂ ਦਾ ਬਹੁਤ ਵੱਡਾ ਭੰਡਾਰ ਜਲਾ ਦਿੱਤਾ ਸੀ। ਜਦੋਂ 1851 ਵਿਚ ਉਹ ਟੈਵਿਸਟੌਕ ਹਾਊਸ ਵਿਚ ਆਇਆ ਸੀ ਤਾਂ ਉਸ ਨੇ ਆਪਣੇ ਅਧਿਐਨ ਕਮਰੇ ਦੀਆਂ ਦੋ ਥਾਵਾਂ 'ਤੇ ਦੋ ਸੈਲਫਾਂ ਰੱਖਣ ਦਾ ਫੈਸਲਾ ਕੀਤਾ ਸੀ ਜਿਨ੍ਹਾਂ ਵਿਚ ਉਸ ਵੱਲੋਂ ਈਜਾਦ ਕੀਤੇ ਕਰਾਰੇ ਸਿਰਲੇਖਾਂ ਵਾਲੀਆਂ ਕਈ ਫਰਜ਼ੀ ਕਿਤਾਬਾਂ ਸ਼ਾਮਲ ਸਨ। ਉਸ ਨੇ ਇਕ ਜਿਲਦਸਾਜ਼ ਥੌਮਸ ਰਾਬਰਟ ਈਲਜ਼ ਨੂੰ ਆਪਣੇ ਖਤਾਂ ਦਾ ਇਕ ਕੈਟਾਲੌਗ ਭੇਜ ਕੇ ਨੁਮਾਇਸ਼ੀ ਕਿਤਾਬਾਂ ਤਿਆਰ ਕਰਨ ਲਈ ਹੇਠ ਲਿਖੀਆਂ ਕਿਤਾਬਾਂ ਦੀ ਸੂਚੀ ਭੇਜੀ ਜਿਨ੍ਹਾਂ ਵਿਚ ਇਹ ਸਭ ਸ਼ਾਮਲ ਸਨ: 'ਕੈਪਟਨ ਕੁੱਕਜ਼ ਲਾਈਫ ਆਫ ਸੈਵੇਜ', 'ਹਿਸਟਰੀ ਆਫ ਏ ਸ਼ਾਰਟ ਚਾਂਸਰੀ ਸੂਇਟ', 'ਕੈਟਾਲੌਗ ਆਫ ਸਟੈਚੂਜ਼ ਆਫ ਦਿ ਡਿਊਕ ਆਫ ਵੈਲਿੰਗਟਨ', 'ਫਾਈਵ ਮਿਨਟਸ ਇਨ ਚਾਈਨਾ', 'ਫੋਰਟੀ ਵਿੰਕਸ ਐਟ ਦਿ ਪਿਰਾਮਿਡਜ਼'।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਅਪਰੈਲ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-531



ਰਿਕਸ਼ਾ ਕਰ ਕੇ ਤੁਰ ਪਈ ਬੀਬੀ, ਉੱਤੋਂ ਘਟਾ ਚੜ੍ਹ ਆਈ,
ਛੰਮ ਛੰਮ ਕਰ ਕੇ ਲੱਗਾ ਵਰਸਣ, ਜਾਨ ਉੱਤੇ ਬਣ ਆਈ।
ਜਾਗ ਪਈ ਮਨ ਵਿਚ ਹਮਦਰਦੀ, ਚੁਪਕੇ ਛਤਰੀ ਖੋਲ੍ਹੀ,
ਢਿੱਡ ਦੀ ਖਾਤਰ ਹੋਏ ਸਾਹੋ ਸਾਹੀ, ਹਉਕਾ ਭਰ ਕੇ ਬੋਲੀ।

### ਕੈਪਸ਼ਨ ਮੁਕਾਬਲਾ-529



ਮੂਲੋਂ ਪਿਆਰਾ ਵਿਆਜ ਹੈ,
ਪੋਤਰਾ ਰੱਖੇ ਖਿਆਲ,
ਲੈ ਤੁਰਿਆ ਨਾਲ਼ ਸੈਰ ਨੂੰ,
ਬਾਬਾ ਹੋਏ ਨਿਢਾਲ।
ਸਾਹ ਚੜ੍ਹੇ ਥਿੜਕੇ ਜ਼ੁਬਾਨ,
ਹੋਇਆ ਸਾਹੋ ਸਾਹ,
ਮੌਰਾਂ ਦੀ ਕੁਰਸੀ ਬਣਾਈ,
ਮੱਲ ਕੇ ਬੈਠਾ ਰਾਹ।
*-ਸੇਵਾ ਸਿੰਘ ਨੂਰਪੁਰੀ*
*ਫ਼ੋਨ 408-912-3438*

---

ਬਾਬਾ ਪੋਤੇ ਨਾਲ ਕਰੇ ਸੈਰ,
ਹੁੰਦਾ ਮੂਲ ਨਾਲੋਂ ਵਿਆਜ ਪਿਆਰਾ।
ਬਾਬਾ ਥੱਕ ਗਿਆ ਸੈਰ ਕਰਦਾ,
ਪੋਤਾ ਸੀਟ ਬਣ ਕੇ
ਬਹਿ ਗਿਆ ਵਿਚਾਰਾ।
ਉਮਰਾਂ ਦੇ ਤਜਰਬੇ ਦੀਆਂ ਦੱਸੇ ਗੱਲਾਂ,
ਜ਼ਿੰਦਗੀ 'ਚ ਕਿਵੇਂ ਕਰਨਾ
ਪਾਰ ਉਤਾਰਾ।
ਪੋਤਾ ਹਾਂ ਜੀ ਹਾਂ ਜੀ ਕਰਦਾ,
ਨਿਮਰਤਾ ਨਾਲ ਸੁਣ ਗਿਆ
ਬਾਬੇ ਦਾ ਚਿੱਠਾ ਸਾਰਾ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾਂ (ਪਟਿਆਲਾ)*
*ਫੋਨ: 98784-69639*

ਬਚਪਨ ਵਿਚ ਮੈਨੂੰ ਘੋੜਾ ਬਣਾ ਕੇ,
ਚਾਈਂ ਚਾਈਂ ਕਰਦਾ ਰਿਹਾ ਤੂੰ ਸਵਾਰੀ।
'ਕਦੇ ਦਾਦੇ ਦੀਆਂ, ਕਦੇ ਪੋਤੇ ਦੀਆਂ',
ਹਿਸਾਬ ਬਰਾਬਰ ਕਰਨਾ,
ਹੁਣ ਮੇਰੀ ਵਾਰੀ।
*-ਗੁਰਦੇਵ ਸਿੰਘ ਢਪਾਲੀ*
*ਗੁਰ ਤੇਗ ਬਹਾਦਰ ਨਗਰ ਬਠਿੰਡਾ।*
*ਫੋਨ: 94176-49275*

---

ਬਾਬੇ ਪੋਤੇ ਦਾ ਪਿਆਰ
ਇਕ ਅਟੱਲ ਸਚਾਈ
ਪੋਤੇ ਨੂੰ ਘਨੇੜੀ ਚੁੱਕ
ਮੇਲਾ ਦਿਖਾਉਂਦਾ
ਉਮਰ ਦਾ ਤਕਾਜ਼ਾ, ਬਿਰਧ ਅਵਸਥਾ
ਪੋਤਾ ਵੀ ਕਸਰ ਨਹੀਂ ਛੱਡਦਾ
ਭਾਵੇਂ ਆਪਣੇ ਹੀ ਮੋਢੇ 'ਤੇ
ਬਣ ਡੰਗੋਰੀ ਪੂਰਾ ਸਾਥ ਨਿਭਾਉਂਦਾ।
ਥੱਕੇ ਹੋਏ ਜਿਸਮ ਨੂੰ ਸਕੂਨ ਮਿਲਦਾ
ਆਪਸੀ ਪਿਆਰ ਡੁੱਲ-ਡੁੱਲ ਪੈਂਦਾ।
*-ਦਰਸ਼ਨ ਪਾਲ ਦੋਸਾਂਝ*

---

ਕੰਧੇੜੇ ਉੱਪਰ ਲੱਦ ਕੇ ਤੈਨੂੰ
ਦੂਰ ਦੂਰ ਦੀ ਸੈਰ ਕਰਾਈ।
ਆ ਜਾ ਪਰਖੀਏ ਤੇਰੇ ਮੋਢੇ
ਹੁਣ ਹੈ ਵਾਰੀ ਤੇਰੀ ਆਈ।
*-ਜਗਮੀਤ ਸਿੰਘ ਪੰਧੇਰ*
*ਫੋਨ: +1 2042963177*

---

ਬਾਪੂ ਕਹਿੰਦਾ
ਤੂੰ ਨਾ ਕਰੇਂ ਤਾਂ ਕਰੇ ਕਿਹੜਾ
ਮੇਰੀਆਂ ਸਭ ਜ਼ਰੂਰਤਾਂ ਪੂਰੀਆਂ ਨੂੰ
ਲੋਕੀਂ ਤੱਕਦੇ ਐਬ ਗੁਨਾਹ ਮੇਰੇ
ਮੈਂ ਤੱਕਦਾਂ ਰਹਿਮਤਾਂ ਤੇਰੀਆਂ ਨੂੰ।
*-ਬੱਲਾ ਲਬਾਣਾ*
*ਫੋਨ: 848-235-8344*

To Advertise with Punjab Times Call: 847-359-0746
Fax:847-705-9388, e-mail: punjabtimes1@gmail.com

# ਪ੍ਰੋਫੈਸਰ ਦੀ ਕਿਤਾਬ ਤੋਹਫੇ ਵਜੋਂ ਖਰੀਦਣਾ ਜ਼ਰੂਰੀ ਕਿਉਂ...

**ਸੰਸਾਰ ਪੁਸਤਕ ਦਿਵਸ 'ਤੇ ਵਿਸ਼ੇਸ਼**

*ਸੰਸਾਰ ਪੁਸਤਕ ਦਿਵਸ (23 ਅਪਰੈਲ) ਮੌਕੇ ਲਿਖਿਆ ਇਹ ਲੇਖ ਪ੍ਰੋਫੈਸਰ ਜੀ.ਐਨ. ਸਾਈਬਾਬਾ ਦੀ ਛਪੀ ਤਾਜ਼ਾ ਕਿਤਾਬ ਦੇ ਰੂ-ਬ-ਰੂ ਕਰਵਾਉਂਦਾ ਹੈ। ਕੈਨੇਡਾ ਤੋਂ ਮਸ਼ਹੂਰ ਪੱਤਰਕਾਰ ਗੁਰਪ੍ਰੀਤ ਸਿੰਘ 'ਰੈਡੀਕਲ ਦੇਸੀ' ਦੇ ਬਾਨੀ ਹਨ ਅਤੇ 'ਜਾਰਜੀਆ ਸਟ੍ਰੇਟ' ਲਈ ਲਗਾਤਾਰ ਲਿਖਦੇ ਹਨ। ਉਨ੍ਹਾਂ ਨੇ ਫਿਲਮ ਅਦਾਕਾਰਾ ਕਰੀਨਾ ਕਪੂਰ ਬਾਰੇ ਲਿਖੀ ਆਪਣੀ ਹਾਲੀਆ ਕਿਤਾਬ ਵਿਚ ਭਾਰਤ 'ਚ ਬਣ ਰਹੇ ਜ਼ਹਿਰੀਲੇ ਰਾਜਨੀਤਕ ਮਾਹੌਲ ਅਤੇ ਫਿਲਮ ਸਨਅਤ ਉੱਪਰ ਇਸ ਦੇ ਖ਼ਤਰਨਾਕ ਅਸਰਾਂ ਬਾਰੇ ਮਹੱਤਵਪੂਰਨ ਖ਼ੁਲਾਸੇ ਕੀਤੇ ਹਨ।*

ਹਾਲ ਹੀ ਵਿਚ ਪ੍ਰਕਾਸ਼ਿਤ ਸੰਗ੍ਰਹਿ 'ਵ੍ਹਾਏ ਡੂ ਯੂ ਫੀਅਰ ਮਾਈ ਵੇਅ ਸੋ ਮੱਚ?' (ਤੁਸੀਂ ਮੇਰੇ ਰਾਹ ਤੋਂ ਏਨਾ ਡਰਦੇ ਕਿਉਂ ਹੋ?) ਹਰ ਉਸ ਵਿਅਕਤੀ ਨੂੰ ਲਾਜ਼ਮੀ ਪੜ੍ਹਨਾ ਚਾਹੀਦਾ ਹੈ ਜੋ ਅਜੇ ਵੀ ਦੁਨੀਆ ਦੇ ਅਖੌਤੀ ਸਭ ਤੋਂ ਵੱਡੇ ਲੋਕਤੰਤਰ ਦੀਆਂ ਮਿੱਥਾਂ ਵਿਚ ਵਿਸ਼ਵਾਸ ਰੱਖਦਾ ਹੈ। ਇਹ ਪ੍ਰੋਫੈਸਰ ਜੀ.ਐਨ. ਸਾਈਬਾਬਾ ਵੱਲੋਂ ਜੇਲ੍ਹ 'ਚ ਲਿਖੀਆਂ ਕਵਿਤਾਵਾਂ ਅਤੇ ਚਿੱਠੀਆਂ ਦਾ ਸੰਗ੍ਰਹਿ ਹੈ। ਸਰੀਰਕ ਤੌਰ 'ਤੇ ਅਪਾਹਜ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸਾਈਬਾਬਾ ਅਣਮਨੁੱਖੀ ਹਾਲਤਾਂ ਵਿਚ ਕੈਦ ਹਨ। ਕਿਤਾਬ ਦੱਸਦੀ ਹੈ ਕਿ ਕਿਵੇਂ ਭਾਰਤ ਵਿਚ ਕਿਸੇ ਨੂੰ ਸਿਰਫ ਸੱਤਾ ਨੂੰ ਸਵਾਲ ਕਰਨ 'ਤੇ ਹੀ ਜੇਲ੍ਹ ਵਿਚ ਸੁੱਟਿਆ ਜਾ ਸਕਦਾ ਹੈ।

ਸਾਈਬਾਬਾ ਨੂੰ ਪਹਿਲੀ ਵਾਰ 2014 ਵਿਚ ਆਦਿਵਾਸੀਆਂ ਦੇ ਹੱਕਾਂ ਦੀ ਵਕਾਲਤ ਕਰਨ ਦੇ


**ਗੁਰਪ੍ਰੀਤ ਸਿੰਘ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਆਦਿਵਾਸੀਆਂ ਨੂੰ ਖਣਨ ਉਦਯੋਗ ਵੱਲੋਂ ਭਾਰਤੀ ਰਾਜ ਦੀ ਹਮਾਇਤ ਨਾਲ ਉਨ੍ਹਾਂ ਦੀਆਂ ਰਵਾਇਤੀ ਜ਼ਮੀਨਾਂ ਤੋਂ ਬੇਦਖ਼ਲ ਕੀਤਾ ਜਾ ਰਿਹਾ ਹੈ। ਪ੍ਰੋਫੈਸਰ ਸਾਈਬਾਬਾ ਇਸ ਦਾ ਵਿਰੋਧ ਕਰਨ ਦੇ ਨਾਲ ਨਾਲ ਮੌਜੂਦਾ ਸੱਜੇ ਪੱਖੀ ਹਿੰਦੂ ਰਾਸ਼ਟਰਵਾਦੀ ਸਰਕਾਰ ਦੇ ਅਧੀਨ ਧਾਰਮਿਕ ਘੱਟ-ਗਿਣਤੀਆਂ 'ਤੇ ਵੱਧ ਰਹੇ ਅਤਿਆਚਾਰਾਂ ਵਿਰੁੱਧ ਵੀ ਆਵਾਜ਼ ਉਠਾਉਂਦੇ ਸਨ। ਸਾਈਬਾਬਾ ਉੱਪਰ ਮੁੱਖ ਤੌਰ 'ਤੇ ਜਮਾਤੀ ਯੁੱਧ ਲੜ ਰਹੇ ਕਮਿਊਨਿਸਟ ਬਾਗ਼ੀਆਂ ਦੇ ਕਰਕੇ ਮਾਓਵਾਦੀ ਹਮਦਰਦ ਹੋਣ ਦਾ ਠੱਪਾ ਲਗਾਇਆ ਗਿਆ ਸੀ ਜੋ ਆਦਿਵਾਸੀ ਖੇਤਰਾਂ ਵਿਚ ਸਰਗਰਮ ਹਨ।

2017 'ਚ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਮਹਾਮਾਰੀ ਦੇ ਦੌਰਾਨ ਵਾਰ-ਵਾਰ ਜ਼ਮਾਨਤ ਦੇਣ ਤੋਂ ਇਨਕਾਰ ਕੀਤਾ ਗਿਆ। ਇੱਥੋਂ ਤੱਕ ਕਿ ਉਸ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ ਜੋ ਬਾਅਦ ਵਿਚ ਆਪਣੇ ਪੁੱਤਰ ਦਾ ਆਖ਼ਰੀ ਵਾਰ ਮੂੰਹ ਦੇਖੇ ਬਿਨਾਂ ਹੀ ਚਲਾਣਾ ਕਰ ਗਈ ਸੀ। ਸਾਈਬਾਬਾ ਨੂੰ ਆਪਣੀ ਮਾਂ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ। ਇਹ ਸਭ ਉਸ ਦੇ ਕਮਰ ਤੋਂ ਹੇਠਾਂ ਅਪਾਹਜ ਹੋਣ ਅਤੇ ਕਈ ਸਿਹਤ ਸਮੱਸਿਆਵਾਂ ਤੋਂ ਪੀੜਤ ਹੋਣ ਦੇ ਬਾਵਜੂਦ ਕੀਤਾ ਗਿਆ।

'ਤੁਸੀਂ ਮੇਰੇ ਰਾਹ ਤੋਂ ਏਨਾ ਡਰਦੇ ਕਿਉਂ ਹੋ?' ਸੰਗ੍ਰਹਿ (ਜੋ ਸਪੀਕਿੰਗ ਟਾਈਗਰ ਦੁਆਰਾ ਛਾਪਿਆ ਗਿਆ ਹੈ) ਉਸ ਦੇ ਜੇਲ੍ਹ ਦੇ ਹਾਲਾਤ ਅਤੇ ਉਸ ਦੇ ਆਪਣੀ ਪਤਨੀ, ਵਸੰਤਾ ਤੋਂ ਨਿਰੰਤਰ ਵਿਛੋੜੇ ਦੇ ਨਾਲ-ਨਾਲ ਆਪਣੇ ਅਧਿਆਪਨ ਦੇ ਕਿੱਤੇ ਬਾਰੇ ਉਸ ਦੇ ਹੇਰਵੇ ਦੀ ਸਮਝ ਮੁਹੱਈਆ ਕਰਦਾ ਹੈ। ਉਸ ਵੱਲੋਂ ਆਪਣੇ ਸਾਥੀ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਲਿਖੀ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਉਹ ਆਪਣੇ ਕਲਾਸ ਰੂਮ ਲਈ ਕਿੰਨਾ ਝੂਰਦਾ ਹੈ।

ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਜੇਲ੍ਹ ਪ੍ਰਸ਼ਾਸਨ ਨੇ ਸੈਂਸਰਸ਼ਿਪ ਦੇ ਮੁੱਦਿਆਂ ਕਾਰਨ ਅਕਸਰ ਉਸ ਨੂੰ ਅਤੇ ਉਸ ਦੀ ਪਤਨੀ ਨੂੰ ਆਪਣੀ ਮਾਂ ਬੋਲੀ ਤੇਲਗੂ ਵਿਚ ਚਿੱਠੀਆਂ ਦਾ ਆਦਾਨ-ਪ੍ਰਦਾਨ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ। ਇਹ ਇਸ ਦੇ ਬਾਵਜੂਦ ਕੀਤਾ ਗਿਆ ਕਿ ਤੇਲਗੂ ਭਾਰਤੀ ਹੈ ਨਾ ਕਿ ਵਿਦੇਸ਼ੀ ਭਾਸ਼ਾ।



ਪ੍ਰੋਫੈਸਰ ਜੀ.ਐਨ. ਸਾਈਬਾਬਾ ਦੀ ਕਿਤਾਬ ਦਾ ਮੁਖੜਾ ਅਤੇ (ਸੱਜੇ) ਗ੍ਰਿਫਤਾਰੀ ਤੋਂ ਪਹਿਲਾਂ ਪ੍ਰੋ. ਸਾਈਬਾਬਾ ਦੀ ਤਸਵੀਰ।

ਅੰਗਰੇਜ਼ੀ ਸਾਹਿਤ ਦਾ ਅਧਿਆਪਕ ਹੋਣ ਕਰਕੇ ਉਸ ਨੇ ਆਪਣੀ ਰਚਨਾਤਮਕ ਲੇਖਣੀ ਨੂੰ ਕਦੇ ਵੀ ਤਿਲਾਂਜਲੀ ਨਹੀਂ ਦਿੱਤੀ ਅਤੇ ਜੇਲ੍ਹ ਤੋਂ ਬਾਹਰ ਦੇ ਸਿਆਸੀ ਹਾਲਾਤ ਦੀ ਉਹ ਪੂਰੀ ਜਾਣਕਾਰੀ ਰੱਖਦਾ ਹੈ। ਮਿਸਾਲ ਵਜੋਂ, ਉਸ ਨੇ ਅੰਜੁਮ ਨੂੰ ਇੱਕ ਪੱਤਰ ਲਿਖਿਆ ਜੋ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਦੇ ਨਵੇਂ ਨਾਵਲ 'ਦਿ ਮਿਨਿਸਟਰੀ ਆਫ ਅੱਟਮੋਸਟ ਹੈਪੀਨੈੱਸ' (ਦਰਬਾਰਿ-ਖੁਸ਼ੀਆਂ ਬੇਪਨਾਹ) ਦੀ ਇਕ ਕੇਂਦਰੀ ਪਾਤਰ ਹੈ। ਅਰੁੰਧਤੀ ਰਾਏ ਆਪਣੀਆਂ ਲਿਖਤਾਂ ਅਤੇ ਜਨਤਕ ਭਾਸ਼ਣਾਂ ਰਾਹੀਂ ਸਾਈਬਾਬਾ ਦੇ ਹੱਕ ਲਗਾਤਾਰ ਆਵਾਜ਼ ਉਠਾ ਰਹੀ ਹੈ।

ਉਸ ਨੇ ਕੁਝ ਕਾਰਕੁਨ ਦੋਸਤਾਂ ਲਈ ਕਵਿਤਾਵਾਂ ਵੀ ਲਿਖੀਆਂ ਜੋ ਉਸ ਦੇ ਜੇਲ੍ਹ ਸਮੇਂ ਦੌਰਾਨ ਚਲਾਣਾ ਕਰ ਗਏ ਸਨ। ਇੱਕ ਆਦਿਵਾਸੀਆਂ ਨੂੰ ਸਮਰਪਿਤ ਹੈ ਜੋ ਸਦੀਆਂ ਤੋਂ ਪ੍ਰਮੁੱਖ ਹਿੰਦੂ ਸਮਾਜ ਦੀ ਸੱਤਾ ਅਤੇ ਧੌਂਸ ਦਾ ਲਗਾਤਾਰ ਵਿਰੋਧ ਕਰ ਰਹੇ ਹਨ।

ਉਸ ਦੀ ਪਤਨੀ ਵਸੰਤਾ ਦੇ ਲਿਖੇ ਪ੍ਰਭਾਵਸ਼ਾਲੀ ਤੁਆਰਫ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਦੀ ਵਿਚਾਰਧਾਰਾ ਨੂੰ ਕਿਸ ਨੇ ਘੜਿਆ ਅਤੇ ਉਹ ਅਧਿਆਪਕ ਵਜੋਂ ਪੜ੍ਹਾਉਣ ਅਤੇ ਮਨੁੱਖੀ ਹੱਕਾਂ ਦੇ ਰਾਖੇ ਵਜੋਂ ਕੰਮ ਕਰਨ ਲਈ ਕਿੰਨਾ ਜੋਸ਼ ਭਰਪੂਰ ਰਿਹਾ ਹੈ। ਤੁਆਰਫ ਉਨ੍ਹਾਂ ਦੇ ਰਿਸ਼ਤੇ ਦੇ ਮੁੱਢ ਬੱਝਣ ਦੀ ਕਹਾਣੀ ਦੱਸਦਾ ਹੈ ਅਤੇ ਇਹ ਵੀ ਇਹ ਰਿਸ਼ਤਾ ਬਦਲਾਓ ਅਤੇ ਇਕ ਨਿਆਂਪੂਰਨ ਸਮਾਜ ਲਈ ਸੰਘਰਸ਼ ਦੇ ਸਾਲਾਂ ਵਿਚ ਕਿਵੇਂ ਪਰਪੱਕ ਹੋਇਆ ਹੈ। ਇਹ ਇਸ ਗੱਲ ਦੇ ਵੇਰਵੇ ਦਿੰਦਾ ਹੈ ਕਿ ਕਿਵੇਂ ਸਾਈਬਾਬਾ ਆਪਣੇ ਬਚਪਨ ਵਿਚ ਹੀ ਪੋਲੀਓ ਕਾਰਨ ਅਪਾਹਜ ਹੋ ਗਿਆ ਸੀ ਅਤੇ ਕਿਵੇਂ ਉਸ ਨੇ ਆਪਣੀ ਪੜ੍ਹਾਈ ਪੂਰੀ ਕਰਨ ਲਈ ਤਮਾਮ ਮੁਸ਼ਕਿਲਾਂ ਨਾਲ ਸਖ਼ਤ ਮਿਹਨਤ ਕਰਕੇ ਮੱਥਾ ਲਾਇਆ। ਅੰਤ ਵਿਚ ਕਿਵੇਂ ਉਹ ਬੇਆਵਾਜ਼ਾਂ ਦੀ ਆਵਾਜ਼ ਬਣਿਆ। ਵਸੰਤਾ ਨੇ ਇਸ ਗੱਲ 'ਤੇ ਵੀ ਚਾਨਣਾ ਪਾਇਆ ਹੈ ਕਿ ਗ੍ਰਿਫਤਾਰੀ ਦੌਰਾਨ ਕੀਤੀ ਧੱਕੇਸ਼ਾਹੀ ਨਾਲ ਕਿਵੇਂ ਉਸ ਦੀ ਵ੍ਹੀਲਚੇਅਰ ਟੁੱਟ ਗਈ ਸੀ ਜੋ ਉਸ ਦਾ ਵੱਡਾ ਸਹਾਰਾ ਸੀ।

ਇਕ ਰਾਜਨੀਤਿਕ ਕੈਦੀ ਦੀ ਦਰਦਨਾਕ ਹਾਲਤ ਬਾਰੇ ਬਿਰਤਾਂਤ ਹੋਣ ਤੋਂ ਇਲਾਵਾ, ਉਸ ਦੀਆਂ ਕਵਿਤਾਵਾਂ ਉਨ੍ਹਾਂ ਲੋਕਾਂ ਨੂੰ ਉਮੀਦ ਦਿੰਦੀਆਂ ਹਨ ਜਿਨ੍ਹਾਂ ਨੂੰ ਸਮਾਜੀ ਨਿਆਂ ਲਈ ਆਪਣੀ ਲੜਾਈ ਵਿਚ ਐਨੀ ਜ਼ਿਆਦਾ ਰਾਜਕੀ ਹਿੰਸਾ ਅਤੇ ਜਬਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਈਬਾਬਾ ਅਜਿਹੀ ਬੇਕਿਰਕੀ ਦਾ ਸਾਹਮਣਾ ਕਿਵੇਂ ਬੁਲੰਦ ਹੌਸਲੇ ਨਾਲ ਕਰ ਰਿਹਾ ਹੈ, ਇਸ ਦਾਸਤਾਂ ਤੋਂ ਉਨ੍ਹਾਂ ਤੰਦਰੁਸਤ ਸਰੀਰਾਂ ਵਾਲਿਆਂ ਅਤੇ ਚੰਗਾ ਜੀਵਨ ਜੀਣ ਵਾਲਿਆਂ ਨੂੰ ਆਸ਼ਾਵਾਦੀ ਬਣੇ ਰਹਿਣ ਅਤੇ ਆਪਣੀ ਆਜ਼ਾਦੀ ਅਤੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਦੇ ਹੋਏ ਉਸ ਦੇ ਮਿਸ਼ਨ ਨੂੰ ਅੱਗੇ ਵਧਾਉਣ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ।

23 ਅਪਰੈਲ ਦੇ ਦਿਨ ਜੋ ਸੰਸਾਰ ਪੁਸਤਕ ਦਿਵਸ ਹੈ, ਆਓ ਆਪਾਂ ਪ੍ਰੋਫੈਸਰ ਸਾਈਬਾਬਾ ਦੀ ਇਹ ਕਿਤਾਬ ਆਪਣੇ ਲਈ ਤੋਹਫੇ ਵਜੋਂ ਖਰੀਦਣ ਬਾਰੇ ਵਿਚਾਰ ਕਰੀਏ। ਆਓ ਆਪਾਂ ਉਸ ਨਾਲ ਅਤੇ ਹੋਰ ਰਾਜਨੀਤਕ ਕੈਦੀਆਂ ਨਾਲ ਇਕਮੁੱਠਤਾ ਪ੍ਰਗਟਾਈਏ ਜਿਨ੍ਹਾਂ ਦੇ ਹੱਕ ਨਵੀਂ ਦਿੱਲੀ ਦੇ ਤਖ਼ਤ 'ਤੇ ਕਾਬਜ਼ ਜਾਬਰਾਂ ਵੱਲੋਂ ਦਰੜੇ ਜਾ ਰਹੇ ਹਨ।

# ਭਾਰਤ ਵਿਚ ਭਗਵਾ ਹੱਲਾ

ਰਾਮ ਨੌਮੀ ਵਰਗੇ ਦਿਹਾੜੇ ਮੌਕੇ ਸਾਨੂੰ ਦੇਖਣ ਨੂੰ ਮਿਲਿਆ ਕਿ ਕਿਵੇਂ ਭਗਵਾਧਾਰੀ ਭੀੜ ਨੇ ਮਸਜਿਦਾਂ ਘੇਰੀਆਂ। ਉੱਥੇ ਬੇਹੂਦਾ ਅਤੇ ਹਿੰਸਕ ਨਾਅਰੇ ਲਾਏ ਜਾ ਰਹੇ ਸਨ ਜਿਨ੍ਹਾਂ ਦਾ ਮਕਸਦ ਸਾਡੇ ਹਮਵਤਨ ਮੁਸਲਿਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਸੀ। ਅਜਿਹਾ ਉਸ ਦਿਨ ਵਾਪਰਿਆ ਜਿਸ ਦਿਨ ਹਿੰਦੂ, ਭਗਵਾਨ ਰਾਮ ਦੀ ਪੂਜਾ ਕਰਦੇ ਹਨ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਪਹਿਲਾਂ ਇਕ ਪੁੱਤਰ ਵਜੋਂ ਅਤੇ ਫਿਰ ਇਕ ਰਾਜੇ ਤੱਕ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਦਾ ਪਾਲਣ ਕਰਦਿਆਂ ਬਤੀਤ ਕਰ ਦਿੱਤੀ, ਭਾਵੇਂ ਅਜਿਹਾ ਕਰਨ ਲਈ ਉਨ੍ਹਾਂ ਨੂੰ ਆਪਣੀਆਂ ਨਿੱਜੀ ਖ਼ੁਸ਼ੀਆਂ ਦੀ ਕੁਰਬਾਨੀ ਵੀ ਦੇਣੀ ਪਈ। ਅਸੀਂ ਇਨ੍ਹਾਂ

**ਨੀਰਾ ਚੰਢੋਕ**

ਕੱਟੜਪੰਥੀਆਂ ਨੂੰ ਜਨੂੰਨ ਵਿਚ ਉਪਰ-ਹੇਠ ਛਾਲਾਂ ਮਾਰਦੇ ਦੇਖਿਆ, ਜਿਵੇਂ ਉਨ੍ਹਾਂ ਉੱਤੇ ਪਾਗਲਪਣ ਸਵਾਰ ਹੋਵੇ, ਬਿਲਕੁਲ ਉਵੇਂ ਜਿਵੇਂ ਉਨ੍ਹਾਂ ਨੇ ਭੰਗ ਪੀਤੀ ਹੋਈ ਹੋਵੇ।

ਅਸੀਂ ਹੈਰਾਨ ਸਾਂ ਕਿ ਆਖ਼ਰ ਭਗਵਾਨ ਰਾਮ ਸਬੰਧੀ ਅਜਿਹਾ ਕੀ ਹੈ ਜੋ ਇਸ ਤਰ੍ਹਾਂ ਦਾ ਜਨੂੰਨ ਭੜਕਾਉਂਦਾ ਹੈ? ਉਂਝ ਅਜਿਹੇ ਦ੍ਰਿਸ਼ ਭਾਰਤੀ ਸਿਆਸਤ ਲਈ ਨਵੇਂ ਨਹੀਂ। ਸਮੂਹਿਕ ਪਛਾਣ ਦੀ ਤਸਦੀਕ ਕਰਨ ਵਾਲੇ ਧਾਰਮਿਕ ਜਲੂਸ ਤੇ ਹਜੂਮ ਜਿਹੜੇ ਇਸ ਸਭ ਕਾਸੇ ਨੂੰ ਰਾਸ਼ਟਰ ਦੀ ਸੌੜੀ ਧਾਰਨਾ ਨਾਲ ਜੋੜਦੇ ਹਨ; ਦਰਅਸਲ 20ਵੀਂ ਸਦੀ ਤੋਂ ਹੀ 'ਦੁਸ਼ਮਣ' ਨੂੰ ਨਿਸ਼ਾਨਾ ਬਣਾਉਂਦੇ ਆਏ ਹਨ। ਕਿਉਂਕਿ ਧਾਰਮਿਕ ਰਸਮਾਂ-ਰੀਤਾਂ ਨਿਜੀ ਮਾਮਲੇ ਦੀ ਥਾਂ ਜਨਤਕ ਖੇਤਰ ਵਿਚ ਚਲੀਆਂ ਗਈਆਂ ਹਨ ਅਤੇ ਰਾਜਨੀਤਕ ਪੁੱਠ ਵਾਲੇ ਧਰਮ ਨੇ ਰਾਸ਼ਟਰ ਦੇ ਪ੍ਰਤੀਕ ਦਾ ਰੂਪ ਲੈ ਲਿਆ ਹੈ। ਬਿਲਕੁਲ, ਇਹ ਸਿਆਸਤ ਸੀ ਅਤੇ ਇਸ ਦਾ ਆਸ਼ਾ-ਅਕੀਦੇ ਵਜੋਂ ਧਰਮ ਨਾਲ ਕੋਈ ਸਰੋਕਾਰ ਨਹੀਂ ਸੀ।

28 ਮਾਰਚ, 2018 ਦੀ ਗੱਲ ਹੈ; ਇਕ ਹਿੰਦੂ ਇੰਤਹਾਪਸੰਦ ਗਰੁੱਪ ਨੇ ਰਾਮ ਨੌਮੀ ਮੌਕੇ ਬਿਹਾਰ ਦੇ ਬਿਹਾਰ ਸ਼ਰੀਫ ਵਿਚ ਸੋਭਾ ਯਾਤਰਾ ਕੱਢੀ। ਇਸ ਦੌਰਾਨ ਭਾਵੇਂ ਜਲੂਸ ਵਿਚ ਸ਼ਾਮਲ ਲੋਕਾਂ ਦੀ ਗਿਣਤੀ ਬਹੁਤ ਵਧ ਗਈ ਸੀ ਅਤੇ ਇਸ ਦੇ ਬਾਵਜੂਦ ਕਿ ਇਹ ਲੋਕ ਹਥਿਆਰ ਲਹਿਰਾ ਰਹੇ ਸਨ ਤੇ ਨਾਲ ਹੀ ਘੱਟ-ਗਿਣਤੀਆਂ ਖਿਲਾਫ ਮਾੜੀ ਤੇ ਘਟੀਆ ਨਾਅਰੇਬਾਜ਼ੀ ਵੀ ਕਰ ਰਹੇ ਸਨ, ਤਾਂ ਵੀ ਸੋਭਾ ਯਾਤਰਾ ਦੇ ਆਗੂਆਂ ਨੇ ਇਸ ਦਾ ਰਸਤਾ ਬਦਲ ਕੇ ਸੋਭਾ ਯਾਤਰਾ ਮੁਸਲਿਮ ਇਲਾਕੇ ਵਿਚ ਲਿਜਾਣ ਦਾ ਫੈਸਲਾ ਕੀਤਾ। ਸਿੱਟਾ ਉਹੀ ਨਿਕਲਿਆ, ਫਿਰਕੂ ਹਿੰਸਾ। ਉਸੇ ਦਿਨ ਪੱਛਮੀ ਬੰਗਾਲ ਦੇ ਪੱਛਮੀ ਵਰਧਮਾਨ ਜ਼ਿਲ੍ਹੇ ਦੀ ਰਾਣੀਗੰਜ-ਆਸਨਸੋਲ ਪੱਟੀ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਹੋਈਆਂ ਝੜਪਾਂ ਵਿਚ ਚਾਰ ਜਾਨਾਂ ਜਾਂਦੀਆਂ ਰਹੀਆਂ। ਇਸ ਦੌਰਾਨ ਜੇ ਆਸਨਸੋਲ ਵਿਚਲੀ ਮਸਜਿਦ ਦੇ ਇਮਾਮ ਨੇ ਸਿਆਣਪ ਤੋਂ ਕੰਮ ਨਾ ਲਿਆ ਹੁੰਦਾ ਤਾਂ ਮੌਤਾਂ ਦੀ ਗਿਣਤੀ ਕਿਤੇ ਜ਼ਿਆਦਾ ਹੋਣੀ ਸੀ। ਉਹ ਅਜਿਹੀਆਂ ਝੜਪਾਂ ਵਿਚ ਪਹਿਲਾਂ ਹੀ ਆਪਣਾ ਪੁੱਤ ਗੁਆ ਚੁੱਕਾ ਸੀ, ਇਸ ਦੇ ਬਾਵਜੂਦ ਉਸ ਨੇ ਆਪਣੇ ਭਾਈਚਾਰੇ ਨੂੰ ਖ਼ਬਰਦਾਰ ਕੀਤਾ ਕਿ ਜੇ ਉਨ੍ਹਾਂ ਵਿਚੋਂ ਕਿਸੇ ਨੇ ਵੀ ਜਵਾਬੀ ਕਾਰਵਾਈ ਕੀਤੀ ਤਾਂ ਉਹ ਸ਼ਹਿਰ ਛੱਡ ਕੇ ਚਲੇ ਜਾਣਗੇ। ਅਜਿਹੇ ਇਮਾਮ ਦੀ ਸੋਚ ਨੂੰ ਸਲਾਮ ਕਰਨੀ ਬਣਦੀ ਹੈ। ਇਸੇ ਤਰ੍ਹਾਂ ਰਾਜਸਥਾਨ ਵਿਚ ਅਜਿਹੇ ਹੀ ਮੌਕੇ ਉੱਤੇ ਧਾਰਮਿਕ ਜਲੂਸ ਵਿਚ ਕੱਟੜਵਾਦੀ ਕਾਤਲ ਸ਼ੰਭੂ ਲਾਲ ਰੈਗਰ ਦੇ ਸੋਹਲੇ ਗਾਉਣ ਵਾਲੀ ਝਾਕੀ ਸ਼ਾਮਲ ਕੀਤੀ ਗਈ ਸੀ। ਸ਼ੰਭੂ ਲਾਲ ਇਕ ਮਾਸੂਮ ਮੁਸਲਿਮ ਲੜਕੇ ਦਾ ਕਤਲ ਕਰਨ ਦੇ ਦੋਸ਼ ਵਿਚ ਜੇਲ੍ਹ 'ਚ ਬੰਦ ਹੈ। ਉਸ ਨੇ ਨਾ ਸਿਰਫ ਲੜਕੇ ਦੀ ਬੇਰਹਿਮੀ ਨਾਲ ਹੱਤਿਆ ਕੀਤੀ ਸਗੋਂ ਇਸ ਦੀ ਸਨਕੀ ਢੰਗ ਨਾਲ ਵੀਡੀਓ ਵੀ ਬਣਾਈ ਜਿਸ ਵਿਚ ਉਹ ਮੁਸਲਿਮ ਵਿਰੋਧੀ ਫਿਰਕੂ ਨਾਅਰੇਬਾਜ਼ੀ ਵੀ ਕਰ ਰਿਹਾ ਸੀ। ਰਾਜਸਥਾਨ ਦੇ ਜ਼ਿਲ੍ਹਾ ਰਾਜਸਮੰਦ ਦੇ ਰਾਜਨਗਰ ਵਿਚ ਵਾਪਰੀ ਇਸ ਘਟਨਾ ਵਿਚ ਬਾਅਦ 'ਚ ਉਸ ਨੇ ਲਾਸ਼ ਨੂੰ ਅੱਗ ਲਾ ਕੇ ਸਾੜ ਦਿੱਤਾ ਸੀ। ਇਸ ਕਾਰਨ ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਫਿਰਕੂ ਤਣਾਅ ਪੈਦਾ ਹੋ ਗਿਆ।

ਮਨੋਵਿਗਿਆਨੀ ਸੁਧੀਰ ਕੱਕੜ ਆਪਣੀ ਲਿਖਤ 'ਦਿ ਕਲਰਜ਼ ਆਫ ਵਾਇਲੈਂਸ' ਵਿਚ ਲਿਖਦੇ ਹਨ ਕਿ ਫਿਰਕੂ ਫਸਾਦ ਭੜਕਾਉਣ ਵਾਲੀਆਂ ਵੱਖੋ-ਵੱਖ ਘਟਨਾਵਾਂ ਵਿਚੋਂ ਦੋ ਘਟਨਾਵਾਂ ਬਾਕਾਇਦਗੀ ਨਾਲ ਵਾਪਰਦੀਆਂ ਹਨ: ਗਊ ਹੱਤਿਆ ਦੀਆਂ ਅਫਵਾਹਾਂ ਅਤੇ ਧਾਰਮਿਕ ਜਲੂਸ। ਕੱਕੜ ਦਾ ਤਰਕ ਹੈ ਕਿ ਕਿਸੇ ਸਮੂਹ ਦੀ ਭੌਤਿਕ ਸਿਰਜਣਾ ਲਈ ਜਲੂਸ ਵਜੋਂ ਇੱਕਤਰਤਾ ਜ਼ਰੂਰੀ ਹੁੰਦੀ ਹੈ ਅਤੇ ਇਹ ਜਲੂਸ ਇਸ ਵਿਚ ਸ਼ਾਮਲ ਲੋਕਾਂ ਦੇ ਦਿਲ-ਦਿਮਾਗ ਦੀ ਥਾਂ ਉਨ੍ਹਾਂ ਦੇ ਸਰੀਰਾਂ ਭਾਵ ਜਿਸਮਾਨੀ ਤਾਕਤ ਵਜੋਂ ਨੁਮਾਇੰਦਗੀ ਕਰਦਾ ਹੈ। ਇਕ ਤਰ੍ਹਾਂ ਵੱਖੋ-ਵੱਖਰੇ ਦਿਲੋ-ਦਿਮਾਗ ਦੀ ਥਾਂ ਇਕ ਸਾਂਝੀ ਜਿਸਮਾਨੀ ਤਾਕਤ ਵਿਚ ਬਦਲ ਜਾਣਾ ਉਸ ਗਰੁੱਪ ਲਈ ਹਕੀਕੀ ਹਿੰਸਾ ਦਾ ਸਾਧਨ ਬਣ ਜਾਣ ਲਈ ਲਾਜ਼ਮੀ ਹੁੰਦਾ ਹੈ।

ਜਰਮਨ ਲੇਖਕ ਐਲੀਅਸ ਕੈਨੇਟੀ ਨੇ ਵੀ 1789 ਦੇ ਫਰਾਂਸੀਸੀ ਇਨਕਲਾਬ ਦੌਰਾਨ ਸਮੂਹਿਕ ਤਬਾਹਕੁਨ ਵਤੀਰੇ ਉੱਤੇ ਗ਼ੌਰ ਕਰਦਿਆਂ ਆਪਣੀ ਕਿਤਾਬ 'ਕਰਾਊਡਜ਼ ਐਂਡ ਪਾਵਰ' ਵਿਚ ਅਜਿਹੀ ਦਲੀਲ ਦਿੱਤੀ ਸੀ। ਭੀੜ ਦਾ ਹਿੱਸਾ ਹੋਣ ਦਾ ਅਹਿਸਾਸ ਅਕਸਰ ਸਥਾਪਤ ਤੇ ਵਿਆਪਕ ਤੌਰ 'ਤੇ ਵਾਜਬ ਫਾਸਲਿਆਂ ਅਤੇ ਹੱਦਾਂ ਦਾ ਉਲੰਘਣ ਕਰਦਾ ਹੈ। ਜਦੋਂ ਕੋਈ ਬੰਦਾ ਹਜੂਮ ਦਾ ਹਿੱਸਾ ਬਣਦਾ ਹੈ ਅਤੇ ਦੂਜੇ ਸਮੂਹ ਦੀ ਬੇਇੱਜ਼ਤੀ ਕਰਨ ਤੇ ਉਸ ਨੂੰ ਦਬਾਉਣ ਲਈ ਦ੍ਰਿੜ ਹੁੰਦਾ ਹੈ ਤਾਂ ਕੁਝ ਨਾ ਕੁਝ ਅਜੀਬ ਵਾਪਰਦਾ ਹੈ। ਉਹ ਆਪਣੀ ਜ਼ਾਤੀ ਹੈਸੀਅਤ ਅਤੇ ਫੈਸਲੇ ਨੂੰ ਤਿਆਗ ਦਿੰਦਾ ਹੈ। ਉਸ ਨੂੰ ਉਸ ਭਾਰਤ ਜਿਥੇ ਛੂਹਣ ਦੀ ਰਸਮ ਨੂੰ ਵੀ ਜਾਤ ਤੈਅ ਕਰਦੀ ਹੈ, ਵਿਚ ਅਜਨਬੀਆਂ ਨੂੰ ਛੂਹਣ ਜਾਂ ਛੂਹੇ ਜਾਣ ਤੋਂ ਕੋਈ ਸਮੱਸਿਆ ਨਹੀਂ ਹੁੰਦੀ। ਜਿਵੇਂ ਕੱਕੜ ਆਖਦੇ ਹਨ, ਹਜੂਮ ਵਿਚ ਹੋਣ ਦਾ ਅਹਿਸਾਸ ਆਪਣੇ ਆਪੇ ਅਤੇ ਦੂਜੇ ਜਿਸਮਾਨੀ ਆਪੇ ਦਰਮਿਆਨ ਹੱਦ ਨੂੰ ਖ਼ਤਮ ਕਰ ਦਿੰਦਾ ਹੈ। ਇਸ ਦਾ ਸਿੱਟਾ ਵਿਆਪਕ ਹਿੰਸਾ ਵਜੋਂ ਨਿਕਲਦਾ ਹੈ।

ਉਹ ਸਿਆਸਤ ਹੀ ਹੋ ਸਕਦੀ ਹੈ, ਜਦੋਂ ਅਸੀਂ ਇਹ ਸੋਚਦੇ ਹਾਂ ਕਿ ਦੰਗਿਆਂ ਵਿਚ ਪ੍ਰਸੰਗਿਕ ਅਤੇ ਨਿਯਮਿਤ ਘਟਨਾਵਾਂ ਸ਼ਾਮਲ ਹੋ ਸਕਦੀਆਂ ਹਨ। ਸਮਾਜਿਕ ਜ਼ਾਬਤਿਆਂ ਦਾ ਟੁੱਟਣਾ ਸਥਾਈ ਨਹੀਂ ਹੋ ਸਕਦਾ, ਜਿਉਂ ਹੀ ਸ਼ਾਸਨ ਢਾਂਚੇ ਵਿਚ ਆਮ ਵਰਗੇ ਹਾਲਾਤ ਪਰਤਦੇ ਹਨ ਤਾਂ ਇਹ ਤੋੜ-ਵਿਛੋੜੇ ਵੀ ਬਹਾਲ ਹੋ ਜਾਂਦੇ ਹਨ। ਫਸਾਦਾਂ ਦਾ ਅਸਰ ਥੁੜ੍ਹ-ਚਿਰਾ ਹੁੰਦਾ ਹੈ ਅਤੇ ਜਿਉਂ ਹੀ ਦੰਗਿਆਂ ਦੌਰਾਨ ਪੈਦਾ ਹੋਇਆ ਜਨੂੰਨ ਲੱਥਦਾ ਹੈ ਤਾਂ ਲੋਕ ਇਕ-ਦੂਜੇ ਨਾਲ ਸਹਿ-ਹੋਂਦ ਵਾਲੀ ਹਾਲਤ ਵਿਚ ਪਰਤ ਆਉਂਦੇ ਹਨ ਅਤੇ ਉਨ੍ਹਾਂ ਦਰਮਿਆਨ ਹੱਦਾਂ ਵਾਜਬ ਢੰਗ ਨਾਲ ਬਹਾਲ ਹੋ ਜਾਂਦੀਆਂ ਹਨ। ਅਸੀਂ ਆਪਣੇ ਇਤਿਹਾਸ ਵਿਚ ਇਕ ਮੌਕੇ 'ਤੇ ਆਖ ਸਕਦੇ ਸਾਂ ਕਿ ਦੰਗੇ ਉੱਥੇ ਹੁੰਦੇ ਹਨ ਜਿਥੇ ਸੁਰੱਖਿਆ ਬਲਾਂ ਦਾ ਕੰਟਰੋਲ ਨਹੀਂ ਹੁੰਦਾ।

ਹੁਣ ਅਸੀਂ ਜਾਣ ਗਏ ਹਾਂ ਕਿ ਫਿਰਕੂ ਹਿੰਸਾ ਗਿਣ-ਮਿਥ ਕੇ ਕੀਤੀ ਜਾਣ ਵਾਲੀ ਘਟਨਾ ਹੁੰਦੀ ਹੈ ਜੋ ਇਸ ਤੋਂ ਪਹਿਲਾਂ ਆਗੂਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਦੇ ਭੜਕਾਊ ਭਾਸ਼ਣਾਂ ਤੋਂ ਬਾਅਦ ਹੁੰਦੀ ਹੈ। ਫਿਰਕੂ ਦੰਗਿਆਂ ਦੀ ਕੀਤੀ ਗਈ ਘੋਖ ਪੜਤਾਲ ਦੱਸਦੀ ਹੈ ਕਿ ਨਾਅਰੇਬਾਜ਼ੀ, ਸਮੂਹਿਕ ਆਪੇ ਦੀ ਪੁਸ਼ਟੀ ਅਤੇ ਹੋਰਨਾਂ ਭਾਈਚਾਰਿਆਂ ਖਿਲਾਫ ਇਲਜ਼ਾਮ ਅਤੇ ਹਿੰਸਾ ਦੇ ਭੜਕਣ ਵਿਚਕਾਰ ਹਕੀਕੀ ਸਬੰਧ ਸਥਾਪਤ ਕੀਤਾ ਜਾ ਸਕਦਾ ਹੈ। ਫਿਰਕੂ ਭਾਵਨਾਵਾਂ ਨੂੰ ਹਿੰਸਾ ਵਿਚ ਤਬਦੀਲ ਕਰ ਦੇਣ ਵਾਲਾ ਪਲੀਤਾ ਸਿਆਸੀ ਅਨਸਰਾਂ ਵੱਲੋਂ ਲਾਇਆ ਜਾਂਦਾ ਹੈ ਜਿਨ੍ਹਾਂ ਵੱਲੋਂ ਭੀੜ ਨੂੰ ਮਾਰੂ ਹਥਿਆਰ ਅਤੇ ਭੜਕਾਊ ਨਾਅਰੇ ਦਿੱਤੇ ਜਾਂਦੇ ਹਨ, ਜਲੂਸ ਦੇ ਰਸਤੇ ਵਿਚ ਤਬਦੀਲੀ ਕਰਵਾਈ ਜਾਂਦੀ ਹੈ ਅਤੇ ਨਾਲ ਹੀ ਤਬਾਹੀ ਮਚਾਉਣ ਲਈ ਦੂਜੇ ਭਾਈਚਾਰਿਆਂ ਦੇ ਲੋਕਾਂ ਵੱਲੋਂ ਚਲਾਈਆਂ ਜਾਂਦੀਆਂ ਦੁਕਾਨਾਂ, ਫੈਕਟਰੀਆਂ ਜਾਂ ਉਨ੍ਹਾਂ ਦੇ ਘਰਾਂ ਤੇ ਮੁਹੱਲਿਆਂ ਆਦਿ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ। ਅਚਾਨਕ ਹੀ ਕੋਈ ਧਾਰਮਿਕ ਸਮਾਗਮ ਕਿਸੇ ਸਿਆਸੀ ਰੈਲੀ ਦਾ ਰੂਪ ਧਾਰ ਲੈਂਦਾ ਹੈ ਅਤੇ ਫਿਰ ਇਹ ਵਿਆਪਕ ਹਿੰਸਕ ਪ੍ਰਗਟਾਵੇ ਵਿਚ ਬਦਲ ਜਾਂਦਾ ਹੈ। ਅਜਿਹਾ ਸਿਰਫ ਤਾਂ ਹੀ ਹੋ ਸਕਦਾ ਹੈ, ਜੇ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਹਿੰਸਾ ਨੂੰ ਰੋਕਣ ਲਈ ਕੁਝ ਨਹੀਂ ਕੀਤਾ ਜਾਂਦਾ। ਇਹ ਗੱਲ ਹੁਣ ਵੱਖੋ-ਵੱਖ ਅਧਿਐਨਾਂ ਰਾਹੀਂ ਸਾਬਤ ਹੋ ਚੁੱਕੀ ਹੈ ਕਿ ਫਿਰਕੂ ਫਸਾਦ ਤਾਂ ਹੀ ਹੁੰਦੇ ਹਨ, ਜੇ ਸਰਕਾਰ ਇਨ੍ਹਾਂ ਨੂੰ ਹੋਣ ਦਿੰਦੀ ਹੈ। ਹਿੰਸਕ ਹਜੂਮ ਨੂੰ ਪਤਾ ਹੁੰਦਾ ਹੈ ਕਿ ਹਾਕਮ ਸਿਆਸੀ ਪਾਰਟੀ ਜਾਂ ਉਸ ਪਾਰਟੀ ਵਿਚਲੇ ਤਾਕਤਵਰ ਲੋਕਾਂ ਵੱਲੋਂ ਉਨ੍ਹਾਂ ਨੂੰ ਕਿਸੇ ਵੀ ਜੁਰਮ ਤੋਂ ਛੋਟ ਦੇ ਦਿੱਤੀ ਜਾਵੇਗੀ। ਅਜਿਹੇ ਹਾਲਾਤ ਦੌਰਾਨ ਪੁਲਿਸ ਮਹਿਜ਼ ਮੂਕ ਦਰਸ਼ਕ ਬਣ ਕੇ ਰਹਿ ਜਾਂਦੀ ਹੈ। ਇਹ ਭਿਆਨਕ ਤ੍ਰਾਸਦੀ ਤੋਂ ਬਿਲਕੁਲ ਵੀ ਘੱਟ ਨਹੀਂ ਹੈ, ਕਿਉਂਕਿ ਫਿਰਕੂ ਹਿੰਸਾ ਮੂਲ ਸਵਾਲ ਨੂੰ ਮੁਖ਼ਾਤਿਬ ਹੁੰਦੀ ਹੈ: ਆਖ਼ਰ ਸਮਾਜ ਅਤੇ ਨਾਲ ਹੀ ਸਟੇਟ/ਰਿਆਸਤ ਨੂੰ ਕੌਣ ਚਲਾਵੇਗਾ? ਹਿੰਸਾ ਦੇ ਪੈਰੋਕਾਰ ਭਾਰਤੀ ਸੰਵਿਧਾਨ ਵੱਲੋਂ ਉਲੀਕੇ ਗਏ ਨਿਯਮਾਂ-ਨਿਰਦੇਸ਼ਾਂ ਆਧਾਰਿਤ ਆਜ਼ਾਦੀ ਦੇ ਬਰਾਬਰੀ ਦੇ ਖ਼ਾਕੇ ਨੂੰ ਮੁੜ ਤੋਂ ਵਾਹੁਣਾ ਚਾਹੁੰਦੇ ਹਨ। ਭੀੜਾਂ ਨੂੰ ਉਕਸਾਉਣ ਵਾਲੇ ਇਹੋ ਕੁਝ ਕਰਦੇ ਹਨ।

ਇਸ ਹਾਲਤ ਵਿਚ ਅਸੀਂ ਭਾਰਤ ਦੇ ਨਾਗਰਿਕ ਕੀ ਕਰ ਸਕਦੇ ਹਾਂ ਜਿਨ੍ਹਾਂ ਨੂੰ ਮਹਿਜ਼ ਦਰਸ਼ਕ ਬਣਾ ਕੇ ਰੱਖ ਦਿੱਤਾ ਗਿਆ ਹੈ? ਨਾਮੀ ਸ਼ਾਇਰ ਜਿਗਰ ਮੁਰਾਦਾਬਾਦੀ ਨੇ ਹਿੰਸਾ ਦੇ ਸਿਆਸੀ ਸੌਦਾਗਰਾਂ ਵੱਲ ਇਸ ਤਰ੍ਹਾਂ ਉਂਗਲ ਕੀਤੀ ਹੈ: "ਉਨਕਾ ਜੋ ਕਾਮ ਹੈ, ਵੋ ਅਹਿਲ-ਏ-ਸਿਆਸਤ ਜਾਨੇਂ/ਮੇਰਾ ਪੈਗ਼ਾਮ ਮੁਹੱਬਤ ਹੈ, ਜਹਾਂ ਤਕ ਪਹੁੰਚੇ।" ਕੀ ਇਹ ਹਿੰਸਾ ਦਾ ਜਵਾਬ ਹੋ ਸਕਦਾ ਹੈ? ਜਾਂ ਫਿਰ ਹਿੰਸਾ ਨੇ ਇਨਸਾਨੀਅਤ ਉੱਤੇ ਕਾਠੀ ਪਾ ਲਈ ਹੈ।

# ਸਾਡੇ ਮੁਸਲਿਮ ਹਮਸਾਏ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਵਿਜੈ ਬੰਬੇਲੀ ਦੀ ਰਚਨਾ 'ਬੀਤੇ ਨੂੰ ਫਰੋਲਦਿਆਂ' (ਪੀਪਲਜ਼ ਫੋਰਮ ਬਰਗਾੜੀ, ਪੰਨੇ 130, ਮੁੱਲ 150 ਰੁਪਏ) ਭਾਰਤ ਵਾਸੀਆਂ ਦੇ ਮੁਸਲਿਮ ਹਮਸਾਇਆਂ ਦੀ ਬਾਤ ਪਾਉਂਦੀ ਹੈ। ਉਸਦੇ ਕੁਝ ਕਾਂਡ (1) ਜੈਨਾ! ਤੂੰ ਵੀ ਚਲੀ ਗਈ (2) ਆਪਣਿਆਂ ਹੱਥੋਂ ਹੀ ਹਾਰ ਗਿਆ ਸੀ ਫਰੀਦ, (3) ਉਬੈਦਉੱਲਾ ਉਰਫ ਸੁਰਜੀਤ ਸਿੰਘ, (4) ਕਿੱਥੇ ਗਏ ਉਹ ਰੰਗਰੇਜ਼, ਨਿਲਾਰੀ ਤੇ ਅਰਾਈਂ, (5) ਮੁੜ ਨਹੀਂ ਆਇਆ ਗਾਮਾ ਗਵੱਈਆ, (6) ਨੱਥਾ ਮਰਾਸੀ, (7) ਨਾਮਾ ਫਾਂਸੀ ਵਾਲਾ ਤੇ (8) ਆਜ਼ਾਦੀ ਦੀ ਖ਼ਬਰ ਮੇਰੀ ਕਬਰ ਨੂੰ ਦੇ ਦੇਣਾ, ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਅਖੰਡ ਹਿੰਦੁਸਤਾਨ ਦੇ ਮੁਸਲਮਾਨਾਂ ਨੇ ਸੁਤੰਤਰਤਾ ਸੰਗਰਾਮ ਲਈ ਕਿੰਨੀਆਂ ਤੇ ਕਿਹੋ ਜਿਹੀਆਂ ਕੁਰਬਾਨੀਆਂ ਦਿੱਤੀਆਂ। ਸਿਰਫ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਦੇ ਸਾਕੇ ਵਿਚ ਸ਼ਹੀਦ ਹੋਏ ਮੁਸਲਮਾਨ 62 ਸੀ, ਜਿਨ੍ਹਾਂ ਦੇ ਨਾਂ-ਪਤੇ ਇਸ ਪੁਸਤਕ ਵਿਚ ਦਰਜ ਹਨ। ਉਨ੍ਹਾਂ ਵਿਚ ਸ਼ੇਖ, ਕਿਸਾਨ, ਦਰਜੀ, ਘੁਮਿਆਰ, ਰਾਜ ਮਿਸਤਰੀ, ਸ਼ਿਲਪੀ, ਸੁਨਿਆਰੇ, ਚੌਕੀਦਾਰ, ਤੇਲੀ, ਧੋਬੀ, ਰੰਗਸਾਜ਼, ਤਰਖਾਣ, ਲੁਹਾਰ, ਪਟਵਾਰੀ ਤੇ ਦੁਕਾਨਦਾਰ ਸਭ ਸ਼ਾਮਲ ਸਨ। ਬੰਬੇਲੀ ਨੇ ਇਸ ਪ੍ਰਸਤਕ ਵਿਚ ਇਸ ਕਾਂਡ ਨਾਲ ਜੁੜੇ ਸੈਫ-ਉਦ-ਦੀਨ ਕਿਚਲੂ, ਸੁਜਾ-ਉ-ਦੀਨ ਬਾਰ ਐਟ ਲਾਅ, ਮੀਆਂ ਫਜ਼ਲ ਹੁਸੈਨ ਮੌਲਵੀ ਗੁਲਾਮ ਮੁਹੀ-ਓ-ਦੀਨ ਪਲੀਡਰ, ਪੀਰ ਤਾਜ-ਉ-ਦੀਨ, ਬਸ਼ੀਰ ਅਹਿਮਦ, ਬਦਰ-ਉਲ-ਇਲਲਾਮ, ਡਾ. ਹਾਫਿਜ਼ ਮੁਹੰਮਦ, ਮੀਆਂ ਹੁਸੈਨ ਸ਼ਾਹ, ਹਕੀਮ ਅਜਮਲ ਖਾਂ ਤੋਂ ਬਿਨਾ ਸ਼ਹੀਦ, ਮੁਹੰਮਦ ਸ਼ਰੀਫ, ਮੋਸ਼ੀਨ ਸ਼ਾਹ ਤੇ ਅੱਲਾਚੀਨ ਵਰਗੇ ਉਨ੍ਹਾਂ ਮਰਜੀਵੜਿਆਂ ਦੇ ਨਾਂ ਵੀ ਦਿੱਤੇ ਹਨ ਜਿਹੜੇ ਇਕ ਦੋ ਦਿਨ ਪਹਿਲਾਂ ਕੁਰਬਾਨ ਹੋ ਗਏ। ਜੇ ਇਨ੍ਹਾਂ ਵਿਚ ਲੇਖਕ ਤੇ ਕਵੀ ਫਿਰੋਜ਼ਦੀਨ ਸ਼ਰਫ, ਮੁਹੰਮਦ ਹੁਸੈਨ ਅੰਮ੍ਰਿਤਸਰੀ, ਅਮੀਰ ਅਲੀ ਅਮਰ, ਹੁਸੈਨ ਪ੍ਰਸ਼ਨਦ, ਅਬਦੁੱਲਾ ਕਾਦਰ ਬੇਗ ਤੇ ਗੁਲਾਮ ਹੁਸੈਨ ਲੁਧਿਆਣਵੀ ਨੂੰ ਵੀ ਸ਼ਾਮਿਲ ਕਰ ਲਈਏ ਤਾਂ ਇਕੱਲੇ ਜਲ੍ਹਿਆਂਵਾਲਾ ਬਾਗ ਸਾਕੇ ਨਾਲ ਦੂਰੋਂ ਨੇੜਿਓਂ ਸਬੰਧ ਰੱਖਣ ਵਾਲੇ ਮੁਸਲਮਾਨਾਂ ਦੀ ਸੂਚੀ ਬਹੁਤ ਲੰਮੀ ਹੋ ਜਾਂਦੀ ਹੈ। ਅਪ੍ਰੈਲ ਮਹੀਨੇ ਵਾਪਰੇ ਇਸ ਸਾਕੇ ਤੋਂ ਬਿਨਾ ਗਦਰ 1857, ਸਿੰਘਾਪੁਰ ਦੀ ਫ਼ੌਜੀ ਬਗਾਵਤ, ਗਦਰ ਪਾਰਟੀ ਲਹਿਰ ਤੇ ਆਜ਼ਾਦ ਹਿੰਦ ਫ਼ੌਜ ਦੇ ਸ਼ਹੀਦਾਂ ਦੀ ਕੁਰਬਾਨੀ ਵੀ ਜੋੜ ਲਈਏ ਤਾਂ ਇਹ ਸੂਚੀ ਹੋਰ ਵੀ ਲੰਮੀ ਹੋ ਜਾਂਦੀ ਹੈ। ਪਤਾ ਲੱਗਦਾ ਹੈ ਕਿ ਸੁਤੰਤਰਤਾ ਪ੍ਰਾਪਤੀ ਵਿਚ ਕਿਸੇ 'ਕੱਲੀ-ਕਲਿਹਰੀ ਧਿਰ ਨੇ ਹੀ ਯੋਗਦਾਨ ਨਹੀਂ ਪਾਇਆ, ਜਿਵੇਂ ਕਿ ਹੁਣ ਕੁਝ ਹਾਕਮ ਧਿਰਾਂ ਵਲੋਂ ਪ੍ਰਚਾਰਿਆ ਜਾ ਰਿਹਾ ਹੈ।

**ਖੋਜੀ ਪ੍ਰਕਾਸ਼ਕ ਹਰੀਸ਼ ਜੈਨ**

ਲੋਕਗੀਤ ਪ੍ਰਕਾਸ਼ਨ ਦਾ ਮਾਲਕ ਹਰੀਸ਼ ਜੈਨ ਖੋਜੀ ਬਿਰਤੀ ਦਾ ਸੁਆਮੀ ਹੈ। ਮੇਰੇ ਦਿੱਲੀ ਤੋਂ ਚੰਡੀਗੜ੍ਹ ਆਉਣ ਉਪਰੰਤ ਮੇਰੀਆਂ ਪੁਸਤਕਾਂ ਉਹੀਓ ਛਾਪਦਾ ਹੈ। ਲੰਘੇ ਸਪਤਾਹ ਉਸਦਾ ਅਸੈਂਬਲੀ ਬੰਬ ਦੇਸ ਬਾਰੇ ਲਿਖਿਆ ਵੱਡਾ ਲੇਖ ਮੀਡੀਆ ਵਿਚ ਵੇਖਣ ਨੂੰ ਮਿਲਿਆ। ਦੋ ਵੱਡੀਆਂ ਕਿਸ਼ਤਾਂ ਵਿਚ ਛਪੇ ਇਸ ਲੇਖ ਨੂੰ ਛੋਟੇ ਪੈਰਿਆਂ ਤੇ ਮੋਟੇ ਅੱਖਰਾਂ ਵਿਚ ਛਾਪੀਏ ਤਾਂ ਇਕ ਕਿਤਾਬ ਦਾ ਮਸਾਲਾ ਬਣ ਜਾਵੇਗਾ। ਹਰੀਸ਼ ਜੈਨ ਦੇ ਲੇਖ ਵਿਚ ਉਸ ਪਿਸਤੌਲ ਦੀ ਪੂਰੀ ਵਿਆਖਿਆ ਹੈ, ਜਿਹੜਾ ਭਗਤ ਸਿੰਘ ਨੇ ਅਸੈਂਬਲੀ ਬੰਬ ਧਮਾਕੇ ਤੋਂ ਪਿੱਛੋਂ ਇਕ ਕੁਰਸੀ ਉੱਤੇ ਸੁੱਟ ਦਿੱਤਾ ਸੀ। ਹਰੀਸ਼ ਨਾਲ ਗੱਲ ਕਰੋ ਤਾਂ ਸਾਂਡਰਸ ਕਤਲ ਕੇਸ ਤੋਂ ਲੈ ਕੇ ਬੰਬ ਧਮਾਕੇ ਤੱਕ ਦੀਆਂ ਸਾਰੀਆਂ ਤਿਥੀਆਂ ਉਸਦੇ ਪੋਟਿਆਂ ਉੱਤੇ ਹਨ। ਉਸ ਬਿਆਨ ਦੀ ਤਫਸੀਲ ਸਮੇਤ ਜਿਹੜਾ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਦਿੱਤਾ ਅਤੇ ਜਿਸਨੂੰ ਜਵਾਹਰ ਲਾਲ ਨਹਿਰੂ ਨੇ ਮਾਹਵਾਰੀ ਪਰਚੇ 'ਕਾਂਗਰਸ ਸੰਦੇਸ਼' ਵਿਚ ਉਸੇ ਤਰ੍ਹਾਂ ਉਜਾਗਰ ਕੀਤਾ ਸੀ, ਜਿਵੇਂ ਪੰਜਾਬੀ ਦੀ ਇਕ ਪੱਤਰਿਕਾ ਨੇ ਹਰੀਸ਼ ਜੈਨ ਦੇ ਸਬੰਧਤ ਲੇਖ ਨੂੰ। ਮੇਰਾ ਮੱਤ ਹੈ ਕਿ ਜੇ ਹਰੀਸ਼ ਪ੍ਰਕਾਸ਼ਨ ਦੇ ਧੰਦੇ ਵਿਚ ਨਾ ਪੈਂਦਾ ਤਾਂ ਉਸਨੇ ਸੁਤੰਤਰਤਾ ਸੰਗਰਾਮੀਆਂ ਦਾ ਅੱਛਾ ਖਾਸਾ ਇਤਿਹਾਸਕਾਰ ਹੋਣਾ ਸੀ।

**ਪੰਜਾਬੀ ਸਾਹਿਤ ਸਭਾ ਦਿੱਲੀ ਦੀ ਦਿਹਾਤੀ ਲਾਇਬਰੇਰੀ ਸਕੀਮ**

ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੀਆਂ ਸਾਹਿਤਕ ਗਤੀਵਿਧੀਆਂ ਵਿਚੋਂ ਦਿਹਾਤੀ ਲਾਇਬਰੇਰੀ ਸਕੀਮ ਦੀ ਚੜ੍ਹਤ ਬਾਰੇ ਬਹੁਤ ਵਧੀਆ ਰਿਪੋਰਟ ਮਿਲੀ ਹੈ। ਖਾਸ ਕਰਕੇ ਕਰੋਨਾ ਕਾਲ ਦੇ ਦਿਨਾਂ ਦੀ। 27 ਮਾਰਚ ਨੂੰ ਚੰਡੀਗੜ੍ਹ ਵਿਖੇ ਹੋਈ ਮਿਟਿੰਗ ਵਿਚ ਇਨ੍ਹਾਂ ਲਾਇਬਰੇਰੀਆਂ ਦੇ ਕੁਝ ਪ੍ਰਤੀਨਿਧਾਂ ਨੇ ਦੱਸਿਆ ਕਿ ਕੋਵਿਡ 19 ਦੀਆਂ ਬੰਦਸ਼ਾਂ ਕਾਰਨ ਲੋਕਾਂ ਨੇ ਪੁਸਤਕਾਂ ਦੀ ਸ਼ਰਨ ਲਈ ਤੇ ਕੁਝ ਲਾਇਬਰੇਰੀਆਂ ਵਿਚ ਇਨ੍ਹਾਂ ਪੁਸਤਕਾਂ ਨੂੰ ਪੜ੍ਹਨ ਵਾਲਿਆਂ ਦੀ ਗਿਣਤੀ ਦੁੱਗਣੀ-ਤਿਗੁਣੀ ਹੋ ਗਈ। ਕੁਝ ਹੋਰਨਾਂ ਨੇ ਇਹ ਵੀ ਦੱਸਿਆ ਕਿ ਜਦੋਂ ਉਨ੍ਹਾਂ ਨੇ ਆਪਣੇ ਇਲਾਕੇ ਦੇ ਵਿਧਾਨ ਸਭਾ ਦੇ ਸੰਸਦ ਮੈਂਬਰਾਂ ਤੱਕ ਪਹੁੰਚ ਕੀਤੀ ਤਾਂ ਉਨ੍ਹਾਂ ਨੇ ਆਪਣੇ ਅਖਤਿਆਰੀ ਫੰਡ ਵਿਚੋਂ ਲਾਇਬਰੇਰੀਆਂ ਦੀ ਸਫਲਤਾ ਲਈ ਖੁੱਲ੍ਹੇ ਗੱਫੇ ਪ੍ਰਦਾਨ ਕੀਤੇ। ਚੇਤੇ ਰਹੇ ਕਿ ਸਭਾ ਵਲੋਂ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ ਕਸ਼ਮੀਰ ਦੇ 200 ਪਿੰਡਾਂ ਵਿਚ ਲਾਇਬਰੇਰੀਆਂ ਚਲਾਈਆਂ ਜਾ ਰਹੀਆਂ ਹਨ ਤੇ ਇਨ੍ਹਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ। ਚੰਡੀਗੜ੍ਹ ਵਾਲੀ ਬੈਠਕ ਵਿਚ ਦਾਸ ਤੋਂ ਬਿਨਾ ਸਭਾ ਦੀ ਚੇਅਰਪਰਸਨ ਰੇਣੁਕਾ ਸਿੰਘ, ਕਾਇਮ ਮੁਕਾਮ ਡਾਇਰੈਕਟਰ, ਬਲਬੀਰ ਮਾਧੋਪੁਰੀ ਤੇ ਖਜ਼ਾਨਚੀ ਕੁਲਦੀਪ ਸਿੰਘ ਭਾਟੀਆ ਨੇ ਸ਼ਿਰਕਤ ਕੀਤੀ।

**ਮਾਹਿਲਪੁਰ ਦਾ ਫੁਟਬਾਲ ਕੋਚ ਅਲੀ ਹਸਨ**

ਅਲੀ ਹਸਨ ਮਲੇਰਕੋਟਲਾ ਦਾ ਜੰਮਪਲ ਸੀ। ਉਹ 15 ਅਕਤੂਬਰ, 1952 ਨੂੰ ਪਿਤਾ ਮੁਹੰਮਦ ਯਾਕੂਬ ਅਤੇ ਮਾਤਾ ਆਇਸ਼ਾ ਦੇ ਘਰ ਪੈਦਾ ਹੋਇਆ ਅਤੇ ਅੰਗਰੇਜ਼ੀ ਐਮ ਏ ਤੇ ਐਨ ਆਈ ਐਸ ਦੀ ਪੜ੍ਹਾਈ ਖ਼ਤਮ ਕਰਨ ਸਾਰ 1975 ਵਿਚ ਮਾਹਿਲਪੁਰ ਦੇ ਵਿਦਿਆਲੇ ਵਿਚ ਫੁੱਟਬਾਲ ਕੋਚ ਜਾ ਲੱਗਿਆ ਤੇ ਉੱਥੋਂ ਦਾ ਹੋ ਕੇ ਰਹਿ ਗਿਆ। 2010 ਤੱਕ ਪੂਰੇ 36 ਸਾਲ। ਬਲਜਿੰਦਰ ਮਾਨ ਨੇ ਆਪਣੀ 'ਮਾਹਿਲਪੁਰ ਦਾ ਫੁੱਟਬਾਲ ਸੰਸਾਰ' ਨਾਂ ਦੀ ਪੁਸਤਕ ਵਿਚ ਉਸਨੂੰ ਫੁਟਬਾਲ ਦੀ ਨਰਸਰੀ ਦਾ ਮਾਲੀ ਆਖ ਕੇ ਚੇਤੇ ਕੀਤਾ ਹੈ। ਇਹ ਵੀ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਲਾਡ ਤੇ ਡਾਂਟ ਦੇ ਸਮਤੋਲ ਰਾਹੀਂ ਅਨੁਸ਼ਾਸਨ ਵਿਚ ਬੰਨ੍ਹ ਕੇ ਰੱਖਦਾ ਸੀ। ਉਸ ਨੇ ਆਪਣੀ ਕੋਚਿੰਗ ਦੁਆਰਾ 400 ਤੋਂ ਵੱਧ ਨੈਸ਼ਨਲ ਪੱਧਰ ਦੇ ਖਿਡਾਰੀ ਤਿਆਰ ਕੀਤੇ, ਜਿਨ੍ਹਾਂ ਵਿਚੋਂ ਚਾਰ ਦਰਜਨ ਖਿਡਾਰੀਆਂ ਨੇ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਕੀਤੀ। ਉਸਨੂੰ ਪੰਜਾਬ ਸਰਕਾਰ ਨੇ 'ਲਾਈਫ ਟਾਈਮ ਐਚੀਵਮੈਂਟ ਐਵਾਰਡ' ਨਾਲ ਸਨਮਾਨਿਆ, ਜਿਸ ਤੋਂ ਪਹਿਲਾਂ ਕਈ ਨਾਮੀ ਸੰਸਥਾਵਾਂ ਉਸਨੂੰ ਬੈਸਟ ਕੋਚ ਸਨਮਾਨ ਦੇ ਚੁੱਕੀਆਂ ਸਨ। ਉਸਦੇ ਦੋਵੇਂ ਬੇਟੇ ਆਸਿਮ ਤੇ ਆਦਿਲ ਵੀ ਉੱਘੇ ਫੁਟਬਾਲਰ ਬਣੇ ਅਤੇ ਦੇਸ ਪ੍ਰਦੇਸ ਵਸੀਆਂ ਬੇਟੀਆਂ ਨਿਧਾ, ਸਾਇਮਾ ਤੇ ਅਜਬੀ ਅੱਜ ਵੀ ਆਪਣੇ ਅੱਬਾ ਦਾ ਨਾਂ ਸੱਤ ਸਮੁੰਦਰਾਂ ਤੋਂ ਪਾਰ ਰੌਸ਼ਨ ਕਰ ਰਹੀਆਂ ਹਨ, ਭਾਵੇਂ ਕਿ ਉਨ੍ਹਾਂ ਦਾ ਅੱਬਾ ਅਕਤੂਬਰ 2021 ਵਿਚ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ ਸੀ।

ਉਸਨੂੰ ਮਾਹਿਲਪੁਰ ਲਿਜਾਣ ਵਾਲਾ ਪ੍ਰਿੰਸੀਪਲ ਹਰਭਜਨ ਸਿੰਘ ਸੀ, ਜਿਸਨੂੰ ਖੇਡਾਂ ਤੇ ਖਿਡਾਰੀਆਂ ਦਾ ਸਿਰਤਾਜ ਮੰਨਿਆ ਜਾਂਦਾ ਹੈ। ਮੈਂ ਖ਼ੁਦ ਮਾਹਿਲਪੁਰ ਦੇ ਸਕੂਲ ਤੇ ਕਾਲਜ ਦਾ ਵਿਦਿਆਰਥੀ ਰਿਹਾ ਹਾਂ ਤੇ ਮੈਨੂੰ ਕੱਲ੍ਹ ਵਾਂਗ ਚੇਤੇ ਹੈ ਕਿ ਉੱਥੋਂ ਦੇ ਸਕੂਲ ਦੀ ਰੱਸਾਕਸ਼ੀ ਵਾਲੀ ਟੀਮ ਪੰਜਾਂ ਸੱਤਾਂ ਮਿੰਟਾਂ ਵਿਚ ਵਿਰੋਧੀ ਟੀਮ ਦਾ ਜ਼ੋਰ ਲਗਵਾਉਣ ਪਿੱਛੋਂ ਅਜਿਹਾ ਝਟਕਾ ਮਾਰਦੀ ਸੀ ਕਿ ਸਾਰੀ ਟੀਮ ਦੇ ਖਿਡਾਰੀ ਇਕ ਹੱਥ ਛੱਡ ਕੇ ਇਕੱਲੇ ਹੱਥ ਨਾਲ ਮਾਲੀ ਮਾਰ ਲੈਂਦੇ ਸਨ। ਬਲਜਿੰਦਰ ਮਾਨ ਨੇ ਆਪਣੀ ਪੁਸਤਕ ਵਿਚ ਅਲੀ ਹਸਨ ਤੋਂ ਬਿਨਾਂ ਕੋਈ 150 ਖਿਡਾਰੀਆਂ ਦੇ ਸੰਖੇਪ ਰੇਖਾ ਚਿੱਤਰ ਲਿਖੇ ਹਨ ਜਿਸ ਨੂੰ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਨੇ ਬੜੇ ਮਾਣ ਤੇ ਪਿਆਰ ਨਾਲ ਪ੍ਰਕਾਸ਼ਿਤ ਕੀਤਾ ਹੈ।

**ਅੰਤਿਕਾ**

ਗਦਰ ਪਾਰਟੀ ਦਾ ਫਰਮਾਨ
ਖੁਫੀਆ ਰਾਜ ਸੁਸਾਇਟੀਆਂ ਕਰੋ ਕਾਇਮ
ਰਲ ਮਰਹਟੇ, ਬੰਗਾਲੀਆਂ ਦੇ ਯਾਰ ਹੋ ਜਾਓ
ਹਿੰਦੂ, ਸਿੱਖ ਤੇ ਮੋਮਨੋ ਕਰੋ ਜਲਦੀ
ਇਕ ਦੂਸਰੇ ਦੇ ਮਦਦਗਾਰ ਹੋ ਜਾਓ।

# ਤਸਬੀਆਂ ਨਾਲ਼ ਨਾ ਵੈਰ, ਨਾਹੀ ਜੰਞੂ ਨਾਲ਼ ਯਾਰਾਨਾ!

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁੱਤੀ ਸ਼ਹਾਦਤ ਦੇ ਪ੍ਰਸੰਗ ਨੂੰ ਗੰਭੀਰਤਾ ਨਾਲ ਵਿਚਾਰਦਿਆਂ

ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਤਿਗੁਰੂ ਜੀ ਦੇ ਨਾਮ ਨਾਲ ਜੋੜਿਆ ਜਾਂਦਾ ਵਿਸ਼ੇਸ਼ਣ 'ਹਿੰਦ ਦੀ ਚਾਦਰ' ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਛੋਟੇ ਅਰਥਾਂ ਵਾਲੀ ਬਣਾਉਂਦਾ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ ਦੁਆਰਾ ਸ੍ਰੀ ਗੁਰ ਸੋਭਾ ਵਿਚ ਦਰਜ 'ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸਟ ਪੈ ਢਾਪੀ ਚਾਦਰ' ਵਾਲੀ ਸਤਰ ਹੀ ਉਕਤ ਹਿੰਦ ਦੀ



ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 001-408-915-1268

ਚਾਦਰ ਵਾਲੇ ਵਿਸ਼ੇਸ਼ਣ ਦਾ ਜਵਾਬ ਹੈ ਪਰ ਕੁਝ ਸਿਆਸੀ ਮਸਲਹਤਾਂ ਵਾਲੀਆਂ ਧਿਰਾਂ ਨੌਵੇਂ ਗੁਰੂ ਜੀ ਦੀ ਸ਼ਹਾਦਤ ਨੂੰ ਤਿਲਕ ਜੰਞੂ ਦੀ ਹਮਾਇਤ ਅਤੇ ਇਸਲਾਮ ਵਿਰੋਧੀ ਦਰਸਾਉਣ ਲਈ ਇਤਿਹਾਸ ਨੂੰ 'ਆਪਣੇ ਢੰਗ' ਨਾਲ ਪ੍ਰਚਾਰਤ ਜਾਂ ਪ੍ਰਸਾਰਤ ਕਰ ਰਹੀਆਂ ਹਨ।

ਇਸ ਵਿਸ਼ੇ 'ਤੇ ਕੁਝ ਲਿਖਣ ਲੱਗਾ ਸਾਂ ਤਾਂ ਮੈਨੂੰ ਯਾਦ ਆਇਆ ਕਿ 'ਸਾਕਾ ਸਰਹਿੰਦ' ਦੀ ਬੇਹੱਦ ਮਕਬੂਲੀਅਤ

ਮਗਰੋਂ ਮਿੱਠੀ ਤੇ ਰਸੀਲੀ ਆਵਾਜ਼ ਦੀ ਮਾਲਕ ਸਵਰਗੀ ਨਰਿੰਦਰ ਬੀਬਾ ਜੀ ਅਤੇ ਉਨ੍ਹਾਂ ਦੇ ਕੁਝ ਸਾਥੀ ਮਰਦ ਗਾਇਕਾਂ ਨੇ ਉਤਸ਼ਾਹਿਤ ਹੋ ਕੇ 'ਸਾਕਾ ਚਾਂਦਨੀ ਚੌਕ' ਵੀ ਰਿਕਾਰਡ ਕਰਵਾਇਆ ਸੀ। ਕਈ ਦਹਾਕੇ ਪਹਿਲਾਂ ਇਹ ਰਿਕਾਰਡ ਵੀ ਬਹੁਤ ਵੱਜਦਾ ਰਿਹਾ। ਮੈਨੂੰ ਉਸ ਸਾਕੇ ਦੀਆਂ ਕੁਝ ਸਤਰਾਂ ਯਾਦ ਸਨ। ਸੋ ਮੈਂ ਸੋਚਿਆ ਕਿ ਕਿਉਂ ਨਾ ਉਸ ਰਿਕਾਰਡ ਨੂੰ ਦੁਬਾਰਾ ਸੁਣ ਕੇ ਉਨ੍ਹਾਂ ਸਤਰਾਂ ਨੂੰ ਇਸ ਲਿਖਤ ਵਿਚ ਸ਼ਾਮਲ ਕਰਾਂ। ਯੂ-ਟਿਊਬ 'ਤੇ ਦੋ-ਤਿੰਨ ਭਾਗਾਂ ਵਿਚ ਪਏ ਇਸ ਸਾਕੇ ਨੂੰ ਕਈ ਵਾਰ ਸੁਣ ਕੇ ਸਤਿਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਵਿਚ ਮੈਂ ਸਿਰ ਨਿਵਾਇਆ। ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਜਿਹੜੀਆਂ ਦੋ ਕਵਿਤਾਵਾਂ ਮੈਂ ਇਸ ਸਾਕੇ ਵਿਚੋਂ ਚੁਣੀਆਂ ਹਨ, ਉਨ੍ਹਾਂ ਦੇ ਲਿਖਾਰੀ ਦਾ ਪਤਾ ਕਰਾਂ ਪਰ ਮੈਨੂੰ ਸਫਲਤਾ ਨਹੀਂ ਮਿਲੀ। ਉਸ ਲੇਖਕ ਦੇ ਬਲਿਹਾਰੇ ਜਾਈਏ ਜਿਸ ਨੇ ਸਤਿਗੁਰੂ ਜੀ ਦੀ ਸ਼ਹਾਦਤ ਨੂੰ ਹਕੂਮਤੀ ਜਬਰ ਸਹਿੰਦੇ ਮਾਨਵ ਧਿਰ ਦੀ ਹਮਾਇਤ ਨਾਲ ਜੋੜ ਕੇ ਵਰਣਨ ਕੀਤਾ ਹੈ। ਪੇਸ਼ ਹਨ ਕਈ ਦਹਾਕੇ ਪਹਿਲਾਂ ਰਿਕਾਰਡ ਹੋਏ ਉਸ 'ਸਾਕਾ ਚਾਂਦਨੀ ਚੌਕ' ਵਿਚੋਂ ਦੋ ਕਵਿਤਾਵਾਂ:

ਸਵਾਲ-ਜਵਾਬ ਨੌਵੇਂ ਪਾਤਸ਼ਾਹ ਅਤੇ ਔਰੰਗਜ਼ੇਬ

'ਔਰੰਗਜ਼ੇਬ ਕਹਿੰਦਾ ਕਿ ਹੈਰਾਨ ਹਾਂ ਮੈਂ
ਤੁਸੀਂ ਜੰਞੂ ਤੇ ਤਿਲਕ ਵੀ ਧਾਰਦੇ ਨਹੀਂ।
ਜਾਨ ਦੇ ਰਹੇ ਓ ਜੰਞੂ ਤਿਲਕ ਬਦਲੇ
ਏਨੀ ਗੱਲ ਵੀ ਆਪ ਵਿਚਾਰਦੇ ਨਹੀਂ!
ਤੁਸੀਂ ਕੀ ਲੈਣਾ ਉਨ੍ਹਾਂ ਕਾਫਰਾਂ ਤੋਂ
ਕਰੋ ਬੰਦਗੀ ਛੱਡੋ ਸੰਸਾਰ ਦੀ ਗੱਲ।
ਝਗੜੇ ਦੀਨ ਤੇ ਮਜ਼੍ਹਬ ਦੇ ਹੋਣ ਬੇਸ਼ਕ
ਆਪ ਕਰੋ ਆਪਣੇ ਰੱਬੀ ਪਿਆਰ ਦੀ ਗੱਲ।

ਜੇਕਰ ਤੁਸੀਂ ਸ਼ਹੀਦ ਵੀ ਹੋ ਗਏ ਤਾਂ
ਬਦਲ ਜਾਣੀ ਕੋਈ ਏਥੇ ਖੁਦਾਈ ਤਾਂ ਨਹੀਂ।
ਕਿਸੇ ਵਾਸਤੇ ਆਪਣੀ ਜਾਨ ਦੇਣੀ
ਇਹਦੇ ਵਿਚ ਹਜ਼ੂਰ ਦਾਨਾਈ ਤਾਂ ਨਹੀਂ!'

**ਜਵਾਬ ਗੁਰੂ ਤੇਗ ਬਹਾਦਰ ਸਾਹਿਬ ਜੀ:**

'ਨੌਵੇਂ ਪਾਤਸ਼ਾਹ ਅੱਗੋਂ ਜਵਾਬ ਦਿੱਤਾ
ਤੂੰ ਨਹੀਂ ਜਾਣਦਾ ਇਸ਼ਕ ਦੀ ਗੱਲ ਸ਼ਾਹਾ।
ਜਿੰਨੀ ਦੇਰ ਕੁਰਬਾਨੀਆਂ ਹੁੰਦੀਆਂ ਨਹੀਂ
ਮਸਲਾ ਧਰਮ ਦਾ ਹੁੰਦਾ ਨਹੀਂ ਹੱਲ ਸ਼ਾਹਾ!
ਸਾਡਾ ਵੈਰ ਇਸਲਾਮ ਦੇ ਨਾਲ ਕੋਈ ਨਹੀਂ
ਹਿੰਦੂ ਧਰਮ ਕੋਈ
ਸਾਡਾ ਨਿਸ਼ਾਨਾ ਤਾਂ ਨਹੀਂ।
ਸਾਡੀ ਦੁਸ਼ਮਣੀ ਤਸਬੀਆਂ ਨਾਲ
ਕੋਈ ਨਹੀਂ
ਜੰਞੂ ਨਾਲ ਕੋਈ ਸਾਡਾ ਯਾਰਾਨਾ ਤਾਂ ਨਹੀਂ!
ਅਸੀਂ ਧੱਕੇ ਵਿਰੁੱਧ ਜਹਾਦ ਕੀਤਾ
ਜ਼ੁਲਮ ਨਾਲ ਹੈ ਸਿਰਫ ਲੜਾਈ ਸਾਡੀ।
ਅਸੀਂ ਪੱਖ ਮਜ਼ਲੂਮਾਂ ਦਾ ਪੂਰਨਾ ਏਂ
ਇਹ ਮਜ਼ਲੂਮ ਨੇ ਚਾਹੁੰਦੇ
ਅਗਵਾਈ ਸਾਡੀ!

ਮੁਸਲਮਾਨ ਵੀ ਨਾਨਕ ਦੇ ਦਰ ਉੱਤੇ
ਜੇਕਰ ਆਉਂਦੇ ਤਾਂ ਅਸੀਂ ਅਸੀਸ ਦਿੰਦੇ
ਧੱਕਾ ਹੁੰਦਾ ਇਸਲਾਮ ਦੇ ਨਾਲ ਜੇਕਰ
ਤਾਂ ਇਸਲਾਮ ਲਈ ਵੀ
ਆਪਣਾ ਸੀਸ ਦਿੰਦੇ!
ਇਹ ਤਾਂ ਠੀਕ ਖੁਦਾਈ
ਨਹੀਂ ਬਦਲ ਸਕਦੀ
ਤੇਰੇ ਜ਼ੁਲਮ ਦਾ ਨਸ਼ਾ ਪਰ ਤੋੜ ਦਿਆਂਗੇ।
ਅਸੀਂ ਏਸ ਸ਼ਹਾਦਤ ਦੇ ਸਿਰ ਸਦਕਾ
ਨਵਾਂ ਇਕ ਇਤਿਹਾਸ ਨੂੰ ਮੋੜ ਦਿਆਂਗੇ!
ਸਾਡੇ ਖ਼ੂਨ 'ਚੋਂ ਉਹ ਸ਼ਕਤੀ ਹੋਊ ਪੈਦਾ
ਜੋ ਟਕਰਾਊ ਹਰ ਖ਼ੂਨੀ ਸਰਕਾਰ ਦੇ ਨਾਲ
ਅੱਗੋਂ ਜਿਹੜਾ ਵੀ ਜ਼ਾਲਮ ਤਲਵਾਰ ਚੁੱਕੂ
ਉਹ ਵੀ ਸੋਧਿਆ ਜਾਊ
ਤਲਵਾਰ ਦੇ ਨਾਲ!'

# ਗੁਰੂ ਤੇਗ਼ ਬਹਾਦਰ ਜੀ

**ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ**

ਸੁਣੋ ਸੁਣੋ ਐ ਦੁਨੀਆ ਵਾਲਿਓ,
ਤੇਗ ਬਹਾਦਰ ਦੀ ਅਮਰ ਕਹਾਣੀ।
ਅੱਜ ਤੱਕ ਸਾਰੀ ਦੁਨੀਆ ਅੰਦਰ,
ਕੋਈ ਨਾ ਹੋਇਆ ਉਸ ਦਾ ਸਾਨੀ।

ਮਾਤਾ ਨਾਨਕੀ ਜੀ ਦੇ ਘਰ 'ਚ,
ਤੇਗ ਬਹਾਦਰ ਦਾ ਜਨਮ ਹੋਇਆ।
ਵੇਖ ਨੂਰਾਨੀ ਮੁੱਖੜਾ ਉਸ ਦਾ,
ਮਾਤ-ਪਿਤਾ ਬੜਾ ਖ਼ੁਸ਼ ਹੋਇਆ।

ਲੋਕਾਂ ਨੇ ਗੁਰ ਮਹਿਲੀਂ ਆ ਕੇ,
ਮਾਤਾ ਨੂੰ ਦਿੱਤੀਆਂ ਵਧਾਈਆਂ।
ਸੰਗਤ ਵਿਚ ਗੁਰੂ ਹਰਗੋਬਿੰਦ,
ਵੰਡੇ ਲੱਡੂ ਤੇ ਮਠਿਆਈਆਂ।

ਦਰਸ਼ਨ ਕੀਤੇ ਭੁੱਖ ਲਹਿ ਜਾਵੇ,
ਐਸੀ ਚਮਕ ਦਾਤਾਰ ਦੀ ਹੈ ਸੀ।
ਹੱਸਣੀ ਉਸ ਦੀ ਲੁਟਾਂਦੀ ਹਾਸੇ,
ਨਜ਼ਰ ਜ਼ਮਾਨੇ ਨੂੰ ਤਾਰਦੀ ਹੈ ਸੀ।

ਦੇਵਾਂ ਮੈਂ ਤਸ਼ਬੀਹ ਨਾਲ ਕਿਸਦੀ,
ਮੂਰਤ ਉਹ ਨਿਰੰਕਾਰ ਦੀ ਹੈ ਸੀ।
ਚੰਨ ਵਰਗਾ ਸੀ ਮੁੱਖੜਾ ਉਹਦਾ,
ਤੱਕਣੀ ਦੁੱਖ ਨਿਵਾਰਦੀ ਹੈ ਸੀ।

ਸੋਢੀ ਕੁੱਲ ਨਾਂ ਰੌਸ਼ਨ ਹੋਇਆ,
ਰੌਸ਼ਨੀ ਉਹ ਸੰਸਾਰ ਦੀ ਹੈ ਸੀ।
ਦੁੱਖ ਮਿਟਾਏ ਦੀਦਾਰਿਆਂ ਦੇ ਉਹ,
ਐਸੀ ਨੂਰੀ ਨੁਹਾਰ ਦੀ ਹੈ ਸੀ।

ਟੇਵਾ ਲਾ ਕੇ ਜੋਤਸ਼ੀ ਦੱਸਿਆ,
ਦੁਖੀਆਂ ਦੇ ਦੁੱਖ ਹਰੇਗਾ ਇਹ।
ਜੌਹਰ ਦਿਖਾਵੇਗਾ ਵੱਡਾ ਹੋ ਕੇ,
ਰੱਤ ਦੀ ਨਦੀ ਨੂੰ ਤਰੇਗਾ ਇਹ।



ਜੱਗ ਕਰੇਗਾ ਇਸ ਦੀ ਪੂਜਾ,
ਪੈਰ ਜਿੱਥੇ ਵੀ ਧਰੇਗਾ ਇਹ।
ਸਾਲ ਛੱਬੀ ਨੌਂ ਮਹੀਨੇ ਤੇਰਾਂ ਦਿਨ,
ਰੱਬ ਦੀ ਭਗਤੀ ਕਰੇਗਾ ਇਹ।


ਜੂਝੇਗਾ ਵਿਚ ਮੈਦਾਨ ਦੇ ਜਦ,
ਮੌਤ ਤੋਂ ਨਾ ਕਦੇ ਡਰੇਗਾ ਇਹ।
ਇੱਜ਼ਤ ਪੱਤ ਬਚਾਵਣ ਦੇ ਲਈ,
ਦੁਖੀਆਂ ਦਾ ਦੁੱਖ ਹਰੇਗਾ ਇਹ।

ਹਰਗੋਬਿੰਦ ਦਾ ਲਾਲ ਇਹ ਸੋਹਣਾ,
ਧਰਮ ਲਈ ਆਪਾ ਕੁਰਬਾਨ ਕੀਤਾ।
ਮਾਤਾ ਨਾਨਕੀ ਦੇ ਸੋਹਣੇ ਲਾਡਲੇ,
ਪਰਉਪਕਾਰ ਜੱਗ 'ਤੇ ਮਹਾਨ ਕੀਤਾ।

ਮਿਸਾਲ ਜਿਸਦੀ ਨਹੀਂ ਮਿਲ ਸਕਦੀ,
ਹਿੰਦੂ ਧਰਮ ਲਈ ਜੀਵਨ ਦਾਨ ਕੀਤਾ।
ਬਾਬੇ ਗੁਰੂ ਅਰਜਨ ਦੇ ਵਾਂਗ ਜਿਸਨੇ,
'ਘਈ' ਹੱਸ ਮੌਤ ਨੂੰ ਪਰਵਾਨ ਕੀਤਾ।

-ਪ੍ਰਿੰ. ਗਿਆਨ ਸਿੰਘ ਘਈ
ਫੋਨ: 647-624-7733

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

# ਪਾਕਿ ਦੀ ਸਰਕਾਰ ਇੱਕ ਹੋਵੇ ਜਾਂ ਦੂਸਰੀ, ਭਾਰਤ ਨਾਲ ਸੰਬੰਧ ਸੁਧਾਰ ਦੇ ਪੱਕੇ ਸੰਕੇਤ ਕੋਈ ਨਹੀਂ

ਜਦੋਂ ਤੋਂ ਭਾਰਤ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦੀ ਮਿਲੀ ਤੇ ਇੱਕ ਦਿਨ ਪਹਿਲਾਂ ਪਾਕਿਸਤਾਨ ਨਾਂਅ ਦੇ ਨਵੇਂ ਦੇਸ਼ ਦਾ ਜਨਮ ਹੋਇਆ, ਓਦੋਂ ਤੋਂ ਭਾਰਤ ਨਾਲ ਇਸ ਦੇ ਦੁਵੱਲੇ ਸੰਬੰਧ ਕੁੜੱਤਣ ਭਰਪੂਰ ਰਹੇ ਹਨ। ਕਦੇ-ਕਦੇ ਦੋਵਾਂ ਦੇਸ਼ਾਂ ਦੇ ਹਾਕਮ ਵਕਤੀ ਤੌਰ ਉੱਤੇ ਕੁਝ ਏਦਾਂ ਵਿਖਾਲਾ ਕਰਦੇ ਰਹੇ ਕਿ ਲੋਕਾਂ ਨੂੰ ਸੰਬੰਧਾਂ ਵਿਚ ਪੱਕੇ ਸੁਧਾਰ ਦੀ ਆਸ ਬੱਝਣ ਲੱਗ ਜਾਂਦੀ ਸੀ, ਪਰ ਥੋੜ੍ਹੇ ਦਿਨਾਂ ਪਿੱਛੋਂ ਗੱਡੀ ਫਿਰ ਓਸੇ ਲੀਹ ਉੱਤੇ ਚੱਲ ਪੈਂਦੀ ਸੀ। ਇਸ ਦੀ ਜੜ੍ਹ ਇਹ ਸੀ ਕਿ ਪਾਕਿਸਤਾਨ ਬਣਿਆ ਹੀ ਇਸ ਧਾਰਨਾ ਉੱਤੇ ਸੀ ਕਿ ਭਾਰਤ ਵਿਚਲੇ ਮੁਸਲਮਾਨਾਂ ਨੂੰ ਇਸ ਲਈ ਵੱਖਰਾ ਦੇਸ਼ ਚਾਹੀਦਾ ਹੈ ਕਿ ਜੇ ਵੱਖ ਨਾ ਹੋਏ ਤਾਂ ਉਨ੍ਹਾਂ ਦੀ ਹੋਂਦ ਨੂੰ ਖਤਰਾ ਹੋ ਸਕਦਾ ਹੈ। ਵੱਖਰੇ ਪਾਕਿਸਤਾਨ ਦੇ ਮੋਢੀ ਮੁਹੰਮਦ ਅਲੀ ਜਿਨਾਹ ਦੇ ਜਾਣਕਾਰ ਕਈ ਵਾਰ ਲਿਖ ਚੁੱਕੇ ਹਨ ਕਿ ਉਹ ਪੱਕਾ ਮੁਸਲਮਾਨ ਵੀ ਕਿਹਾ ਜਾਣ ਯੋਗ ਨਹੀਂ ਸੀ, ਕਈ ਕੰਮ ਅਜਿਹੇ ਵੀ ਕਰ ਲੈਂਦਾ ਸੀ, ਜਿਹੜੇ ਇਸਲਾਮ ਵਿਚ ਵਰਜਿਤ ਸਨ, ਪਰ ਮੁਸਲਮਾਨਾਂ ਲਈ ਇਹੋ ਗੱਲ ਕਾਫੀ ਸੀ ਕਿ ਉਹ ਵੱਖਰਾ ਦੇਸ਼ ਬਣਾ ਕੇ ਦੇ ਗਿਆ, ਇਸ ਲਈ ਉਹ ਇਸ ਦੇਸ਼ ਦੇ ਲੋਕਾਂ ਲਈ ਖਾਸ ਬਣ ਗਿਆ ਸੀ। ਉਸ ਨੇ ਕਿਉਂਕਿ ਵੱਖਰਾ ਦੇਸ਼ ਬਣਾਇਆ ਸੀ, ਵੱਖਰਾ ਦੇਸ਼ ਬਣਦੇ ਸਾਰ ਉਸ ਨੇ ਅੰਗਰੇਜ਼ੀ ਹਾਕਮਾਂ ਨਾਲ ਅੱਖ ਮਿਲੀ ਹੋਣ ਕਰਕੇ ਆਪਣੇ ਦੇਸ਼ ਦਾ ਇਲਾਕਾ ਹੋਰ ਵਧਾਉਣ ਲਈ ਕਸ਼ਮੀਰ ਰਿਆਸਤ ਵਿਚ ਕਬਾਇਲੀ ਲੋਕਾਂ ਦੇ ਭੇਸ ਵਿਚ ਆਪਣੀ ਫੌਜ ਦੀ ਘੁਸਪੈਠ ਕਰਵਾ ਕੇ ਦੁਵੱਲੇ ਸੰਬੰਧਾਂ ਵਿਚ ਕੁੜੱਤਣ ਦਾ ਪਹਿਲਾ ਬੀਜ ਬੀਜਿਆ ਸੀ, ਜਿਹੜਾ ਅੱਜ ਤੱਕ ਫਲਦਾ ਪਿਆ ਹੈ।

ਬਾਅਦ ਦੇ ਸਮੇਂ ਦੌਰਾਨ ਜਦੋਂ ਭਾਰਤ ਕਈ ਕਮੀਆਂ-ਕਮਜ਼ੋਰੀਆਂ ਦੇ ਬਾਵਜੂਦ ਇੱਕ ਸੰਵਿਧਾਨ ਬਣਾਉਣ ਪਿੱਛੋਂ ਲੋਕਤੰਤਰ ਦੀ ਲੀਹੇ ਪੈ ਤੁਰਿਆ, ਪਾਕਿਸਤਾਨ ਆਪਣੇ ਮੁੱਢਲੇ ਦਿਨਾਂ ਵੇਲੇ ਹੀ ਲੋਕਤੰਤਰ ਦੀ ਲੀਹ ਚੜ੍ਹਨ ਤੋਂ ਪਾਸਾ ਵੱਟ ਕੇ ਫੌਜੀ ਜਰਨੈਲਾਂ ਦੀ ਤਾਨਾਸ਼ਾਹੀ ਦਾ ਮੁਥਾਜ ਬਣਨ ਤੁਰ ਪਿਆ ਸੀ। ਇਸ ਖੇਡ ਦਾ ਮੁੱਢ ਸਾਲ 1953 ਵਿਚ ਸੰਵਿਧਾਨ ਘੜਨੀ ਅਸੈਂਬਲੀ ਵਿਚ ਬਹੁਮੱਤ ਵਾਲੇ ਖਵਾਜ਼ਾ ਨਜ਼ੀਮੁਦੀਨ ਨੂੰ ਮੌਕੇ ਦੇ ਗਵਰਨਰ ਜਨਰਲ ਗੁਲਾਮ ਮੁਹੰਮਦ ਵੱਲੋਂ ਫੌਜ ਦੀ ਹੱਲਾਸ਼ੇਰੀ ਨਾਲ ਬਰਖਾਸਤ ਕਰਨ ਨਾਲ ਬੱਝਾ ਸੀ। ਫਿਰ 1955 ਵਿਚ ਗਵਰਨਰ ਜਨਰਲ ਬਣੇ ਇਸਕੰਦਰ ਅਲੀ ਮਿਰਜ਼ਾ ਨੇ ਅਗਲੇ ਸਾਲ ਬਾਕਾਇਦਾ ਰਾਸ਼ਟਰਪਤੀ ਬਣਨ ਤੋਂ ਦੋ ਸਾਲ ਪਿੱਛੋਂ 1958 ਵਿਚ ਪ੍ਰਧਾਨ ਮੰਤਰੀ ਨੂੰ ਅਹੁਦੇ ਤੋਂ ਬਰਖਾਸਤ ਕਰ ਕੇ ਪਹਿਲੀ ਵਾਰ ਫੌਜੀ ਹਕੂਮਤ ਨੂੰ ਵਾਗ ਫੜਾਈ ਸੀ। ਸਾਲ 1970 ਤੱਕ ਉਸ ਦੇਸ਼ ਵਿਚ ਕਦੀ ਸਿੱਧੀ ਚੋਣ ਨਹੀਂ ਸੀ ਹੋ ਸਕੀ, ਓਦੋਂ ਵੀ ਪਹਿਲੀ ਚੋਣ ਐਵੇਂ ਵਿਖਾਵਾ ਸੀ ਅਤੇ ਇਸ ਪਹਿਲੀ ਚੋਣ ਵਿਚ ਅਵਾਮੀ ਲੀਗ ਦੀ ਜਿੱਤ ਹੋਣ ਪਿੱਛੋਂ ਇਸ ਦੇ ਆਗੂ ਸ਼ੇਖ ਮੁਜੀਬੁਰ ਰਹਿਮਾਨ ਨੂੰ ਪ੍ਰਧਾਨ ਮੰਤਰੀ ਨਹੀਂ ਸੀ ਬਣਨ ਦਿੱਤਾ ਗਿਆ ਤੇ ਨਤੀਜੇ ਵਜੋਂ ਤਿੱਖੇ ਟਕਰਾਅ ਕਾਰਨ ਇਸ ਦੇਸ਼ ਦਾ ਪੂਰਬੀ ਹਿੱਸਾ ਟੁੱਟ ਕੇ ਬੰਗਲਾ ਦੇਸ਼ ਪੈਦਾ ਹੋ ਗਿਆ ਸੀ।




ਭਾਰਤ ਨਾਲ ਪਾਕਿਸਤਾਨ ਦੇ ਸੰਬੰਧਾਂ ਵਿਚ ਦੋਸਤੀ ਤੇ ਕੁੜੱਤਣ ਦਾ ਅਗਲਾ ਦੌਰ ਇਸ ਜੰਗ ਪਿੱਛੋਂ ਨਵੇਂ ਸਿਰਿਉਂ ਚੱਲਿਆ ਸੀ। ਆਪਣੇ ਅਠਾਨਵੇਂ ਹਜ਼ਾਰ ਫੌਜੀ ਕੈਦੀ ਛੁਡਾਉਣ ਲਈ ਓਦੋਂ ਦੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ ਨੇ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਗੱਲਬਾਤ ਦੇ ਗੇੜ ਚਲਾਏ ਤੇ ਸ਼ਿਮਲਾ ਸਮਝੌਤਾ ਲਿਖਣ ਨਾਲ ਦੋਸਤੀ ਦਾ ਮੁੱਢ ਬੱਝਣ ਦੀ ਸੁਰ ਚੁੱਕੀ ਸੀ, ਪਰ ਅਗਲੇ ਸਾਲ ਭਾਰਤ ਨੂੰ ਬੰਗਲਾ ਦੇਸ਼ ਦਾ ਜਵਾਬ ਦੇਣ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਭੁੱਟੋ ਦਾ ਤਖਤਾ ਪਲਟ ਕੇ ਉਸ ਨੂੰ ਫਾਂਸੀ ਟੰਗ ਦੇਣ ਵਾਲਾ ਜਨਰਲ ਜ਼ਿਆ ਉਲ ਹੱਕ ਏਸੇ ਤਰ੍ਹਾਂ ਕਦੀ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਦੋਸਤੀ ਦੀਆਂ ਮੀਟਿੰਗਾਂ ਕਰਨ ਅਤੇ ਕਦੀ ਬੰਗਲਾ ਦੇਸ਼ ਦਾ ਬਦਲਾ ਲੈਣ ਦੇ ਦਬਾਕੜੇ ਛੱਡਦਾ ਰਿਹਾ ਸੀ, ਪਰ ਉਸ ਦੀ ਮੌਤ ਮਗਰੋਂ ਦੇਸ਼ ਦੀ ਪ੍ਰਧਾਨ ਮੰਤਰੀ ਬਣੀ ਬੇਨਜ਼ੀਰ ਭੁੱਟੋ ਤੋਂ ਲੋਕਾਂ ਨੂੰ ਆਸ ਸੀ ਕਿ ਉਹ ਭਾਰਤ ਨਾਲ ਸੰਬੰਧ ਜ਼ਰੂਰ ਸੁਧਾਰੇਗੀ। ਹੋਇਆ ਇਸ ਦੇ ਉਲਟ ਇਹ ਕਿ ਬੇਨਜ਼ੀਰ ਆਪਣੀ ਗੱਦੀ ਪੱਕੀ ਕਰਨ ਲਈ ਕੱਟੜਪੰਥੀਆਂ ਅਤੇ ਫੌਜੀ ਜਰਨੈਲਾਂ ਦੇ ਦਬਾਅ ਹੇਠ ਭਾਰਤ ਕੋਲੋਂ ਸਮੁੱਚਾ ਕਸ਼ਮੀਰ ਖੋਹਣ ਦੇ ਨਾਅਰੇ ਲਾਉਣ ਦੇ ਰਾਹ ਪੈ ਗਈ ਸੀ। ਬਾਅਦ ਵਿਚ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਬਣਿਆ ਤਾਂ ਭਾਰਤੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨਾਲ ਗੱਲਬਾਤ ਦਾ ਨਵਾਂ ਗੇੜ ਚੱਲ ਪਿਆ। ਨਵਾਜ਼ ਸ਼ਰੀਫ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਜਾਤੀ ਉਮਰਾ ਦਾ ਜੰਮ-ਪਲ ਸੀ ਅਤੇ ਇੰਦਰ ਕੁਮਾਰ ਗੁਜਰਾਲ ਪਾਕਿਸਤਾਨ ਵਿਚਲੇ ਜੇਹਲਮ ਜ਼ਿਲ੍ਹੇ ਦੇ ਪਿੰਡ ਪਰੀ ਦਰਵੇਜ਼ਾ ਵਿਚ ਪੈਦਾ ਹੋਇਆ ਹੋਣ ਕਰਕੇ ਦੁਵੱਲੇ ਸੰਬੰਧ ਸੁਧਾਰਨ ਦੀਆਂ ਬਹੁਤ ਆਸਾਂ ਹੋਣ ਲੱਗੀਆਂ ਸਨ, ਪਰ ਗੱਲ ਸਿਰੇ ਓਦੋਂ ਵੀ ਨਹੀਂ ਸੀ ਚੜ੍ਹ ਸਕੀ ਅਤੇ ਅਟਲ ਬਿਹਾਰੀ ਵਾਜਪਾਈ ਦੇ ਯਤਨ ਵੀ ਸਿਰੇ ਨਹੀਂ ਸਨ ਚੜ੍ਹ ਸਕੇ। ਪਾਕਿਸਤਾਨੀ ਫੌਜ ਦੇ ਮੁਖੀ ਪਰਵੇਜ਼ ਮੁਸ਼ੱਰਫ ਨੇ ਬੰਗਲਾ ਦੇਸ਼ ਦਾ ਬਦਲਾ ਲੈਣ ਦੇ ਨਾਂਅ ਉੱਤੇ ਆਪਣੀ ਫੌਜ ਦੀ ਲਾਮਬੰਦੀ ਕਰਵਾ ਕੇ ਨਵਾਜ਼ ਸ਼ਰੀਫ ਨੂੰ ਦੱਸੇ ਬਗੈਰ ਕਾਰਗਿਲ ਦੀ ਜੰਗ ਲਾ ਦਿੱਤੀ ਅਤੇ ਸੰਬੰਧ ਸੁਧਰਨ ਦੀ ਥਾਂ ਹੋਰ ਵਿਗਾੜ ਦਿੱਤੇ ਸਨ।

ਆਪਣੀ ਪੂਰੀ ਚੜ੍ਹਤ ਦੇ ਦੌਰ ਵਿਚ ਜਨਰਲ ਮੁਸ਼ੱਰਫ ਨੇ ਅਟਲ ਬਿਹਾਰੀ ਵਾਜਪਾਈ ਨਾਲ ਸੰਬੰਧ ਸੁਧਾਰਨ ਬਾਰੇ ਗੱਲ ਏਦਾਂ ਸ਼ੁਰੂ ਕੀਤੀ, ਜਿਵੇਂ ਸਿਰੇ ਚਾੜ੍ਹਨ ਦਾ ਮਨ ਬਣਾ ਚੁੱਕਾ ਹੋਵੇ, ਪਰ ਅੰਤ ਨੂੰ ਲਿਖਿਆ ਪਿਆ ਸਾਂਝਾ ਐਲਾਨਨਾਮਾ ਆਗਰੇ ਵਿਚ ਛੱਡ ਕੇ ਪਾਕਿਸਤਾਨ ਨੂੰ ਵਾਪਸੀ ਉਡਾਰੀ ਮਾਰ ਗਿਆ ਸੀ। ਓਦੋਂ ਬਾਅਦ ਨਵਾਜ਼ ਸ਼ਰੀਫ ਤੇ ਆਸਿਫ ਅਲੀ ਜ਼ਰਦਾਰੀ ਦੇ ਵੇਲੇ ਵੀ ਥੋੜ੍ਹੀ-ਜਿਹੀ ਹਿਲਜੁਲ ਹੋਈ, ਪਰ ਗੱਲ ਅੱਗੇ ਨਹੀਂ ਵਧੀ। ਇਮਰਾਨ ਖਾਨ ਦੇ ਆਉਣ ਨਾਲ ਸੰਬੰਧ ਸੁਧਰਨ ਦੀ ਆਸ ਸੀ, ਪਰ ਉਸ ਦੇ ਸਹੁੰ ਚੁੱਕ ਸਮਾਗਮ ਵਿਚ ਉਸ ਦਾ ਯਾਰ ਨਵਜੋਤ ਸਿੰਘ ਸਿੱਧੂ ਅਚਾਨਕ ਜਿਸ ਤਰ੍ਹਾਂ ਚਰਚਾ ਦਾ ਕੇਂਦਰ ਬਣ ਗਿਆ ਤੇ ਉਹ ਹਰ ਗੱਲ ਵਿਚ 'ਮੈਂ ਆਹ ਕੀਤਾ' ਕਹਿਣ ਲੱਗ ਪਿਆ ਤਾਂ ਉਸ ਦੇ ਵਿਰੋਧੀ ਇਸ ਸਾਂਝ ਪ੍ਰਕਿਰਿਆ ਦੀਆਂ ਤੰਦਾਂ ਟੁੱਕਣ ਲੱਗ ਪਏ। ਪ੍ਰਧਾਨ ਮੰਤਰੀ ਵਜੋਂ ਮਿਆਦ ਪੂਰੀ ਕੀਤੇ ਬਿਨਾਂ ਉਸ ਦੀ ਕੁਰਸੀ ਖੁੱਸ ਜਾਣ ਪਿੱਛੋਂ ਫਿਰ ਨਵਾਜ਼ ਸ਼ਰੀਫ ਦਾ ਭਰਾ ਸ਼ਾਹਬਾਜ਼ ਸ਼ਰੀਫ ਪਾਕਿਸਤਾਨ ਦਾ ਪ੍ਰਧਾਨ ਮਤਰੀ ਬਣ ਜਾਣ ਨਾਲ ਕੁਝ ਲੋਕਾਂ ਨੂੰ ਇੱਕ ਵਾਰ ਫਿਰ ਉਹੋ ਸੰਬੰਧ ਸੁਧਰਨ ਦੀ ਝਾਕ ਹੋ ਗਈ ਸੁਣੀ ਜਾ ਰਹੀ ਹੈ, ਪਰ ਤਜਰਬਾ ਦੱਸਦਾ ਹੈ ਕਿ ਆਸ ਜਿੰਨੀ ਮਰਜ਼ੀ ਕੋਈ ਲਾਉਂਦਾ ਰਹੇ, ਪਾਕਿਸਤਾਨ ਨਾਲ ਸੰਬੰਧਾਂ ਵਿਚ ਸੁਧਾਰ ਕੋਈ ਨਹੀਂ ਹੋ ਸਕਣਾ।

ਸਾਡੇ ਇਹ ਕਹਿਣ ਦਾ ਅਰਥ ਇਹ ਨਹੀਂ ਕਿ ਅਸੀਂ ਦੋਵਾਂ ਵਿਚ ਸਾਂਝ ਨਹੀਂ ਚਾਹੁੰਦੇ, ਸਗੋਂ ਅਸੀਂ ਯੂਰਪੀ ਦੇਸ਼ਾਂ ਦੇ ਲੋਕਾਂ ਵਰਗੀ ਸਾਂਝ ਚਾਹੁੰਦੇ ਹਾਂ, ਜਿੱਥੇ ਇੱਕ ਦੂਸਰੇ ਦੇਸ਼ ਵਿਚ ਸਹਿਜ ਭਾਅ ਨਾਲ ਆਉਣ-ਜਾਣ ਹੋ ਸਕਦਾ ਹੈ। ਔਕੜ ਅਸਲ ਵਿਚ ਇਹ ਹੈ ਕਿ ਓਥੋਂ ਦੀ ਰਾਜਨੀਤੀ ਦੇ ਰਥਵਾਨਾਂ ਨੇ ਪਿਛਲੇ ਸਤੱਤਰ ਸਾਲਾਂ ਦੌਰਾਨ ਆਪਣੇ ਲੋਕਾਂ ਨੂੰ ਇਹ ਹੀ ਸਬਕ ਪੜ੍ਹਾਇਆ ਹੈ ਕਿ ਭਾਰਤ ਨੇ ਪਾਕਿਸਤਾਨ ਨੂੰ ਹੜੱਪ ਕਰ ਜਾਣਾ ਹੈ। ਭਾਰਤ ਦੀ ਏਦਾਂ ਦੀ ਸੋਚ ਨਹੀਂ। ਕਈ ਸਾਲ ਪਹਿਲਾਂ ਜਦੋਂ ਮਣੀ ਸ਼ੰਕਰ ਅਈਅਰ ਪਾਕਿਸਤਾਨ ਵਿਚ ਭਾਰਤ ਦਾ ਹਾਈ ਕਮਿਸ਼ਨਰ ਸੀ ਤਾਂ ਇੱਕ ਸੈਮੀਨਾਰ ਵਿਚ ਇਹੋ ਸਵਾਲ ਉਸ ਨੂੰ ਪੁੱਛਿਆ ਗਿਆ ਸੀ ਕਿ ਤੁਹਾਡਾ ਦੇਸ਼ ਪਾਕਿਸਤਾਨ ਨੂੰ ਹੜੱਪ ਜਾਣਾ ਚਾਹੁੰਦਾ ਹੈ। ਉਸ ਦਾ ਜਵਾਬ ਓਦੋਂ ਵੀ ਦਲੀਲ ਪੂਰਨ ਸੀ ਤੇ ਅੱਜ ਵੀ ਢੁਕਵਾਂ ਹੈ। ਮਣੀ ਸ਼ੰਕਰ ਨੇ ਕਿਹਾ ਸੀ ਕਿ ਸਾਡੇ ਭਾਰਤ ਦੇ ਢਾਈ ਦਰਜਨ ਰਾਜਾਂ ਵਿਚੋਂ ਚਾਰ-ਪੰਜ ਰਾਜਾਂ ਵਿਚ ਬਦ-ਅਮਨੀ ਹੈ ਤੇ ਅਸੀਂ ਉਨ੍ਹਾਂ ਦੀ ਬਦ-ਅਮਨੀ ਸੰਭਾਲਣ ਵਿਚ ਔਖ ਮਹਿਸੂਸ ਕਰਦੇ ਹਾਂ। ਜੇ ਪਾਕਿਸਤਾਨ ਸਾਡੇ ਵਿਚ ਮਿਲਾ ਦਿੱਤਾ ਜਾਵੇ ਤਾਂ ਇਸ ਦੇ ਪੰਜ ਰਾਜਾਂ ਵਿਚੋਂ ਇੱਕ ਵੀ ਸ਼ਾਂਤ ਨਹੀਂ। ਜਿਹੜਾ ਭਾਰਤ ਆਪਣੇ ਪਹਿਲੇ ਚਾਰ-ਪੰਜ ਰਾਜਾਂ ਵਿਚ ਚੱਲਦੀ ਬਦ-ਅਮਨੀ ਸੰਭਾਲਣ ਵਿਚ ਔਖ ਮਹਿਸੂਸ ਕਰਦਾ ਹੈ, ਉਹ ਤੁਹਾਡੇ ਵਾਲੇ ਪੰਜ ਹੋਰ ਮਿਲਾ ਕੇ ਮੁਸੀਬਤ ਵਿਚ ਵਾਧਾ ਕਰਨ ਦੀ ਬੇਵਕੂਫੀ ਕਦੇ ਨਹੀਂ ਕਰੇਗਾ। ਸਾਡੇ ਢਾਈ ਦਰਜਨ ਰਾਜਾਂ ਦੇ ਲੋਕਾਂ ਦੀ ਕਮਾਈ ਪਹਿਲਾਂ ਇਨ੍ਹਾਂ ਚਾਰ-ਪੰਜ ਰਾਜਾਂ ਨੂੰ ਸੰਭਾਲਣ ਉੱਤੇ ਲੱਗਦੀ ਹੈ, ਫਿਰ ਤੁਹਾਡੇ ਵਾਲੇ ਪੰਜ ਰਾਜਾਂ ਵਿਚ ਵੀ ਫੌਜਾਂ ਲਾਉਣੀਆਂ ਅਤੇ ਉਨ੍ਹਾਂ ਦਾ ਖਰਚਾ ਆਪਣੇ ਸਿਰ ਲੈਣਾ ਪਵੇਗਾ। ਏਦਾਂ ਦੀ ਬੇਵਕੂਫੀ ਅਸੀਂ ਨਹੀਂ ਸੋਚਾਂਗੇ। ਉਸ ਦੀ ਇਸ ਦਲੀਲ ਉੱਤੇ ਪਾਕਿਸਤਾਨੀ ਮੀਡੀਆ ਕਈ ਦਿਨ ਵੱਖ-ਵੱਖ ਪੱਖਾਂ ਤੋਂ ਚਰਚਾ ਕਰਦਾ ਰਿਹਾ ਸੀ।

ਹਾਲਾਤ ਵਿਚ ਉਸ ਦੇ ਬਾਅਦ ਕਿਸੇ ਤਰ੍ਹਾਂ ਦਾ ਸੁਖਾਵਾਂ ਮੋੜ ਭਾਰਤ ਵਿਚ ਨਹੀਂ ਆਇਆ, ਚਾਰ ਰਾਜਾਂ ਦੀ ਹਾਲਤ ਸੁਧਰੇ ਤਾਂ ਪੰਜ ਹੋਰਨਾਂ ਦੀ ਵਿਗੜ ਜਾਂਦੀ ਹੈ ਅਤੇ ਨਾ ਪਾਕਿਸਤਾਨ ਦੇ ਹਾਲਾਤ ਸੁਧਰੇ ਹਨ। ਜਿਹੜੀ ਦਲੀਲ ਮਣੀ ਸ਼ੰਕਰ ਅਈਅਰ ਨੇ ਓਦੋਂ ਦਿੱਤੀ ਸੀ, ਭਾਰਤ ਦੀ ਨੀਤੀ ਦਾ ਹਿੱਸਾ ਅੱਜ ਵੀ ਉਹੀ ਹੋ ਸਕਦੀ ਹੈ। ਪਾਕਿਸਤਾਨ ਵਿਚ ਵੀ ਸਥਿਤੀ ਨਾ ਸਿਰਫ ਅਮਨ-ਕਾਨੂੰਨ ਖਰਾਬ ਹੋਣ ਪੱਖੋਂ ਓਦੋਂ ਵਾਲੀ ਜਾਂ ਉਸ ਤੋਂ ਵੱਧ ਖਰਾਬ ਹੋ ਚੁੱਕੀ ਹੈ, ਸਗੋਂ ਓਥੇ ਫੌਜੀ ਜਕੜ ਵੀ ਉਸ ਦੇਸ਼ ਦੀ ਨਬਜ਼ ਉੱਤੇ ਓਦੋਂ ਵਾਂਗ ਪੱਕੀ ਹੈ ਅਤੇ ਇਹ ਧਾਰਨਾ ਕਾਇਮ ਹੈ ਕਿ ਉਸ ਦੇਸ਼ ਨੂੰ ਭਾਰਤ ਵੱਲੋਂ ਹੜੱਪੇ ਜਾਣ ਤੋਂ ਬਚਾਉਣਾ ਹੈ ਤਾਂ ਫੌਜ ਦੀ ਸਰਦਾਰੀ ਨੂੰ ਚੈਲਿੰਜ ਨਾ ਕਰੋ। ਜਿਹੜਾ ਕੋਈ ਆਗੂ ਕਦੀ ਫੌਜ ਦੀ ਇਸ ਸਰਦਾਰੀ ਨੂੰ ਚੁਣੌਤੀ ਦੇਣ ਦੀ ਮਾੜੀ-ਮੋਟੀ ਵਿਚਾਰ ਕਰਨ ਲੱਗਦਾ ਹੈ, ਉਸ ਦੀ ਕੁਰਸੀ ਦੇ ਪਾਵੇ ਕੱਟੇ ਜਾਂਦੇ ਹਨ ਤੇ ਅਗਲੇ ਹਫਤੇ ਸੜਕ ਸਵਾਰ ਹੋਣਾ ਪੈ ਜਾਂਦਾ ਹੈ। ਇਸ ਕਰਕੇ ਪ੍ਰਧਾਨ ਮੰਤਰੀ ਓਥੇ ਜਿਹੜਾ ਵੀ ਬਣ ਜਾਵੇ, ਜਿਹੜੀਆਂ ਧਾਰਨਾਵਾਂ ਨਾਲ ਓਥੋਂ ਦੀ ਫੌਜੀ ਕਮਾਂਡ ਚੱਲਦੀ ਹੈ ਤੇ ਜਿਵੇਂ ਓਥੇ ਰਾਜਨੀਤੀ ਅੱਜ ਤੱਕ ਵੀ ਫੌਜੀ ਕਮਾਂਡ ਦੀ ਅਧੀਨਗੀ ਹੇਠ ਚੱਲਦੀ ਹੈ, ਭਾਰਤ-ਪਾਕਿ ਸੰਬੰਧਾਂ ਵਿਚ ਸੁਧਾਰ ਦੀ ਵੱਡੀ ਇੱਛਾ ਦੇ ਬਾਵਜੂਦ ਵੱਡੇ ਸੁਫਨੇ ਨਹੀਂ ਲਏ ਜਾ ਸਕਦੇ।

# ਕਿਤੇ ਤਾਂ ਕੋਈ ਹੈ!



ਹਰਜੀਤ ਦਿਓਲ, ਬਰੈਂਪਟਨ

ਪ੍ਰਾਚੀਨ ਕਾਲ ਤੋਂ ਮਨੁੱਖ ਨਵੇਂ ਦਿਸਹੱਦੇ ਲੱਭਦਾ ਆਇਆ ਹੈ ਅਤੇ ਇਸ ਦੀ ਬੇਚੈਨ ਰੂਹ ਕਦੇ ਟਿਕ ਕੇ ਨਹੀਂ ਬੈਠੀ। ਇਸ ਵਿਸ਼ਾਲ ਧਰਤੀ ਨੂੰ ਇਹਨੇ ਗਾਹ ਮਾਰਿਆ ਤੇ ਇਸ ਦਾ ਹਰ ਖੱਲ ਖੂੰਜਾ ਫਰੋਲ ਸੁੱਟਿਆ। ਜਦ ਵਾਰੀ ਆਈ ਆਕਾਸ਼ 'ਚ ਚਮਕਦੇ ਸਿਤਾਰਿਆਂ ਦੀ ਤਾਂ ਇਸ ਸਿਰੜੀ ਜੀਵ ਨੇ ਓਧਰ ਨੀਝ ਲਾ ਵੇਖਣਾ ਸ਼ੁਰੂ ਕੀਤਾ। ਵਿਕਸਤ ਦਿਮਾਗ ਦੇ ਮਾਲਕ ਇਨਸਾਨ ਨੇ ਸੌਰ ਮੰਡਲ ਦੀ ਨਾਪ ਜੋਖ ਕਰਨ 'ਚ ਬਹੁਤੀ ਦੇਰ ਨਹੀਂ ਲਾਈ। ਜਿਓਂ ਜਿਓਂ ਤਕਨੀਕੀ ਜਾਣਕਾਰੀ ਵਿਕਸਤ ਹੁੰਦੀ ਗਈ ਸੂਰਜ ਦੁਆਲੇ ਘੁੰਮਦੇ ਨੌਂ ਗ੍ਰਹਿ ਇਸ ਲਈ ਕੋਈ ਅਜੂਬਾ ਨਹੀਂ ਰਹੇ। ਪੌਣੇ ਚਾਰ ਲੱਖ ਕਿਲੋਮੀਟਰ ਦੂਰ ਚੰਨ 'ਤੇ ਤਾਂ ਮਨੁੱਖ ਗੇੜਾ ਵੀ ਮਾਰ ਆਇਆ ਅਤੇ ਪੌਣੇ ਛੇ ਹਜ਼ਾਰ ਮਿਲੀਅਨ ਕਿਲੋਮੀਟਰ ਦੂਰ ਸੂਰਜ ਮੰਡਲ ਦੇ ਆਖਰੀ ਗ੍ਰਹਿ ਪਲੂਟੋ ਨੇੜਿਓਂ ਇਸ ਦੀਆਂ ਤਸਵੀਰਾਂ ਲੈਂਦੇ ਹੋਏ ਰਾਕਟ ਲੰਘਾ ਦਿੱਤਾ। ਛੇਤੀ ਹੀ ਪਤਾ ਲੱਗ ਗਿਆ ਕਿ ਇਨ੍ਹਾਂ ਗ੍ਰਹਾਂ 'ਤੇ ਕੋਈ ਵਿਕਸਤ (ਇੰਟੈਲੀਜੈਂਟ) ਸਭਿਅਤਾ ਨਹੀਂ ਹੈ ਪਰ ਸੂਖਮਜੀਵੀਆਂ ਦੀ ਹੋਂਦ ਦੇ ਸੰਕੇਤ ਤਾਂ ਅਕਸਰ ਮਿਲਦੇ ਹੀ ਰਹਿੰਦੇ ਹਨ। 1960 ਤੱਕ ਸੌਰ ਮੰਡਲ ਤੋਂ ਬਾਹਰ ਨਜ਼ਰੀਂ ਪੈਂਦੀਆਂ ਆਕਾਸ਼ਗੰਗਾਵਾਂ (ਗਲੈਕਸੀਜ਼) ਬਾਰੇ ਕੋਈ ਠੋਸ ਜਾਣਕਾਰੀ ਨਹੀਂ ਸੀ ਪਰ ਤਾਕਤਵਰ ਦੂਰਬੀਨਾਂ, ਰੇਡੀਓ ਤਰੰਗਾਂ ਅਤੇ ਲੇਜ਼ਰ ਬੀਮ ਤਕਨੀਕਾਂ ਦੀ ਬਦੌਲਤ ਮਨੁੱਖ ਨੇ ਵਿਸ਼ਾਲ ਬ੍ਰਹਿਮੰਡ ਗਾਹ ਮਾਰਿਆ। ਲੱਖਾਂ ਹੋਰ ਸੂਰਜ ਅਤੇ ਉਨ੍ਹਾਂ ਦੁਆਲੇ ਘੁੰਮਦੇ ਗ੍ਰਹਿ ਨਜ਼ਰ ਆਏ ਪਰ ਮਨੁੱਖੀ ਉਤਸੁਕਤਾ ਦੀ ਤਾਂ ਕੋਈ ਸੀਮਾ ਨਹੀਂ। ਫੇਰ ਧਰਤੀ ਵਰਗੇ ਗ੍ਰਹਾਂ ਦੀ ਖੋਜ ਕੀਤੀ ਗਈ ਜਿਨ੍ਹਾਂ 'ਤੇ ਵਿਕਸਤ ਜੀਵਨ ਹੋਣ ਦੀ ਸੰਭਾਵਨਾ ਜਤਾਈ ਗਈ। ਤਾਜ਼ਾ ਜਾਣਕਾਰੀਆਂ ਅਨੁਸਾਰ ਅਜਿਹੇ ਕਈ ਸੂਰਜ ਮੰਡਲ ਖੋਜੇ ਜਾ ਚੁੱਕੇ ਹਨ ਜਿਨ੍ਹਾਂ ਦੁਆਲੇ ਘੁੰਮਦੇ ਧਰਤੀ ਵਰਗੇ ਗ੍ਰਹਾਂ ਉੱਤੇ ਧਰਤੀ ਵਰਗਾ ਵਾਤਾਵਰਨ ਹੋ ਸਕਦਾ ਹੈ ਭਾਵ ਜੀਵਨ ਦੇ ਅਨੁਕੂਲ। ਜੇਕਰ ਓਥੇ ਜੀਵਨ ਪੱਲਰਨ ਦਾ ਸੰਜੋਗ ਬਣਿਆ ਸੀ ਤਾਂ ਲਾਜ਼ਮੀ ਤੌਰ 'ਤੇ ਸਾਡੇ ਨਾਲੋਂ ਜ਼ਿਆਦਾ ਵਿਕਸਤ(ਇੰਟੈਲੀਜੈਂਟ) ਸਭਿਅਤਾਵਾਂ ਦੀ ਮੌਜੂਦਗੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਇਹ ਕਿਆਸੀਆਂ ਸਭਿਅਤਾਵਾਂ ਸਾਥੋਂ ਸੈਂਕੜੇ ਪ੍ਰਕਾਸ਼ ਵਰ੍ਹੇ ਦੂਰ ਹਨ।

ਭਾਵੇਂ ਅੱਜ ਦੀ ਘੜੀ ਇਹ ਫਾਸਲਾ ਤੈਅ ਕਰ ਓਥੇ ਅੱਪੜਨਾ ਸੰਭਵ ਨਹੀਂ ਪਰ ਜਿਸ ਰਫਤਾਰ ਨਾਲ ਵਿਗਿਆਨ ਅੱਜ ਹੈਰਾਨੀਜਨਕ ਪੁਲਾਂਘਾਂ ਪੁੱਟ ਰਿਹਾ ਹੈ ਏਲੀਅਨ ਸਭਿਅਤਾਵਾਂ ਨਾਲ ਸੰਪਰਕ ਦਾ ਸੁਫਨਾ ਅਸੰਭਵ ਨਹੀਂ। ਤਾਕਤਵਰ ਰੇਡੀਓ ਸੰਕੇਤ ਭੇਜੇ ਜਾ ਰਹੇ ਹਨ ਤਾਂ ਜੋ ਗਲੈਕਸੀ (ਆਕਾਸ਼ਗੰਗਾ) ਵਿਚ ਮੌਜੂਦ ਕਿਸੇ ਵਿਕਸਤ



ਦੁਨੀਆ ਵੱਲੋਂ ਹੁੰਗਾਰਾ ਮਿਲ ਸਕੇ। ਇਹ ਹੰਭਲੇ ਬਹੁਤੇ ਖਰਚੀਲੇ ਹੋਣ ਸਦਕਾ ਇਸ ਪਾਸੇ ਹੋ ਰਹੀ ਪ੍ਰਗਤੀ ਭਾਵੇਂ ਮੱਠੀ ਹੈ ਪਰ ਵਿਗਿਆਨੀਆਂ ਦੇ ਸਿਰੜ ਅੱਗੇ ਅਸੰਭਵ ਕੁਝ ਵੀ ਨਹੀਂ। ਇਸ ਪਾਸੇ ਲੱਗੇ ਇੱਕ ਵਿਗਿਆਨੀ ਨੇ ਲਿਖਿਆ ਹੈ ਕਿ 1977 ਵਿਚ ਓਹਾਇਓ ਵਿਖੇ ਤਾਇਨਾਤ ਇਕ ਐਂਟੀਨਾ ਨੇ ਸੰਪਰਕ ਸੰਕੇਤ ਫੜੇ ਪਰ ਸਾਡੇ ਵੱਲੋਂ ਤੁਰੰਤ ਮੌਨੀਟਰ ਨਾ ਹੋਣ ਸਦਕਾ ਇਹ ਦੁਹਰਾਏ ਨਹੀਂ ਗਏ ਕਿਉਂਕਿ ਹੋ ਸਕਦਾ ਹੈ ਉਨ੍ਹਾਂ (ਏਲੀਅਨ) ਛੇਤੀ ਕਿਸੇ ਹੋਰ ਪਾਸੇ ਨਿਸ਼ਾਨਾ ਸਾਧ ਲਿਆ ਹੋਵੇ। ਦਿਨੋ-ਦਿਨ ਵਿਗਿਆਨੀਆਂ ਦੀ ਇਹ ਧਾਰਨਾ ਮਜ਼ਬੂਤ ਹੁੰਦੀ ਜਾ ਰਹੀ ਹੈ ਕਿ ਇਸ ਬ੍ਰਹਿਮੰਡ ਵਿਚ ਅਸੀਂ ਇਕੱਲੇ ਨਹੀਂ, ਕਿਤੇ ਤਾਂ ਕੋਈ ਹੈ ਜੋ ਸਾਨੂੰ 'ਹੈਲੋ' ਕਹਿਣ ਲਈ ਬੇਤਾਬ ਹੈ ਤੇ ਅਸੀਂ ਸੁਣਨ ਲਈ। ਇਸ ਖੂਬਸੂਰਤ ਧਰਤੀ ਨੂੰ ਜੇਕਰ ਆਪੋ ਆਪਣੇ ਧਰਮਾਂ ਅਤੇ ਨਸਲਾਂ ਦੀ ਰਾਖੀ ਲਈ ਲੜ ਰਹੇ ਕੱਟਰ ਧਰਮੀਆਂ ਪਰਮਾਣੂ ਬੰਬਾਂ ਨਾਲ ਤਬਾਹ ਨਹੀਂ ਕਰ ਲਿਆ ਤਾਂ ਨਿਸ਼ਚਤ ਤੌਰ 'ਤੇ ਇੱਕ ਦਿਨ ਵਿਗਿਆਨੀਆਂ ਜੀਵਨ ਨਾਲ ਭਰਪੂਰ ਧਰਤੀ ਵਰਗਾ ਕੋਈ ਹੋਰ ਗ੍ਰਹਿ ਤਲਾਸ਼ ਕਰ ਹੀ ਲੈਣਾ ਹੈ। ਹੋ ਸਕਦਾ ਹੈ ਨਵੇਂ ਲੱਭੇ ਗਏ ਗ੍ਰਹਿ 'ਤੇ ਸਾਡੇ ਨਾਲੋਂ ਜ਼ਿਆਦਾ ਬੁੱਧੀਮਾਨ ਸਭਿਅਤਾ ਮੌਜੂਦ ਹੋਵੇ। ਫਰਜ਼ ਕਰੋ ਸਾਡੇ ਨਾਲੋਂ ਕਿਤੇ ਵੱਧ ਵਿਕਸਤ ਏਲੀਅਨ ਸਭਿਅਤਾ ਨਾਲ ਸਾਡਾ ਵਾਹ ਪੈਂਦਾ ਹੈ ਤਾਂ ਅਸੀਂ ਉਨ੍ਹਾਂ ਦੀਆਂ ਵਿਕਸਤ ਤਕਨੀਕੀ ਜਾਣਕਾਰੀਆਂ ਜ਼ਰੂਰ ਹਾਸਲ ਕਰਨ ਦਾ ਯਤਨ ਕਰਾਂਗੇ ਅਤੇ ਸੋਚੋ ਉਹ ਸਾਡੇ ਕੋਲੋਂ ਕੀ ਹਾਸਲ ਕਰਨਗੇ? ਧਰਮ ਸਥਾਨਾਂ ਵਿਚ ਨਿਭਾਈ ਜਾਂਦੀ ਪਾਠ ਪੂਜਾ ਜਾਂ ਇਹੋ ਜਿਹੇ ਸਥਾਨਾਂ 'ਤੇ ਲੱਗੇ ਲਾਊਡ ਸਪੀਕਰਾਂ ਬਾਰੇ ਵਿਵਾਦ! ਆਪਣੇ ਧਾਰਮਕ ਸੰਕੀਰਨ ਅਮਲਾਂ 'ਤੇ ਲਾਜ਼ਮੀ ਤੌਰ 'ਤੇ ਸਾਨੂੰ ਸ਼ਰਮਿੰਦਾ ਹੋਣਾ ਪਵੇਗਾ। ਧਰਮਾਂ ਦੀਆਂ ਸੀਮਤ ਹੱਦਾਂ ਵਿਚ ਭਟਕ ਰਹੀ ਲੋਕਾਈ ਨੂੰ ਸਮਝਣਾ ਚਾਹੀਦਾ ਹੈ ਕਿ ਬ੍ਰਹਿਮੰਡ ਦੇ ਗੁੱਝੇ ਭੇਤਾਂ ਦੀਆਂ ਪਰਤਾਂ ਫਰੋਲ ਰਹੇ ਵਿਗਿਆਨੀ ਹੀ ਅਸਲ ਵਿਚ ਰੱਬ ਦੀ ਸੱਚੀ ਅਰਾਧਨਾ ਕਰ ਰਹੇ ਹਨ।

# ਸਾਧਸੰਗਤਿ ਗੁਰ ਸਬਦ ਸੁਰਤੀ

ਪਹਿਲੀਆਂ ਪੰਜ ਪਉੜੀਆਂ ਦੀ ਤਰ੍ਹਾਂ ਹੀ, ਸੱਤਵੀਂ ਵਾਰ ਦੀ ਇਸ ਛੇਵੀਂ ਪਉੜੀ ਵਿਚ ਵੀ, ਭਾਈ ਗੁਰਦਾਸ ਛੇ ਦੀ ਗਿਣਤੀ ਨੂੰ ਲੈ ਕੇ ਗੁਰਮੁਖਿ ਬਾਰੇ ਬਿਆਨ ਕਰਦੇ ਹਨ। ਭਾਰਤ ਵਿਚ ਆਮ ਤੌਰ 'ਤੇ ਛੇ ਰੁੱਤਾਂ ਮੰਨੀਆਂ ਜਾਂਦੀਆਂ ਹਨ, ਬਸੰਤ, ਗ੍ਰੀਖਮ (ਗਰਮ ਰੁੱਤ), ਪਾਵਸ (ਵਰਖਾ ਰੁੱਤ), ਸਿਸਰ (ਪੱਤਝੜ), ਸਰਦ ਅਤੇ ਹੇਮੰਤ - ਜਿਨ੍ਹਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਗੁਰਮੁਖਿ ਨੇ ਇਨ੍ਹਾਂ ਛੇ ਰੁੱਤਾਂ ਵਿਚ ਸਾਧਨਾ ਕਰ ਕੇ, ਗੁਰੂ ਦੀ ਸਿੱਖਿਆ ਦੀ ਮਿਹਰ ਨਾਲ, ਗੁਰਮਤਿ ਗਿਆਨ ਰਾਹੀਂ ਛੇ ਸ਼ਾਸਤਰਾਂ-ਸਾਂਖ, ਯੋਗ, ਨਿਆਇ, ਪੂਰਵ ਮੀਮਾਂਸਾ, ਉਤਰ ਮੀਮਾਂਸਾ ਅਤੇ ਵੇਦਾਂਤ ਨੂੰ ਸਾਧ ਲਿਆ ਹੈ, ਜਿੱਤ ਲਿਆ ਹੈ। ਛੇ ਰਸ ਖੱਟਾ, ਮਿੱਠਾ, ਕਸੈਲਾ, ਕੌੜਾ, ਤਿੱਖਾ ਅਤੇ ਸਲੂਣਾ ਨੂੰ ਵੀ ਸਾਧ ਲਿਆ ਹੈ ਅਰਥਾਤ ਗੁਰਮੁਖਿ ਉਤੇ ਇਨ੍ਹਾਂ ਰਸਾਂ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਉਹ ਇਨ੍ਹਾਂ ਸਭ 'ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ; ਉਸ ਨੇ ਛੇ ਰਾਗਾਂ (ਭੈਰੋਂ ਜਾਂ ਭੈਰਵ, ਮਾਲ ਕੌਂਸ, ਹਿੰਡੋਲ, ਦੀਪਕ ਸ੍ਰੀ ਰਾਗ ਅਤੇ ਮੇਘ ਰਾਗ) ਅੱਗੋਂ ਉਨ੍ਹਾਂ ਦੀਆਂ ਰਾਗਣੀਆਂ (ਜਿਨ੍ਹਾਂ ਦੀ ਗਿਣਤੀ ਆਮ ਤੌਰ 'ਤੇ ਛੱਤੀ ਮੰਨੀ ਜਾਂਦੀ ਹੈ) ਨੂੰ ਵੀ ਪੂਰੀ ਤਰ੍ਹਾਂ ਪ੍ਰੇਮਾ-ਭਗਤੀ ਵਿਚ ਲਾ ਲਿਆ ਹੈ ਅਰਥਾਤ ਗੁਰਮੁਖਿ



ਡਾ. ਗੁਰਨਾਮ ਕੌਰ, ਕੈਨੇਡਾ

ਰਾਗਾਂ ਤੋਂ ਵੀ ਪਾਰ ਪਾ ਕੇ ਭਾਉ-ਭਗਤੀ ਕਰਦਾ ਹੈ। ਉਸ ਨੇ ਛੇ ਚਿਰੰਜੀਵੀਆਂ (ਭਾਰਤੀ ਸ਼ਾਸਤਰਾਂ ਅਨੁਸਾਰ ਲੰਬੇ ਸਮੇਂ ਤੱਕ ਜਿਊਣ ਵਾਲੇ ਜਿਵੇਂ ਮਾਰਕੰਡੇ, ਕਾਕ ਭਸੁੰਡ, ਲੋਮਸ, ਵੇਦ ਵਿਆਸ ਆਦਿ) ਅਤੇ ਛੇ ਜਤੀਆਂ (ਹਨੂਮਾਨ, ਲਛਮਣ, ਗੋਰਖ ਆਦਿ) ਅਤੇ ਛੇ ਯੋਗ-ਚੱਕ੍ਰਾਂ ਆਦਿ ਨੂੰ ਗੁਰਮਤਿ ਰਾਹੀਂ ਸਾਧ ਲਿਆ ਹੈ। ਇਸ ਦਾ ਅਰਥ ਇਥੇ ਇਹ ਹੈ ਕਿ ਉਹ ਗੁਰੂ ਦੀ ਸਿੱਖਿਆ ਰਾਹੀਂ ਗੁਰਮੁਖਿ ਇਨ੍ਹਾਂ ਸਾਰਿਆਂ ਦੀ ਸਿਆਣਪ ਅਤੇ ਵਿਧੀਆਂ ਨੂੰ ਸਮਝਦਾ ਹੈ। ਉਸ ਨੇ ਛੇ ਸ਼ਾਸਤਰਾਂ (ਭਾਰਤੀ ਦਰਸ਼ਨ-ਸ਼ਾਸਤਰ ਜਿਨ੍ਹਾਂ ਦਾ ਉਪਰ ਵੀ ਜ਼ਿਕਰ ਕੀਤਾ ਹੈ), ਛੇ ਕਰਮਾਂ (ਭਾਰਤੀ ਸ਼ਾਸਤਰਾਂ ਅਨੁਸਾਰ ਜਪ, ਹੋਮ, ਸੰਧਿਆ, ਇਸ਼ਨਾਨ, ਅਤਿਥੀ ਪੂਜਾ, ਦੇਵ ਅਰਚਾ ਆਦਿ) ਨੂੰ ਜਿੱਤ ਕੇ, ਗੁਰੂਆਂ ਦੇ ਗੁਰੂ ਅਕਾਲ ਪੁਰਖ ਦੀ ਸੁਰਤਿ ਨਾਲ ਇਕ-ਰਸ ਹੋ ਕੇ ਆਪਣੀ ਸੁਰਤਿ ਜੋੜੀ ਹੈ। ਛੇ ਵਰਤਾਰੇ (ਪੰਜ ਗਿਆਨ ਇੰਦਰੀਆਂ, ਅਤੇ ਛੇਵਾਂ ਮਨ) ਇਨ੍ਹਾਂ ਸਾਰਿਆਂ ਨੂੰ ਸਾਧ ਕੇ ਛੱਤੀ ਕਿਸਮ ਦੇ ਪਖੰਡਾਂ ਵੱਲੋਂ ਆਪਣੇ ਆਪ ਨੂੰ ਰੋਕ ਕੇ ਇਕ-ਰਸ ਪ੍ਰੀਤ ਵਿਚ ਜੋੜ ਲਿਆ ਹੈ। ਕਹਿਣ ਤੋਂ ਭਾਵ ਹੈ ਕਿ ਛੇ ਦਰਸ਼ਨ-ਸ਼ਾਸਤਰਾਂ ਨਾਲ ਜੋ ਛੇ ਛੇ ਪਖੰਡ ਜੁੜੇ ਹੋਏ ਹਨ ਉਨ੍ਹਾਂ ਸਾਰਿਆਂ ਵੱਲੋਂ ਆਪਣੇ ਮਨ ਨੂੰ ਮੋੜ ਕੇ ਗੁਰੂ ਦੀ ਸਿੱਖਿਆ ਨਾਲ ਜੋੜ ਲਿਆ ਹੈ। ਇਸ ਤਰ੍ਹਾਂ ਗੁਰਮੁਖਿ ਨੇ ਸਾਧਸੰਗਤਿ ਵਿਚ ਜਾ ਕੇ ਗੁਰੂ ਦੀ ਦਿੱਤੀ ਮਤਿ ਰਾਹੀਂ ਆਪਣੀ ਸੁਰਤਿ ਨੂੰ ਸ਼ਬਦ ਵਿਚ ਇਕਸੁਰ ਕਰ ਲਿਆ ਹੈ:

ਛਿਅ ਰੁਤੀ ਕਰਿ ਸਾਧਨਾਂ
ਛਿਅ ਦਰਸਨ ਸਾਧੈ ਗੁਰਮਤੀ।
ਛਿਅ ਰਸ ਰਸਨਾ ਸਾਧਿ ਕੈ
ਰਾਗ ਰਾਗਣੀ ਭਾਇ ਭਗਤੀ।
ਛਿਅ ਚਿਰਜੀਵੀ ਛਿਅ ਜਤੀ
ਚੱਕ੍ਰਵਰਤਿ ਛਿਅ ਸਾਧਿ ਜੁਗਤੀ।
ਛਿਅ ਸਾਸਤ੍ਰ ਛਿਅ ਕਰਮ
ਜਿਣਿ ਛਿਅ ਗੁਰਾਂ ਗੁਰਸੁਰਤਿ ਨਿਰਤੀ।
ਛਿਅ ਵਰਤਾਰੇ ਸਾਧਿ ਕੈ
ਛਿਅ ਛਕ ਛਤੀ ਪਵਣ ਪਰਤੀ।
ਸਾਧਸੰਗਤਿ ਗੁਰ ਸਬਦ ਸੁਰਤੀ॥6॥

ਅਗਲੀ ਪਉੜੀ ਵਿਚ ਸੱਤ ਦੀ ਗਿਣਤੀ ਨਾਲ ਗੁਰਮੁਖਿ ਦੀ ਵਿਆਖਿਆ ਕੀਤੀ ਹੈ। ਦੱਸਿਆ ਹੈ ਕਿ ਗੁਰਮੁਖਿ ਸੱਤ ਸਮੁੰਦਰਾਂ (ਦੁਨੀਆ ਵਿਚ ਸਮੁੰਦਰਾਂ ਦੀ ਪੂਰੀ ਜਾਣਕਾਰੀ ਤੋਂ ਪਹਿਲਾਂ ਪੁਰਾਣੇ ਸਾਹਿਤ ਵਿਚ ਆਮ ਤੌਰ 'ਤੇ ਸਮੁੰਦਰਾਂ ਲਈ ਸੱਤ ਸਮੁੰਦਰਾਂ ਦਾ ਮੁਹਾਵਰਾ ਹੀ ਵਰਤਿਆ ਜਾਂਦਾ ਸੀ) ਅਤੇ ਸੱਤ ਦੀਪਾਂ (ਭਾਰਤੀ ਪ੍ਰੰਪਰਾ ਵਿਚ ਸੱਤ ਦੀਪ ਇਹ ਮੰਨੇ ਜਾਂਦੇ ਸੀ ਜੰਬੂ ਦੀਪ, ਕੁਸ਼ਦੀਪ, ਲਖਣ ਦੀਪ, ਸਵੇਤ ਦੀਪ, ਕਰੋਚ ਦੀਪ, ਸਾਨ ਦੀਪ ਅਤੇ ਪੁਸ਼ਕਰ ਦੀਪ) ਨੂੰ ਲੰਘ ਕੇ ਗਿਆਨ ਰੂਪੀ ਦੀਵਾ ਜਗਾਇਆ ਹੈ। ਸੱਤ ਸੂਤ ਅਰਥਾਤ ਪੰਜ ਗਿਆਨ ਇੰਦਰੇ, ਮਨ ਅਤੇ ਬੁੱਧੀ ਨੂੰ ਇੱਕ ਸੂਤ ਉੱਚੀ ਸੁਰਤਿ ਵਿਚ ਪਰੋਅ ਕੇ ਸੱਤ ਮਿਥਿਹਾਸਕ ਪੁਰੀਆਂ (ਭਾਰਤੀ ਪ੍ਰੰਪਰਾ ਵਿਚ ਧਰੂ ਪੁਰੀ, ਇੰਦ੍ਰ ਪੁਰੀ ਅਤੇ ਸ਼ਿਵ ਪੁਰੀ ਆਦਿ) ਤੋਂ ਉੱਪਰ ਉਠ ਜਾਂਦਾ ਹੈ। ਇੱਥੇ ਕਹਿਣ ਤੋਂ ਭਾਵ ਹੈ ਕਿ ਗੁਰਮੁਖਿ ਦਾ ਰਸਤਾ ਇਨ੍ਹਾਂ ਸਾਰੇ ਮਿਥਿਹਾਸਕ ਨਾਵਾਂ-ਥਾਵਾਂ ਤੋਂ ਅੱਗੇ ਨਿਕਲ ਜਾਂਦਾ ਹੈ ਅਤੇ ਉਸ ਦਾ ਗਿਆਨ ਉਚਤਮ ਗਿਆਨ ਹੈ। ਉਹ ਸੱਤ ਸਤੀਆਂ (ਅਹੱਲਿਆ, ਦਰੁਪਦੀ, ਕੁੰਤੀ, ਸੀਤਾ, ਤਾਰਾ ਅਤੇ ਮੰਦੋਤਰੀ ਆਦਿ), ਸੱਤ ਰਿਸ਼ੀਆਂ (ਕਸ਼ਯਪ, ਵਿਸ਼ਵਾਮਿਤਰ, ਗੌਤਮ, ਜਮਦਗਨਿ, ਭਾਰਦਵਾਜ, ਵਸ਼ਿਸ਼ਟ ਅਤੇ ਅੱਤਰੀ), ਦੀ ਅਸਲੀਅਤ ਅਤੇ ਸੱਤ ਸੁਰਾਂ ਦੇ ਅਸਲੀ ਅਰਥਾਂ ਨੂੰ ਸਮਝ ਕੇ ਆਪਣੀ ਪਰਮਾਤਮ-ਲਿਵ ਵਿਚ ਦ੍ਰਿੜ ਰਹਿੰਦਾ ਹੈ। ਗਿਆਨ ਦੇ ਸੱਤੇ ਪੜਾਵਾਂ ਨੂੰ ਪਾਰ ਕਰ ਕੇ ਗੁਰਮੁਖਿ ਬ੍ਰਹਮ ਦੇ ਗਿਆਨ ਨੂੰ ਪ੍ਰਾਪਤ ਕਰ ਲੈਂਦਾ ਹੈ ਜੋ ਸਾਰੇ ਗਿਆਨ ਦੇ ਸਾਰੇ ਪੜਾਵਾਂ ਦਾ ਅਧਾਰ ਹੈ। ਸੱਤਾਂ ਅਕਾਸ਼ਾਂ (ਅਕਾਸ਼ ਵੀ ਸੱਤ ਮੰਨੇ ਗਏ ਹਨ ਭੂ, ਭੁਵ, ਸਵ, ਮਹ, ਜਨ, ਤਪ, ਅਤੇ ਸਤ) ਅਤੇ ਸੱਤ ਪਤਾਲਾਂ (ਅਤਲ, ਵਿਤਲ, ਸੁਤਲ, ਰਸਾਤਾਲ ਆਦਿ) ਸਭ ਨੂੰ ਵਸੀਕਾਰ ਕਰ ਕੇ ਉਚਤਮ ਪਦਵੀ ਪ੍ਰਾਪਤ ਕਰਦਾ ਹੈ; ਅਰਥਾਤ ਹਰ ਤਰ੍ਹਾਂ ਦੀ ਕਾਮਨਾ ਤੋਂ ਬੇਲਾਗ ਹੋ ਕੇ ਆਪਣਾ ਧਿਆਨ ਉਸ ਇੱਕ ਅਕਾਲ ਪੁਰਖ ਵੱਲ ਲਾਉਂਦਾ ਹੈ, ਉਸ ਨੂੰ ਕਿਸੇ ਹੋਰ ਪ੍ਰਾਪਤੀ ਦੀ ਇੱਛਾ ਨਹੀਂ ਰਹਿੰਦੀ। ਪਹਾੜਾਂ ਦੀਆਂ ਸੱਤ ਧਾਰਾਂ ਗੰਗਾ, ਜਮੁਨਾ, ਸਰਸਵਤੀ, ਸਤਿਲੁਜ, ਰਾਵੀ, ਬਿਆਸ ਅਤੇ ਝਨਾਂ ਆਦਿ ਨੂੰ ਲੰਘ ਕੇ ਭੈਰਵ ਆਦਿ ਭੂਤ-ਪ੍ਰੇਤ ਆਦਿ ਸਭ ਨੂੰ ਦਲਮਲ ਸੁੱਟਦਾ ਹੈ (ਖੇਤ੍ਰਪਾਲ ਭੈਰੋਂ ਦੀ ਪਦਵੀ ਮੰਨੀ ਗਈ ਹੈ)। ਸੱਤ ਨਛੱਤਰਾਂ ਰੋਹਣੀ ਆਦਿ, ਸੱਤ ਵਾਰਾਂ, ਸੱਤ ਗ੍ਰਹਿਾਂ (ਸੂਰਜ, ਚੰਦਰ, ਮੰਗਲ, ਬੁੱਧ, ਬ੍ਰਿਹਿਸਪਤੀ ਅਤੇ ਸ਼ਨੀ ਆਦਿ), ਸੱਤ ਸੁਹਾਗਣਾਂ (ਰਿਸ਼ੀਆ ਦੀਆਂ ਪਤਨੀਆਂ) ਆਦਿ ਵਿਚ ਗੁਰਮੁਖ ਨਹੀਂ ਹਾਰਦਾ ਭਾਵ ਉਹ ਅਜਿਹੇ ਵਹਿਮਾਂ ਭਰਮਾਂ ਤੋਂ ਨਿਰਲੇਪ ਹੁੰਦਾ ਹੈ। ਗੁਰਮੁਖਿ ਸਤਿਸੰਗਤ ਦੇ ਆਸਰੇ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ 'ਤੇ ਫਤਿਹ ਪਾਉਂਦਾ ਹੈ। ਇਸ ਦਾ ਭਾਵ ਇਹ ਬਣਦਾ ਹੈ ਕਿ ਸੱਤ ਦੀ ਗਿਣਤੀ ਵਾਲੇ ਇਨ੍ਹਾਂ ਪ੍ਰਚੱਲਤ ਵਹਿਮਾਂ-ਭਰਮਾਂ ਵਿਚ ਗੁਰਮੁਖਿ ਨਹੀਂ ਫਸਦਾ, ਨਾ ਹੀ ਉਹ ਅਜਿਹੀਆ ਚੀਜ਼ਾਂ ਤੋਂ ਡਰਦਾ ਅਤੇ ਉਨ੍ਹਾਂ ਦੇ ਵਹਿਮਾਂ ਵਿਚ ਫਸਦਾ ਹੈ ਬਲਕਿ ਉਹ ਸਤਿਸੰਗਤ ਦੇ ਆਸਰੇ ਅਜਿਹੇ ਵਹਿਮਾਂ-ਭਰਮਾਂ 'ਤੇ ਫਤਿਹ ਪਾ ਲੈਂਦਾ ਹੈ ਅਤੇ ਆਪਣੀ ਸੁਰਤਿ ਪਰਮਾਤਮ-ਸੁਰਤਿ ਨਾਲ ਜੋੜਦਾ ਹੈ:

ਸਤ ਸਮੁੰਦ ਉਲੰਘਿਆ
ਦੀਪ ਸਤ ਇਕੁ ਦੀਪਕੁ ਬਲਿਆ।
ਸਤ ਸੂਤਿ ਇਕ ਸੂਤਿ ਕਰਿ
ਸਤੇ ਪੁਰੀਆ ਲੰਘਿ ਉਛਲਿਆ।
ਸਤ ਸਤੀ ਜਿਣਿ ਸਪਤ ਰਿਖਿ
ਸਤਿਸੁਰਾ ਜਿਣਿ ਅਟਲੁ ਨ ਟਲਿਆ।
ਸਤੇ ਸੀਵਾਂ ਸਾਧਿ ਕੈ
ਸਤੀ ਸੀਵੀਂ ਸੁਫਲਿਓ ਫਲਿਆ।
ਸਤ ਅਕਾਸ ਪਤਾਲ ਸਤ
ਵਸਿਗਤਿ ਕਰਿ ਉਪਰੇਰੈ ਚਲਿਆ।
ਸਤੇ ਧਾਰੀ ਲੰਘਿ ਕੈ ਭੈਰਉ
ਖੇਤ੍ਰਪਾਲ ਦਲ ਮਲਿਆ।
ਸਤੇ ਰੋਹਣਿ ਸਤਿ ਵਾਰ
ਸਤਿ ਸੁਹਾਗਣਿ ਸਾਧਿ ਨ ਢਲਿਆ।
ਗੁਰਮੁਖਿ ਸਾਧਸੰਗਤਿ ਵਿਚਿ ਖਲਿਆ॥7॥

ਅੱਠਵੀਂ ਪਉੜੀ ਵਿਚ ਭਾਈ ਗੁਰਦਾਸ ਅੱਠ ਦੀ ਗਿਣਤੀ ਰਾਹੀਂ ਗੁਰਮੁਖਿ ਦੀ ਕਰਨੀ ਦਾ ਉਲੇਖ ਕਰਦੇ ਹਨ। ਭਾਈ ਸਾਹਿਬ ਅਨੁਸਾਰ ਜਗਿਆਸੂਆਂ ਨੇ ਅੱਠ ਸਿੱਧੀਆਂ (ਆਵਮਾਂ, ਮਹਿਮਾਂ, ਗਰਿਮਾ, ਲਘਿਮਾ, ਪ੍ਰਾਪਤਿ, ਪ੍ਰਾਕਰਮ, ਵਸ਼ਿਤਾ, ਈਸ਼ਤਾ) ਆਦਿ ਨੂੰ ਸਿੱਧ ਕਰਕੇ ਵੀ ਅੰਤ ਨਹੀਂ ਪਾਇਆ। ਸ਼ੇਸ਼ਨਾਗ ਨੇ ਅੱਠ ਕੁਲਾਂ ਦੀ ਸਾਧਨਾ ਕਰ ਕੇ ਵੀ ਸਿਮਰਨ ਦੀ ਕੀਮਤ ਨਹੀਂ ਪਾਈ। ਅੱਠ ਪੰਸੇਰੀਆਂ (ਪੰਜ ਸੇਰ ਦਾ ਵੱਟਾ-ਕਿੱਲੋਗਰਾਮ ਤੋਂ ਪਹਿਲਾਂ 'ਸੇਰ' ਪ੍ਰਚੱਲਤ ਸੀ) ਮਿਲ ਕੇ ਇੱਕ ਮਣ (ਭਾਰਤੀ ਮਾਪ ਵਿਚ ਚਾਲੀ ਸੇਰ ਨੂੰ ਇੱਕ ਮਣ ਕਿਹਾ ਜਾਂਦਾ ਸੀ) ਬਣਦਾ ਹੈ ਅਤੇ ਪੰਜ ਨੂੰ ਅੱਠ ਨਾਲ ਗੁਣਾ ਕਰੀਏ ਤਾਂ ਚਾਲੀ ਸੇਰ ਬਣਦਾ ਹੈ। ਜਿਵੇਂ ਚਰਖੇ ਵਿਚ ਅੱਠ ਫੱਟੀਆਂ (ਚਾਰ ਇੱਕ ਪਾਸੇ ਅਤੇ ਚਾਰ ਦੂਜੇ ਪਾਸੇ) ਹੁੰਦੀਆਂ ਹਨ ਪ੍ਰੰਤੂ ਚਰਖਾ ਇੱਕ ਸੂਤ (ਸੂਤ ਦੀ ਵੱਟੀ ਹੋਈ ਮਾਲ੍ਹ) ਦੇ ਆਸਰੇ ਲਿਵ ਲਾ ਕੇ ਇਕਸੂਤ ਚੱਲਦਾ ਹੈ। ਇਸੇ ਤਰ੍ਹਾਂ ਅੱਠ ਪਹਿਰ ਦਾ ਦਿਨ ਅਤੇ ਰਾਤ ਹੁੰਦਾ ਹੈ, ਯੋਗ ਦੇ ਵੀ ਅੱਠ ਅੰਗ (ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ ਅਤੇ ਸਮਾਧੀ) ਹਨ; ਅੱਠ ਰਾਈ ਦਾ ਇੱਕ ਚੌਲ, ਅੱਠ ਚੌਲ ਦੀ ਇੱਕ ਰੱਤੀ ਅਤੇ ਅੱਠ ਰੱਤੀ ਦਾ ਇੱਕ ਮਾਸਾ ਬਣਦਾ ਹੈ। ਇਨ੍ਹਾਂ ਸਾਰਿਆਂ ਦਾ ਆਪਸ ਵਿਚ ਅੱਠ ਦਾ ਸਬੰਧ ਹੈ। ਅੱਠ ਲੱਕੜੀਆਂ ਵਰਗੇ ਕਠੋਰ ਮਨ ਨੂੰ ਵਸ ਵਿਚ ਕਰ ਕੇ ਗੁਰਮੁਖਿ ਨੇ ਇੱਕਸੁਰ ਕਰ ਲਿਆ ਹੈ ਜਿਵੇਂ ਅੱਠ ਧਾਤਾਂ ਨੂੰ ਮਿਲਾ ਕੇ ਇੱਕ ਧਾਤ ਬਣ ਜਾਂਦੀ ਹੈ। ਇਹ ਸਭ ਸਾਧਸੰਗਤਿ ਦੀ ਵਡਿਆਈ ਹੈ ਕਿਉਂਕਿ ਸਾਧਸੰਗਤਿ ਵਿਚ ਜਾਇਆਂ ਹੀ ਇਹ ਪ੍ਰਾਪਤੀ ਸੰਭਵ ਹੁੰਦੀ ਹੈ:

ਅਠੈ ਸਿਧੀ ਸਾਧਿ ਕੈ
ਸਾਧਿਕ ਸਿਧ ਸਮਾਧਿ ਫਲਾਈ।
ਅਸਟਕੁਲੀ ਬਿਖੁ ਸਾਧਨਾ
ਸਿਮਰਣਿ ਸੇਖ ਨ ਕੀਮਤਿ ਪਾਈ।
ਮਣੁ ਹੋਇ ਅਠ ਪੈਸੇਰੀਆ
ਪੰਜੂ ਅਠੇ ਚਾਲੀਹ ਭਾਈ।
ਜਿਉ ਚਰਖਾ ਅਠ ਖੰਭੀਆ
ਇਕਤੁ ਸੂਤਿ ਰਹੈ ਲਿਵ ਲਾਈ।
ਅਠ ਪਹਿਰ ਅਸਟਾਂਗੁ ਜੋਗੁ
ਚਾਵਲ ਰਤੀ ਮਾਸਾ ਰਾਈ।
ਅਠ ਕਾਠਾ ਮਨੁ ਵਸ ਕਰਿ
ਅਸਟ ਧਾਤੁ ਇਕੁ ਧਾਤੁ ਕਰਾਈ।
ਸਾਧਸੰਗਤਿ ਵਡੀ ਵਡਿਆਈ॥8॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਨੌਂ ਦੀ ਗਿਣਤੀ ਰਾਹੀਂ ਵਰਨਣ ਕਰਦੇ ਹਨ ਕਿ ਭਾਵੇਂ ਗੁਰਮੁਖਿ ਨੌਂ ਨਾਥ ਜੋਗੀਆਂ (ਗੋਰਖ ਨਾਥ, ਮਛੰਦਰ ਨਾਥ, ਭੰਗਰ ਨਾਥ, ਭੰਗਰ ਨਾਥ ਆਦਿ) ਨੂੰ ਨੱਥ ਲੈਂਦੇ ਹਨ ਭਾਵ ਹੁਕਮ ਵਿਚ ਤੋਰ ਲੈਂਦੇ ਹਨ ਪ੍ਰੰਤੂ ਆਪ ਨਿਮਾਣੇ ਹੋ ਕੇ ਵਿਚਰਦੇ ਹਨ ਅਤੇ ਕਿਉਂਕਿ ਗੁਰਮੁਖ ਨਾਥਾਂ ਦੇ ਨਾਥ ਅਕਾਲ ਪੁਰਖ ਨੂੰ ਸਭ ਦਾ ਸਹਾਈ ਹੋਣ ਵਾਲਾ ਮੰਨਦੇ ਹਨ। ਨੌਂ ਖ਼ਜ਼ਾਨੇ (ਨੌਂ ਖ਼ਜ਼ਾਨੇ ਪਦਮ, ਮਹਾ ਪਦਮ, ਮਕਰ, ਕੱਛਪ, ਮੁਕੰਦ, ਕੰਦ, ਨੀਲ, ਸੰਖ, ਖਰਬ ਆਦਿ) ਗੁਰਮੁਖਾਂ ਦੇ ਹੁਕਮ ਵਿਚ ਹੁੰਦੇ ਹਨ ਪ੍ਰੰਤੂ ਗਿਆਨ (ਗਿਆਨ ਸਭ ਤੋਂ ਵੱਡੀ ਦੌਲਤ ਹੈ) ਦਾ ਖ਼ਜ਼ਾਨਾ ਗੁਰਮੁਖਿ ਦੇ ਨਾਲ ਨਾਲ ਗੁਰਬਾਣੀ ਦੀ ਤਰ੍ਹਾਂ ਚੱਲਦਾ ਹੈ; ਕਹਿਣ ਤੋਂ ਭਾਵ ਹੈ ਕਿ ਗਿਆਨ ਸਦੀਵੀ ਗੁਰਮੁਖਾਂ ਦੇ ਅੰਗ ਸੰਗ ਰਹਿੰਦਾ ਹੈ। ਨਵ-ਭਗਤ ਨੌਂ ਕਿਸਮ ਦੀ ਭਗਤੀ (ਸ੍ਰਵਣ, ਕੀਰਤਨ, ਸਿਮਰਨ, ਆਦਿ) ਕਰਦੇ ਹਨ ਪ੍ਰੰਤੂ ਗੁਰਮੁਖਿ ਉਸ ਅਕਾਲ ਪੁਰਖ ਦੀ ਪ੍ਰੇਮਾ-ਭਗਤੀ ਵਿਚ ਆਪਣੀ ਲਿਵ ਜੋੜ ਕੇ ਰੱਖਦੇ ਹਨ ਅਰਥਾਤ ਗੁਰਮੁਖਿ ਲਈ ਪਰਮਾਤਮਾ ਦੇ ਪ੍ਰੇਮ ਵਿਚ ਲੀਨ ਰਹਿਣਾ ਹੀ ਸਭ ਤੋਂ ਵੱਡੀ ਭਗਤੀ ਹੈ।

ਗੁਰਮੁਖਿ ਨੌਂ ਗ੍ਰਹਿ (ਨੌਂ ਗੋਲਕਾਂ ਨੱਕ, ਕੰਨ, ਮੂੰਹ, ਅੱਖਾਂ ਆਦਿ) ਨੂੰ ਗ੍ਰਿਹਸਤ ਵਿਚ ਰਹਿੰਦਿਆਂ ਹੀ ਸਾਧ ਲੈਂਦਾ ਹੈ ਭਾਵ ਉਸ ਦੇ ਗਿਆਨ ਇੰਦ੍ਰੇ ਗੁਰਮੁਖਿ ਦੇ ਵੱਸ ਵਿਚ ਹੁੰਦੇ ਹਨ ਅਤੇ ਸਤਿਗੁਰੂ ਦੀ ਵਡਿਆਈ ਹੀ ਹੈ, ਜਿਸ ਨਾਲ ਗੁਰਮੁਖਿ ਆਪਣੇ ਗਿਆਨ ਇੰਦ੍ਰਿਆਂ ਨੂੰ ਗ੍ਰਿਹਸਤ ਵਿਚ ਰਹਿੰਦਿਆਂ ਵੀ ਕਾਬੂ ਵਿਚ ਰੱਖਣਾ ਸਿੱਖ ਲੈਂਦਾ ਹੈ। ਉਹ ਨੌਂ ਭੂਖੰਡਾਂ ਨੂੰ ਜਿੱਤ ਕੇ ਵੀ ਆਪ ਅਖੰਡ ਰਹਿੰਦਾ ਹੈ ਅਰਥਾਤ ਉਸ ਦੀ ਬਿਰਤੀ ਖੰਡਤ ਨਹੀਂ ਹੁੰਦੀ ਅਤੇ ਉਹ ਨੌਂ ਦਰਵਾਜ਼ਿਆਂ ਨੂੰ ਲੰਘ ਆਪਣੇ ਨਿਜ-ਘਰ ਅਰਥਾਤ ਆਪਣੇ ਸਵੈ ਵਿਚ ਟਿਕ ਜਾਂਦਾ ਹੈ; ਗੁਰਮੁਖਿ ਗੁਰੂ ਦੀ ਸਿੱਖਿਆ ਅਨੁਸਾਰ ਸਹਿਜ ਮਾਰਗ 'ਤੇ ਚੱਲ ਕੇ ਆਪਣੇ ਸਵੈ ਦਾ ਅਨੁਭਵ ਕਰ ਲੈਂਦਾ ਹੈ। ਨੌਂ ਦੀ ਗਿਣਤੀ ਤੋਂ ਅਣਗਿਣਤ ਗਿਣਤੀਆਂ ਤੱਕ ਪਹੁੰਚ ਸਕੀਦਾ ਹੈ ਅਤੇ ਗੁਰਮੁਖਿ ਆਪਣੇ ਸਰੀਰ ਅੰਦਰਲੇ ਨੌਂ ਰਸਾਂ ਨੂੰ ਕਾਬੂ ਕਰ ਕੇ ਸਹਿਜ ਅਵਸਥਾ ਵਿਚ ਸਮਾ ਜਾਂਦਾ ਹੈ। ਗੁਰਮੁਖਿ ਨੂੰ ਉਸ ਸੁਖਫਲ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਦਾ ਭਾਵਅਰਥ ਇਹੀ ਹੈ ਕਿ ਗੁਰੂ ਦਾ ਦੱਸਿਆ ਮਾਰਗ ਸਹਿਜ ਮਾਰਗ ਹੈ ਜਿਸ 'ਤੇ ਗ੍ਰਿਹਿਸਤ ਵਿਚ ਰਹਿੰਦਿਆਂ ਵੀ ਗੁਰਮੁਖਿ ਚੱਲਦਾ ਹੈ ਅਤੇ ਆਪਣੇ ਸਵੈ ਦਾ, ਆਪਣੇ ਮੂਲ ਦਾ ਅਨੁਭਵ ਕਰ ਕੇ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ:

ਨਥਿ ਚਲਾਏ ਨਵੈ ਨਾਥਿ
ਨਾਥਾ ਨਾਥੁ ਅਨਾਥ ਸਹਾਈ।
ਨਉ ਨਿਧਾਨ ਫੁਰਮਾਨ ਵਿਚਿ
ਪਰਮ ਨਿਧਾਨ ਗਿਆਨ ਗੁਰਭਾਈ।
ਨਉ ਭਗਤੀ ਨਉਭਗਤਿ ਕਰਿ
ਗੁਰਮੁਖਿ ਪ੍ਰੇਮ ਭਗਤਿ ਲਿਵ ਲਾਈ।
ਨਉ ਗ੍ਰਿਹ ਸਾਧ ਗ੍ਰਿਹਸਤ ਵਿਚਿ
ਪੂਰੇ ਸਤਿਗੁਰ ਦੀ ਵਡਿਆਈ।
ਨਉ ਖੰਡ ਸਾਧ ਅਖੰਡ ਹੋਇ
ਨਉ ਦੁਆਰਿ ਲੰਘਿ ਨਿਜ ਘਰਿ ਜਾਈ।
ਨਉ ਅੰਗ ਨੀਲ ਅਨੀਲ ਹੋਇ
ਨਉ ਕੁਲ ਨਿਗ੍ਰਹ ਸਹਜਿ ਸਮਾਈ।
ਗੁਰਮੁਖਿ ਸੁਖ ਫਲੁ ਅਲਖੁ ਲਖਾਈ॥9॥

ਦਸਵੀਂ ਪਉੜੀ ਵਿਚ ਦਸਨਾਮੀ ਸੰਨਿਆਸੀਆਂ ਦੇ ਦਸ ਫਿਰਕਿਆਂ (ਗਿਰੀ, ਪੁਰੀ, ਭਾਰਤੀ, ਸੁਰੱਸਤੀ, ਤੀਰਥੀ, ਆਸ਼ਰਮੀ, ਬਨੀ, ਅਰੰਨਯੀ, ਪਰਬਤੀ, ਸਾਗਰ ਆਦਿ) ਵੱਲ ਇਸ਼ਾਰਾ ਕਰਦਿਆਂ ਸਮਝਾਇਆ ਹੈ ਕਿ ਉਸ ਇੱਕ ਸੱਚੇ ਨਾਮ ਤੋਂ ਬਿਨਾਂ ਹੀ ਉਨ੍ਹਾਂ ਨੇ ਆਪਣਾ ਨਾਮ ਗਿਣਵਾਇਆ ਹੈ, ਇਨ੍ਹਾਂ ਸੰਨਿਆਸੀਆਂ ਦੇ ਦਸ ਫਿਰਕਿਆ ਨੇ ਅਕਾਲ ਪੁਰਖ ਦੀ ਥਾਂ ਆਪਣੇ ਨਾਮ ਦਾ ਹੀ ਪ੍ਰਚਾਰ ਕੀਤਾ ਹੈ ਅਰਥਾਤ ਆਪਣੇ ਸੰਨਿਆਸੀ ਹੋਣ ਦਾ ਅਹੰਕਾਰ ਕੀਤਾ ਹੈ। ਇਸੇ ਤਰ੍ਹਾਂ ਵਿਸ਼ਨੂ ਦੇ ਦਸ ਅਵਤਾਰਾਂ (ਮਤਸਯ, ਕੁਰਮ, ਵਰਾਹ, ਨਰਸਿੰਘ, ਵਾਮਨ, ਪਰਸ਼ੁਰਾਮ, ਰਾਮ, ਕ੍ਰਿਸ਼ਨ ਅਤੇ ਬਲਰਾਮ) ਨੇ ਸਰੀਰ ਧਾਰਨ ਕਰਕੇ ਵੀ ਉਸ ਇੱਕ ਪਰਮਾਤਮਾ ਨੂੰ ਨਹੀਂ ਜਾਣਿਆ ਅਤੇ ਆਪਣਾ ਹੀ ਨਾਮ ਜਪਾਇਆ। ਤੀਰਥਾਂ ਅਤੇ ਦਸ ਪੁਰਬਾਂ (ਵਿਸਾਖੀ, ਮਾਘੀ, ਦਿਵਾਲੀ, ਦੁਸਹਿਰਾ, ਟੁਕਤੀ, ਨਿਮਾਣੀ, ਦੁਆਦਸੀ, ਵਿਤੀਪਾਤ, ਵੈਧ੍ਰਿਤ, ਜਨਮ ਅਸਟਮੀ) ਦੇ ਸੰਜੋਗ ਨੇਗੁਰਪੁਰਬ ਦੀ ਬਰਾਬਰੀ ਨਹੀਂ ਕੀਤੀ ਕਿਉਂਕਿ ਇਨ੍ਹਾਂ ਪੁਰਬਾਂ ਵਿਚ ਸੰਸਾਰਕ ਖ਼ੁਸ਼ੀ ਤਾਂ ਮਿਲਦੀ ਹੈ ਪ੍ਰੰਤੂ ਗੁਰਪੁਰਬ ਦੀ ਤਰ੍ਹਾਂ ਇਹ ਮਨ ਨੂੰ ਵਾਹਿਗੁਰੂ ਵੱਲ ਨਹੀਂ ਲੈ ਕੇ ਜਾਂਦੇ। ਜਿਨ੍ਹਾਂ ਨੇ ਸਾਧਸੰਗਤਿ ਵਿਚ ਜਾ ਕੇ ਇੱਕ ਮਨ ਅਤੇ ਇੱਕ ਚਿੱਤ ਹੋ ਕੇ ਉਸ ਇੱਕ ਅਕਾਲ ਪੁਰਖ ਦਾ ਧਿਆਨ ਨਹੀਂ ਧਰਿਆ ਉਨ੍ਹਾਂ ਦਾ ਮਨ ਦਸਾਂ ਦਿਸ਼ਾਵਾਂ ਵੱਲ ਭਟਕਦਾ ਰਹਿੰਦਾ ਹੈ ਅਰਥਾਤ ਸਤਿਸੰਗਤਿ ਵਿਚ ਜਾ ਕੇ ਵਾਹਿਗੁਰੂ ਨਾਲ ਮਨ ਨੂੰ ਜੇ ਨਾ ਜੋੜਿਆ ਜਾਵੇ ਤਾਂ ਮਨ ਸਹਿਜ ਅਵਸਥਾ ਨੂੰ ਪ੍ਰਾਪਤ ਨਹੀਂ ਹੁੰਦਾ ਅਤੇ ਉਸ ਦੀ ਭਟਕਣ ਨਹੀਂ ਮੁੱਕਦੀ। ਗੁਰਮਤਿ ਵਿਚ ਮੁਸਲਮਾਨਾਂ ਦੇ ਮੁਹੱਰਮ ਦੇ ਦਸ ਦਿਨ ਅਤੇ ਹਿੰਦੂਆਂ ਦੇ ਦਸ ਯੱਗ (ਅਸ਼ਵਮੇਧ, ਰਾਜਮੇਧ, ਗੋਮੇਧ, ਅਜ, ਨਰ, ਰਾਜਸ, ਬ੍ਰਹਮ ਯੱਗ, ਅਨਜਰ, ਹੇਤ੍ਰ, ਚਾਤ੍ਰ ਆਦਿ) ਨੂੰ ਨਹੀਂ ਮੰਨਿਆ ਗਿਆ, ਇਨ੍ਹਾਂ ਦਾ ਨਿਖੇਧ ਕੀਤਾ ਗਿਆ ਹੈ। ਇਥੇ ਭਾਈ ਗੁਰਦਾਸ ਨੇ ਮੁਹੱਰਮ ਜਾਂ ਯੱਗ ਆਦਿ ਦਾ ਵਰਣਨ ਕੀਤਾ ਹੈ ਕਿਉਂਕਿ ਗੁਰਮਤਿ ਵਿਚ ਸਵੈ-ਅਨੁਭਵ ਅਰਥਾਤ ਆਪਣੇ ਜੋਤਿ-ਸਰੂਪ ਹੋਣ ਦੇ ਅਨੁਭਵ ਲਈ ਇੱਕੋ ਇੱਕ ਸਾਧਨ ਸਾਧਸੰਗਤਿ ਵਿਚ ਜਾ ਕੇ, ਇਕ ਮਨ ਇੱਕ ਚਿੱਤ ਹੋ ਕੇ ਉਸ ਅਕਾਲ ਪੁਰਖ ਦਾ ਨਾਮ ਧਿਆਉਣ ਅਤੇ ਸੇਵਾ ਨੂੰ ਪਰਵਾਨ ਕੀਤਾ ਗਿਆ ਹੈ। ਹੋਰ ਕਿਸੇ ਕਿਸਮ ਦੇ ਸਾਧਨ ਜਿਵੇਂ ਕਿਸੇ ਕਿਸਮ ਨਾਲ ਆਪਣੇ ਸਰੀਰ ਨੂੰ ਕਸ਼ਟ ਦੇਣਾ ਜਾਂ ਯੱਗ ਆਦਿ ਕਰ ਕੇ ਬਲੀ ਵਗੈਰਾ ਦੇਣ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਯੱਗ ਕਰਨਾ ਅਤੇ ਨਾਲ ਹੀ ਅਹਿੰਸਾ ਦੇ ਸਿਧਾਂਤ ਨੂੰ ਮੰਨਣਾ ਸਵੈ-ਵਿਰੋਧੀ ਹੈ ਕਿਉਂਕਿ ਯੱਗ ਵਿਚ ਜਦੋਂ ਬਲੀ ਦਿੱਤੀ ਜਾਂਦੀ ਹੈ ਤਾਂ ਸਿਧਾਂਤ ਦਾ ਨਿਖੇਧ ਆਪਣੇ ਆਪ ਹੋ ਜਾਂਦਾ ਹੈ। ਗੁਰਮੁਖਿ ਗੁਰੂ ਦੀ ਸਿੱਖਿਆ 'ਤੇ ਚੱਲਦਿਆਂ ਆਪਣੀਆਂ ਦਸੇ ਇੰਦ੍ਰੀਆਂ (ਪੰਜ ਗਿਆਨ ਇੰਦ੍ਰੀਆਂ ਅਤੇ ਪੰਜ ਕਰਮ ਇੰਦ੍ਰੀਆਂ) ਨੂੰ ਵੱਸ ਵਿਚ ਕਰ ਕੇ ਅਤੇ ਆਪਣੇ ਮਨ ਨੂੰ ਬਾਹਰ ਵਾਲੇ ਪਾਸੇ ਤੋਂ ਮੋੜ ਕੇ ਅੰਤਰਮੁਖੀ ਕਰਦਾ ਹੈ ਅਤੇ ਪਰਮਾਤਮਾ ਨਾਲ ਜੋੜਦਾ ਹੈ।

ਭਾਈ ਸਾਹਿਬ ਨੇ ਨਤੀਜਾ ਇਹ ਕੱਢਿਆ ਹੈ ਕਿ ਗੁਰਮੁਖਿ ਪੈਰੀਂ ਪੈ ਕੇ ਅਰਥਾਤ ਨਿਮਰਤਾ ਨਾਲ ਜਗਤ ਨੂੰ ਵੀ ਨਿਵਾ ਲੈਂਦਾ ਹੈ ਅਰਥਾਤ ਗੁਰਮੁਖਿ ਨਿਮਰਤਾ ਵਿਚ ਜਿਉਂਦਾ ਹੈ ਅਤੇ ਦੂਸਰਿਆਂ ਨੂੰ ਵੀ ਨਿਮਰਤਾ ਵਿਚ ਜਿਉਣ ਦਾ ਵੱਲ ਦੱਸਦਾ ਹੈ (ਗੁਰਮਤਿ ਵਿਚ ਹਲੀਮੀ ਅਰਥਾਤ ਨਿਮਰਤਾ ਨੂੰ ਗੁਰਮੁਖਿ ਦਾ ਲਾਜ਼ਮੀ ਨੈਤਿਕ ਗੁਣ ਪਰਵਾਨ ਕੀਤਾ ਗਿਆ ਹੈ):

ਸੰਨਿਆਸੀ ਦਸ ਨਾਵ ਧਰਿ
ਸਚ ਨਾਵ ਵਿਣੁ ਨਾਵ ਗਣਾਇਆ।
ਦਸ ਅਵਤਾਰ ਅਕਾਰੁ ਕਰਿ
ਏਕੰਕਾਰੁ ਨ ਅਲਖੁ ਲਖਾਇਆ।
ਤੀਰਥ ਪੁਰਬ ਸੰਜੋਗ ਵਿਚਿ
ਦਸ ਪੁਰਬੀਂ ਗੁਰਪੁਰਬਿ ਨ ਪਾਇਆ।
ਇਕ ਮਨਿ ਇਕ ਨ ਚੇਤਿਓ
ਸਾਧਸੰਗਤਿ ਵਿਣੁ ਦਹਦਿਸਿ ਧਾਇਆ।
ਦਸ ਦਹੀਆਂ ਦਸ ਅਸਵਮੇਧ ਖਾਇ
ਅਮੇਧ ਨਿਖੇਧੁ ਕਰਾਇਆ।
ਇੰਦਰੀਆਂ ਦਸ ਵਸਿ ਕਰਿ
ਬਾਹਰਿ ਜਾਂਦਾ ਵਰਜਿ ਰਹਾਇਆ।
ਪੈਰੀ ਪੈ ਜਗ ਪੈਰੀ ਪਾਇਆ॥10॥

ਇਨ੍ਹਾਂ ਪੰਜ ਪਉੜੀਆਂ ਦਾ ਸਾਰ ਤੱਤ ਇਹ ਨਿਕਲਦਾ ਹੈ ਕਿ ਗੁਰਮੁਖਿ ਇਕ ਅਕਾਲ ਪੁਰਖ ਦੇ ਨਾਮ ਸਿਮਰਨ ਤੋਂ ਬਿਨਾ ਹੋਰ ਕਿਸੇ ਵੀ ਕਿਸਮ ਦੇ ਕਰਮਕਾਂਡ ਵਿਚ ਨਹੀਂ ਪੈਂਦਾ। ਉਹ ਆਪਣੇ ਮਨ ਨੂੰ ਜਿੱਤਦਾ ਹੈ ਅਤੇ ਉਸ ਨੂੰ ਪਰਮਾਤਮਾ ਵਾਲੇ ਪਾਸੇ ਲਾਉਂਦਾ ਹੈ। ਇਸ ਤਰ੍ਹਾਂ ਪਰਮਾਤਮ-ਸੁਰਤਿ ਨਾਲ ਆਪਣੀ ਸੁਰਤਿ ਨੂੰ ਇਕਸੁਰ ਕਰ ਕੇ ਆਪਣੇ ਅੰਦਰ ਵਸ ਰਹੀ ਪਰਮਾਤਮ-ਜੋਤਿ ਦਾ ਅਨੁਭਵ ਕਰਦਾ ਹੈ। ਇਹ ਅਨੁਭਵ ਗੁਰੂ ਦੀ ਦੱਸੀ ਸਿੱਖਿਆ 'ਤੇ ਚਲਦਿਆਂ ਸਤਿਸੰਗਤਿ ਵਿਚ ਜਾ ਕੇ ਨਾਮ ਸਿਮਰਨ ਕੀਤਿਆਂ ਸੰਭਵ ਹੁੰਦਾ ਹੈ।

## ਹਉਮੈ ਤੇ ਗਿਆਨ

ਚਾਹੇ ਕੋਈ ਆਪਣੇ ਆਪ ਨੂੰ ਕਿੰਨਾ ਵੱਡਾ ਸੰਤ ਜਾਂ ਤਪੱਸਵੀ ਕਹੇ, ਜਿੰਨਾ ਚਿਰ ਉਸ ਦਾ ਗਿਆਨ ਸਿਰ ਵਿਚੋਂ ਉਤਰ ਕੇ ਦਿਲ ਵਿਚ ਨਹੀਂ ਬਹਿੰਦਾ ਉਸ ਨੂੰ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ।

ਤੁਹਾਡਾ ਪੜ੍ਹਿਆ ਜਾਂ ਕਮਾਇਆ ਗਿਆਨ ਹੱਥ ਦੀ ਤਲੀ 'ਤੇ ਧਰੇ ਪਾਣੀ ਵਾਂਗ ਹੈ ਅਗਰ ਉਂਗਲਾਂ ਖੋਲ੍ਹ ਦਿਉਗੇ ਤਾਂ ਉਹ ਪਾਣੀ ਜ਼ਮੀਨ 'ਤੇ ਇਕਦਮ ਗਿਰ ਜਾਏਗਾ।



ਦੇਵਿੰਦਰ ਕੌਰ ਧਾਲੀਵਾਲ

ਗਿਆਨ ਸਿਰ ਵਿਚ ਹੈ ਤਾਂ ਹੰਕਾਰ ਪੈਦਾ ਕਰਦਾ ਹੈ, ਦਿਲ ਵਿਚ ਹੋਵੇ ਤਾਂ ਸਾਰੀ ਕਾਇਨਾਤ ਨੂੰ ਪਿਆਰ ਕਰਦਾ ਹੈ। ਜਿੰਨਾ ਚਿਰ ਮੈਂ ਹੈ ਉੱਥੇ ਤੂੰ ਨਹੀਂ ਹੋ ਸਕਦਾ। ਸਾਰੇ ਜੀਵਾਂ ਨੂੰ ਪਿਆਰ ਤੇ ਉਨ੍ਹਾਂ ਦੀ ਸੇਵਾ ਕਰਨੀ ਹੈ ਤਾਂ ਪਹਿਲਾਂ ਮੈਂ ਨੂੰ ਤਿਆਗਣਾ ਹੋਵੇਗਾ। ਇਹ ਤਾਂ ਹੀ ਸੰਭਵ ਹੋਵੇਗਾ ਜੇ ਸਿਰ ਵਿਚ ਨਹੀਂ ਦਿਲ ਵਿਚ ਪਿਆਰ ਹੋਵੇਗਾ। ਜਿੰਨ੍ਹਾਂ ਨੇ ਰੱਬ ਨੂੰ ਪਾਇਆ ਉਨ੍ਹਾਂ ਨੇ ਮੈਂ ਦਾ ਤਿਆਗ ਕੀਤਾ। ਆਪਣੀ ਅੰਦਰਲੀ ਜੰਗ ਦਾ ਰੌਲਾ ਬੰਦ ਕੀਤਾ ਤੇ ਉਹ ਸਦਾ ਲਈ ਖਾਮੋਸ਼ ਹੋ ਗਏ।

ਇਕ ਕਹਾਣ ਹੈ:

ਜਿਹਨੇ ਪਾਇਆ, ਉਹਨੇ ਛੁਪਾਇਆ

ਘੱਟ ਖਾਣਾ, ਘੱਟ ਸੌਣਾ, ਘੱਟ ਬੋਲਣਾ, ਸਹੀ ਸੰਤ ਦੀ ਨਿਸ਼ਾਨੀ ਹਨ। ਇਹ ਕੋਈ ਵੀ ਹੋ ਸਕਦਾ ਹੈ ਆਪਣੀ ਕਮਾਈ ਨਾਲ।

ਆਓ! ਆਪਣੀ ਆਪਣੇ ਅੰਦਰਲੀ ਮੈਂ ਨੂੰ ਤਿਆਗ ਕੇ ਸਾਰੀ ਸ੍ਰਿਸ਼ਟੀ ਨੂੰ ਆਪਣੀ ਬੁੱਕਲ਼ ਵਿਚ ਸਮੇਟ ਕੇ ਮਿਠਾਸ ਦਾ ਨਿੱਘ ਦੇਈਏ।

# ਪੰਜਾਬ ਵਿਚ ਸ਼ਾਸਨ ਅਤੇ ਪ੍ਰਸ਼ਾਸਨ ਦਾ ਪਹੀਆ

ਪਿੱਛੇ ਜਿਹੇ ਪੰਜਾਬ ਵਿਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਵੋਟਾਂ ਤੇ ਸੀਟਾਂ ਦੇ ਲਿਹਾਜ਼ ਤੋਂ ਆਈ ਆਮ ਆਦਮੀ ਪਾਰਟੀ ਦੀ ਸੁਨਾਮੀ ਸਦਕਾ ਪਾਰਟੀ ਨੇ ਸੂਬੇ ਦੀ ਸੱਤਾ ਪ੍ਰਾਪਤ ਕੀਤੀ ਹੈ। ਇਸ ਨੇ ਸੂਬੇ ਦੇ ਸਾਰੇ ਖੇਤਰਾਂ ਵਿਚ ਆਪਣੇ ਵਿਰੋਧੀਆਂ ਨੂੰ ਚਿੱਤ ਕੀਤਾ ਅਤੇ ਪਿਛਲੇ ਲੰਮੇ ਅਰਸੇ ਤੋਂ ਪੰਜਾਬ ਦੇ ਮੰਚ ਦੇ ਮਹਾਰਥੀਆਂ ਲਈ ਇਹ ਚੋਣਾਂ 'ਵਾਟਰਲੂ' (ਉਹ ਜੰਗ ਜਿਸ ਵਿਚ ਨੈਪੋਲੀਅਨ ਦੀ ਤਾਕਤਵਰ ਫੌਜ ਦੀ ਹਾਰ ਹੋਈ) ਸਾਬਿਤ ਹੋਈਆਂ ਹਨ। ਇਹ ਅਜਿਹੀ ਚੋਣ ਸੀ ਜਿਸ ਵਿਚ ਸਾਰੇ ਧਰਮਾਂ, ਫਿਰਕਿਆਂ, ਜਾਤਾਂ, ਪਿੰਡਾਂ, ਸ਼ਹਿਰਾਂ, ਕਾਮਿਆਂ ਤੇ ਕਿਸਾਨਾਂ ਨੇ ਇਕਮੁੱਠ ਹੋ ਕੇ ਵੱਡੇ-ਵੱਡੇ ਥੰਮ੍ਹ ਪੁੱਟ ਕੇ ਨਵਾਂ ਬੂਟਾ ਲਾਇਆ ਹੈ। ਐਡੇ ਵੱਡੇ ਫਤਵੇ ਦੇ ਨਾਲ ਓਨੀ ਵੱਡੀ ਜ਼ਿੰਮੇਵਾਰੀ ਵੀ ਆਉਂਦੀ ਹੈ, ਭਾਵ ਸਿਰਫ ਆਪਣੇ ਵੋਟਰਾਂ ਦੀਆਂ

**ਗੁਰਬਚਨ ਜਗਤ**

ਹੀ ਨਹੀਂ ਸਗੋਂ ਪੰਜਾਬ ਦੇ ਸਮੁੱਚੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਵੀ ਜ਼ਿੰਮੇਵਾਰੀ ਹੈ।

ਕਿਸੇ ਵੀ ਸਰਕਾਰ ਦਾ ਸਭ ਤੋਂ ਪਹਿਲਾ ਫਰਜ਼ ਸਾਰੇ ਪੱਧਰਾਂ 'ਤੇ ਰੋਜ਼ਮਰਾ ਦਾ ਚੰਗਾ ਸ਼ਾਸਨ ਦੇਣਾ ਹੁੰਦਾ ਹੈ ਜੋ ਹਾਲੇ ਤੱਕ ਸਾਨੂੰ ਕਦੇ ਨਸੀਬ ਨਹੀਂ ਹੋ ਸਕਿਆ ਸੀ। ਸ਼ਾਸਨ ਵਿਕਾਸ ਦੀ ਅਗਾਊਂ ਸ਼ਰਤ ਹੁੰਦਾ ਹੈ ਅਤੇ ਜਿਵੇਂ ਮੈਂ ਹਮੇਸ਼ਾ ਆਖਿਆ ਹੈ ਕਿ ਚੰਗਾ ਸ਼ਾਸਨ ਦੇਣ ਲਈ ਕੋਈ ਮੁੱਲ ਨਹੀਂ ਲੱਗਦਾ। ਚੰਗੇ ਸ਼ਾਸਨ ਦੀ ਸ਼ੁਰੂਆਤ ਮੁੱਖ ਸਕੱਤਰ ਅਤੇ ਡੀ.ਜੀ.ਪੀ. ਸਣੇ ਸੂਬਾਈ ਪ੍ਰਸ਼ਾਸਨ ਦੀ ਸਿਰਮੌਰ ਲੀਡਰਸ਼ਿਪ ਦੀ ਮੈਰਿਟ ਦੇ ਆਧਾਰ 'ਤੇ ਨਿਯੁਕਤੀਆਂ ਤੋਂ ਹੁੰਦੀ ਹੈ। ਇਸ ਤੋਂ ਅਗਾਂਹ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਕਪਤਾਨਾਂ ਦੀਆਂ ਨਿਯੁਕਤੀਆਂ ਵੀ ਮੈਰਿਟ ਦੇ ਆਧਾਰ 'ਤੇ ਕਰਨੀਆਂ ਪੈਂਦੀਆਂ ਹਨ ਕਿਉਂਕਿ ਇਹ ਬਹੁਤ ਹੀ ਮਹੱਤਵਪੂਰਨ ਫੀਲਡ ਤਾਇਨਾਤੀਆਂ ਹੁੰਦੀਆਂ ਹਨ। ਹਾਲਾਂਕਿ ਨਵੀਂ ਸਰਕਾਰ ਨੂੰ ਜਾਂਚਣ ਪਰਖਣ ਲਈ ਅਜੇ ਬਹੁਤੇ ਦਿਨ ਨਹੀਂ ਲੰਘੇ ਪਰ ਜਾਪਦਾ ਹੈ ਕਿ ਹੁਣ ਤੱਕ ਸੀਨੀਅਰ ਅਫਸਰਾਂ ਦੀਆਂ ਨਿਯੁਕਤੀਆਂ ਮੈਰਿਟ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ। ਨੌਜਵਾਨ ਆਈ.ਪੀ.ਐਸ. ਅਤੇ ਆਈ.ਏ.ਐਸ. ਅਫਸਰਾਂ ਨੂੰ ਫੀਲਡ ਵਿਚ ਤਾਇਨਾਤ ਕੀਤਾ ਗਿਆ ਹੈ। ਪਹਿਲਾਂ ਇੰਝ ਨਹੀਂ ਸੀ ਹੋ ਰਿਹਾ ਜੋ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਵੀ ਉਲੰਘਣਾ ਸੀ। ਨੌਜਵਾਨਾਂ ਦੀ ਊਰਜਾ ਤੇ ਸਦਾਕਤ ਸਦਕਾ ਇਸ ਦਾ ਸ਼ਾਸਨ 'ਤੇ ਚੰਗਾ ਅਸਰ ਪਵੇਗਾ।

ਤਾਇਨਾਤੀਆਂ ਤੋਂ ਬਾਅਦ ਹੁਣ ਚੰਡੀਗੜ੍ਹ ਅਤੇ ਜ਼ਿਲ੍ਹਾ ਪੱਧਰ 'ਤੇ ਵਿਭਾਗਾਂ ਦੇ ਮੁਖੀਆਂ ਨੂੰ ਆਪਣਾ ਅੰਦਰੂਨੀ ਪ੍ਰਸ਼ਾਸਨ ਚਲਾਉਣ ਵਿਚ ਖੁਦਮੁਖਤਾਰੀ ਦਿੱਤੀ ਜਾਣੀ ਚਾਹੀਦੀ ਹੈ। ਪ੍ਰਸ਼ਾਸਨ ਦੇ ਕੰਮਕਾਜ ਵਿਚ 'ਹਲਕਾ ਇੰਚਾਰਜਾਂ' ਦਾ ਦਖਲ ਨਹੀਂ ਹੋਣਾ ਚਾਹੀਦਾ। ਐਸ.ਐਚ.ਓ., ਪਟਵਾਰੀ, ਬੀ.ਡੀ.ਪੀ.ਓ. ਇਹੋ ਜਿਹੇ ਸਰਕਾਰੀ ਅਹੁਦੇ ਹਨ ਜਿਨ੍ਹਾਂ ਨਾਲ ਆਮ ਲੋਕਾਂ ਦਾ ਅਕਸਰ ਵਾਹ ਪੈਂਦਾ ਹੈ ਤੇ ਇੱਥੋਂ ਹੀ ਪਤਾ ਚਲਦਾ ਹੈ ਕਿ ਉਨ੍ਹਾਂ ਨੂੰ ਕਿੰਨਾ ਕੁ ਇਨਸਾਫ ਮਿਲਦਾ ਹੈ। ਜੇ ਇਨ੍ਹਾਂ ਨਿਯੁਕਤੀਆਂ ਅਤੇ ਇਨ੍ਹਾਂ ਦੇ ਕੰਮਕਾਜ ਵਿਚ ਦਖਲਅੰਦਾਜ਼ੀ ਰੋਕ ਦਿੱਤੀ ਜਾਵੇ ਤਾਂ ਸਰਕਾਰ ਚੰਗਾ ਸ਼ਾਸਨ ਦੇਣ ਦੇ ਰਾਹ ਪੈ ਜਾਂਦੀ ਹੈ। ਸਰਕਾਰ ਨੂੰ ਹਰ ਵਿਧਾਇਕ ਨੂੰ ਆਪਣੇ ਹਲਕੇ ਵਿਚ ਇਕ ਦਫਤਰ ਤੇ ਘੱਟੋਘੱਟ ਸਟਾਫ ਮੁਹੱਈਆ ਕਰਾਉਣ ਬਾਰੇ ਸੋਚ ਵਿਚਾਰ ਕਰਨੀ ਚਾਹੀਦੀ ਹੈ। ਵਿਧਾਇਕਾਂ ਨੂੰ ਇਨ੍ਹਾਂ ਦਫਤਰਾਂ 'ਚੋਂ ਕੰਮ ਕਰਨਾ ਅਤੇ ਲੋਕਾਂ ਨਾਲ ਰਾਬਤਾ ਰੱਖਣਾ ਚਾਹੀਦਾ ਹੈ। ਇਸ ਨਾਲ ਲੋਕਾਂ ਨੂੰ ਆਪਣੇ ਮਸਲੇ ਤੇ ਸ਼ਿਕਾਇਤਾਂ ਲੈ ਕੇ ਚੰਡੀਗੜ੍ਹ ਦੇ ਚੱਕਰ ਕੱਟਣ ਤੋਂ ਨਿਜਾਤ ਮਿਲੇਗੀ ਤੇ ਵਿਧਾਇਕ ਉਨ੍ਹਾਂ ਦੇ ਨਿਪਟਾਰੇ 'ਤੇ ਨਜ਼ਰ ਰੱਖ ਸਕਣਗੇ। ਵਿਧਾਇਕ ਵਿਕਾਸ ਤੇ ਹੋਰਨਾਂ ਸਮੱਸਿਆਵਾਂ ਮੁਤੱਲਕ ਫੀਲਡ ਅਫਸਰਾਂ ਨੂੰ ਵੀ ਮਿਲ ਸਕਦੇ ਹਨ। ਬਹਰਹਾਲ, ਉਨ੍ਹਾਂ ਦਾ ਸਭ ਤੋਂ ਅਹਿਮ ਕੰਮ ਲੋਕਾਂ ਤੋਂ ਫੀਡਬੈਕ ਹਾਸਲ ਕਰ ਕੇ ਆਪੋ ਆਪਣੇ ਹਲਕੇ ਨਾਲ ਸਬੰਧਤ ਮੁੱਦਿਆਂ ਨੂੰ ਵਿਧਾਨ ਸਭਾ ਵਿਚ ਉਠਾ ਕੇ ਨਵੇਂ ਬਿੱਲ ਤੇ ਕਾਨੂੰਨ ਪਾਸ ਕਰਵਾਉਣ ਦਾ ਹੈ ਨਾ ਕਿ ਸਰਕਾਰੀ ਸੰਸਥਾਵਾਂ ਦੇ ਰੋਜ਼ਮਰਾ ਕੰਮਕਾਜ ਵਿਚ ਦਖਲ ਦੇਣਾ ਜਾਂ ਉਨ੍ਹਾਂ 'ਤੇ ਆਪਣਾ ਕਬਜ਼ਾ ਜਮਾਉਣਾ।



ਮਿਸਾਲ ਦੇ ਤੌਰ 'ਤੇ ਥਾਣਾ ਅਤੇ ਇਸ ਦਾ ਅਮਲਾ ਸਾਰੀ ਪੁਲਿਸ ਸਰਗਰਮੀ ਦਾ ਧੁਰਾ ਹੁੰਦੇ ਹਨ ਅਤੇ ਜ਼ਿਲ੍ਹੇ ਦਾ ਐਸ.ਪੀ. (ਪੰਜਾਬ ਵਿਚ ਜ਼ਿਲ੍ਹਾ ਪੁਲਿਸ ਮੁਖੀ ਨੂੰ ਆਮ ਕਰਕੇ ਐਸ.ਐਸ.ਪੀ. ਕਿਹਾ ਜਾਂਦਾ ਹੈ) ਪੁਲਿਸ ਬਲ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਜੇ ਪੇਸ਼ੇਵਾਰਾਨਾ ਆਧਾਰ 'ਤੇ ਦਿਆਨਤਦਾਰੀ ਨਾਲ ਐਸ.ਐਚ.ਓ. ਅਤੇ ਐਸ.ਪੀ./ਐਸ.ਐਸ.ਪੀ. ਦੀ ਚੋਣ ਕੀਤੀ ਜਾਵੇ ਤਾਂ ਮਾਹੌਲ ਵਿਚ ਤੇਜ਼ੀ ਨਾਲ ਬਦਲਾਓ ਆ ਜਾਂਦਾ ਹੈ। ਅੱਜ ਟਰਾਂਸਪੋਰਟ, ਸੰਚਾਰ ਤੇ ਮਾਨਵ ਸ਼ਕਤੀ ਵਿਚ ਕਾਫੀ ਜ਼ਿਆਦਾ ਸੁਧਾਰ ਆਇਆ ਹੈ ਪਰ ਮਨੋਬਲ ਕਾਫੀ ਨੀਵਾਂ ਹੈ। ਇੱਥੇ ਹੀ ਲੀਡਰਸ਼ਿਪ ਦੀ ਭੂਮਿਕਾ ਬਣਦੀ ਹੈ ਅਤੇ ਸਾਡੇ ਕੋਲ ਅਜਿਹੇ ਅਫਸਰ ਹਨ ਜੋ ਲੀਡਰਸ਼ਿਪ ਦੇ ਸਕਦੇ ਹਨ। ਸਿਆਸੀ ਲੀਡਰਸ਼ਿਪ ਨੂੰ ਅਫਸਰਾਂ 'ਤੇ ਭਰੋਸਾ ਕਰਨਾ ਚਾਹੀਦਾ ਹੈ ਅਤੇ ਇਉਂ ਹੀ ਅਫਸਰਾਂ ਨੂੰ ਆਪਣੇ ਹੇਠਲੇ ਅਫਸਰਾਂ ਅਤੇ ਕਰਮੀਆਂ 'ਤੇ ਭਰੋਸਾ ਕਰ ਕੇ ਉਨ੍ਹਾਂ ਦੀ ਅਗਵਾਈ ਕਰਨੀ ਚਾਹੀਦੀ ਹੈ। ਤਫਤੀਸ਼ ਅਤੇ ਅਮਨ ਕਾਨੂੰਨ ਵਿਵਸਥਾ ਦੇ ਹੁਨਰ ਨੂੰ ਸਮੇ ਸਮੇਂ 'ਤੇ ਨਿਖਾਰਿਆ ਤੇ ਸੁਧਾਰਿਆ ਜਾਣਾ ਚਾਹੀਦਾ ਹੈ। ਉਂਝ, ਪਿਛਲੇ ਲੰਬੇ ਸਮੇਂ ਦੌਰਾਨ ਸਿਆਸੀ ਦਖਲਅੰਦਾਜ਼ੀ ਕਰਕੇ ਜ਼ਿਲ੍ਹਾ ਪੱਧਰਾਂ ਅਤੇ ਥਾਣਿਆਂ ਦੇ ਭਰੋਸੇ ਨੂੰ ਖੋਰਾ ਲੱਗ ਚੁੱਕਿਆ ਹੈ ਅਤੇ ਇਸ ਭਰੋਸੇ ਨੂੰ ਬਹਾਲ ਕਰਨਾ ਬਹੁਤ ਜ਼ਰੂਰੀ ਹੈ। ਸੂਬਾ ਸਰਕਾਰਾਂ, ਹਾਈ ਕੋਰਟਾਂ ਤੇ ਸੁਪਰੀਮ ਕੋਰਟ ਵੱਲੋਂ ਅਕਸਰ ਕੇਸ ਸੀਬੀਆਈ, ਐਨਆਈਏ ਦੇ ਹਵਾਲੇ ਕਰ ਦਿੱਤੇ ਜਾਂਦੇ ਹਨ ਜਾਂ ਵਿਸ਼ੇਸ਼ ਜਾਂਚ ਟੀਮਾਂ (ਸਿੱਟ) ਦਾ ਗਠਨ ਕਰ ਦਿੱਤਾ ਜਾਂਦਾ ਹੈ। ਇਸ ਨਾਲ ਮੁਕਾਮੀ ਪੁਲਿਸ ਦੀ ਭਰੋਸੇਯੋਗਤਾ ਨੂੰ ਸੱਟ ਵੱਜਦੀ ਹੈ। ਕੋਈ ਵਿਰਲਾ ਟਾਵਾਂ ਕੇਸ ਹੀ ਤਬਦੀਲ ਕੀਤਾ ਜਾਣਾ ਚਾਹੀਦਾ ਹੈ ਪਰ ਅੱਜਕੱਲ੍ਹ ਤਾਂ ਇਹ ਨੇਮ ਹੀ ਬਣ ਗਿਆ ਹੈ। ਇਸ ਪਿਰਤ, ਖਾਸਕਰ ਸੀਬੀਆਈ ਨੂੰ ਕੇਸ ਸੌਂਪੇ ਜਾਣ, ਨਾਲ ਕੇਂਦਰ ਤੇ ਸੂਬਾਈ ਸਰਕਾਰਾਂ ਦਰਮਿਆਨ ਖਿੱਚੋਤਾਣ ਪੈਦਾ ਹੋ ਚੁੱਕੀ ਹੈ। ਇਸ ਤੋਂ ਇਹ ਪ੍ਰਭਾਵ ਬਣਦਾ ਜਾ ਰਿਹਾ ਹੈ ਕਿ ਇਸ ਤਰ੍ਹਾਂ ਕੇਂਦਰੀ ਏਜੰਸੀਆਂ ਨੂੰ ਕੇਸ ਸੌਂਪੇ ਜਾਣ ਪਿੱਛੇ ਗੁੱਝੇ ਮਨੋਰਥ ਕੰਮ ਕਰਦੇ ਹਨ।

ਗੰਭੀਰ ਅਪਰਾਧ, ਅਮਨ ਕਾਨੂੰਨ ਦੀ ਸਥਿਤੀ ਜਾਂ ਦਹਿਸ਼ਤਗਰਦੀ ਦੇ ਮਾਮਲਿਆਂ ਨਾਲ ਜਦੋਂ ਸਿੱਝਣ ਦਾ ਸਵਾਲ ਆਉਂਦਾ ਹੈ ਤਾਂ ਮੁਕਾਮੀ ਪੁਲਿਸ ਕੋਲ ਹੀ ਠੋਸ ਜਾਣਕਾਰੀਆਂ ਤੇ ਗਿਆਨ ਹੁੰਦਾ ਹੈ। ਸਾਡਾ ਤਜਰਬਾ ਦੱਸਦਾ ਹੈ ਕਿ ਇਸ ਮਾਮਲੇ ਵਿਚ ਕੋਈ ਵੀ ਹੋਰ ਬਲ ਜਾਂ 'ਸਿੱਟ' ਮੁਕਾਮੀ ਪੁਲਿਸ ਤੋਂ ਬਿਹਤਰ ਸਿੱਟੇ ਕੱਢ ਕੇ ਨਹੀਂ ਦੇ ਸਕਦੀ। ਸਾਨੂੰ ਸਾਡੀਆਂ ਜਾਂਚੀਆਂ ਪਰਖੀਆਂ ਜੜ੍ਹਾਂ ਵੱਲ ਪਰਤਣਾ ਚਾਹੀਦਾ ਹੈ ਅਤੇ ਜ਼ਿਲ੍ਹਾ ਐਸ.ਪੀ./ਐਸ.ਐਸ.ਪੀ. ਅਤੇ ਥਾਣਿਆਂ ਦੀ ਜ਼ਿੰਮੇਵਾਰੀ ਤੇ ਜਵਾਬਦੇਹੀ ਨਿਯਤ ਕਰਨੀ ਚਾਹੀਦੀ ਹੈ। ਇਸ ਵੇਲੇ ਉਹ ਹਲਕਾ ਇੰਚਾਰਜਾਂ ਦੇ ਹਥਿਆਰ ਬਣ ਕੇ ਰਹਿ ਗਏ ਹਨ। ਉਨ੍ਹਾਂ ਨੂੰ ਇਸ ਚੁੰਗਲ ਤੋਂ ਛੁਡਵਾਓ ਅਤੇ ਸੂਬਾਈ ਹੈੱਡਕੁਆਰਟਰ ਤੋਂ ਉਨ੍ਹਾਂ ਦੀ ਮਦਦ ਕਰੋ। ਕਿਸੇ ਵੇਲੇ ਨਿਰੀਖਣ, ਦੌਰੇ, ਅਪਰਾਧ ਰਿਕਾਰਡ, ਸੀਨੀਅਰ ਅਫਸਰਾਂ ਵੱਲੋਂ ਘਟਨਾ ਸਥਲ ਦੇ ਦੌਰਿਆਂ ਭਾਵ ਨਿਗਰਾਨੀ ਦਾ ਅੱਛਾ ਖਾਸਾ ਨਿਜ਼ਾਮ ਹੋਇਆ ਕਰਦਾ ਸੀ। ਉਸੇ ਨਿਜ਼ਾਮ ਨੂੰ ਬਹਾਲ ਕਰਨ ਅਤੇ ਇਸ ਨੂੰ ਬਿਹਤਰ ਅਤੇ ਸਮੇਂ ਦੇ ਹਾਣ ਦਾ ਬਣਾਉਣ ਦੀ ਲੋੜ ਹੈ। ਐਸ.ਪੀ./ਐਸ.ਐਸ.ਪੀ., ਡੀ.ਆਈ.ਜੀ. ਅਤੇ ਆਈ.ਜੀ. ਜਿਹੇ ਅਧਿਕਾਰੀਆਂ ਦੌਰਿਆਂ 'ਤੇ ਜਾਣ ਤੇ ਥਾਣਿਆਂ ਦਾ ਨਿਰੀਖਣ ਕਰ ਕੇ ਲੋਕਾਂ ਨੂੰ ਮਿਲਣ।

ਵਿਚਕਾਰਲੇ ਅਫਸਰਾਂ ਰਾਹੀਂ ਅਪਰਾਧ ਰਿਪੋਰਟਾਂ ਤੇ ਜਾਂਚ ਰਿਪੋਰਟਾਂ ਨਿਯਮਿਤ ਸਮੇਂ 'ਤੇ ਸੂਬਾਈ ਹੈੱਡਕੁਆਰਟਰ ਨੂੰ ਭੇਜੀਆਂ ਜਾਣ ਅਤੇ ਫੀਡਬੈਕ ਹਾਸਲ ਕਰ ਕੇ ਨਿਰਦੇਸ਼ਾਂ ਮੁਤਾਬਿਕ ਰਿਪੋਰਟਾਂ 'ਤੇ ਅਮਲ ਯਕੀਨੀ ਬਣਾਇਆ ਜਾਵੇ। ਪੁਲਿਸ ਦੇ ਕੰਮਕਾਜ ਦੇ ਹਰੇਕ ਪਹਿਲੂ ਬਾਰੇ ਕਾਨੂੰਨ ਦੀਆਂ ਪੁਸਤਕਾਂ ਤੇ ਪੁਲਿਸ ਨੇਮਾਂ ਵਿਚ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਐਸ.ਐਚ.ਓ. ਅਤੇ ਜ਼ਿਲ੍ਹਾ ਐਸ.ਪੀ. ਤੋਂ ਸ਼ੁਰੂਆਤ ਕਰ ਕੇ ਉਨ੍ਹਾਂ 'ਤੇ ਭਰੋਸਾ ਕਰੋ, ਉਨ੍ਹਾਂ ਨੂੰ ਜ਼ਿੰਮੇਵਾਰੀ ਦੇਵੋ ਅਤੇ ਉਨ੍ਹਾਂ ਦੀ ਜਵਾਬਦੇਹੀ ਤੈਅ ਕਰੋ।

ਜੋ ਗੱਲ ਪੁਲਿਸ ਲਈ ਸਹੀ ਹੈ, ਉਹੀ ਗੱਲ ਸਿਵਲ ਪ੍ਰਸ਼ਾਸਨ ਲਈ ਵੀ ਸਹੀ ਹੈ। ਇੱਥੇ ਜ਼ਿਲ੍ਹਾ ਮੈਜਿਸਟਰੇਟ (ਉਸ ਨੂੰ ਡਿਪਟੀ ਕਮਿਸ਼ਨਰ ਜਾਂ ਡੀ.ਸੀ. ਵੀ ਕਿਹਾ ਜਾਂਦਾ ਹੈ) ਸਮੁੱਚੀ ਪ੍ਰਸ਼ਾਸਕੀ ਸਰਗਰਮੀ ਦਾ ਥੰਮ੍ਹ ਹੁੰਦਾ ਹੈ। ਉਸ ਦੇ ਅਖਤਿਆਰਾਂ ਵਿਚ ਕਮੀ ਕਰਨ ਦੀ ਲੋੜ ਨਹੀਂ ਹੈ। ਜ਼ਿਲ੍ਹਾ ਮੈਜਿਸਟਰੇਟ/ਡੀ.ਸੀ. ਸੂਬਾਈ ਸਰਕਾਰ ਦਾ ਪ੍ਰਤੀਨਿਧ ਹੁੰਦਾ ਹੈ ਅਤੇ ਉਸ ਨੂੰ ਸਮੁੱਚੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਸੌਂਪੀ ਜਾਣੀ ਚਾਹੀਦੀ ਹੈ ਤੇ ਨਾਲ ਹੀ ਜਵਾਬਦੇਹੀ ਵੀ ਤੈਅ ਕਰਨੀ ਚਾਹੀਦੀ ਹੈ। ਸਰਕਾਰ ਨੂੰ ਉਸ ਦੇ ਹੱਥਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਉਸ ਦੇ ਸਮਾਨਾਂਤਰ ਜ਼ਿਲ੍ਹੇ ਵਿਚ ਕੋਈ ਦਫਤਰ ਕਾਇਮ ਨਹੀਂ ਕਰਨਾ ਚਾਹੀਦਾ। ਵੱਖ-ਵੱਖ ਵਿਭਾਗਾਂ ਦੇ ਸਕੱਤਰਾਂ ਨੂੰ ਵਿਆਪਕ ਦੌਰੇ ਕਰਨੇ ਚਾਹੀਦੇ ਹਨ ਅਤੇ ਹੈੱਡਕੁਆਰਟਰ ਤੋਂ ਲੰਬੇ ਚੌੜੇ ਨੋਟਸ ਭੇਜਣ ਦੀ ਬਜਾਏ ਮੌਕੇ 'ਤੇ ਜਾ ਕੇ ਮੁਲਾਂਕਣ ਤੇ ਮਾਰਗ ਦਰਸ਼ਨ ਕਰਨਾ ਚਾਹੀਦਾ ਹੈ। ਕੁੱਲ ਮਿਲਾ ਕੇ ਬਹੁਤਾ ਕੰਮ ਜ਼ਿਲ੍ਹਾ ਪੱਧਰ 'ਤੇ ਹੁੰਦਾ ਹੈ ਅਤੇ ਜ਼ਿਲ੍ਹਾ ਅਫਸਰਾਂ ਨੂੰ ਸਾਜ਼ੋ-ਸਾਮਾਨ ਤੇ ਫੰਡਾਂ ਪੱਖੋਂ ਪੂਰੀ ਮਦਦ ਦਿੱਤੀ ਜਾਣੀ ਚਾਹੀਦੀ ਹੈ। ਸੀਨੀਅਰ ਅਫਸਰਾਂ ਨੂੰ ਸਕੱਤਰੇਤ 'ਚੋਂ ਬਾਹਰ ਨਿਕਲ ਕੇ ਵੱਧ ਤੋਂ ਵੱਧ ਜ਼ਮੀਨੀ ਪੱਧਰ 'ਤੇ ਜਾਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਦੀ ਦ੍ਰਿਸ਼ਟੀ ਵਿਸ਼ਾਲ ਹੋਵੇਗੀ ਤੇ ਇਸ ਦਾ ਚਹੁੰਮੁਖੀ ਅਸਰ ਦੇਖਣ ਨੂੰ ਮਿਲੇਗਾ।

ਹੁਣ ਗੱਲ ਕਰਦੇ ਹਾਂ ਨੌਜਵਾਨਾਂ ਲਈ ਰੁਜ਼ਗਾਰ ਦੇ ਮਸਲੇ ਦੀ ਜੋ ਸਰਕਾਰ ਲਈ ਬਹੁਤ ਜ਼ਿਆਦਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਤੇ ਜਿਸ ਦਾ ਮੁੱਖ ਮੰਤਰੀ ਨੇ ਵੀ ਕਈ ਵਾਰ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੌਜਵਾਨਾਂ ਦੇ ਰੁਜ਼ਗਾਰ ਲਈ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਦਾ ਵੀ ਵਾਅਦਾ ਕੀਤਾ ਹੈ। ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਇਕ ਵੱਡੀ ਸਮੱਸਿਆ ਹੈ ਜਿਸ ਨੂੰ ਸਿਰਫ ਸਰਕਾਰੀ ਨੌਕਰੀਆਂ ਦੇ ਕੇ ਹੱਲ ਨਹੀਂ ਕੀਤਾ ਜਾ ਸਕਦਾ। ਇਸ ਦਾ ਹੱਲ ਪ੍ਰਾਈਵੇਟ ਸੈਕਟਰ ਨਾਲ ਮਿਲ ਕੇ ਰਣਨੀਤਕ ਪ੍ਰਾਈਵੇਟ ਪਬਲਿਕ ਸੈਕਟਰ ਭਿਆਲੀ ਸਿਰਜ ਕੇ ਅਤੇ ਸਹਿਕਾਰੀ ਸੈਕਟਰ ਨੂੰ ਊਰਜਾ ਦੇ ਕੇ ਕੀਤਾ ਜਾ ਸਕਦਾ ਹੈ। ਪੰਜਾਬ ਕੋਲ ਸਭ ਤੋਂ ਵੱਡਾ ਅਸਾਸਾ ਇਸ ਦੇ ਮਾਨਵ ਸਰੋਤ ਰਹੇ ਹਨ ਤੇ ਇਸ ਨੂੰ ਊਰਜਿਤ ਕਰਨ ਦੀ ਲੋੜ ਹੈ। ਪਿਛਲੇ ਕਈ ਸਾਲਾਂ ਤੋਂ ਨੌਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਅੰਦਰ ਇਹ ਅਹਿਸਾਸ ਬਲ ਫੜਦਾ ਜਾ ਰਿਹਾ ਹੈ ਕਿ ਚੰਗੇ ਭਵਿੱਖ ਦੀਆਂ ਉਮੀਦਾਂ ਵਿਦੇਸ਼ਾਂ ਵਿਚ ਜਾ ਕੇ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਅਤੇ ਇਸ ਕਰਕੇ ਉਹ ਪਰਵਾਸ ਕਰ ਰਹੇ ਹਨ। ਇਸ ਵੇਲੇ ਪੰਜਾਬੀ ਭਾਈਚਾਰਾ ਬਹੁਤ ਸਾਰੇ ਦੇਸ਼ਾਂ ਤੱਕ ਫੈਲ ਗਿਆ ਹੈ ਅਤੇ ਸਭ ਤੋਂ ਸਫਲ ਪਰਵਾਸੀ ਭਾਈਚਾਰਿਆਂ ਵਿਚ ਇਸ ਦਾ ਸ਼ੁਮਾਰ ਕੀਤਾ ਜਾਂਦਾ ਹੈ। ਪਰਵਾਸ ਨੂੰ ਰੋਕਣ ਦਾ ਕੋਈ ਸਵਾਲ ਨਹੀਂ ਹੈ ਕਿਉਂਕਿ ਜਿੱਥੇ ਲੋਕਾਂ ਨੂੰ ਆਪਣਾ ਬਿਹਤਰ ਭਵਿੱਖ ਨਜ਼ਰ ਆਵੇਗਾ, ਉਥੇ ਉਹ ਜ਼ਰੂਰ ਜਾਣਗੇ। ਇਸ ਦੀ ਬਜਾਏ ਸਵਾਲ ਇਹ ਹੈ ਕਿ ਪਿੱਛੇ ਪੰਜਾਬ ਵਿਚ ਰਹਿੰਦੇ ਅਤੇ ਦੁਨੀਆ ਦੇ ਵੱਖ ਵੱਖ ਖਿੱਤਿਆਂ ਅੰਦਰ ਵਸਦੇ ਪੰਜਾਬੀ ਭਾਈਚਾਰੇ ਦਰਮਿਆਨ ਤਾਲਮੇਲ ਕਿਵੇਂ ਕਾਇਮ ਕੀਤਾ ਜਾਵੇ। ਇਕ ਅਜਿਹਾ ਮਾਹੌਲ ਪੈਦਾ ਕੀਤਾ ਜਾਵੇ ਜਿਸ ਨਾਲ ਵਪਾਰ, ਕਾਰੋਬਾਰ ਤੇ ਉਦਮ ਨੂੰ ਹੱਲਾਸ਼ੇਰੀ ਮਿਲ ਸਕੇ। ਇਸ ਲਈ ਭਾਰੀ ਭਰਕਮ ਨਿਵੇਸ਼ ਦੀ ਲੋੜ ਨਹੀਂ ਹੈ ਸਗੋਂ ਸਮਾਜ ਅੰਦਰ ਕਾਨੂੰਨ ਦਾ ਰਾਜ ਕਾਇਮ ਕਰਨ ਦੀ ਲੋੜ ਹੈ ਨਾ ਕਿ ਅਜਿਹਾ ਸ਼ਾਸਨ ਜੋ ਮੁੱਠੀ ਭਰ ਲੋਕਾਂ ਦੀ ਸਰਪ੍ਰਸਤੀ ਕਰਦਾ ਹੋਵੇ ਤੇ ਹਰ ਖੇਤਰ ਵਿਚ ਮਾਫੀਏ ਨੂੰ ਸ਼ਹਿ ਦਿੰਦਾ ਹੋਵੇ। ਨੇਮ ਆਧਾਰਿਤ ਪ੍ਰਣਾਲੀ ਕਾਇਮ ਕਰਨ ਵਿਚ ਸਰਕਾਰ ਨੂੰ ਅਹਿਮ ਭੂਮਿਕਾ ਨਿਭਾਉਣੀ ਪੈਣੀ ਹੈ ਜਿਸ ਨਾਲ ਉਦਮੀਆਂ ਲਈ ਸਥਿਰਤਾ ਤੇ ਨਿਰੰਤਰਤਾ ਮਿਲ ਸਕੇ।

ਉਦਮਸ਼ੀਲਤਾ ਨੂੰ ਹੱਲਾਸ਼ੇਰੀ ਦੇਣ ਦੇ ਰਾਹ ਦੀ ਸਭ ਤੋਂ ਵੱਡੀ ਸਮੱਸਿਆ ਹੈ ਭ੍ਰਿਸ਼ਟਾਚਾਰ ਅਤੇ ਨੌਕਰਸ਼ਾਹੀ ਤੇ ਸਿਆਸੀ ਅੜਿੱਕਿਆਂ ਦੀ। ਪੰਦਰਾਂ ਦਿਨਾਂ ਦੇ ਅੰਦਰ ਅੰਦਰ ਭ੍ਰਿਸ਼ਟਾਚਾਰ ਖਤਮ ਕਰਨ ਦੇ ਦਾਅਵੇ ਕੀਤੇ ਜਾਂਦੇ ਰਹੇ ਹਨ ਪਰ ਹੇਠਲੇ ਕੁੰਜੀਵਤ ਪ੍ਰਸ਼ਾਸਨ ਤੋਂ ਲੈ ਕੇ ਦਰਮਿਆਨੇ ਤੇ ਉਪਰਲੇ ਪੱਧਰ ਦੀ ਅਫਸਰਸ਼ਾਹੀ ਤੇ ਸਿਆਸੀ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਬਹੁਤ ਲੰਮਾ ਪੈਂਡਾ ਤੈਅ ਕਰਨਾ ਪੈਂਦਾ ਹੈ। ਇਸ ਅਲਾਮਤ ਨੂੰ ਮਿਟਾਉਣ ਲਈ ਬੱਝਵੇਂ ਤੇ ਜ਼ੋਰਦਾਰ ਯਤਨਾਂ ਦੀ ਲੋੜ ਹੈ।

ਇਸ ਕੰਮ ਲਈ ਸਿਆਸਤਦਾਨਾਂ, ਲੋਕਾਂ ਤੇ ਪ੍ਰਸ਼ਾਸਨ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਇਹ ਬੁਰਾਈ ਸਾਡੀ ਨਸ-ਨਸ ਅੰਦਰ ਸਮਾ ਚੁੱਕੀ ਹੈ ਤੇ ਟੀਵੀ ਇਸ਼ਤਿਹਾਰ ਜਾਰੀ ਕਰਨ ਅਤੇ ਲੋਕਾਂ 'ਤੇ ਜ਼ਿੰਮੇਵਾਰੀ ਪਾਉਣ ਨਾਲ ਕੁਝ ਪੱਲੇ ਨਹੀਂ ਪਵੇਗਾ। ਲੋਕਾਂ, ਸਿਆਸਤਦਾਨਾਂ ਅਤੇ ਪ੍ਰਸ਼ਾਸਨ ਦਰਮਿਆਨ ਨਿਰੰਤਰ ਸੰਵਾਦ ਚਲਾਉਣ ਦੀ ਲੋੜ ਹੈ। ਸੇਵਾ ਕਰਨ ਦੇ ਚਾਹਵਾਨ ਲੋਕਾਂ ਨੂੰ ਇਸ ਪ੍ਰਕਿਰਿਆ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਸਰਕਾਰੀ ਕੰਮਕਾਜ ਵਿਚ ਜਿੰਨੀ ਜ਼ਿਆਦਾ ਪਾਰਦਰਸ਼ਤਾ ਆਵੇਗੀ, ਓਨਾ ਹੀ ਭ੍ਰਿਸ਼ਟਾਚਾਰ ਘਟੇਗਾ।

ਕੁਝ ਨਤੀਜੇ ਤਾਂ ਝਟਪਟ ਹਾਸਲ ਕੀਤੇ ਜਾ ਸਕਦੇ ਹਨ। ਵਿਦੇਸ਼ਾਂ ਵਿਚ ਵਸਦੇ ਪੰਜਾਬੀ ਭਾਈਚਾਰੇ ਲਈ ਦੋ ਤਿੰਨ ਉਡਾਣਾਂ ਹੀ ਚਲਦੀਆਂ ਹਨ ਤੇ ਇਸ ਦੀ ਰਾਜਧਾਨੀ ਚੰਡੀਗੜ੍ਹ ਤੋਂ ਸ਼ਾਰਜਾਹ ਲਈ ਸਿਰਫ ਇਕ ਉਡਾਣ ਹੈ। ਦੂਜੇ ਪਾਸੇ, ਕੇਰਲਾ ਕੋਲ ਚਾਰ ਕੌਮਾਂਤਰੀ ਹਵਾਈ ਅੱਡੇ ਹਨ ਜਿੱਥੋਂ ਰੋਜ਼ਾਨਾ ਦਰਜਨਾਂ ਉਡਾਣਾਂ ਚਲਦੀਆਂ ਹਨ। ਇਹ ਭੇਦਭਾਵ ਕਿਉਂ ਹੈ? ਪੰਜਾਬ ਸਮੁੰਦਰ ਤੋਂ ਦੂਰ ਪੈਂਦਾ ਹੈ, ਘੱਟੋ-ਘੱਟ ਹਵਾਈ ਸੰਪਰਕ ਤਾਂ ਢੁਕਵਾਂ ਹੋਣਾ ਚਾਹੀਦਾ ਹੈ ਤੇ ਇੱਥੋਂ ਦੇ ਲੋਕਾਂ ਨੂੰ ਸੈਂਕੜੇ ਕਿਲੋਮੀਟਰ ਦਾ ਸਫਰ ਤੈਅ ਕਰ ਕੇ ਦਿੱਲੀ ਜਾਣਾ ਪੈਂਦਾ ਹੈ। ਇਸ ਨਾਲ ਆਪਣੇ ਆਪ ਵਪਾਰ, ਸੈਰ ਸਪਾਟੇ ਅਤੇ ਮਹਿਮਾਨਨਿਵਾਜ਼ੀ ਤੋਂ ਮਾਲੀਆ ਵੀ ਵਧੇਗਾ। ਪੰਜਾਬ ਕੋਲ ਖੇਤੀਬਾੜੀ ਦਾ ਵਿਸ਼ਾਲ ਆਧਾਰ ਤੇ ਹੁਨਰ ਮੌਜੂਦ ਹੈ।

ਖੇਤੀ ਆਧਾਰਿਤ ਉਦਮਾਂ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ। ਗੁਜਰਾਤ ਤੇ ਰਾਜਸਥਾਨ ਜਿਹੇ ਸੂਬਿਆਂ ਵਿਚ ਪੰਜਾਬ ਦੇ ਮੁਕਾਬਲੇ ਦਸ ਗੁਣਾ ਜ਼ਿਆਦਾ ਖੇਤੀ ਆਧਾਰਿਤ ਸਨਅਤਾਂ ਹਨ ਜਿਨ੍ਹਾਂ ਦਾ ਖੇਤੀਬਾੜੀ ਆਧਾਰ ਪੰਜਾਬ ਨਾਲੋਂ ਕਿਤੇ ਘੱਟ ਹੈ। ਅਜਿਹਾ ਕੀ ਹੈ ਜੋ ਪੰਜਾਬ ਦੇ ਉਦਮੀਆਂ ਦਾ ਰਾਹ ਰੋਕ ਰਿਹਾ ਹੈ? ਇਹ ਸੂਚੀ ਕਾਫੀ ਲੰਮੀ ਹੈ। ਅਹਿਮ ਗੱਲ ਇਹ ਹੈ ਕਿ ਸਰਕਾਰ ਦਾ ਧਿਆਨ ਵਿਕਾਸ ਅਤੇ ਸ਼ਾਸਨ 'ਤੇ ਟਿਕਿਆ ਰਹੇ। ਫਤਵਾ ਬਹੁਤ ਵੱਡਾ ਹੈ, ਲੋਕਾਂ ਦੀਆਂ ਉਮੀਦਾਂ ਬਹੁਤ ਵੱਡੀਆਂ ਹਨ ਅਤੇ ਇਸ ਦੀ ਸਫਲਤਾ ਦਾ ਰਾਹ ਚੰਗੇ ਸ਼ਾਸਨ ਅਤੇ ਨੌਜਵਾਨਾਂ ਦੀ ਊਰਜਾ ਵਿਕਾਸ ਦੇ ਉਦਮਾਂ ਵਿਚ ਲਗਾਉਣ ਦੇ ਅਮਲ 'ਚੋਂ ਹੋ ਕੇ ਲੰਘਦਾ ਹੈ।

---

# ਹੁਣ ਚੀਨ ਦਾ ਕੀ ਦੋਸ਼?

ਸਾਡੇ ਆਂਢ-ਗੁਆਂਢ ਵਿਚ ਪਾਕਿਸਤਾਨ ਅਤੇ ਸ੍ਰੀਲੰਕਾ ਨੇ ਚੀਨ ਤੋਂ ਮਣਾਂਮੂੰਹੀ ਕਰਜ਼ੇ ਚੁੱਕ ਕੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਲਈ ਸਮਝੌਤੇ ਕਰ ਲਏ, ਫਿਰ ਉਹ ਆਰਥਿਕ ਸੰਕਟ ਦੀ ਜ਼ੱਦ ਵਿਚ ਆ ਗਏ; ਹੁਣ ਉਹ ਸਿਆਸੀ ਉਥਲ-ਪੁਥਲ ਵਿਚ

**ਟੀ.ਐਨ. ਨੈਨਾਨ**

ਘਿਰ ਗਏ ਹਨ। ਤੀਜੇ ਦੇਸ਼ ਮਿਆਂਮਾਰ ਵਿਚ 14 ਮਹੀਨੇ ਪਹਿਲਾਂ ਫੌਜੀ ਰਾਜਪਲਟੇ ਤੋਂ ਬਾਅਦ ਚੀਨੀ ਉੱਥੇ ਵੀ ਵਾਪਸ ਆ ਗਏ ਸਨ ਅਤੇ ਆਰਥਿਕ ਲਾਂਘੇ ਦੇ ਪ੍ਰੋਜੈਕਟਾਂ ਲਈ ਜ਼ੋਰ ਪਾ ਰਹੇ ਹਨ। ਮਾਲਦੀਵ ਵਿਚ ਵੀ ਚੀਨੀ ਪੂੰਜੀ ਵਾਲੇ ਪ੍ਰੋਜੈਕਟਾਂ ਤੇ ਕਰਜ਼ੇ ਉੱਥੋਂ ਦੀਆਂ ਸਰਕਾਰਾਂ ਦੀ ਅਦਲ ਬਦਲ ਨਾਲ ਵਧਦੇ ਘਟਦੇ ਰਹੇ ਹਨ। ਮਾਲਦੀਵ ਸਿਰ ਚੀਨ ਦੇ ਕਰਜ਼ੇ ਬਾਰੇ ਅਨੁਮਾਨਾਂ ਵਿਚ ਬਹੁਤ ਜ਼ਿਆਦਾ ਫਰਕ ਦੇਖਣ ਨੂੰ ਮਿਲ ਰਿਹਾ ਹੈ; ਇਸ ਬਾਰੇ ਭੰਬਲਭੂਸਾ ਇਸ ਕਰਕੇ ਹੈ ਕਿਉਂਕਿ ਚੀਨ ਦਾ ਇਤਿਹਾਸ ਰਿਹਾ ਹੈ ਕਿ ਉਹ ਵਪਾਰਕ ਕਰਜ਼ ਨੂੰ ਉਧਾਰ ਜਾਂ ਐੱਸਪੀਵੀ (ਸਪੈਸ਼ਲ ਪਰਪਜ਼ ਵਹੀਕਲਜ਼) ਪਿੱਛੇ ਲੁਕੋ ਦਿੰਦਾ ਹੈ; ਤੇ ਚੀਨ ਦਾ ਕਰਜ਼ਾ ਸਸਤਾ ਨਹੀਂ ਹੁੰਦਾ, ਇਸ ਦਾ ਵਿਆਜ ਹੋਰ ਦੇਸ਼ਾਂ ਵਲੋਂ ਦੁਵੱਲੀ ਇਮਦਾਦ ਲਈ ਦਿੱਤੇ ਉਧਾਰ ਨਾਲੋਂ ਕਰੀਬ ਤਿੰਨ ਗੁਣਾ ਮਹਿੰਗਾ ਹੁੰਦਾ ਹੈ।

ਅਮਰੀਕੀਆਂ ਨੇ ਇਸ ਬਾਰੇ ਜੁਮਲਾ ਘੜਿਆ ਹੈ ਜਿਸ ਨੂੰ ਉਹ ਕਰਜ਼ ਜਾਲ ਕੂਟਨੀਤੀ ਕਹਿੰਦੇ ਹਨ। ਇਸ ਖੇਤਰ ਵਿਚ ਬੰਗਲਾਦੇਸ਼ ਨੇ ਚੰਗਾ ਕੰਮ ਕੀਤਾ ਹੈ ਤੇ ਚੀਨੀ ਫੰਡਾਂ ਵਾਲੇ ਪ੍ਰੋਜੈਕਟਾਂ ਬਾਬਤ ਚੌਕਸੀ ਵਰਤੀ ਹੈ। ਹਾਲਾਂਕਿ ਬੰਗਲਾਦੇਸ਼ ਦੇ ਅਰਥਚਾਰੇ ਦਾ ਆਕਾਰ ਪਾਕਿਸਤਾਨੀ ਅਰਥਚਾਰੇ ਨਾਲੋਂ ਵਡੇਰਾ ਹੈ ਪਰ ਚੀਨ ਤੋਂ ਲਏ ਇਸ ਦੇ ਕਰਜ਼ੇ ਪਾਕਿਸਤਾਨੀ ਕਰਜ਼ਿਆਂ ਦਾ ਇਕ ਚੁਥਾਈ ਤੋਂ ਵੀ ਘੱਟ ਹਨ। ਨੇਪਾਲ ਦੇ ਕੰਨ ਵੀ ਖੜ੍ਹੇ ਹਨ।

ਲੇਕਿਨ ਸਾਰਾ ਦੋਸ਼ ਚੀਨ 'ਤੇ ਮੜ੍ਹ ਦੇਣਾ ਸਿਆਣਪ ਵਾਲੀ ਗੱਲ ਨਹੀਂ ਜਾਪਦੀ। ਪਾਕਿਸਤਾਨ ਤੇ ਸ੍ਰੀਲੰਕਾ, ਦੋਵੇ ਦੇਸ਼ਾਂ ਵਿਚ ਦੀਰਘਕਾਲੀ ਆਰਥਿਕ ਯੋਜਨਾਬੰਦੀ ਮੂਲ ਸਮੱਸਿਆ ਰਹੀ ਹੈ ਜਿਸ ਕਰ ਕੇ ਇਹ ਕੋਵਿਡ-19 ਦੀ ਮਾਰ ਤੋਂ ਬਾਅਦ ਯੂਕਰੇਨ ਦੀ ਜੰਗ ਦਾ ਖਾਜਾ ਬਣ ਗਏ ਹਨ। ਪਾਕਿਸਤਾਨ ਵਿਚ ਆਪਣੇ ਅਰਥਚਾਰੇ ਦੀ ਬਦਇੰਤਜ਼ਾਮੀ ਤਾਂ ਜੱਗ ਜ਼ਾਹਿਰ ਹੈ ਜਿੱਥੇ ਪਿਛਲੇ ਤੀਹ ਸਾਲਾਂ ਦੌਰਾਨ ਕੌਮਾਂਤਰੀ ਮੁਦਰਾ ਕੋਸ਼ ਤੋਂ 13 ਵਾਰ ਕਰਜ਼ੇ ਲਏ ਗਏ ਜਿਨ੍ਹਾਂ ਵਿਚੋਂ ਜ਼ਿਆਦਾਤਰ ਕਰਜ਼ੇ ਸ਼ਰਤਾਂ ਪੂਰੀਆਂ ਨਾ ਹੋਣ ਕਰ ਕੇ ਅਧਵਾਟੇ ਲਟਕ ਕੇ ਰਹਿ ਗਏ। ਕੋਸ਼ ਨੇ ਹਾਲ ਹੀ ਵਿਚ ਛੇ ਅਰਬ ਡਾਲਰ ਦਾ ਕਰਜ਼ਾ ਵੀ ਰੋਕਿਆ ਹੋਇਆ ਹੈ ਅਤੇ ਪਾਕਿਸਤਾਨ ਦੀਆਂ ਮਿੰਨਤਾਂ 'ਤੇ ਚੀਨ ਨੂੰ ਆਪਣਾ ਹੱਥ ਹੋਰ ਮੋਕਲਾ ਕਰਨਾ ਪੈਣਾ ਹੈ। ਇਸ ਨੇ ਆਪਣੇ ਪ੍ਰੋਜੈਕਟ ਲਈ ਕਰਜ਼ੇ ਦੀਆਂ ਸ਼ਰਤਾਂ ਨਰਮ ਕਰਨ ਤੋਂ ਨਾਂਹ ਕਰ ਦਿੱਤੀ ਹੈ।

ਸ੍ਰੀਲੰਕਾ ਦੀ ਕਹਾਣੀ ਹੈਰਾਨਕੁਨ ਹੈ ਜਿੱਥੇ ਤਿੰਨ ਸਾਲਾਂ 'ਚ ਵਿਆਜ ਦਰਾਂ ਘਟਣ ਕਰ ਕੇ ਕੁੱਲ ਘਰੇਲੂ ਪੈਦਾਵਾਰ ਦੇ ਮੁਕਾਬਲੇ ਟੈਕਸ ਦਾ ਅਨੁਪਾਤ ਇਕ ਤਿਹਾਈ ਘਟ ਗਿਆ। ਆਖਰ ਸ੍ਰੀਲੰਕਾ ਦੀ ਕਰਜ਼ਾ ਦਰਜਾਬੰਦੀ ਬਦਤਰ ਹੋ ਗਈ, ਬਜਟ ਖਸਾਰੇ ਚੜ੍ਹ ਕੇ ਕੁੱਲ ਘਰੇਲੂ ਪੈਦਾਵਾਰ ਦੇ 14% 'ਤੇ ਪਹੁੰਚ ਗਏ ਅਤੇ ਵਿਦੇਸ਼ੀ ਕਰਜ਼ੇ (ਜੋ ਮਾਲੀ ਘਾਟਿਆਂ ਦੀ ਭਰਪਾਈ ਦੀ ਭੇਟ ਚੜ੍ਹਾ ਦਿੱਤੇ) ਜੋ ਪਹਿਲਾਂ ਔਖੇ ਹੋ ਕੇ ਮਿਲਦੇ ਸਨ, ਨਾਮੁਮਕਿਨ ਹੋ ਗਏ; ਇਸ ਸਭ ਕਾਸੇ ਨਾਲ ਵਿਦੇਸ਼ੀ ਮੁਦਰਾ ਦਾ ਸੰਕਟ ਪੈਦਾ ਹੋ ਗਿਆ ਤੇ ਮੁਲਕ ਦੀ ਕਰੰਸੀ ਦਾ ਕਬਾੜਾ ਹੋ ਗਿਆ। ਉਪਰੋਂ ਸਿਤਮ ਇਹ ਕਿ ਰਾਜਪਕਸੇ ਪਰਿਵਾਰ ਨੇ ਰਾਤੋ-ਰਾਤ ਫਰਮਾਨ ਜਾਰੀ ਕਰ ਦਿੱਤਾ ਕਿ ਰਸਾਇਣਕ ਖਾਦਾਂ ਦੀ ਖਰੀਦ ਨਹੀਂ ਕੀਤੀ ਜਾਵੇਗੀ ਤੇ ਮੁਲਕ ਭਰ ਵਿਚ ਜੈਵਿਕ ਖੇਤੀ ਹੀ ਕੀਤੀ ਜਾਵੇਗੀ। ਸਰਕਾਰ ਨੇ ਇਹ ਤੱਥ ਨਜ਼ਰਅੰਦਾਜ਼ ਕਰ ਦਿੱਤਾ ਕਿ ਜੈਵਿਕ ਖੇਤੀ ਮਹਿੰਗੇ ਆਹਾਰ ਦੇ ਬਜਟ ਵਾਲੇ ਲੋਕਾਂ ਲਈ ਬੂਟੀਕ ਇਲਾਜ ਵਾਂਗ ਹੀ ਹੈ। ਹੁਣ ਭਾਰਤ ਤੇ ਬੰਗਲਾਦੇਸ਼ ਤੋਂ ਅਨਾਜ ਮੰਗਵਾਇਆ ਜਾ ਰਿਹਾ ਹੈ।

ਅਸਲ ਵਿਚ, ਚਤਰ ਸ਼ਾਹੂਕਾਰ ਵਾਂਗ ਇਹ ਉੱਥੇ ਹੀ ਜਾਂਦਾ ਹੈ ਜਿੱਥੇ ਕਮਾਈ ਦਾ ਮੌਕਾ ਦਿਸਦਾ ਹੋਵੇ। ਇਸ ਲਈ ਇਹ ਸਮੱਸਿਆ ਭਾਵੇਂ ਚੀਨ ਨੇ ਵਿਗਾੜੀ ਜ਼ਰੂਰ ਹੈ ਪਰ ਇਹ ਇਸ ਦੀ ਪੈਦਾ ਨਹੀਂ ਕੀਤੀ ਹੋਈ। ਇਸ ਦੀਆਂ ਜੜ੍ਹਾਂ ਉਧਾਰ ਲੈਣ ਵਾਲੇ ਮੁਲਕਾਂ ਦੇ ਵਿਗੜੇ ਹੋਏ ਸਿਆਸੀ ਤੰਤਰ ਅਤੇ ਆਰਥਿਕ ਬਦਇੰਤਜ਼ਾਮੀ ਵਿਚ ਪਈਆਂ ਹਨ। ਫਿਰ ਭਲਾ ਪੇਈਚਿੰਗ ਦਾ ਕੀ ਦੋਸ਼?

# ਸਿੱਖ ਰਾਜ ਅਤੇ ਮੁਲਤਾਨ ਦੀ ਬਗਾਵਤ

***ਮੁਲਤਾਨ ਦੀ ਬਗਾਵਤ ਬਾਰੇ ਪੜ੍ਹਦਿਆਂ-ਸੁਣਦਿਆਂ ਅਜੀਬ ਕਿਸਮ ਦੇ ਵਿਚਾਰ ਮਨ ਅੰਦਰ ਉਭਰਦੇ ਹਨ। ਇਹ ਉਹ ਦੌਰ ਸੀ ਜਦੋਂ ਅੰਗਰੇਜ਼ ਹੌਲੀ-ਹੌਲੀ ਪੰਜਾਬ ਉਤੇ ਕਬਜ਼ਾ ਜਮਾ ਰਹੇ ਸਨ। ਉਨ੍ਹਾਂ ਦੀ ਹਰ ਕਾਰਵਾਈ ਪੰਜਾਬ ਦੇ ਕਬਜ਼ੇ ਨਾਲ ਜੁੜੀ ਹੋਈ ਸੀ। ਇਸੇ ਨੇ ਸਿੱਖ ਰਾਜ ਦੀ ਹੋਣੀ ਤੈਅ ਕਰ ਦਿੱਤੀ। ਇਸ ਬਗਾਵਤ ਦੇ ਵੱਖ-ਵੱਖ ਪੱਖਾਂ ਬਾਰੇ ਚਰਚਾ ਡਾ. ਸਰਬਜੀਤ ਸਿੰਘ ਛੀਨਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਪਹਿਲਾਂ ਦੀਵਾਨ ਸਾਵਨ ਮਲ ਮੁਲਤਾਨ ਦਾ ਗਵਰਨਰ ਸੀ। ਪੰਜਾਬ ਵਿਚ ਫੈਲੀ ਬੇਚੈਨੀ ਲਾਹੌਰ ਤੋਂ ਇਲਾਵਾ ਸਾਰੇ ਪੰਜਾਬ ਨੂੰ ਪ੍ਰਭਾਵਿਤ ਕਰ ਰਹੀ ਸੀ। ਇਕ ਦਿਨ ਇਕ ਫੌਜੀ ਨੇ ਦੀਵਾਨ ਸਾਵਨ ਮਲ ਨੂੰ ਮਾਰ ਦਿਤਾ। ਉਸ ਦੀ ਮੌਤ ਤੋਂ ਬਾਅਦ ਉਸ ਦਾ ਲੜਕਾ ਦੀਵਾਨ ਮੂਲ ਰਾਜ ਮੁਲਤਾਨ ਦਾ ਗਵਰਨਰ ਬਣਿਆ ਪਰ ਉਸ ਨੂੰ ਲਾਹੌਰ ਦਰਬਾਰ ਨੂੰ ਮਾਲੀਆ ਦੇਣਾ ਪੈਣਾ ਸੀ। ਉਂਝ, ਜਦੋਂ ਹੀਰਾ ਸਿੰਘ ਦਾ ਕਤਲ ਹੋ ਗਿਆ ਤਾਂ ਦੀਵਾਨ ਮੂਲ ਰਾਜ ਨੇ ਲਾਹੌਰ ਦਰਬਾਰ ਨੂੰ ਮਾਲੀਆ ਭੇਜਣਾ ਬੰਦ ਕਰ ਦਿਤਾ। ਉਸ ਸਮੇਂ ਜਵਾਹਰ ਸਿੰਘ ਮੰਤਰੀ ਸੀ। ਉਸ ਨੇ ਦੀਵਾਨ ਮੂਲ ਰਾਜ ਕੋਲੋਂ ਮਾਲੀਆ ਲੈਣ ਲਈ ਫੌਜ ਭੇਜੀ। ਫੌਜ ਨੇ ਦੀਵਾਨ ਕੋਲੋਂ 18 ਲੱਖ ਰੁਪਏ ਮਾਲੀਆ ਲੈ ਲਿਆ ਪਰ ਦੂਸਰੀ ਤਰਫ ਜਵਾਹਰ ਸਿੰਘ ਇਕ ਤੋਂ ਬਾਅਦ ਇਕ ਮੁਸੀਬਤ ਵਿਚ ਫਸਦਾ ਗਿਆ।



**ਡਾ. ਸਰਬਜੀਤ ਸਿੰਘ ਛੀਨਾ**

ਬਾਅਦ ਵਿਚ ਅੰਗਰੇਜ਼ ਹਾਕਮਾਂ ਨੇ ਸ. ਕਾਹਨ ਸਿੰਘ ਮਾਨ ਨੂੰ ਮੁਲਤਾਨ ਦਾ ਨਵਾਂ ਗਵਰਨਰ ਬਣਾ ਦਿਤਾ ਅਤੇ ਉਹ ਮੁਲਤਾਨ ਵਿਖੇ ਆਪਣਾ ਅਹੁਦਾ ਸੰਭਾਲਣ ਲਈ ਚਲਾ ਗਿਆ। ਕਾਹਨ ਸਿੰਘ ਨਾਲ ਦੋ ਅੰਗਰੇਜ਼ ਅਫਸਰ ਵਾਨਸ ਐਗਨੀਊ ਅਤੇ ਲੈਫ. ਐਂਡਰਸਨ ਗਏ। ਉਹਨਾਂ ਨਾਲ ਅੰਗਰੇਜ਼ਾਂ ਨੇ 6 ਤੋਪਾਂ, 1400 ਸਿਖ ਅਤੇ ਕੁਝ ਗੋਰਖੇ ਸਿਪਾਹੀ ਵੀ ਭੇਜੇ। ਉਹ 18 ਅਪਰੈਲ 1848 ਨੂੰ ਮੁਲਤਾਨ ਪੁੱਜੇ। ਮੂਲ ਰਾਜ ਨੇ ਨਵੇਂ ਗਵਰਨਰ ਅਤੇ ਅੰਗਰੇਜ਼ ਅਫਸਰਾਂ ਦਾ ਸਵਾਗਤ ਕੀਤਾ ਅਤੇ ਉਹਨਾਂ ਨੂੰ ਕਿਲ੍ਹੇ ਦੀਆਂ ਚਾਬੀਆਂ ਦੇ ਦਿਤੀਆਂ ਅਤੇ ਵੱਖ-ਵੱਖ ਜਗ੍ਹਾ ਉਹਨਾਂ ਨੂੰ ਦਿਖਾਈਆਂ। ਮੂਲ ਰਾਜ ਨੇ ਅਸਤੀਫਾ ਦੇਣ ਦੇ ਨਾਲ ਹੀ ਫੌਜ ਤੋਂ ਆਪਣਾ ਕੰਟਰੋਲ ਵੀ ਛੱਡ ਦਿਤਾ ਸੀ। ਇਸ ਤੋਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਮੂਲ ਰਾਜ ਨੇ ਦਿਲੋਂ ਹੀ ਗਵਰਨਰ ਦਾ ਅਹੁਦਾ ਛੱਡ ਦਿਤਾ ਸੀ। ਅਗਲੇ ਦਿਨ ਸ. ਕਾਹਨ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ ਅਤੇ ਉਸ ਨੇ ਕਿਲ੍ਹੇ ਵਿਚ ਗੋਰਖਾ ਫੌਜ ਤਾਇਨਾਤ ਕਰ ਦਿਤੀ। ਇਸ ਤਰ੍ਹਾਂ ਕਿਸੇ ਗੜਬੜ ਤੋਂ ਬਗੈਰ ਹੀ ਨਵੇਂ ਗਵਰਨਰ ਨੇ ਆਪਣਾ ਅਹੁਦਾ ਸੰਭਾਲ ਲਿਆ ਅਤੇ ਨਵੇਂ ਪ੍ਰਬੰਧ ਲਾਗੂ ਕਰ ਦਿੱਤੇ।

ਪਰ ਕਿਉਂ ਜੋ ਉਥੇ ਆਮ ਜਨਤਾ ਵਿਚ ਅੰਗਰੇਜ਼ਾਂ ਖਿਲਾਫ ਰੋਹ ਸੀ, ਇਸ ਲਈ ਜਦੋਂ ਨਵੇਂ ਗਵਰਨਰ ਨਾਲ ਦੋਵੇਂ ਅੰਗਰੇਜ਼ ਅਫਸਰ ਆਪਣੇ ਕੈਂਪ ਵਲ ਜਾਣ ਲੱਗੇ ਤਾਂ ਦਪ ਨਾਮ ਕਟੇ ਫੌਜੀਆਂ ਨੇ ਦੋਵਾਂ ਅੰਗਰੇਜ਼ਾਂ 'ਤੇ ਬਰਛੇ ਨਾਲ ਹਮਲਾ ਕਰ ਦਿੱਤਾ। ਉਸ ਵੇਲੇ ਉਹਨਾਂ ਨਾਲ ਨਵਾਂ ਗਵਰਨਰ ਸ. ਕਾਹਨ ਸਿੰਘ, ਮੂਲ ਰਾਜ ਅਤੇ ਮੂਲ ਰਾਜ ਦਾ ਸਾਲਾ ਰੰਗੀ ਰਾਮ ਵੀ ਸਨ। ਇਸ ਘਟਨਾ ਤੋਂ ਬਾਅਦ ਮੂਲ ਰਾਜ ਉਸ ਜਗ੍ਹਾ ਤੋਂ ਭਜ ਗਿਆ ਪਰ ਕਾਹਨ ਸਿੰਘ ਅਤੇ ਰੰਗੀ ਰਾਮ ਨੇ ਉਹਨਾਂ ਦੋਵਾਂ ਜ਼ਖਮੀ ਅੰਗਰੇਜ਼ ਅਫਸਰਾਂ ਨੂੰ ਉਹਨਾਂ ਦੇ ਕੈਂਪ ਵਿਚ ਪਹੁੰਚਾ ਦਿਤਾ। ਜ਼ਖਮੀ ਅਫਸਰ ਐਗਨੀਊ ਨੇ ਇਸ ਸਬੰਧੀ ਅੰਗਰੇਜ਼ ਹਾਕਮਾਂ ਨੂੰ ਸੂਚਿਤ ਕੀਤਾ। ਉਸ ਨੇ ਇਕ ਚਿਠੀ ਰੈਜੀਡੈਂਟ ਨੂੰ ਲਾਹੌਰ ਲਿਖੀ ਅਤੇ ਇਕ ਫੌਜੀ ਅਫਸਰ ਐਡਵਰਡਜ਼ ਨੂੰ ਬੰਨੂ ਵਿਖੇ ਲਿਖੀ ਅਤੇ ਉਹਨਾਂ ਨੂੰ ਇਸ ਘਟਨਾ ਦੀ ਪੂਰੀ ਸੂਚਨਾ ਦਿਤੀ ਪਰ ਰੋਹ ਵਿਚ ਆਈ ਜਨਤਾ ਨੇ ਉਹਨਾਂ ਦੋਵਾਂ ਅੰਗਰੇਜ਼ ਅਫਸਰਾਂ 'ਤੇ ਹਮਲਾ ਕਰਕੇ ਉਹਨਾਂ ਅਤੇ ਉਹਨਾਂ ਦੇ ਨੌਕਰਾਂ ਨੂੰ ਕਤਲ ਕਰ ਦਿਤਾ ਅਤੇ ਮੁਲਤਾਨ ਵਿਚ ਬਗਾਵਤ ਵਰਗੀ ਹਾਲਤ ਬਣ ਗਈ।

ਇਹ ਬਗਾਵਤ ਸੋਚ ਸਮਝ ਕੇ ਬਣਾਈ ਕਿਸੇ ਸਾਜ਼ਿਸ਼ ਕਰ ਕੇ ਨਹੀਂ ਸੀ ਹੋਈ ਸਗੋਂ ਇਹ ਤਾਂ ਆਮ ਜਨਤਾ ਦਾ ਅੰਗਰੇਜ਼ਾਂ ਖਿਲਾਫ ਰੋਹ ਸੀ। ਹੁਣ ਅੰਗਰੇਜ਼ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਪੂਰੀ ਤਰ੍ਹਾਂ ਹਾਕਮ ਸਨ। ਉਹਨਾਂ ਨੇ ਸਿਰਫ ਕਠਪੁਤਲੀ ਸਰਦਾਰਾਂ ਨੂੰ ਪ੍ਰਬੰਧਕ ਵਜੋਂ ਲਾਇਆ ਹੋਇਆ ਸੀ ਪਰ ਅਸਲ ਕੰਟਰੋਲ ਅੰਗਰੇਜ਼ ਅਫਸਰਾਂ ਦੇ ਆਪਣੇ ਅਧੀਨ ਸੀ। ਦੀਵਾਨ ਮੂਲ ਰਾਜ ਦਾ ਸਾਲਾ ਰੰਗੀ ਰਾਮ ਜਿਹੜਾ ਮੂਲ ਰਾਜ ਦਾ ਸਲਾਹਕਾਰ ਅਤੇ ਮਦਦਗਾਰ ਵੀ ਸੀ, ਉਹ ਚਾਹੁੰਦਾ ਸੀ ਕਿ ਇਸ ਬਗਾਵਤ ਨੂੰ ਦਬਾਉਣ ਲਈ ਅੰਗਰੇਜ਼ਾਂ ਦੀ ਮਦਦ ਕੀਤੀ ਜਾਵੇ। ਇਸ ਲਈ ਉਸ ਨੇ ਮੂਲ ਰਾਜ ਨੂੰ ਸਲਾਹ ਵੀ ਦਿਤੀ ਪਰ ਮੂਲ ਰਾਜ ਬੜੀ ਦੁਚਿਤੀ ਵਿਚ ਫਸਿਆ ਹੋਇਆ ਸੀ। ਜੇ ਉਹ ਅੰਗਰੇਜ਼ਾਂ ਦੀ ਮਦਦ ਕਰਦਾ ਤਾਂ ਉਹ ਉਸ ਦੇ ਸਿਪਾਹੀਆਂ ਕੋਲੋਂ ਹੀ ਕਤਲ ਹੋ ਸਕਦਾ ਸੀ ਅਤੇ ਜੇ ਉਹ ਆਪਣੇ ਲੋਕਾਂ ਦੀ ਮਦਦ ਕਰਦਾ ਸੀ ਤਾਂ ਅੰਗਰੇਜ਼ ਉਸ ਨੂੰ ਦਬਾ ਲੈਣਗੇ ਕਿਉਂਕਿ ਉਹ ਲਾਹੌਰ ਦਰਬਾਰ ਦੀਆਂ ਫੌਜਾਂ ਨਾਲ ਮਿਲ ਕੇ ਉਸ 'ਤੇ ਹਮਲਾ ਕਰ ਦੇਣਗੇ। ਫਿਰ ਵੀ, ਮਜਬੂਰੀ ਵਸ ਹੋ ਕੇ ਉਸ ਨੇ ਫੈਸਲਾ ਕੀਤਾ ਕਿ ਉਹ ਆਪਣੇ ਲੋਕਾਂ ਨਾਲ ਉਹਨਾਂ ਦੀ ਬਗਾਵਤ ਵਿਚ ਮਦਦ ਕਰੇਗਾ। ਜਦੋਂ ਰੰਗੀ ਰਾਮ ਨੇ ਮੂਲ ਰਾਜ ਨੂੰ ਅੰਗਰੇਜ਼ਾਂ ਦੀ ਮਦਦ ਕਰਨ ਦੀ ਸਲਾਹ ਦਿਤੀ ਸੀ ਤਾਂ ਬਗਾਵਤ ਕਰਨ ਵਾਲਿਆਂ ਨੇ ਗੁੱਸੇ ਵਿਚ ਰੰਗੀ ਰਾਮ ਨੂੰ ਜ਼ਖਮੀ ਕਰ ਦਿਤਾ ਸੀ। ਜਦੋਂ ਮੂਲ ਰਾਜ ਬਾਗੀਆਂ ਨਾਲ ਮਜਬੂਰੀ ਵਸ ਮਿਲ ਗਿਆ ਤਾਂ ਉਹਨਾਂ ਨੇ ਮੂਲ ਰਾਜ ਨੂੰ ਆਪਣਾ ਲੀਡਰ ਬਣਾ ਲਿਆ।

ਮੁਲਤਾਨ ਵਿਚ ਅਜੀਬ ਸਥਿਤੀ ਬਣੀ ਹੋਈ ਸੀ। ਗਵਰਨਰ ਕਾਹਨ ਸਿੰਘ ਦੇ ਸਿਪਾਹੀ ਅਤੇ ਅੰਗਰੇਜ਼ਾਂ ਫੌਜ ਦੇ ਅਫਸਰ ਤੇ ਸਿਪਾਹੀ ਵੀ ਬਾਗੀਆਂ ਨਾਲ ਮਿਲ ਗਏ ਸਨ ਅਤੇ ਉਹਨਾਂ ਨੇ ਗਵਰਨਰ ਕਾਹਨ ਸਿੰਘ ਨੂੰ ਕੈਦ ਕਰ ਲਿਆ। ਬਾਗੀਆਂ ਵਿਚ ਉਹ ਸਾਰੇ ਨਾਮ ਕਟੇ ਅਤੇ ਸਿੱਖ ਫੌਜ ਵਿਚੋਂ ਕਢੇ ਹੋਏ ਸਾਰੇ ਫੌਜੀ ਮਿਲ ਗਏ। ਉਹਨਾਂ ਦੀ ਗਿਣਤੀ ਹਜ਼ਾਰਾਂ ਵਿਚ ਹੋ ਗਈ। ਬਾਗੀਆਂ ਨੇ ਕਾਹਨ ਸਿੰਘ ਦੇ ਪੁੱਤਰ ਨੂੰ ਵੀ ਕਾਹਨ ਸਿੰਘ ਦੇ ਨਾਲ ਮੁਲਤਾਨ ਦੇ ਕਿਲੇ ਵਿਚ ਕੈਦ ਕਰ ਦਿਤਾ।

ਬੰਨੂ ਤੋਂ ਐਡਵਰਡਜ਼ 2 ਤੋਪਾਂ ਅਤੇ ਨਾਲ 1200 ਪੈਦਲ ਤੇ 350 ਫੌਜ ਲੈ ਕੇ ਮੁਲਤਾਨ ਵਲ ਚਲ ਪਿਆ। ਕੁਝ ਸਰਦਾਰ ਵੀ ਆਪਣੇ ਅਧੀਨ ਫੌਜ ਲੈ ਕੇ ਮੁਲਤਾਨ ਵਲ ਚਲ ਪਏ। ਰੈਜੀਡੈਂਟ ਫਰੈਡਰਿਕ ਕਰੀ ਨੂੰ ਉਹਨਾਂ ਕਮਾਂਡਰਾਂ ਨੇ ਲਿਖਿਆ ਕਿ ਉਹ ਅੰਗਰੇਜ਼ ਫੌਜ ਨੂੰ ਮੁਲਤਾਨ ਦੀ ਬਗਾਵਤ ਦਬਾਉਣ ਲਈ ਭੇਜਣ ਪਰ ਰੈਜੀਡੈਂਟ ਫਰੈਡਰਿਕ ਕਰੀ ਇਸ ਵਿਚਾਰ ਦਾ ਸੀ ਕਿ ਇਹ ਬਗ਼ਾਵਤ ਲਾਹੌਰ ਦਰਬਾਰ ਖਿਲਾਫ ਹੋਈ ਹੈ, ਇਸ ਲਈ ਇਸ ਨੂੰ ਲਾਹੌਰ ਦਰਬਾਰ ਦੀਆਂ ਫੌਜਾਂ ਹੀ ਦਬਾਉਣ ਪਰ ਲਾਹੌਰ ਵਿਚ ਸਿੱਖ ਸਰਦਾਰ ਇਹ ਸਮਝਦੇ ਸਨ ਕਿ ਜੇ ਸਿੱਖ ਫੌਜੀ ਇਸ ਬਗਾਵਤ ਨੂੰ ਦਬਾਉਣ ਲਈ ਮੁਲਤਾਨ ਗਏ ਤਾਂ ਉਹ ਬਾਗੀਆਂ ਨਾਲ ਮਿਲ ਜਾਣਗੇ। ਇਸ ਲਈ ਸਰਦਾਰਾਂ ਨੇ ਇਹੋ ਸਲਾਹ ਰੈਜੀਡੈਂਟ ਕਰੀ ਨੂੰ ਦਿਤੀ।

ਇਸ ਤਰ੍ਹਾਂ ਇਹ ਬਗਾਵਤ ਲੰਮੀ ਹੋ ਰਹੀ ਸੀ ਅਤੇ ਮੂਲ ਰਾਜ ਨਾਲ ਵਡੀ ਗਿਣਤੀ ਵਿਚ ਹੋਰ ਫੌਜੀ ਮਿਲ ਰਹੇ ਸਨ। ਬੜੀ ਅਨਿਸ਼ਚਤਾ ਵਾਲੀ ਸਥਿਤੀ ਬਣੀ ਹੋਈ ਸੀ।

ਮੁਲਤਾਨ ਦਾ ਖੇਤਰ ਦਰਿਆਵਾਂ ਨਾਲ ਘਿਰਿਆ ਹੋਇਆ ਸੀ ਅਤੇ ਬਹੁਤ ਉਪਜਾਊ ਖੇਤਰ ਸੀ ਜਿਸ 'ਤੇ ਪਹਿਲਾਂ ਮੁਜ਼ਫਰ ਖਾਨ ਰਾਜ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਖੇਤਰ ਨੂੰ 1818 ਵਿਚ ਜਿਤ ਕੇ ਖਾਲਸਾ ਰਾਜ ਨਾਲ ਮਿਲਾ ਲਿਆ ਅਤੇ ਦੀਵਾਨ ਸਾਵਨ ਮਲ ਨੂੰ 1824 ਵਿਚ ਇਸ ਦਾ ਗਵਰਨਰ ਨਿਯੁਕਤ ਕਰ ਦਿਤਾ। ਉਹ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਗੀ ਵਿਚ ਇਸ ਖੇਤਰ 'ਤੇ ਰਾਜ ਕਰਦਾ ਰਿਹਾ ਪਰ 1844 ਨੂੰ ਇਕ ਸੈਨਿਕ ਨੇ ਉਸ ਦਾ ਕਤਲ ਕਰ ਦਿਤਾ ਅਤੇ ਉਸ ਦੇ ਲੜਕੇ ਦੀਵਾਨ ਮੂਲ ਰਾਜ ਨੂੰ ਉਸ ਦੇ ਪਿਤਾ ਦੀ ਜਗ੍ਹਾ 'ਤੇ ਗਵਰਨਰ ਲਾ ਦਿਤਾ ਗਿਆ। ਇਥੇ ਇਹ ਗੱਲ ਵਰਨਣਯੋਗ ਹੈ ਕਿ ਲਾਹੌਰ ਵਿਚ ਫੈਲੀ ਬੇਚੈਨੀ ਕਰਕੇ ਅਤੇ ਸ਼ਾਇਦ ਅੰਗਰੇਜ਼ਾਂ ਦੀ ਪ੍ਰੇਰਨਾ ਕਰਕੇ ਮੂਲ ਰਾਜ ਨੇ ਲਾਹੌਰ ਦਰਬਾਰ ਨੂੰ ਲਗਾਨ ਦੇਣਾ ਬੰਦ ਕਰ ਦਿਤਾ। ਲਗਾਨ ਦੇ ਇਸ ਬਕਾਏ ਨੂੰ ਇਕੱਠਾ ਕਰਨ ਲਈ 1845 ਵਿਚ ਖਾਲਸਾ ਫੌਜ ਨੇ ਮੁਲਤਾਨ 'ਤੇ ਹਮਲਾ ਕਰ ਦਿਤਾ। ਮੂਲ ਰਾਜ ਨੇ ਸਮਝਿਆ ਕਿ ਉਹ ਮੁਕਾਬਲਾ ਕਰਨ ਦੇ ਯੋਗ ਨਹੀਂ, ਇਸ ਲਈ ਉਸ ਨੇ 18 ਲੱਖ ਰੁਪਏ ਦੇ ਕੇ ਸਮਝੌਤਾ ਕਰ ਲਿਆ ਅਤੇ ਅੱਗੇ ਤੋਂ ਲਾਹੌਰ ਦਰਬਾਰ ਦੀ ਗੱਲ ਮੰਨਣ ਲਈ ਰਾਜ਼ੀ ਹੋ ਗਿਆ ਪਰ 1845 ਦੇ ਅਖੀਰ ਵਿਚ ਪਹਿਲੀ ਐਂਗਲੋ-ਸਿਖ ਜੰਗ ਸ਼ੁਰੂ ਹੋਈ। ਮੂਲ ਰਾਜ ਲਗਾਨ ਦੀ ਅਦਾਇਗੀ ਫਿਰ ਟਾਲਣ ਲਗ ਪਿਆ ਅਤੇ ਆਪਣੀ ਮਰਜੀ ਨਾਲ ਚਲਣ ਲਗ ਪਿਆ ਜਿਸ ਤਰਾਂ ਕੋਈ ਸੁਤੰਤਰ ਹਾਕਮ ਹੁੰਦਾ ਹੈ। ਜਦੋਂ ਪਹਿਲੀ ਐਂਗਲੋ-ਸਿਖ ਜੰਗ ਖਤਮ ਹੋਈ ਤਾਂ ਲਾਹੌਰ ਦਰਬਾਰ ਨੇ ਮੁਲਤਾਨ 'ਤੇ ਧਿਆਨ ਦੇਣਾ ਸ਼ੁਰੂ ਕੀਤਾ। ਲਾਲ ਸਿੰਘ ਜੋ ਲਾਹੌਰ ਦਰਬਾਰ ਦਾ ਵਜੀਰ ਸੀ, ਉਸ ਦੀ ਕਮਾਂਡ ਵਿਚ ਫੌਜ ਨੂੰ ਮੁਲਤਾਨ ਭੇਜਿਆ ਗਿਆ। ਮੁਲਤਾਨ ਦੇ ਨੇੜੇ ਬੜੀ ਗਹਿਗੱਚ ਲੜਾਈ ਹੋਈ ਪਰ ਮੂਲ ਰਾਜ ਦੀ ਫੌਜ ਲਾਹੌਰ ਦਰਬਾਰ ਦੀ ਫੌਜ ਦਾ ਮੁਕਾਬਲਾ ਨਾ ਕਰ ਸਕੀ। ਫਿਰ ਸਮਝੌਤਾ ਹੋਇਆ ਜਿਸ ਵਿਚ ਹੈਨਰੀ ਲਾਰੰਸ ਨੇ ਬਹੁਤ ਵੱਡੀ ਭੂਮਿਕਾ ਨਿਭਾਈ। ਇਸ ਸਮਝੌਤੇ ਅਨੁਸਾਰ ਇਹ ਫੈਸਲਾ ਹੋਇਆ ਕਿ ਮੂਲ ਰਾਜ ਲਾਹੌਰ ਦਰਬਾਰ ਨੂੰ 20 ਲੱਖ ਰੁਪਏ ਦੇਵੇਗਾ ਅਤੇ ਕੁਝ ਖੇਤਰ ਖਾਲੀ ਕਰੇਗਾ। ਇਸ ਸਮਝੌਤੇ ਅਨੁਸਾਰ ਮੂਲ ਰਾਜ ਸਾਲਾਨਾ 19 ਲੱਖ 68 ਹਜ਼ਾਰ ਰੁਪਏ ਮਾਲੀਏ ਦੇ ਤੌਰ 'ਤੇ ਲਾਹੌਰ ਦਰਬਾਰ ਨੂੰ ਦੇਵੇਗਾ।



*ਉਘੇ ਚਿੱਤਰਕਾਰ ਸੋਭਾ ਸਿੰਘ ਦਾ ਬਣਾਇਆ ਮਹਾਰਾਜਾ ਰਣਜੀਤ ਸਿੰਘ ਦਾ ਚਿੱਤਰ।*

ਸ਼ੁਰੂ ਵਿਚ ਮੂਲ ਰਾਜ ਇਸ ਸਮਝੌਤੇ ਤੋਂ ਖੁਸ਼ ਸੀ ਅਤੇ ਉਹ ਸਮਝਦਾ ਸੀ ਕਿ ਉਸ ਦਾ ਰਾਜ ਚਲਦਾ ਰਹੇਗਾ ਪਰ ਬਾਅਦ ਵਿਚ ਉਸ ਨੇ ਮਹਿਸੂਸ ਕੀਤਾ ਕਿ ਉਹ ਇੰਨੀ ਵੱਡੀ ਰਕਮ ਨਹੀਂ ਦੇ ਸਕਦਾ। ਉਸ ਨੇ ਇਹ ਵੀ ਮਹਿਸੂਸ ਕੀਤਾ ਕਿ ਸਿੱਖ ਅੰਗਰੇਜ਼ਾਂ ਦੇ ਪ੍ਰਬੰਧ ਨਾਲ ਸੰਤੁਸ਼ਟ ਨਹੀਂ ਹਨ। ਉਹ ਲਾਹੌਰ ਦਰਬਾਰ ਨਾਲ ਲੜਾਈ ਨਹੀਂ ਸੀ ਲੈਣਾ ਚਾਹੁੰਦਾ, ਇਸ ਲਈ ਉਸ ਨੇ ਅਸਤੀਫਾ ਦੇ ਦਿਤਾ ਅਤੇ ਨਾਲ ਹੀ ਇਹ ਅਪੀਲ ਕੀਤੀ ਕਿ ਉਸ ਨੂੰ ਜਗੀਰ ਦੇ ਦਿਤੀ ਜਾਵੇ। ਉਸ ਸਮੇਂ ਜਾਨ ਲਾਰੰਸ ਹੈਨਰੀ ਜਿਹੜਾ ਹੈਨਰੀ ਲਾਰੰਸ ਦਾ ਭਰਾ ਸੀ, ਕੰਮ-ਚਲਾਊ ਰੈਂਜੀਡੈਂਟ ਦੇ ਤੌਰ 'ਤੇ ਕੰਮ ਕਰ ਰਿਹਾ ਸੀ। ਹੈਨਰੀ ਲਾਰੰਸ ਛੁੱਟੀ 'ਤੇ ਗਿਆ ਹੋਇਆ ਸੀ। ਕੰਮ-ਚਲਾਊ ਰੈਜੀਡੈਂਟ ਜਗੀਰ ਨਹੀਂ ਸੀ ਦੇ ਸਕਦਾ ਪਰ ਮੂਲ ਰਾਜ ਨੇ ਆਪਣਾ ਅਹੁਦਾ ਛੱਡਣ ਦਾ ਮਨ ਬਣਾ ਲਿਆ ਸੀ ਅਤੇ ਨਵੰਬਰ 1847 ਵਿਚ ਮੁਲਤਾਨ ਵਾਪਿਸ ਪਹੁੰਚਣ 'ਤੇ ਉਸ ਨੇ ਆਪਣਾ ਅਹੁਦਾ ਛੱਡ ਦਿੱਤਾ।

> ***ਲਾਹੌਰ ਦਰਬਾਰ ਦੀਆਂ ਫੌਜਾਂ ਨੇ ਲਾਹੌਰ ਦੇ ਕਿਲ੍ਹੇ ਨੂੰ ਘੇਰਾ ਤਾਂ ਪਾਇਆ ਹੋਇਆ ਸੀ ਪਰ ਉਹ ਕਿਲ੍ਹੇ 'ਤੇ ਹਮਲਾ ਕਰਨ ਦਾ ਹੌਸਲਾ ਨਹੀਂ ਸਨ ਕਰ ਰਹੀਆਂ। ਮੂਲ ਰਾਜ ਨੇ ਪਹਿਲਾਂ ਹੀ ਕਿਲ੍ਹੇ ਵਿਚ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਲਿਆ ਸੀ। ਐਡਵਰਡਜ਼ ਦੀ ਮੰਗ ਕਰਕੇ ਅੰਗਰੇਜ਼ ਰੈਂਜੀਡੈਂਟ ਨੇ ਜੁਲਾਈ ਦੇ ਅਖੀਰ ਵਿਚ ਲਾਹੌਰ ਅਤੇ ਫਿਰੋਜ਼ਪੁਰ ਤੋਂ ਹੋਰ ਫੌਜ ਭੇਜ ਦਿਤੀ।***

ਹੈਨਰੀ ਲਾਰੰਸ ਦੇ ਫਿਰ ਰੈਜੀਡੈਂਟ ਲਗਣ ਤੋਂ ਪਹਿਲਾਂ ਫਰੈਡਰਿਕ ਕਰੀ ਕੋਲ ਰੈਜੀਡੈਂਟ ਦਾ ਅਹੁਦਾ ਸੀ। ਉਸ ਨੇ ਮੂਲ ਰਾਜ ਨੂੰ ਲਿਖਿਆ ਅਤੇ ਪ੍ਰੇਰਿਆ ਕਿ ਜੇ ਉਹ ਚਾਹੇ ਤਾਂ ਆਪਣਾ ਅਸਤੀਫਾ ਵਾਪਸ ਲੈ ਸਕਦਾ ਹੈ ਅਤੇ ਉਹ ਫਿਰ ਮੁਲਤਾਨ ਦਾ ਗਵਰਨਰ ਬਣ ਸਕਦਾ ਹੈ। ਜੇ ਉਹ ਅਸਤੀਫਾ ਦੇ ਦੇਵੇਗਾ ਤਾਂ ਉਸ ਨੂੰ ਕੋਈ ਜਗੀਰ ਨਹੀਂ ਮਿਲੇਗੀ ਸਗੋਂ ਉਸ ਨੂੰ ਪਿਛਲੇ 10 ਸਾਲਾਂ ਦਾ ਹਿਸਾਬ ਦੇਣਾ ਪਵੇਗਾ। ਮੂਲ ਰਾਜ ਲਈ ਇਹ ਬੜਾ ਮੁਸ਼ਕਿਲ ਸੀ ਕਿਉਂ ਜੋ ਉਸ ਦੇ ਪਿਤਾ ਦੀ ਮੌਤ ਹੋ ਚੁਕੀ ਸੀ, ਇਸ ਲਈ ਉਹ ਉਸ ਸਮੇਂ ਦਾ ਹਿਸਾਬ ਕਿਵੇਂ ਦੇ ਸਕਦਾ ਸੀ ਪਰ ਉਹ ਅੰਗਰੇਜ਼ ਪ੍ਰਬੰਧਕਾਂ ਨੂੰ ਨਾਰਾਜ਼ ਵੀ ਨਹੀਂ ਸੀ ਕਰਨਾ ਚਾਹੁੰਦਾ, ਇਸ ਲਈ ਉਸ ਨੇ ਬੜੀ ਹਲੀਮੀ ਨਾਲ ਜਵਾਬ ਦਿੱਤਾ ਕਿ ਇਹ ਸੰਭਵ ਨਹੀਂ ਕਿ ਉਹ ਪਿਛਲੇ 10 ਸਾਲਾਂ ਦਾ ਹਿਸਾਬ ਦੇਵੇ ਅਤੇ ਉਸ ਨੇ ਇਹ ਵੀ ਲਿਖਿਆ ਕਿ ਉਸ ਦੇ ਪਿਤਾ ਦੇ ਵੇਲੇ ਦੇ ਕਾਗਜ਼ ਕੀੜੇ-ਮਕੌੜੇ ਖਾ ਗਏ ਹਨ, ਇਸ ਲਈ ਉਸ ਵਾਸਤੇ ਹਿਸਾਬ ਦੇਣਾ ਸੰਭਵ ਨਹੀਂ।

ਇਸ ਤਰ੍ਹਾਂ ਬਗਾਵਤ ਵਾਲੀ ਸਥਿਤੀ ਬਣ ਗਈ। ਰੈਜੀਡੈਂਟ ਫਰੈਡਰਿਕ ਕਰੀ ਇਸ ਵਿਚਾਰ ਦਾ ਸੀ ਕਿ ਇਹ ਵਿਦਰੋਹ ਲਾਹੌਰ ਦਰਬਾਰ ਦੇ ਖਿਲਾਫ ਹੈ, ਇਸ ਲਈ ਇਸ ਨੂੰ ਲਾਹੌਰ ਦਰਬਾਰ ਦੀ ਫੌਜ ਵਲੋਂ ਦਬਾਇਆ ਜਾਣਾ ਚਾਹੀਦਾ ਹੈ, ਇਸ ਲਈ ਅੰਗਰੇਜ਼ ਫੌਜੀ ਨਹੀਂ ਜਾਣੇ ਚਾਹੀਦੇ ਸਗੋਂ ਸਿੱਖ ਫੌਜੀ ਹੀ ਜਾਣੇ ਚਾਹੀਦੇ ਹਨ। ਇਸ ਲਈ ਕੁਝ ਸਿੱਖ ਸਰਦਾਰ ਆਪਣੀਆਂ ਫੌਜਾਂ ਨਾਲ ਮੁਲਤਾਨ ਦੀ ਬਗਾਵਤ ਦਬਾਉਣ ਲਈ ਚਲ ਪਏ। ਉਹਨਾਂ ਨੂੰ ਉਮੀਦ ਸੀ ਕਿ ਰੈਂਜੀਡੈਂਟ ਛੇਤੀ ਹੀ ਅੰਗਰੇਜ ਫੌਜੀ ਅਤੇ ਹਥਿਆਰ ਵੀ ਭੇਜ ਦੇਵੇਗਾ ਪਰ ਰੈਜੀਡੈਂਟ ਅੰਗਰੇਜ਼ ਫੌਜੀ ਭੇਜਣ ਵਿਚ ਦੇਰੀ ਕਰ ਰਿਹਾ ਸੀ ਅਤੇ ਉਹ ਇਸ ਵਿਚਾਰ ਦਾ ਸੀ ਕਿ ਇਸ ਬਗਾਵਤ ਨੂੰ ਲਾਹੌਰ ਦਰਬਾਰ ਨੂੰ ਹੀ ਦਬਾਉਣਾ ਚਾਹੀਦਾ ਹੈ। ਅਸਲ ਵਿਚ ਅੰਗਰੇਜ਼ ਰੈਜੀਡੈਂਟ ਕੋਲ ਰਾਜ ਦੀਆਂ ਸਾਰੀਆਂ ਸ਼ਕਤੀਆਂ ਸਨ। ਉਸ ਨੂੰ ਹਾਲਤ ਨੂੰ ਗੰਭੀਰਤਾ ਨਾਲ ਵਾਚਦਿਆਂ ਹੋਇਆਂ ਬਗਾਵਤ ਦਬਾਉਣੀ ਚਾਹੀਦੀ ਸੀ ਪਰ ਕਿਉਂ ਜੋ ਇਹ ਬਗਾਵਤ ਤਾਂ ਪੰਜਾਬ ਸਰਕਾਰ ਦੇ ਖਿਲਾਫ ਸੀ ਅਤੇ ਉਸ ਦਾ ਮੁਖੀ ਰੈਜੀਡੈਂਟ ਸੀ ਅਤੇ ਉਸ ਨੂੰ ਅਪਣੇ ਢੰਗ ਨਾਲ ਇਸ ਬਗਾਵਤ ਨੂੰ ਦਬਾਉਣਾ ਚਾਹੀਦਾ ਸੀ।

ਸਿੱਖ ਸਰਦਾਰਾਂ ਦੀ ਇਹ ਰਾਇ ਸੀ ਕਿ ਜਦੋਂ ਸਿੱਖ ਫੌਜ ਉਥੇ ਗਈ ਤਾਂ ਉਹ ਮੂਲ ਰਾਜ ਦੀਆਂ ਫੌਜਾਂ ਨਾਲ ਮਿਲ ਜਾਣਗੀਆਂ ਅਤੇ ਉਹ ਅੰਗਰੇਜ਼ ਫੌਜਾਂ ਦਾ ਵਿਰੋਧ ਕਰਨਗੀਆਂ; ਫਿਰ ਵੀ ਫਰੈਡਰਿਕ ਕਰੀ ਨੇ ਇਸ ਬਗਾਵਤ ਨੂੰ ਲੰਮਾ ਹੋਣ ਦਿੱਤਾ। ਉਸ ਵਕਤ ਦੇ ਇਤਿਹਾਸਕਾਰਾਂ ਅਨੁਸਾਰ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿਚ ਮਿਲਾਉਣਾ ਅੰਗਰੇਜ਼ਾਂ ਦੀ ਲੰਮੇ ਸਮੇਂ ਦੀ ਨੀਤੀ ਸੀ, ਭਾਵੇਂ ਉਹ ਹੁਣ ਪੂਰੀ ਤਰ੍ਹਾਂ ਪੰਜਾਬ 'ਤੇ ਕਾਬਜ਼ ਸਨ ਪਰ ਅਜੇ ਉਹ ਪੰਜਾਬ ਦੀ ਜਨਤਾ ਦੇ ਆਮ ਰੋਹ ਤੋਂ ਡਰਦੇ ਸਨ ਅਤੇ ਕਿਸੇ ਯੋਗ ਮੌਕੇ ਦੀ ਉਡੀਕ ਵਿਚ ਸਨ। ਜਨਰਲ ਗਫ ਜਿਹੜਾ ਅੰਗਰੇਜ਼ ਫੌਜਾਂ ਦਾ ਸੈਨਾਪਤੀ ਸੀ, ਉਸ ਦੇ ਵਿਚਾਰ ਵੀ ਇਹੋ ਹੀ ਸਨ। ਉਹ ਪੰਜਾਬ ਦੀ ਫੌਜ ਨੂੰ ਪੂਰੀ ਤਰ੍ਹਾਂ ਤਬਾਹ ਕਰਨਾ ਚਾਹੁੰਦਾ ਸੀ। ਇਸ ਲਈ ਉਹ ਕੋਈ ਵੱਡੀ ਜੰਗ ਚਾਹੁੰਦਾ ਸੀ, ਬਜਾਇ ਇਸ ਦੇ ਕਿ ਬਾਗੀਆਂ ਨੂੰ ਦਬਾਇਆ ਜਾਵੇ।

ਅੰਗੇਰਜ਼ ਫੌਜੀ ਅਫਸਰ ਐਡਵਰਡਜ਼ ਬੰਨੂ ਵਿਖੇ ਤਾਇਨਾਤ ਸੀ। ਜਦੋਂ ਉਸ ਨੂੰ ਐਗਨਿਊ ਦੀ ਚਿਠੀ ਮਿਲੀ ਤਾਂ ਉਸ ਨੇ ਤੁਰੰਤ ਮੁਲਤਾਨ ਵਲ ਫੌਜਾਂ ਭੇਜ ਦਿਤੀਆਂ। ਐਡਵਰਡ ਦੀ ਜਨਰਲ ਵਾਨਕੋਰਟ ਲੈਂਡ ਨੇ ਵੀ ਮਦਦ ਕੀਤੀ। ਫਤਿਹ ਖਾਨ ਅਤੇ ਸੁਲਤਾਨ ਖਾਨ ਵੀ ਐਡਵਰਡਜ਼ ਨਾਲ ਆ ਮਿਲੇ ਅਤੇ ਬਗੈਰ ਕਿਸੇ ਲੜਾਈ ਦੇ ਉਹਨਾਂ ਨੇ 11 ਮਈ ਨੂੰ ਮੈਨਗਰੋਟ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

ਮੂਲ ਰਾਜ ਫਿਰ ਵੀ ਅੰਗਰੇਜ਼ਾਂ ਨਾਲ ਟੱਕਰ ਨਹੀਂ ਸੀ ਲੈਣਾ ਚਾਹੁੰਦਾ। ਉਸ ਨੇ ਸੁਲ੍ਹਾ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਨਾਲ ਸੁਲ੍ਹਾ ਕਰਨ ਲਈ ਆਦਮੀ ਭੇਜਿਆ ਪਰ ਐਡਵਰਡਜ਼ ਨਾ ਮੰਨਿਆ ਅਤੇ ਉਹ ਉਸ ਸਥਿਤੀ ਵਿਚ ਸੁਲ੍ਹਾ ਦੇ ਕਿਸੇ ਵੀ ਪ੍ਰਸਤਾਵ ਨੂੰ ਨਾ ਮੰਨਣ ਲਈ ਪੱਕਾ ਸੀ। ਉਹ ਮੁਲਤਾਨ ਵਲ ਹੋਰ ਅਗੇ ਵਧਦਾ ਆਇਆ ਅਤੇ ਜਿਥੇ ਵੀ ਮੂਲ ਰਾਜ ਦੀ ਫੌਜ ਐਡਵਰਡਜ਼ ਦੀ ਫੌਜ ਨਾਲ ਲੜੀ, ਉਹ ਹਾਰਦੀ ਗਈ। ਐਡਵਰਡਜ਼ ਦੀ ਫੌਜ ਵਧਦੀ-ਵਧਦੀ ਮੁਲਤਾਨ ਦੇ ਨੇੜੇ ਕਾਵੇਰੀ ਵਿਖੇ ਪਹੁੰਚ ਗਈ। ਉਸ ਦੇ ਨਾਲ ਹੀ ਬਹਾਵਲਪੁਰ ਦੇ ਨਵਾਬ ਦੀ 3000 ਫੌਜ ਅਤੇ ਲਾਹੌਰ ਦਰਬਾਰ ਦੇ ਕੁਝ ਫੌਜੀ ਵੀ ਕਾਵੇਰੀ ਪਹੁੰਚ ਗਏ।

ਐਡਵਰਡਜ਼ ਦੇ ਅਧੀਨ ਹੁਣ ਬਹੁਤ ਵੱਡੀ ਫੌਜ ਸੀ। ਫਤਿਹ ਖਾਨ ਦੀ ਫੌਜ ਜਿਸ ਵਿਚ 9000 ਫੌਜੀ ਸਨ, ਨਾਲ ਫੌਜਦਾਰ ਖਾਨ ਕੋਲ 5000 ਸੈਨਿਕ ਸਨ ਜਦੋਂਕਿ ਸ਼ੇਖ ਇਮਾਮ-ਉਦ-ਦੀਨ ਕੋਲ 4000 ਸੈਨਿਕ ਸਨ। ਮੂਲ ਰਾਜ ਦੇ ਸਾਲੇ ਰੰਗੀ ਰਾਮ ਦੀ ਫੌਜ ਦੀ ਐਡਵਰਡਜ਼ ਦੀ ਫੌਜ ਨਾਲ 18 ਜੂਨ ਨੂੰ ਝੜਪ ਹੋਈ ਜਿਸ ਦੀ ਪਹਿਲਾਂ ਹੀ ਉਮੀਦ ਸੀ। ਰੰਗੀ ਰਾਮ ਦੀ ਫੌਜ ਐਡਵਰਡਜ਼ ਦੀ ਫੌਜ ਦਾ ਮੁਕਾਬਲਾ ਨਾ ਕਰ ਸਕੀ ਅਤੇ ਉਸ ਦੀ ਫੌਜ ਲਗਾਤਾਰ ਮੁਲਤਾਨ ਵਲ ਵਧਦੀ ਗਈ ਅਤੇ ਮੁਲਤਾਨ ਦੇ ਨੇੜੇ ਸੂਰਜ ਕੁੰਡ ਦੇ ਸਥਾਨ 'ਤੇ ਪਹੁੰਚ ਗਈ।

ਮੂਲ ਰਾਜ ਨੇ ਉਸ ਲੜਾਈ ਲਈ ਵੱਡੀ ਤਿਆਰੀ ਕੀਤੀ। ਫੌਜ ਵਿਚੋਂ ਕੱਢੇ ਹੋਏ ਬਹੁਤ ਸਾਰੇ ਲੋਕ ਉਸ ਨਾਲ ਆ ਕੇ ਮਿਲ ਗਏ। ਹੁਣ ਮੂਲ ਰਾਜ ਦੀ ਫੌਜ ਕੋਲ ਬਹੁਤ ਵੱਡੀ ਫੌਜ ਹੋ ਗਈ ਸੀ। ਫਿਰ ਪਹਿਲੀ ਜੁਲਾਈ 1948 ਨੂੰ ਦੋਵੇਂ ਫੌਜਾਂ ਆਹਮੋ-ਸਾਹਮਣੇ ਹੋ ਗਈਆਂ ਅਤੇ ਲੜਾਈ ਸ਼ੁਰੂ ਹੋ ਗਈ। ਮੂਲ ਰਾਜ ਹਾਥੀ 'ਤੇ ਚੜ੍ਹ ਕੇ ਲੜਾਈ ਵਿਚ ਆਇਆ। ਇਸ ਦੌਰਾਨ ਇਕ ਗੋਲੀ ਮੂਲ ਰਾਜ ਦੇ ਹਾਥੀ ਨੂੰ ਲੱਗੀ। ਮੂਲ ਰਾਜ ਇਕਦਮ ਹਾਥੀ ਛੱਡ ਕੇ ਘੋੜੇ 'ਤੇ ਚੜ੍ਹ ਗਿਆ ਪਰ ਫੌਜ ਵਿਚ ਇਹ ਅਫਵਾਹ ਫੈਲ ਗਈ ਕਿ ਮੂਲ ਰਾਜ ਲੜਾਈ ਤੋਂ ਭੱਜ ਗਿਆ ਹੈ, ਇਸ ਕਰਕੇ ਮੂਲ ਰਾਜ ਦੀ ਫੌਜ ਪਿਛੇ ਹਟਣ ਲਗ ਪਈ। ਅਖੀਰ ਵਿਚ ਮੂਲ ਰਾਜ ਆਪਣੀ ਫੌਜ ਨਾਲ ਕਿਲ੍ਹੇ ਵਿਚ ਦਾਖਲ ਹੋ ਗਿਆ ਜਿਸ ਕਰਕੇ ਐਡਵਰਡਜ਼ ਦੀ ਫੌਜ ਨੇ ਅਗੇ ਵਧਦਿਆਂ ਹੋਇਆਂ ਕਿਲ੍ਹੇ ਨੂੰ ਘੇਰਾ ਪਾ ਲਿਆ। ਐਡਵਰਡਜ਼ ਨੇ ਰੈਂਜੀਡੈਂਟ ਨੂੰ ਮਦਦ ਲਈ ਲਿਖਿਆ ਅਤੇ ਆਪਣੀ ਫੌਜ ਮਜ਼ਬੂਤ ਬਣਾਉਣ ਲਗ ਪਿਆ। ਫੌਜ ਵਿਚੋਂ ਕੱਢੇ ਕਈ ਹੋਰ ਫੌਜੀ ਮੂਲ ਰਾਜ ਨਾਲ ਆ ਕੇ ਮਿਲ ਗਏ। ਉਹਨਾਂ ਨੇ ਬਹੁਤ ਸਾਰਾ ਸਮਾਨ ਅਤੇ ਹਥਿਆਰ ਇਕੱਠੇ ਕਰ ਲਏ।

ਦੂਸਰੀ ਤਰਫ ਐਡਵਰਡਜ਼ ਅਜੇ ਵੀ ਆਪਣੀ ਸਥਿਤੀ ਨੂੰ ਮਜ਼ਬੂਤ ਬਣਾ ਰਿਹਾ ਸੀ ਅਤੇ ਉਹ ਕਿਲ੍ਹੇ 'ਤੇ ਹਮਲਾ ਨਹੀਂ ਸੀ ਕਰ ਰਿਹਾ। ਉਸ ਨੇ ਲਾਹੌਰ ਵਿਚ ਅੰਗਰੇਜ਼ ਰੈਂਜੀਡੈਂਟ ਨੂੰ ਹੋਰ ਫੌਜ ਭੇਜਣ ਲਈ ਲਿਖਿਆ ਪਰ ਹਰ ਵਾਰ ਰੈਜੀਡੈਂਟ ਨੇ ਉਸ ਦੇ ਵਿਚਾਰ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਇਹ ਬਗਾਵਤ ਲਾਹੌਰ ਦਰਬਾਰ ਦੇ ਖਿਲਾਫ ਹੈ ਅਤੇ ਉਸ ਨੂੰ ਹੀ ਦਬਾਉਣੀ ਚਾਹੀਦੀ ਹੈ। ਇਹ ਬਗਾਵਤ ਸਿੱਖ ਸਰਦਾਰਾਂ ਵਲੋਂ ਉਹਨਾਂ ਦੀਆਂ ਆਪਣੀਆਂ ਫੌਜਾਂ ਨਾਲ ਦਬਾਉਣੀ ਚਾਹੀਦੀ ਹੈ। ਇਸ ਲਈ ਸਿੱਖ ਸਰਦਾਰਾਂ ਨੂੰ ਆਪਣੀਆਂ ਫੌਜਾਂ ਇਸ ਬਗਾਵਤ ਨੂੰ ਦਬਾਉਣ ਲਈ ਭੇਜਣੀਆਂ ਚਾਹੀਦੀਆਂ ਹਨ।

ਲਾਹੌਰ ਦਰਬਾਰ ਦੀਆਂ ਫੌਜਾਂ ਨੇ ਲਾਹੌਰ ਦੇ ਕਿਲ੍ਹੇ ਨੂੰ ਘੇਰਾ ਤਾਂ ਪਾਇਆ ਹੋਇਆ ਸੀ ਪਰ ਉਹ ਕਿਲ੍ਹੇ 'ਤੇ ਹਮਲਾ ਕਰਨ ਦਾ ਹੌਸਲਾ ਨਹੀਂ ਸਨ ਕਰ ਰਹੀਆਂ। ਮੂਲ ਰਾਜ ਨੇ ਪਹਿਲਾਂ ਹੀ ਕਿਲ੍ਹੇ ਵਿਚ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਲਿਆ ਸੀ। ਐਡਵਰਡਜ਼ ਦੀ ਮੰਗ ਕਰਕੇ ਅੰਗਰੇਜ਼ ਰੈਂਜੀਡੈਂਟ ਨੇ ਜੁਲਾਈ ਦੇ ਅਖੀਰ ਵਿਚ ਲਾਹੌਰ ਅਤੇ ਫਿਰੋਜ਼ਪੁਰ ਤੋਂ ਹੋਰ ਫੌਜ ਭੇਜ ਦਿਤੀ। ਇਹ ਫੌਜਾਂ ਜਨਰਲ ਵਿਸ਼ ਦੀ ਕਮਾਂਡ ਦੇ ਅਧੀਨ 17 ਅਤੇ 18 ਅਗਸਤ ਨੂੰ ਉਥੇ ਪਹੁੰਚ ਗਈਆਂ। ਹੁਣ ਜਨਰਲ ਵਿਸ਼ ਕੋਲ 8041 ਪੈਦਲ, 1516 ਘੁੜ-ਸਵਾਰ ਅਤੇ 44 ਤੋਪਾਂ ਸਨ। ਐਡਵਰਡਜ਼ ਕੋਲ

*(ਬਾਕੀ ਅਗਲੇ ਸਫੇ 'ਤੇ)*

# ਬੰਬਈ ਵਿਚ ਮੁੱਢਲੇ ਦਿਨ

***ਅਦਾਕਾਰ ਦਲੀਪ ਕੁਮਾਰ (11 ਦਸੰਬਰ 1922-7 ਜੁਲਾਈ 2021) ਫਿਲਮੀ ਦੁਨੀਆ ਦਾ ਬੇਤਾਜ ਬਾਦਸ਼ਾਹ ਰਿਹਾ ਹੈ। ਇਹ ਰਚਨਾ ਉਸ ਦੀ ਲਿਖੀ ਸਵੈ-ਜੀਵਨੀ 'ਦਿ ਸਬਸਟਾਂਸ ਐਂਡ ਦਿ ਸ਼ੈਡੋ' ਵਿਚੋਂ ਹੈ। ਇਸ ਦਾ ਅਨੁਵਾਦ ਪੰਜਾਬੀ ਫਿਲਮਸਾਜ਼ ਜਤਿੰਦਰ ਮੌਹਰ ਨੇ ਕੀਤਾ ਹੈ। ਇਸ ਵਿਚ ਦਲੀਪ ਕੁਮਾਰ ਨੇ ਬੰਬਈ ਵਿਚ ਆਪਣੇ ਮੁੱਢਲੇ ਦਿਨਾਂ ਦੀ ਬਾਤ ਪਾਈ ਹੈ।***

ਦਿਉਲਾਲੀ ਅਤੇ ਪੂਨਾ ਦੀ ਮੇਰੀ ਜ਼ਿੰਦਗੀ ਵਿਚ ਅਹਿਮ ਥਾਂ ਹੈ। ਦਿਉਲਾਲੀ ਦੇ ਮੈਦਾਨਾਂ, ਵਾਦੀਆਂ ਅਤੇ ਪਹਾੜੀਆਂ ਨੇ ਮੈਨੂੰ ਪਿਸ਼ਾਵਰ ਵਿਚ ਬੀਤੇ ਮੁੱਢਲੇ ਬਚਪਨ ਦੀ ਬੇਫਿਕਰੀ ਵਾਪਸ ਮੋੜ ਦਿੱਤੀ। ਪੂਨੇ ਨੇ ਸਵੈ-ਯਕੀਨ ਅਤੇ ਕਿਰਦਾਰ-ਘੜਤ ਦਾ ਪਹਿਲਾ ਚਾਨਣ ਬਖਸ਼ਿਆ।

ਆਯੂਬ ਸਾਹਿਬ ਦੀ ਸਿਹਤ ਬਿਹਤਰ ਹੋਈ। ਉਹ ਸਾਨੂੰ ਬੰਬਈ ਦੀ ਕਰਾਫੋਰਡ ਮਾਰਕਿਟ ਨੇੜਲੇ ਘਰ ਵਿਚ ਵਾਪਸ ਲੈ ਆਏ। ਅੰਮਾ ਘਰੇਲੂ ਕਾਮਿਆਂ ਦੀ ਮਦਦ ਨਾਲ ਘਰ ਸਾਫ ਕਰਨ ਵਿਚ ਦੁਬਾਰਾ ਜੁਟ ਗਈ। ਸਾਲ ਡੇਢ ਸਾਲ ਦੇ ਵਕਫੇ ਨਾਲ ਨਵੇਂ ਜੀਅ ਸਾਡੇ ਟੱਬਰ ਦਾ ਹਿੱਸਾ ਬਣਨ ਲੱਗੇ ਜਿਨ੍ਹਾਂ ਵਿਚ ਛੋਟਾ ਭਰਾ ਨਾਸਿਰ ਅਤੇ ਭੈਣ ਮੁਮਤਾਜ਼ ਸ਼ਾਮਲ ਸਨ। ਅੰਮਾ ਨੂੰ ਦਮੇ ਦੇ ਹੱਲੇ ਪੈਣ ਲੱਗੇ। ਸਾਹ ਲੈਣ ਦੀ ਮੁਸ਼ੱਕਤ ਜਮਰੌਦ ਦਾ ਕਿਲ੍ਹਾ ਬਣ ਗਈ।

ਆਗਾ ਜੀ (ਮੇਰੇ ਪਿਤਾ) ਦੇ ਸਾਹਮਣੇ ਜੁਆਕਾਂ ਦੀ ਪੜ੍ਹਾਈ ਦਾ ਸਵਾਲ ਖੜ੍ਹਾ ਹੋਇਆ। ਲਗਾਤਾਰ ਤੰਗੀਆਂ ਦੇ ਦੌਰ ਵਿਚ ਮੈਂ ਹਾਈ ਸਕੂਲ ਅਤੇ ਮਾਟੂੰਗਾ ਦੇ ਖਾਲਸਾ ਕਾਲਜ ਵਿਚ ਪੜ੍ਹਦਾ ਰਿਹਾ। ਅੰਜੁਮਨ-ਇਸਲਾਮ ਤੋਂ ਸਾਡਾ ਘਰ ਨੇੜੇ ਸੀ ਪਰ ਖਾਲਸਾ ਕਾਲਜ ਜਾਣ ਲਈ ਟਰਾਮ ਇਕਲੌਤਾ ਸਾਧਨ ਸੀ। ਪੱਕਾ ਯਾਦ ਨਹੀਂ, ਸ਼ਾਇਦ ਮੈਂ ਕਰਾਫੋਰਡ ਮਾਰਕੀਟ ਤੋਂ ਟਰਾਮ ਲੈਂਦਾ ਸੀ।

**ਦਲੀਪ ਕੁਮਾਰ**

ਦਾਦਰ ਤੱਕ ਜਾਂਦੀ ਟਰਾਮ ਨਾਲ ਪਿਆਰੀਆਂ ਯਾਦਾਂ ਜੁੜੀਆਂ ਹੋਈਆਂ ਹਨ। ਟਰਾਮ ਦਾ ਜ਼ਿੰਮਾ ਬੇਸਟ (ਬੰਬਈ ਇਲੈਕਟਰਿਕ ਸਪਲਾਈ ਐਂਡ ਟਰਾਂਸਪੋਰਟ) ਅਦਾਰੇ ਦੇ ਹੱਥ ਸੀ। ਬੰਬਈ ਦੀਆਂ ਬੱਸਾਂ ਇਹੀ ਅਦਾਰਾ ਚਲਾਉਂਦਾ ਸੀ। ਮੈਨੂੰ ਬੱਸ ਸਫਰ ਦੇ ਮੁਕਾਬਲੇ ਟਰਾਮ ਦੀ ਸਵਾਰੀ ਵੱਧ ਚੰਗੀ ਲਗਦੀ ਸੀ। ਗਤੀ ਫੜਨ ਸਮੇਂ ਇਹ ਰੌਲਾ ਪਾਉਂਦੀ। ਟੇਡੇ ਮੋੜ ਕੱਟਦੀ ਹੌਲੀ ਚਾਲ ਬੇਪਰਵਾਹੀ ਦੇ ਸਫਰ ਦਾ ਅਹਿਸਾਸ ਕਰਵਾਉਂਦੀ ਸੀ। ਮੇਰੇ ਕਾਲਜ ਦੇ ਕਈ ਸੰਗੀ ਟਰਾਮ ਦੇ ਕੰਡਕਟਰ ਨੂੰ ਝਕਾਨੀ ਦੇ ਕੇ ਨਿਕਲ ਜਾਂਦੇ ਸਨ। ਚੋਬਰ ਇਹਨੂੰ ਵੱਡਾ ਮਾਅਰਕਾ ਗਿਣਦੇ ਸਨ। ਬੱਸ ਕੰਡਕਟਰਾਂ ਦੇ ਉਲਟ ਟਰਾਮ ਕੰਡਕਟਰ ਵਧੇਰੇ ਸੁਸਤ ਹੁੰਦੇ ਸਨ। ਮੇਰੇ ਵਰਗੀ ਇਮਾਨਦਾਰ ਅਤੇ ਪੱਕੀ ਸਵਾਰੀ, ਕੁਰਸੀ ਵਿਚ ਗੱਡੇ ਕੰਡਕਟਰ ਨੂੰ ਜਗਾ ਕੇ ਟਿਕਟ ਮੰਗਦੀ। ਉਹ ਗੁੱਸੇ ਵਿਚ ਮੇਰੇ ਵੱਲ ਦੇਖਦਾ ਅਤੇ ਟਿਕਟ ਫੜਾ ਦਿੰਦਾ। ਇਸ ਕਰਕੇ ਮੈਂ ਬੇਟਿਕਟੇ ਚੋਬਰਾਂ ਨੂੰ ਕਸੂਰਵਾਰ ਨਹੀਂ ਸਮਝਦਾ। ਕਈ ਵਾਰ ਮੈਂ ਟਰਾਮ ਦੀ ਚਾਲ ਦੇ ਬਰਾਬਰ ਸੜਕ ਉਤੇ ਦੌੜਦਾ ਸੀ। ਮੂੰਹ ਉਤੇ ਵੱਜਦੇ ਹਵਾ ਦੇ ਬੁੱਲੇ ਚਿੱਤ ਦੇ ਖੇੜੇ ਨੂੰ ਬੁਲੰਦੀ ਦਿੰਦੇ ਸਨ।

ਬੰਬਈ ਵਿਚ ਟਰਾਮ ਸੇਵਾ ਬੰਦ ਹੋਣ ਦੇ ਹੇਰਵੇ ਦੀ ਚੀਸ ਹਜ਼ਾਰਾਂ ਸ਼ਹਿਰੀਆਂ ਵਾਂਗ ਮੇਰੇ ਅੰਦਰ ਸ਼ਾਮਲ ਸੀ। 31 ਮਾਰਚ 1964 ਦੇ ਦਿਨ ਆਖਰੀ ਟਰਾਮ ਨੂੰ ਵਿਦਾਇਗੀ ਦੇਣ ਲਈ ਲੋਕਾਂ ਦੀ ਵੱਡੀ ਗਿਣਤੀ ਪਰੇਲ ਤੋਂ ਦਾਦਰ ਵਿਚਕਾਰ ਕਤਾਰਾਂ ਬੰਨ੍ਹੀ ਖੜ੍ਹੀ ਸੀ। ਮੈਂ ਬੰਬਈ ਦੀਆਂ ਟਰਾਮਾਂ ਵਿਚ ਸਫਰ ਕਰਨ ਵਾਲਾ ਚੋਬਰ ਯੂਸੁਫ ਖਾਨ ਨਹੀਂ ਰਿਹਾ। ਫਿਲਮੀ ਸਿਤਾਰਾ ਦਲੀਪ ਕੁਮਾਰ ਬਣ ਗਿਆ ਜੋ ਟਰਾਮ ਸੇਵਾ ਦੇ ਆਖਰੀ ਗੀਤ ਦਾ ਸਰੋਤਾ ਹਾਂ।

ਆਗਾ ਜੀ ਮੈਨੂੰ ਭਵਿੱਖ ਦਾ ਵੱਡਾ ਅਹੁਦੇਦਾਰ ਤਸਲੀਮ ਕਰਦੇ ਸਨ। ਉਹ ਮੇਰੇ ਨਾਮ ਨਾਲ ਓ.ਬੀ.ਈ (ਆਰਡਰ ਆਫ ਦਿ ਬ੍ਰਿਟਿਸ਼ ਅੰਪਾਇਰ) ਲਿਖਿਆ ਦੇਖਣਾ ਚਾਹੁੰਦੇ ਸਨ। ਉਨ੍ਹਾਂ ਨੇ ਅੰਮਾ ਜੀ ਨੂੰ ਕਿਹਾ ਸੀ, "ਇਹਦੀ ਯੋਗਤਾ ਤੇਰੀ ਸੋਚ ਤੋਂ ਅੱਗੇ ਦੀ ਹੈ। ਇਹ ਰੇੜ੍ਹੀ ਉਤੇ ਫਲ ਨਹੀਂ ਵੇਚੇਗਾ। ਇਹਨੂੰ ਕਾਨੂੰਨ ਦੀ ਪੜ੍ਹਾਈ ਕਰਨੀ ਚਾਹੀਦੀ ਹੈ ਅਤੇ ਵਿਦੇਸ਼ ਜਾਣਾ ਚਾਹੀਦਾ ਹੈ। ਇਹਦੇ ਵਿਚ ਕੁਝ ਬਣਨ ਦੀ ਸਮਰੱਥਾ ਹੈ।"

ਅੰਮਾ ਜੀ ਦੇ ਮੂੰਹੋਂ ਇਹ ਗੱਲਾਂ ਸੁਣ ਕੇ ਮੈਨੂੰ ਚੰਗਾ ਲੱਗਿਆ ਪਰ ਦਿਲ ਵਿਚ ਧੁੜਕੂ ਜਿਹਾ ਮਹਿਸੂਸ ਹੋਇਆ। ਕੀ ਮੈਂ ਉਨ੍ਹਾਂ ਦੇ ਸੁਫਨੇ ਪੂਰੇ ਕਰ ਸਕਾਂਗਾ? ਮੈਂ ਸੁਭਾਅ ਪੱਖੋਂ ਮਿਹਨਤੀ ਅਤੇ ਉਦਮੀ ਸੀ। ਮੈਨੂੰ ਲੱਗਦਾ ਸੀ ਕਿ ਜੇ ਮੈਨੂੰ ਹੌਸਲਾ ਮਿਲੇ ਤਾਂ ਮੈਂ ਚੰਗਾ ਫੁੱਟਬਾਲ ਖਿਡਾਰੀ ਬਣ ਸਕਦਾ ਹਾਂ ਪਰ ਮੈਂ ਓ.ਬੀ.ਈ ਕਿਵੇਂ ਬਣਾਗਾਂ?

ਕਿਤਾਬਾਂ ਦਾ ਮੈਂ ਆਸ਼ਕ ਸੀ। ਉਰਦੂ ਅਤੇ ਅੰਗਰੇਜ਼ੀ ਦੇ ਲੇਖਕ ਮੇਰੇ ਪਸੰਦੀਦਾ ਸਨ। ਸ਼ਰਮਾਕਲ ਹੋਣ ਦੇ ਬਾਵਜੂਦ ਮੈਂ ਕਾਲਜ ਦੇ ਯਾਰਾਂ ਨਾਲ ਸੌਖਿਆਂ ਯਾਰੀ ਗੰਢ ਲਈ ਪਰ ਉਹ ਚੋਣਵੇਂ ਸਨ। ਖਾਲਸਾ ਕਾਲਜ ਵਿਚ ਰਾਜ ਕਪੂਰ ਨੂੰ ਮੈਂ ਕਈ ਸਾਲਾਂ ਬਾਅਦ ਮਿਲਿਆ ਸੀ। ਰਾਜ ਦੇ ਦਾਦਾ ਜੀ ਦੀਵਾਨ ਬਸ਼ੇਸ਼ਵਰਨਾਥ ਕਪੂਰ ਪਿਸ਼ਾਵਰ ਵਿਚ ਸਾਡੇ ਘਰ ਗੇੜਾ ਮਾਰਦੇ ਰਹਿੰਦੇ ਸਨ। ਬੰਬਈ ਵਿਚ ਦੋਵੇਂ ਟੱਬਰਾਂ ਦਾ ਨਿੰਘ ਕਾਇਮ ਰਿਹਾ। ਪਠਾਣ ਇਸੇ ਨਿੰਘ ਲਈ ਮਸ਼ਹੂਰ ਹਨ। ਸਾਂਝੀ ਬੋਲੀ ਪਸ਼ਤੋ ਬੋਲਣਾ ਦੋਵੇਂ ਲਾਣਿਆਂ ਲਈ ਅਹਿਮ ਰਿਸ਼ਤੇ ਦਾ ਸਬਬ ਸੀ। ਆਗਾ ਜੀ ਦਾ ਬੋਲੀਆਂ ਉਤੇ ਕਮਾਨ ਦਾ ਹੁਨਰ ਮੇਰੇ ਅੰਦਰ ਵੀ ਕੁਦਰਤੀ ਗੁਣ ਭਰ ਗਿਆ। ਉਹ ਚੰਗੀ ਪਸ਼ਤੋ ਅਤੇ ਲਾਹੌਰੀਆਂ ਦੀ ਪੰਜਾਬੀ ਬੋਲਦੇ ਸਨ। ਉਹ ਫਾਰਸੀ, ਉਰਦੂ ਅਤੇ ਅੰਗਰੇਜ਼ ਦੋਸਤਾਂ ਨਾਲ ਅੰਗਰੇਜ਼ੀ ਬੋਲਦੇ ਸਨ। ਜਦੋਂ ਅਸੀਂ ਬੰਬਈ ਪਰਵਾਸ ਕੀਤਾ ਤਾਂ ਉਹ ਮੈਮਨ ਅਤੇ ਬੋਹਰਾ ਦੋਸਤਾਂ ਨਾਲ ਹਿੰਦੁਸਤਾਨੀਅਤੇ ਗੁਜਰਾਤੀ ਵਿਚ ਗੱਲਬਾਤ ਕਰਨ ਲੱਗ ਪਏ। ਮੈਮਨ ਅਤੇ ਬੋਹਰਾ ਪੱਛਮੀ ਭਾਰਤ ਵਿਚ ਮੁਸਲਿਮ ਬਿਰਾਦਰੀਆਂ ਹਨ।



ਬੰਬਈ ਵਾਲੇ ਘਰ ਦੇ ਦਰ ਆਗਾ ਜੀ ਅਤੇ ਅੰਮਾ ਜੀ ਦੇ ਦੋਸਤਾਂ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ ਸਨ। ਨਾਗਦੇਵੀ ਗਲੀ ਵਿਚ ਸਾਡੇ ਘਰ ਦੇ ਨੇੜੇ ਬੋਹਰਾ ਅਤੇ ਮੈਮਨਾਂ ਦੇ ਦੁਮੰਜ਼ਿਲੇ ਘਰ ਸਨ। ਉਨ੍ਹਾਂ ਦੀਆਂ ਬੀਬੀਆਂ ਦਾ ਮੇਰੀ ਮਾਤਾ ਅਤੇ ਵੱਡੀ ਭੈਣ ਸਕੀਨਾ ਨਾਲ ਚੰਗਾ ਮੋਹ ਪ੍ਰੇਮ ਸੀ। ਐਮਨ ਬੀਬੀ ਬੈਸਬੀ ਦੇ ਅੰਮਾ ਜੀ ਨਾਲ ਲੰਮੀਆਂ ਮੁਲਾਕਾਤਾਂ ਦੇ ਦੌਰ ਚਲਦੇ ਅਤੇ ਸਾਡੇ ਘਰ ਵਿਚ ਠਹਾਕੇ ਅਕਸਰ ਗੂੰਜਦੇ ਰਹਿੰਦੇ। ਬੈਸਬੀ ਬੀਬੀ ਮੇਰੀ ਦਿੱਖ ਨੂੰ ਸਲਾਹੁੰਦੀ ਰਹਿੰਦੀ ਸੀ। ਵੀਹ ਸਾਲਾਂ ਤੋਂ ਟੱਪ ਕੇ ਵੀ ਮੈਂ ਸੰਗਾਊ ਸੀ। ਰਾਜ ਕਪੂਰ ਨਾਲ ਮੈਨੂੰ ਈਰਖਾ ਹੁੰਦੀ। ਖੁੱਲ੍ਹੇ ਸੁਭਾਅ ਅਤੇ ਸੁਹੱਪਣ ਕਰਕੇ ਉਹ ਕੁੜੀਆਂ ਵਿਚ ਚੰਗਾ ਮਸ਼ਹੂਰ ਸੀ। ਉਸ ਸਮੇਂ ਮੇਰੇ ਅੰਦਰ ਖਿਡਾਰੀ ਅਤੇ ਸਾਹਿਤ ਦਾ ਪਾਠਕ ਹੋਣ ਦੇ ਉਘੜਵੇਂ ਗੁਣ ਸਨ। ਹਾਕੀ ਅਤੇ ਫੁੱਟਬਾਲ ਖੇਡਦੇ ਸਮੇਂ ਮੈਂ ਆਪਣੇ ਜਲੌਅ ਉਤੇ ਹੁੰਦਾ ਸੀ। ਮੈਂ ਫੁੱਟਬਾਲ ਦਾ ਪੇਸ਼ਾਵਰ ਖਿਡਾਰੀ ਬਣਨ ਦਾ ਸੁਫਨਾ ਦੇਖਦਾ ਸੀ। ਦੱਖਣੀ ਬੰਬਈ ਦੇ ਮੈਟਰੋ ਸਿਨੇਮਾ ਨੇੜਲੀ ਹੱਟੀ ਤੋਂ ਮਹਿੰਗੇ ਬੂਟ ਖਰੀਦਣ ਲਈ ਜੇਬ-ਖਰਚ ਵਿਚੋਂ ਪੈਸੇ ਬਚਾਉਂਦਾ ਰਹਿੰਦਾ। ਖੇਡ ਮੈਦਾਨਾਂ ਵਿਚ ਖੇਡਣ ਜਾਂ ਮੈਚ ਦੇਖਣ ਜਾਂਦਾ। ਆਗਾ ਜੀ ਨੂੰ ਇਸ ਵਿਚ ਕੋਈ ਦਿੱਕਤ ਨਹੀਂ ਸੀ। ਉਹ ਪੈਸੇ ਦੇ ਦਿੰਦੇ ਸਨ। ਉਹ ਖੁਸ਼ ਸਨ ਕਿ ਉਨ੍ਹਾਂ ਦਾ ਪੁੱਤ ਕਦੇ ਕਾਲਜ ਤੋਂ ਛੁੱਟੀ ਨਹੀਂ ਮਾਰਦਾ ਅਤੇ ਕਿਤਾਬਾਂ ਵਿਚ ਸਿਰ ਸੁੱਟੀ ਰੱਖਦਾ ਹੈ। ਮੇਰੇ ਕੋਲੋਂ ਉਨ੍ਹਾਂ ਨੂੰ ਉਚੀ ਪੜ੍ਹਾਈ ਅਤੇ ਓ.ਬੀ.ਈ. ਬਣਨ ਦੀਆਂ ਭਰਵੀਆਂ ਆਸਾਂ ਸਨ।

ਸਾਡੀ ਫਲਾਂ ਦੀ ਹੱਟੀ ਉਤੇ ਆਉਣ ਵਾਲੇ ਕਾਨੂੰਨਦਾਨ, ਡਾਕਟਰ ਅਤੇ ਸਿੱਖਿਆ ਉਸਤਾਦ ਆਗਾ ਜੀ ਦੇ ਚੰਗੇ ਦੋਸਤ ਬਣ ਚੁੱਕੇ ਸਨ। ਇਹ ਸਿਆਣੇ ਸਾਡੇ ਘਰ ਆਉਂਦੇ ਅਤੇ ਮੈਂ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਾਂ ਕਰਦਾ। ਸਾਨੂੰ ਗੱਲਾਂ ਕਰਦੇ ਦੇਖ ਕੇ ਆਗਾ ਜੀ ਦੀ ਹਿੱਕ ਚੌੜੀ ਹੋ ਜਾਂਦੀ। ਉਹ ਮੈਨੂੰ ਇਨ੍ਹਾਂ ਸੱਜਣਾਂ ਦੇ ਘਰ ਫਲਾਂ ਦੀ ਟੋਕਰੀਆਂ ਦੇ ਕੇ ਭੇਜਦੇ। ਘਰਾਂ ਦੀ ਸੁਆਣੀਆਂ ਬਦਲੇ ਵਿਚ ਘਰੇਲੂ ਮਠਿਆਈਆਂ, ਬਰਿਆਨੀ ਅਤੇ ਹੋਰ ਚੀਜ਼ਾਂ ਦੇ ਦਿੰਦੀਆਂ। ਆਗਾ ਜੀ ਦੇ ਸੰਪਰਕ ਵਿਚ ਆਉਣ ਵਾਲੇ ਸਾਰੇ ਲੋਕ ਉਨ੍ਹਾਂ ਦੀ ਇੱਜ਼ਤ ਕਰਦੇ ਸਨ। ਆਗਾ ਜੀ ਨੇ ਰਸਮੀ ਪੜ੍ਹਾਈ ਨਹੀਂ ਕੀਤੀ ਪਰ ਉਨ੍ਹਾਂ ਵਿਚ ਮੁਕਾਮੀ ਤਹਿਜ਼ੀਬ ਅਤੇ ਸਿਆਣਪ ਦੇ ਗੁਣ ਮੌਜੂਦ ਸਨ। ਸ਼ਾਂਤ ਸੁਭਾਅ, ਸਵੈ-ਯਕੀਨ, ਹੁਨਰਮੰਦੀ, ਬਿਬੇਕ ਅਤੇ ਚੰਗਾ ਵਰਤਾਉ ਦੇ ਮਾਮਲੇ ਵਿਚ ਉਹ ਪੇਸ਼ੇਵਰ ਸਿਆਣਿਆਂ ਜਿੰਨੀ ਦਿਲ-ਖਿੱਚਵੀਂ ਅਦਾ ਦੇ ਮਾਲਕ ਸਨ। ਉਹ ਵੱਖਰੇ ਸਮਾਜਕ ਮਾਹੌਲ ਤੋਂ ਆਏ ਸਨ ਅਤੇ ਬੰਬਈ ਦੇ ਮੂਲਵਾਸੀ ਨਾ ਹੋਣ ਕਰਕੇ ਸ਼ਹਿਰੀ ਤਹਿਜ਼ੀਬ ਨਾਲ ਘੱਟ ਵਾਕਫੀ ਸੀ। ਇਹਦੇ ਬਾਵਜੂਦ ਉਹ ਵੱਖਰੇ-ਵੱਖਰੇ ਕਿੱਤਿਆਂ ਨਾਲ ਸਬੰਧਤ ਦੋਸਤਾਂ ਅਤੇ ਵੱਖਰੀ ਸ਼ਹਿਰੀ ਤਹਿਜ਼ੀਬ ਵਿਚ ਸਹਿਜ ਨਾਲ ਵਿਚਰਦੇ ਸਨ। ਉਹ ਦਿਲ-ਖਿੱਚਵੀਂ ਦਿੱਖ ਅਤੇ ਅਦਾ ਪੱਖੋਂ ਬਾਕੀਆਂ ਨਾਲੋਂ ਉਘੜਵੇਂ ਸਨ। ਪਠਾਣੀ ਰੋਅਬ ਅਤੇ ਜਲਾਲ ਉਨ੍ਹਾਂ ਨੂੰ ਮੁਕਾਮੀ ਮੁਸਲਮਾਨਾਂ ਤੋਂ ਅਲਹਿਦਾ ਕਰਦਾ ਸੀ।

ਖਾਲਸਾ ਕਾਲਜ ਵਿਚ ਰਾਜ ਕਪੂਰ ਮੇਰਾ ਸਭ ਤੋਂ ਚੰਗਾ ਦੋਸਤ ਬਣ ਗਿਆ। ਉਹ ਮੈਨੂੰ ਆਪਣੀ ਮਾਟੂੰਗਾ ਵਾਲੇ ਘਰ ਲੈ ਜਾਂਦਾ ਸੀ। ਉਹਦਾ ਪਿਉ ਪ੍ਰਿਥਵੀ ਰਾਜ ਕਪੂਰ ਅਤੇ ਮਾਂ ਸਾਰਿਆਂ ਲਈ ਦਰਵਾਜ਼ੇ ਖੁੱਲ੍ਹ ਰੱਖਦੇ ਸਨ। ਪ੍ਰਿਥਵੀ ਰਾਜ ਕਪੂਰ ਦਾ ਪੁੱਤ ਹੋਣ ਕਰਕੇ ਰਾਜ ਕਪੂਰ ਕਾਲਜ ਵਿਚ ਬੇਹੱਦ ਮਸ਼ਹੂਰ ਸੀ। ਉਹ ਜਾਣਦਾ ਸੀ ਕਿ ਉਹ ਕਿਸ ਕਿੱਤੇ ਨੇ ਅਜ਼ਮਾਉਣ ਜਾ ਰਿਹਾ ਸੀ ਜਿੱਥੇ ਸ਼ਰਮ-ਝਿਜਕ ਲਈ ਕੋਈ ਥਾਂ ਨਹੀਂ ਸੀ। ਮੈਂ ਨਹੀਂ ਜਾਣਦਾ ਸੀ ਕਿ ਮੇਰਾ ਭਵਿੱਖ ਕੀ ਹੋਵੇਗਾ। ਮੈਂ ਤਾਂ ਬੱਸ ਮੁਲਕ ਦਾ ਬਿਹਤਰੀਨ ਫੁੱਟਬਾਲ ਖਿਡਾਰੀ ਬਣਨਾ ਚਾਹੁੰਦਾ ਸੀ।

**ਅਸ਼ੋਕ ਕੁਮਾਰ ਨਾਲ ਪਹਿਲੀ ਮੁਲਾਕਾਤ**

(ਬੰਬੇ ਟਾਕੀਜ਼ ਨੇ ਦਲੀਪ ਕੁਮਾਰ ਨੂੰ ਮਹੀਨਾਵਾਰ ਤਨਖਾਹ ਉਤੇ ਰੱਖ ਲਿਆ ਸੀ। ਬੰਬੇ ਟਾਕੀਜ਼ ਦੇ ਮਾਲਕ ਹਿਮਾਂਸ਼ੂ ਰਾਏ ਅਤੇ ਦੇਵਿਕਾ ਰਾਣੀ ਸਨ)।

ਬੰਬੇ ਟਾਕੀਜ਼ ਵਿਚ ਮੇਰੇ ਸ਼ਾਮਿਲ ਹੋਣ ਬਾਅਦ ਅਦਾਕਾਰਾ ਦੇਵਿਕਾ ਰਾਣੀ ਅਤੇ ਅਸ਼ੋਕ ਕੁਮਾਰ ਖੁਸ਼ ਹੋਏ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਅਤੇ ਰਾਜ ਕਪੂਰ ਇੱਕ ਦੂਜੇ ਨੂੰ ਜਾਣਦੇ ਹਾਂ। ਰਾਜ ਕਪੂਰ ਨੇ ਖਾਲਸਾ ਕਾਲਜ ਵਿਚ ਫੁੱਟਬਾਲ ਖੇਡਣ ਦੇ ਦਿਨਾਂ ਬਾਰੇ ਚਾਨਣਾ ਪਾਇਆ। ਦੇਵਿਕਾ ਰਾਣੀ ਨੇ ਕਿਹਾ, "ਸੱਚਮੁੱਚ ਕਮਾਲ ਦੀ ਗੱਲ ਹੈ। ਕਾਸ਼ ਮੈਂ ਵੀ ਮੁੰਡਿਆਂ ਵਾਂਗ ਸਕੂਲ ਵਿਚ ਖੇਡ ਸਕਦੀ ਹੁੰਦੀ!"

ਦੇਵਿਕਾ ਜਦ ਸਟੂਡੀਓ ਵਿਚ ਬਣੇ ਆਪਣੇ ਸ਼ਾਹਾਨਾ ਦਫਤਰ ਵਲ ਗਈ ਤਾਂ ਅਸ਼ੋਕ ਕੁਮਾਰ ਅਤੇ ਰਾਜ ਕਪੂਰ ਨੇ ਮੇਰੇ ਨਾਲ ਖੁੱਲ੍ਹ ਕੇ ਗੱਲਾਂ ਕੀਤੀਆਂ। ਰਾਜ ਕਪੂਰ ਵਾਰ-ਵਾਰ ਖਾਲਸਾ ਕਾਲਜ ਤੋਂ ਫਰਲੋ ਮਾਰਨ ਦਾ ਜ਼ਿਕਰ ਕਰਦਾ ਰਿਹਾ। ਮੈਨੂੰ ਡਰ ਸੀ ਕਿ ਕਿਤੇ ਉਹ ਮੇਰਾ ਆਗਾ ਜੀ ਦੀ ਆਗਿਆ ਤੋਂ ਬਿਨਾਂ ਸਟੂਡੀਓ ਵਿਚ ਭਰਤੀ ਹੋਣ ਦਾ ਰਾਜ਼ ਨਾ ਖੋਲ੍ਹ ਦੇਵੇ। ਰਾਜ ਨੇ ਅਜਿਹਾ ਕੁਝ ਨਹੀਂ ਕਿਹਾ। ਉਹ ਫਿਲਮ ਪੇਸ਼ੇ ਵਿਚ ਮੇਰੇ ਦਾਖਲੇ ਤੋਂ ਬੇਹੱਦ ਖੁਸ਼ ਸੀ। ਉਹ ਜਾਣਦਾ ਸੀ ਕਿ ਮੈਂ ਕਾਲਜ ਵਿਚ ਕਿੰਨਾ ਸ਼ਰਮਾਕਲ ਸੀ। ਉਹ ਜ਼ਰੂਰ ਹੈਰਾਨ ਹੋਇਆ ਹੋਵੇਗਾ ਕਿ ਇੰਨੇ ਸ਼ਰਮਾਕਲ ਸੁਭਾਅ ਵਾਲਾ ਬੰਦਾ ਫਿਲਮ ਕਿੱਤੇ ਵਿਚ ਕਿਵੇਂ ਕਾਮਯਾਬ ਹੋਵੇਗਾ! ਫਿਲਮਾਂ ਵਿਚ ਸ਼ਰਮ ਝਿਜਕ ਦੀ ਕੋਈ ਥਾਂ ਨਹੀਂ ਹੈ।

ਖਾਲਸਾ ਕਾਲਜ ਦੇ ਦਿਨਾਂ ਤੋਂ ਬਾਅਦ ਅਚਾਨਕ ਹੁਣ ਬੰਬੇ ਟਾਕੀਜ਼ ਦੇ ਸਟੂਡੀਓ ਵਿਚ ਰਾਜ ਕਪੂਰ ਦਾ ਦੁਬਾਰਾ ਮਿਲਣਾ ਮੇਰੇ ਲਈ ਕਮਾਲ ਦਾ ਅਹਿਸਾਸ ਸੀ। ਕਾਲਜਾਂ ਦੇ ਦਿਨਾਂ ਵਿਚ ਉਹ ਮੈਨੂੰ ਪੰਜਾਬੀ ਵਿਚ ਕਹਿੰਦਾ ਹੁੰਦਾ ਸੀ, "ਤੁਸੀਂ ਐਕਟਰ ਬਣ ਜਾਉ, ਤੁਸੀਂ ਹੋ ਬੜੇ ਹੈਂਡਸਮ।" ਮੈਨੂੰ ਲਗਦਾ ਸੀ ਕਿ ਅਦਾਕਾਰੀ ਮੇਰੇ ਲਈ ਦੂਰ ਦੀ ਗੱਲ ਹੈ।

ਅਸ਼ੋਕ ਕੁਮਾਰ ਚਿੜੀ-ਛਿੱਕੇ ਦੇ ਚੰਗੇ ਖਿਡਾਰੀ ਸਨ। ਰਾਜ ਕਪੂਰ ਖਾਲਸਾ ਕਾਲਜ ਵਿਚ ਫੁੱਟਬਾਲ ਦਾ ਰੈਫਰੀ ਹੁੰਦਾ ਸੀ। ਖੇਡ ਮੈਦਾਨ ਅੰਦਰ ਹੱਥ ਵਿਚ ਸੀਟੀ ਫੜੀ ਉਹ ਰੋਅਬਦਾਰ ਲਗਦਾ ਸੀ। ਉਹ ਦਿੱਤੇ ਫੈਸਲੇ ਤੋਂ ਪਿੱਛੇ ਨਹੀਂ ਹਟਦਾ ਸੀ। ਚਿੜੀ-ਛਿੱਕੇ ਵਿਚ ਉਹਦੀ ਦਿਲਚਸਪੀ ਨਹੀਂ ਸੀ। ਇਸ ਕਰਕੇ ਛੇਤੀ ਥੱਕ ਜਾਂਦਾ ਸੀ। ਅਸ਼ੋਕ ਕੁਮਾਰ ਦੇ ਘਰ ਉਹ ਮੇਰੇ ਨਾਲ ਅਸ਼ੋਕ ਕੁਮਾਰ ਦੀ ਘਰਵਾਲੀ ਸ਼ੋਭਾ ਦੇ ਹੱਥ ਦਾ ਭਜੀਆ ਖਾਣ ਆਉਂਦਾ ਸੀ।

# ਸਿੱਖ ਰਾਜ ਅਤੇ ਮੁਲਤਾਨ ਦੀ ਬਗਾਵਤ

*(ਪਿਛਲੇ ਸਫੇ ਦੀ ਬਾਕੀ)*

ਪਹਿਲਾਂ ਹੀ 9718 ਪੈਦਲ, 3133 ਘੁੜ-ਸਵਾਰ ਅਤੇ 23 ਵੱਡੀਆਂ ਤੇ 25 ਛੋਟੀਆਂ ਤੋਪਾਂ ਸਨ। ਬਹਾਵਲਪੁਰ ਦੇ ਫੌਜੀ ਵੀ ਵਡੀ ਗਿਣਤੀ ਵਿਚ ਸਨ। ਇਸ ਤਰ੍ਹਾਂ ਹੁਣ ਉਥੇ ਲਾਹੌਰ ਦਰਬਾਰ ਅਧੀਨ 30000 ਫੌਜੀ ਸਨ ਜਿਨ੍ਹਾਂ ਵਿਚ ਅਫਸਰ ਅਤੇ ਬਹੁਤ ਵੱਡੀ ਮਾਤਰਾ ਵਿਚ ਹਥਿਆਰ ਸਨ। ਇਸ ਸਮੇਂ ਵਿਚ ਭਾਵੇਂ ਮੂਲ ਰਾਜ ਨੂੰ ਬਾਹਰ ਤੋਂ ਕੋਈ ਵੀ ਚੀਜ਼ ਕਿਲ੍ਹੇ ਦੇ ਅੰਦਰ ਨਹੀਂ ਸੀ ਪਹੁੰਚ ਰਹੀ, ਫਿਰ ਵੀ ਲਾਹੌਰ ਦਰਬਾਰ ਦੇ ਫੌਜੀ ਕਿਲ੍ਹੇ 'ਤੇ ਹਮਲਾ ਨਹੀਂ ਸਨ ਕਰ ਰਹੇ ਅਤੇ ਇਹ ਘੇਰਾ ਕਈ ਮਹੀਨੇ ਜਾਰੀ ਰਿਹਾ। ਰਾਜਾ ਸ਼ੇਰ ਸਿੰਘ ਜਿਹੜਾ ਰੀਜੈਂਸੀ ਕੌਂਸਲ ਦਾ ਮੈਂਬਰ ਸੀ, ਉਹ ਐਡਵਰਜ਼ ਨਾਲ ਲਾਹੌਰ ਦਰਾਬਰ ਦੇ ਹੱਕ ਵਿਚ ਉਸ ਬਗਾਵਤ ਨੂੰ ਦਬਾਉਣ ਲਈ ਮਦਦ ਕਰ ਰਿਹਾ ਸੀ ਪਰ ਉਸ ਸਮੇਂ ਦੌਰਾਨ ਜਦੋਂ ਲਾਹੌਰ ਦਰਬਾਰ ਦੀ ਫੌਜ ਨੇ ਕਿਲ੍ਹੇ ਦੇ ਦੁਆਲੇ ਘੇਰਾ ਪਾਇਆ ਹੋਇਆ ਸੀ, ਕੁਝ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਈਆਂ ਜਿਸ ਕਰਕੇ ਰਾਜਾ ਸ਼ੇਰ ਸਿੰਘ ਅੰਗਰੇਜਾਂ ਨਾਲ ਨਾਰਾਜ਼ ਹੋ ਗਿਆ। ਉਸ ਨੇ 14 ਸੰਤਬਰ 1848 ਨੂੰ ਖੁੱਲ੍ਹੇ ਤੌਰ 'ਤੇ ਅੰਗਰੇਜ਼ਾਂ ਖਿਲਾਫ ਵਿਦਰੋਹ ਕਰਨ ਦਾ ਸੱਦਾ ਦਿੱਤਾ ਕਿਉਂ ਜੋ ਅੰਗਰੇਜ਼ ਬਹੁਤ ਜ਼ੁਲਮ ਕਰ ਰਹੇ ਸਨ। ਰਾਜਾ ਸ਼ੇਰ ਸਿੰਘ ਨੇ ਮੂਲ ਰਾਜ ਦੀ ਮਦਦ ਕਰਨ ਦਾ ਫੈਸਲਾ ਕੀਤਾ।

12 ਤੇ 13 ਸਤੰਬਰ ਦੀ ਰਾਤ ਨੂੰ ਸ਼ੇਰ ਸਿੰਘ ਐਡਵਰਡਜ਼ ਅਤੇ ਕੋਰਟ ਲੈਂਡ ਨੂੰ ਮਿਲਣ ਗਿਆ ਪਰ ਉਹਨਾਂ ਨੂੰ ਸ਼ੇਰ ਸਿੰਘ 'ਤੇ ਕੋਈ ਸ਼ੱਕ ਹੋਇਆ ਅਤੇ ਉਸ ਨੂੰ ਪਠਾਨ ਸੈਨਿਕਾਂ ਨੇ ਫੜ ਲਿਆ। ਭਾਵੇਂ ਕੁਝ ਵੀ ਨਾ ਹੋਇਆ ਅਤੇ ਨਾ ਹੀ ਕੋਈ ਨੁਕਸਾਨ ਕੀਤਾ ਗਿਆ ਪਰ ਸ਼ੇਰ ਸਿੰਘ ਨੇ ਇਸ ਘਟਨਾ ਕਰਕੇ ਆਪਣਾ ਮਨ ਬਦਲ ਲਿਆ ਕਿਉਂ ਜੋ ਅੰਗਰੇਜ਼ ਪੰਜਾਬੀਆਂ ਅਤੇ ਖਾਸ ਕਰਕੇ ਉਸ ਦੇ ਖਿਲਾਫ ਸਾਜ਼ਿਸ਼ਾਂ ਕਰ ਰਹੇ ਸਨ। 14 ਸੰਤਬਰ ਨੂੰ ਉਹ ਲਾਹੌਰ ਦਰਬਾਰ ਤੋਂ ਵੱਖ ਹੋ ਗਿਆ ਅਤੇ ਪੰਜਾਬੀਆਂ ਨੂੰ ਸੱਦਾ ਦਿਤਾ ਕਿ ਉਹ ਅੰਗਰੇਜ਼ਾਂ ਖਿਲਾਫ ਬਗਾਵਤ ਕਰ ਦੇਣ ਜਿਹੜੇ ਉਹਨਾਂ 'ਤੇ ਜ਼ੁਲਮ ਕਰ ਰਹੇ ਹਨ। ਉਹਨਾਂ ਨੇ ਰਾਣੀ ਜਿੰਦ ਕੌਰ ਨੂੰ ਦੇਸ਼ ਨਿਕਾਲਾ ਦਿੱਤਾ ਜਿਥੇ ਉਸ ਨਾਲ ਬਹੁਤ ਮਾੜਾ ਸਲੂਕ ਕੀਤਾ ਜਾ ਰਿਹਾ ਹੈ ਅਤੇ ਜੇਲ੍ਹ ਵਿਚ ਉਸ 'ਤੇ ਤਸ਼ੱਦਦ ਕੀਤਾ ਜਾਂਦਾ ਹੈ। ਹੁਣ ਪੁਰਾਣੇ ਸਿੱਖ ਰਾਜ ਦੀ ਸ਼ਾਨ ਨਹੀਂ ਰਹੀ। ਇਸ ਲਈ ਪੰਜਾਬੀਆਂ ਨੂੰ ਛੇਤੀ ਤੋਂ ਛੇਤੀ ਅੰਗਰੇਜ਼ਾਂ ਦੇ ਖਿਲਾਫ ਉਠ ਖੜ੍ਹੇ ਹੋਣ ਚਾਹੀਦਾ ਹੈ। ਸਿੱਖ ਸਿਪਾਹੀਆਂ ਨੇ ਪਹਿਲਾਂ ਹੀ ਅੰਗਰੇਜਾਂ ਦੇ ਖਿਲਾਫ ਮਨ ਬਣਾਇਆ ਹੋਇਆ ਸੀ। ਰਾਜਾ ਸ਼ੇਰ ਸਿੰਘ ਨੂੰ ਉਹ ਸੈਨਿਕ ਬੇਨਤੀਆਂ ਕਰਦੇ ਸਨ ਕਿ ਅੰਗਰੇਜ਼ਾਂ ਦੀ ਮਦਦ ਨਾ ਕੀਤੀ ਜਾਵੇ; ਇਥੋਂ ਤਕ ਕਿ ਹੁਣ ਕੁਝ ਸਿੱਖ ਸ਼ੇਰ ਸਿੰਘ ਨੂੰ ਸ਼ੇਖ ਸਿੰਘ ਕਹਿਣ ਲੱਗ ਪਏ ਸਨ।

14 ਸਤੰਬਰ ਨੂੰ ਸ਼ੇਰ ਸਿੰਘ ਬਾਗੀ ਹੋ ਕੇ ਮੂਲ ਰਾਜ ਵਲ ਗਿਆ ਅਤੇ ਉਸ ਨੇ ਮੂਲ ਰਾਜ ਨੂੰ ਆਪਣੇ ਵਲੋਂ ਪੂਰੀ ਮਦਦ ਦੇਣ ਦਾ ਯਕੀਨ ਦਿਵਾਇਆ। ਉਹ ਕਿਲ੍ਹੇ ਦੇ ਬੂਹੇ ਤਕ ਚਲਾ ਗਿਆ ਪਰ ਮੂਲ ਰਾਜ ਨੂੰ ਉਸ 'ਤੇ ਵਿਸ਼ਵਾਸ ਨਾ ਹੋਇਆ ਅਤੇ ਉਸ ਨੇ ਕਿਲ੍ਹੇ ਦਾ ਬੂਹਾ ਨਾ ਖੋਲ੍ਹਿਆ। ਉਹ ਕਈ ਦਿਨ ਉਥੇ ਬੈਠਾ ਰਿਹਾ ਅਤੇ ਅਖੀਰ 9 ਅਕਤੂਬਰ ਨੂੰ ਹਜਾਰਾ ਦੀ ਤਰਫ ਆਪਣੇ ਬਾਪ ਸ. ਚਤਰ ਸਿੰਘ ਅਟਾਰੀਵਾਲਾ ਜਿਹੜਾ ਹਜਾਰਾ ਦਾ ਗਵਰਨਰ ਸੀ, ਨੂੰ ਮਿਲਣ ਚਲਾ ਗਿਆ।

ਉਸ ਸਮੇਂ ਤਕ ਜਨਰਲ ਵਿਸ਼ ਆਪਣੇ ਫੌਜੀਆਂ ਨਾਲ ਕਿਲ੍ਹੇ ਤੋਂ ਪਿਛਾਂਹ ਹਟ ਗਿਆ ਅਤੇ ਉਹ ਨੇੜੇ ਦੇ ਮੋਰਚਿਆਂ ਵਿਚ ਕਿਸੇ ਯੋਗ ਮੌਕੇ ਦੀ ਉਡੀਕ ਵਿਚ ਬੈਠੇ ਰਹੇ। ਇਸ ਸਮੇਂ ਮੂਲ ਰਾਜ ਨੂੰ ਆਪਣੀ ਫੌਜ ਵਧਾਉਣ ਦਾ ਮੌਕਾ ਮਿਲ ਗਿਆ। ਨਵੰਬਰ ਦੇ ਪਹਿਲੇ ਹਫਤੇ, ਸੂਰਜ ਕੁੰਡ ਦੇ ਨਜ਼ਦੀਕ ਕੁਝ ਛੋਟੀਆਂ-ਛੋਟੀਆਂ ਲੜਾਈਆਂ ਹੋਈਆਂ ਪਰ ਕੁਝ ਵੀ ਪ੍ਰਾਪਤ ਨਾ ਹੋ ਸਕਿਆ। 12 ਤੋਂ 21 ਦਸੰਬਰ ਤਕ ਜਨਰਲ ਵਿਸ਼ ਨੂੰ ਹੋਰ ਫੌਜੀ ਭੇਜੇ ਗਏ ਪਰ ਇੰਨੀ ਵੱਡੀ ਫੌਜ ਹੋਣ ਦੇ ਬਾਵਜੂਦ ਜਨਰਲ ਵਿਸ਼ ਕੋਲ ਹੌਸਲਾ ਨਾ ਹੋਇਆ ਕਿ ਉਹ ਕਿਲ੍ਹੇ 'ਤੇ ਹਮਲਾ ਕਰੇ। ਉਸ ਵੇਲੇ ਮੂਲ ਰਾਜ ਕੋਲ 14000 ਤੋਂ 15000 ਤਕ ਫੌਜੀ ਸਨ ਜਿਨ੍ਹਾਂ ਕੋਲ ਥੋੜ੍ਹੇ ਜਿਹੇ ਹਥਿਆਰ ਸਨ। 26 ਦਸੰਬਰ ਤਕ ਪੂਰੀ ਜੰਗਬੰਦੀ ਰਹੀ ਅਤੇ ਜਨਰਲ ਵਿਸ਼ ਅਧੀਨ ਫੌਜ ਆਪਣੀ ਸਥਿਤੀ ਹੋਰ ਮਜ਼ਬੂਤ ਕਰਦੀ ਰਹੀ ਅਤੇ ਅਖੀਰ 27 ਦਸੰਬਰ ਨੂੰ ਜਨਰਲ ਵਿਸ਼ ਦੀਆਂ ਫੌਜਾਂ ਨੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਉਹਨਾਂ ਦੀਆਂ ਫੌਜਾਂ ਨੇ ਕਿਲ੍ਹੇ 'ਤੇ ਤੋਪਾਂ ਨਾਲ ਵੱਡਾ ਹਮਲਾ ਕੀਤਾ। 28, 29 ਅਤੇ 30 ਦਸੰਬਰ ਨੂੰ ਗਹਿਗਚ ਲੜਾਈ ਜਾਰੀ ਰਹੀ ਜਿਸ ਦੇ ਸਿੱਟੇ ਵਜੋਂ ਮੂਲ ਰਾਜ ਦੀਆਂ ਫੌਜਾਂ ਦਾ ਵੱਡਾ ਨੁਕਸਾਨ ਹੋਇਆ। 30 ਦਸੰਬਰ ਨੂੰ ਤੋਪ ਦਾ ਇਕ ਗੋਲਾ ਮੂਲ ਰਾਜ ਦੇ ਬਰੂਦ ਦੇ ਭੰਡਾਰ 'ਤੇ ਜਾ ਵੱਜਾ ਜਿਸ ਨਾਲ ਵੱਡਾ ਵਿਸਫੋਟ ਹੋਇਆ। ਉਹ ਵਿਸਫੋਟ ਇੰਨਾ ਭਾਰੀ ਸੀ ਕਿ ਮੂਲ ਰਾਜ ਦੇ ਕੋਈ 500 ਸੈਨਿਕ ਮਾਰੇ ਗਏ। ਮੁਲਤਾਨ ਦਾ ਨਵਾਂ ਨਿਯੁਕਤ ਗਵਰਨਰ ਕਾਹਨ ਸਿੰਘ ਅਤੇ ਉਸ ਦਾ ਲੜਕਾ ਜਿਨ੍ਹਾਂ ਨੂੰ ਉਥੇ ਕੈਦ ਕੀਤਾ ਹੋਇਆ ਸੀ, ਉਹ ਵੀ ਇਸ ਧਮਾਕੇ ਵਿਚ ਮਾਰੇ ਗਏ।

ਜਨਰਲ ਵਿਸ਼ ਦੀਆਂ ਫੌਜਾਂ ਕਿਲ੍ਹੇ ਅੰਦਰ ਦਾਖਲ ਹੋਣ ਦੀਆਂ ਲਗਾਤਾਰ ਕੋਸ਼ਿਸ਼ਾਂ ਕਰਦੀਆਂ ਰਹੀਆਂ ਅਤੇ ਅਖੀਰ 2 ਜਨਵਰੀ 1849 ਨੂੰ ਕਿਲ੍ਹੇ ਅੰਦਰ ਜਾਣ ਲਈ ਉਹਨਾਂ ਨੇ ਕਈ ਥਾਵਾਂ ਤੋਂ ਪਾੜ ਪਾ ਦਿਤੇ। ਖੂਨੀ ਗੇਟ ਅਤੇ ਦਿੱਲੀ ਗੇਟ ਦਾ ਵੱਡਾ ਨੁਕਸਾਨ ਕੀਤਾ ਗਿਆ ਅਤੇ ਜਨਰਲ ਵਿਸ਼ ਦੀ ਫੌਜ ਜਿਸ ਵਿਚ ਬੰਬਈ ਅਤੇ ਬੰਗਾਲ ਦੀ ਫੌਜ ਸੀ, ਗੇਟ ਦੇ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰਨ ਲਗੀ। ਮੂਲ ਰਾਜ ਆਪਣੇ ਕੋਈ 4000 ਸੈਨਿਕਾਂ ਨਾਲ ਸੁਰਖਿਅਤ ਸੀ ਪਰ ਮੂਲ ਰਾਜ ਥੋੜ੍ਹੇ ਜਿਹੇ ਸੈਨਿਕਾਂ ਨਾਲ ਲਾਹੌਰ ਦਰਬਾਰ ਦੀ ਇੰਨੀ ਵਡੀ ਫੌਜ ਨਾਲ ਲੜ ਰਿਹਾ ਸੀ। ਮੂਲ ਰਾਜ ਨੇ ਆਪਣੇ ਵਲੋਂ ਸੁਲ੍ਹਾ ਕਰਨ ਦੀ ਬੇਨਤੀ ਨੂੰ ਦੋ ਵਾਰ ਦੁਹਰਾਇਆ ਪਰ ਉਸ ਦੀ ਗਲ ਨਾ ਮੰਨੀ ਗਈ। 12 ਜਨਵਰੀ ਤਕ ਵਡੀ ਗੋਲਾਬਾਰੀ ਜਾਰੀ ਰਹੀ ਅਤੇ ਅਖੀਰ 18, 19 ਅਤੇ 20 ਜਨਵਰੀ ਨੂੰ ਵਡੀ ਗੋਲਾਬਾਰੀ ਤੋਂ ਬਾਅਦ ਲਾਹੌਰ ਫੌਜ ਨੇ ਕਿਲ੍ਹੇ ਅੰਦਰ ਜਾਣ ਦੇ ਰਸਤੇ ਬਣਾ ਲਏ ਅਤੇ ਕਿਲ੍ਹੇ ਦੇ ਅੰਦਰ ਦਾਖਲ ਹੋ ਗਈ। ਮੂਲ ਰਾਜ ਲਈ ਹੁਣ ਕੋਈ ਰਸਤਾ ਨਹੀਂ ਸੀ ਕਿ ਉਹ ਆਤਮ-ਸਮਰਪਣ ਕਰ ਦਿੰਦਾ।

22 ਜਨਵਰੀ ਦੀ ਸਵੇਰ ਨੂੰ ਮੂਲ ਰਾਜ ਨੇ ਜਨਰਲ ਵਿਸ਼ ਦੇ ਸਾਹਮਣੇ ਆਤਮ-ਸਮਰਪਣ ਕਰ ਦਿੱਤਾ। ਉਸ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਉਸ ਨੂੰ ਲਾਹੌਰ ਲਿਆਂਦਾ ਗਿਆ ਅਤੇ ਉਸ ਨੂੰ ਅੰਗਰੇਜ਼ ਜੱਜਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਹਨਾਂ ਨੇ ਸਰਬਸੰਮਤੀ ਨਾਲ ਫੈਸਲਾ ਦਿੱਤਾ ਕਿ ਉਸ ਨੂੰ ਫਾਂਸੀ ਦਿੱਤੀ ਜਾਵੇ। ਬਾਅਦ ਵਿਚ ਉਸ ਨੂੰ ਅੰਡੇਮਾਨ ਦੇ ਟਾਪੂਆਂ ਵਿਚ ਉਮਰ ਕੈਦ ਦੀ ਸਜ਼ਾ ਦੇ ਦਿੱਤੀ ਗਈ ਪਰ ਜਦੋਂ ਉਸ ਨੂੰ ਉਥੇ ਲਿਜਾਇਆ ਜਾ ਰਿਹਾ ਸੀ, ਉਹ ਰਸਤੇ ਵਿਚ ਹੀ ਮਰ ਗਿਆ। ਮੁਲਤਾਨ ਦੀ ਬਗਾਵਤ ਦਬਾਉਣ ਤੋਂ ਬਾਅਦ ਜਨਰਲ ਵਿਸ਼ ਹਜਾਰਾ ਚਲਾ ਗਿਆ ਤਾਂ ਕਿ ਉਹ ਜਨਰਲ ਗਫ ਨਾਲ ਮਿਲ ਕੇ ਰਾਜਾ ਸ਼ੇਰ ਸਿੰਘ ਦੀ ਬਗਾਵਤ ਦਬਾਉਣ ਲਈ ਮਦਦ ਕਰ ਸਕੇ।

ਕਹਾਣੀ

# ਗੋਰਖ ਧੰਦਾ

***ਜਗਮੀਤ ਸਿੰਘ ਪੰਧੇਰ ਦੀ ਕਹਾਣੀ 'ਗੋਰਖ ਧੰਦਾ' ਡਾਕਟਰੀ ਕਿੱਤੇ ਨਾਲ ਜੁੜੇ ਕੁਝ ਵਿਅਕਤੀਆਂ ਵਲੋਂ ਭੋਲੇ-ਭਾਲੇ ਲੋਕਾਂ ਨੂੰ ਬਿਮਾਰੀ ਦਾ ਡਰਾਵਾ ਦੇ ਕੇ ਕੀਤੀ ਜਾਂਦੀ ਆਰਥਿਕ ਲੁੱਟ 'ਤੇ ਚੋਟ ਕਰਦੀ ਹੈ। ਕਹਾਣੀ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਲੋਕਲ ਪੱਧਰ ਦੇ ਡਾਕਟਰ ਵਲੋਂ ਬਜ਼ੁਰਗ ਨੂੰ ਡਰਾ ਕੇ ਆਪਣੇ ਜਾਣਕਾਰ ਵੱਡੇ ਡਾਕਟਰ ਕੋਲ ਭੇਜ ਕੇ ਪੈਸੇ ਬਣਾਉਣ ਦੀ ਜੁਗਤ ਲਾਈ ਜਾਂਦੀ ਹੈ ਪਰ ਕਿਸੇ ਜਾਣਕਾਰ ਕਾਰਨ ਬਜ਼ੁਰਗ ਦੀ ਲੁੱਟ ਹੋਣੋਂ ਬਚ ਜਾਂਦੀ ਹੈ।***

ਸੱਥ 'ਚ ਬੈਠਾ ਜਾਗਰ ਉਠ ਕੇ ਘਰ ਨੂੰ ਜਾਣ ਲੱਗਿਆ ਤਾਂ ਉਸਨੂੰ ਚੱਕਰ ਜਿਹਾ ਆ ਗਿਆ ਤੇ ਉਹ ਉਥੇ ਹੀ ਬੈਠ ਗਿਆ। ਕੋਲ ਬੈਠੇ ਇੱਕ ਨੌਜਵਾਨ ਨੇ ਪੁੱਛਿਆ, 'ਕਿਉਂ ਤਾਇਆ ਕੀ ਗੱਲ ਹੋਗੀ?'

'ਕੁਸ ਨੀ ਮੱਲਾ, ਸ਼ਰੀਰ ਮਾੜ੍ਹਾ ਜਿਹਾ ਗੇੜਾ ਖਾ ਗਿਆ ਸੀ।' ਜਾਗਰ ਦੇ ਮੂੰਹੋਂ ਨਿੱਕਲਿਆ।

'ਮੈਂ ਛੱਡ ਕੇ ਆਵਾਂ ਘਰੇ।'

'ਨਹੀਂ ਨਹੀਂ, ਇਹ ਤਾਂ ਊਈਂ ਹੋ ਗਿਆ ਮੈਂ ਚਲਿਆ ਜਾਊਂਗਾ। ਐਂ ਕੀ ਐ।' ਕਹਿ ਕੇ ਜਾਗਰ ਹੌਲੀ-ਹੌਲੀ ਉਠਿਆ ਤੇ ਘਰ ਨੂੰ ਹੋ ਤੁਰਿਆ। ਡਰ ਨਾਲ ਮਨ ਵਿਚ ਕਈ ਤਰ੍ਹਾਂ ਦੇ ਖਿਆਲ ਆਉਣ ਲੱਗੇ। 'ਹੋਰ ਈ ਨਾ ਕਿਤੇ' 'ਇੱਕ ਤਾਂ ਆਹ ਸਾਲੇ ਦਿਲ ਦੇ ਦੌਰੇ ਹਰੇਕ ਨੂੰ ਈ ਪਈ ਜਾਂਦੇ ਨੇ, ਫੌਰਾ ਈ ਲੱਗਦੈ ਬੱਸ' ਅਜਿਹੀਆਂ ਸੋਚਾਂ ਵਿਚ ਘਿਰਿਆ ਉਹ ਘਰ ਜਾਣ ਦੀ ਬਜਾਏ ਰਾਹ ਵਿਚ ਪੈਂਦੇ ਭੋਲੇ ਡਾਕਟਰ ਦੇ ਘਰ ਚਲਾ ਗਿਆ।



ਜਗਮੀਤ ਸਿੰਘ ਪੰਧੇਰ
ਫੋਨ: 98783-37222

'ਆ ਬਈ ਬਾਬਾ, ਕਿਵੇਂ ਸੁਸਤ ਜਿਹਾ ਲੱਗਦੈਂ? ਸ਼ਰੀਰ ਤਾਂ ਵੱਲ ਐ?' ਭੋਲੇ ਡਾਕਟਰ ਨੇ ਅੰਦਰ ਵੜਦੇ ਨੂੰ ਹੀ ਪੁੱਛ ਲਿਆ।

'ਵੱਲ ਹੁੰਦਾ ਤਾਂ ਤੇਰੇ ਕੋਲ ਈ ਆਉਣਾ ਸੀ? ਮੈਨੂੰ ਚੱਕਰ ਜਿਹਾ ਆ ਗਿਆ। ਮਖਿਆ ਤੈਨੂੰ ਦਖਾ ਲਵਾਂ, ਕੋਈ ਹੋਰ ਈ ਨਾ ਕਿਤੇ...?' ਮਨ ਦਾ ਡਰ ਉਸਨੇ ਦੱਸ ਦਿੱਤਾ।

'ਚੰਗਾ ਕੀਤਾ ਬਾਬਾ, ਅੱਜ ਕੱਲ੍ਹ ਪਤਾ ਕੁਸ ਨੀ ਲੱਗਦਾ। ਆਪਾਂ ਚੈਕ ਕਰ ਲੈਨੇ ਆਂ।' ਏਨਾ ਆਖ ਉਹ ਨਬਜ਼ 'ਤੇ ਹੱਥ ਰੱਖ ਕੇ ਘੜੀ ਵੱਲ ਨਿਗ੍ਹਾ ਮਾਰਦਾ ਬੋਲਿਆ,' ਗੱਲ ਤਾਂ ਥੋੜ੍ਹੀ ਜਿਹੀ ਗੜਬੜ ਲੱਗਦੀ ਐ ਬਾਬਾ। ਆਪਾਂ ਨੂੰ ਮੰਡੀ ਸ਼ਰਮੇ ਡਾਕਟਰ ਨੂੰ ਦਿਖਾਉਣਾ ਪਊ।'

'ਕਿਉਂ ਮੱਲਾ ਕੋਈ ਫਿਕਰ ਆਲੀ ਗੱਲ ਐ?' ਜਾਗਰ ਡਰ ਜਿਹਾ ਗਿਆ ਸੀ।

'ਨਹੀਂ ਨਹੀਂ ਬਾਬਾ, ਐਡੇ ਫਿਕਰ ਆਲੀ ਗੱਲ ਕੋਈ ਨੀ। ਹੁਣ ਤਾਂ ਮੈਂ ਦਵਾਈ ਦੇ ਦਿੰਨਾਂ। ਕੱਲ ਨੂੰ ਡਾਕਟਰ ਸ਼ਰਮੇ ਕੋਲ ਚਲਿਆ ਜਾਈਂ। ਮੈਂ ਫੋਨ ਕਰ ਦਊਂ। ਆਪਣੀ ਘਰ ਦੀ ਗੱਲ ਐ ਓਹਦੇ ਨਾਲ। ਸ਼ਹਿਰੀ ਡਾਕਟਰ ਛਿੱਲ ਲਾਹੀ ਜਾਂਦੇ ਨੇ। ਮੈਂ ਤੈਨੂੰ ਇੱਕ ਪਰਚੀ ਲਿਖ ਕੇ ਵੀ ਦੇ ਦਿੰਨਾ। ਸਮਝ ਗਿਆ ਨਾ ਬਾਬਾ?' ਭੋਲੇ ਡਾਕਟਰ ਨੇ ਸਾਰੀ ਗੱਲ ਇੱਕੋ ਸਾਹ ਵਿਚ ਸਮਝਾ ਦਿੱਤੀ।

'ਆਹੋ ਮੱਲਾ, ਸਮਝ ਗਿਆ।' ਏਨਾ ਆਖ ਉਹ ਪੈਸੇ ਦੇ ਕੇ ਦਵਾਈ ਲੈ ਘਰ ਨੂੰ ਤੁਰ ਪਿਆ।

'ਕੀ ਗੱਲ ਅੱਜ ਜੀਅ ਈ ਨੀ ਕੀਤਾ ਘਰ ਆਉਣ ਨੂੰ? ਮੈਂ ਕਦ ਦੀ ਬਾਹਰ ਨੂੰ ਝਾਕੀ ਜਾਨੀ ਆਂ'। ਅੰਦਰ ਵੜਦੇ ਹੀ ਬਿਸ਼ਨੀ ਦੀ ਨਹੋਰੇ ਵਾਲੀ ਅਵਾਜ਼ ਸੁਣਾਈ ਦਿੱਤੀ।

ਓਏ ਕਾਹਨੂੰ।' ਏਨਾ ਆਖ ਜਾਗਰ ਨੇ ਸਾਰੀ ਕਹਾਣੀ ਬਿਸ਼ਨੀ ਨੂੰ ਦੱਸ ਦਿੱਤੀ।

'ਲੈ ਭੋਲਾ ਤੈਂ ਕਿੱਧਰੋਂ ਡਾਕਟਰ ਕੱਢ ਲਿਆ? ਓਸੇ ਸ਼ਰਮੇ ਡਾਕਟਰ ਕੋਲ ਦੋ-ਚਾਰ ਮਹੀਨੇ ਲਾ ਕੇ ਡਾਕਟਰ ਬਣ ਗਿਆ।' ਬਿਸ਼ਨੀ ਨੂੰ ਭੋਲੇ 'ਤੇ ਭੋਰਾ ਭਰੋਸਾ ਨਹੀਂ ਸੀ। ਪਰ ਅੰਦਰੋਂ ਉਹ ਵੀ ਡਰ ਜਿਹੀ ਗਈ ਸੀ। 'ਚੱਲ ਤੂੰ ਜਾਇਆ ਕੱਲ੍ਹ ਨੂੰ ਸ਼ਰਮੇ ਕੋਲ, ਘੱਟੋ ਘੱਟ ਉਹ ਡਾਕਟਰ ਤਾਂ ਹੈ। ਪੱਕਾ ਪਤਾ ਤਾਂ ਲੱਗ ਜੂ।'

ਰੋਟੀ-ਪਾਣੀ ਤੋਂ ਪਿੱਛੋਂ ਦਵਾਈ ਦੀ ਖੁਰਾਕ ਲੈ ਕੇ ਜਾਗਰ ਤਾਂ ਝੱਟ ਘੁਰਾੜੇ ਮਾਰਨ ਲੱਗ ਗਿਆ ਪਰ ਬਿਸ਼ਨੀ ਨੂੰ ਵੱਡੀ ਰਾਤ ਤੱਕ ਨੀਂਦ ਨਾ ਆਈ।

ਦੂਜੇ ਦਿਨ ਸਵੇਰੇ ਸਵੱਖਤੇ ਹੀ ਜਾਗਰ ਮੰਡੀ ਜਾਣ ਲਈ ਤੁਰਨ ਲੱਗਿਆ ਤਾਂ ਬਿਸ਼ਨੀ ਕਹਿੰਦੀ, 'ਤੂੰ ਕਹੇਂ ਤਾ ਮੈਂ ਚੱਲਾਂ ਨਾਲ?'

'ਨਾ ਤੂੰ ਮੈਨੂੰ ਫੜ ਕੇ ਬੈਠੇਂਗੀ। ਊਈਂ ਜਬ੍ਹੁਲੀਆਂ ਮਾਰੀ ਜਾਊ।' ਜਾਗਰ ਭੱਜ ਕੇ ਪਿਆ ਤੇ ਅੱਡੇ ਵੱਲ ਨੂੰ ਤੁਰ ਪਿਆ। ਪਿੱਛੇ ਖੜੀ ਬਿਸ਼ਨੀ ਜਾਂਦੇ ਵੱਲ ਦੇਖ ਸੋਚੀ ਜਾਵੇ 'ਕਿਉਂ, ਹੁਣ ਮੈਂ ਤੈਨੂੰ ਫੜ ਕੇ ਵੀ ਨੀ ਬਹਿ ਸਕਦੀ?'

ਜਾਗਰ ਨੇ ਭੋਲੇ ਵਾਲੀ ਪਰਚੀ ਬਾਹਰ ਸਟੂਲ 'ਤੇ ਬੈਠੇ ਮੁੰਡੇ ਰਾਹੀਂ ਡਾ. ਸ਼ਰਮੇ ਕੋਲ ਭੇਜ ਦਿੱਤੀ ਤੇ ਡਾਕਟਰ ਨੇ ਝੱਟ ਉਸਨੂੰ ਅੰਦਰ ਸੱਦ ਲਿਆ।

'ਹਾਂ ਬਾਬਾ ਜੀ ਕੀ ਤਕਲੀਫ ਐ?' ਡਾਕਟਰ ਨੇ ਫੋਨ 'ਤੇ ਗੱਲ ਕਰਦੇ ਕਰਦੇ ਵਿਚੋਂ ਹੀ ਪੁੱਛਿਆ।

'ਜੀ ਹੁਣ ਤਾਂ ਕੋਈ ਤਕਲੀਫ ਨੀ। ਬੱਸ ਕੱਲ੍ਹ ਚੱਕਰ ਜਿਹਾ ਆ ਗਿਆ ਸੀ। ਭੋਲੇ ਨੂੰ ਦਿਖਾਇਆ ਸੀ। ਉਹਨੇ ਥੋਡੇ ਕੋਲ ਭੇਜਤਾ।'

'ਅੱਛਾ ਅੱਛਾ, ਓਹਦਾ ਫੋਨ ਵੀ ਆਇਆ ਸੀ। ਤੁਸੀਂ ਚਿੰਤਾ ਨਾ ਕਰੋ। ਇੰਝ ਕਰੋ ਬਾਹਰ ਖਿੜਕੀ 'ਤੇ ਪੈਸੇ ਜਮ੍ਹਾਂ ਕਰਵਾ ਕੇ ਨਾਲ ਦੇ ਕਮਰੇ 'ਚ ਜਾ ਕੇ ਈ.ਸੀ.ਜੀ. ਕਰਵਾ ਲਉ।' ਇੱਕ ਪਰਚੀ ਫੜਾਉਂਦੇ ਹੋਏ ਸ਼ਰਮੇ ਨੇ ਫੋਨ 'ਤੇ ਗੱਲ ਕਰਨੀ ਫੇਰ ਸ਼ੁਰੂ ਕਰ ਦਿੱਤੀ ਤੇ ਜਾਗਰ ਪਰਚੀ ਫੜ ਕੇ ਬਾਹਰ ਨਿੱਕਲ ਗਿਆ।

ਪੈਸੇ ਜਮ੍ਹਾਂ ਕਰਵਾ ਕੇ ਜਾਗਰ ਦੱਸੇ ਮੁਤਾਬਕ ਨਾਲ ਦੇ ਕਮਰੇ ਵਿਚ ਵੜਿਆ ਤਾਂ ਇੱਕ ਕੁੜੀ ਚਿੱਟਾ ਜਿਹਾ ਕੋਟ ਪਹਿਨੀ ਫੋਨ 'ਤੇ ਉਂਗਲਾਂ ਮਾਰਨ ਲੱਗੀ ਹੋਈ ਸੀ। ਹੱਥ ਫੜੀ ਪਰਚੀ ਉਸ ਨੇ ਕੁੜੀ ਵੱਲ ਵਧਾਈ ਤਾਂ ਕੁੜੀ ਨੇ ਕਿੰਨਾ ਚਿਰ ਤਾਂ ਉਸ ਵੱਲ ਕੋਈ ਧਿਆਨ ਹੀ ਨਾ ਦਿੱਤਾ। ਫੇਰ ਉਸਨੇ ਹੱਥ 'ਚੋਂ ਪਰਚੀ ਝਪੱਟਾ ਮਾਰ ਕੇ ਖੋਹ ਲਈ।

'ਚੱਲੋ ਬਾਬਾ ਜੀ, ਕਮੀਜ਼ ਲਾਹ ਕੇ ਟੇਬਲ 'ਤੇ ਲੇਟ ਜਾਓ।' ਏਨਾ ਆਖ ਉਹ ਫੇਰ ਫੋਨ ਵਿਚ ਰੁੱਝ ਗਈ।

ਜਾਗਰ ਨੇ ਝਕਦੇ-ਝਕਦੇ ਕੁੜਤਾ ਲਾਹਿਆ ਤੇ ਜੁੱਤੀ ਲਾਹ ਕੇ ਟੇਬਲ 'ਤੇ ਲੱਤਾਂ ਲਮਕਾ ਕੇ ਬੈਠ ਗਿਆ ਤੇ ਅਗਲੇ ਹੁਕਮ ਦੀ ਉਡੀਕ ਕਰਨ ਲੱਗਾ।

'ਥੋਨੂੰ ਕਿਹਾ ਬਾਬਾ ਜੀ ਲੇਟ ਜਾਓ।' ਕੁੜੀ ਜਾਗਰ ਨੂੰ ਔਖੀ ਜਿਹੀ ਬੋਲੀ।

ਜਾਗਰ ਉਸਦੀ ਅਵਾਜ਼ ਸੁਣਨ ਸਾਰ ਇੱਕ ਦਮ ਟੇਬਲ 'ਤੇ ਸਿੱਧਾ ਲਿਟ ਗਿਆ।

ਨਰਸ ਨੇ ਫਟਾ-ਫਟ ਉਸਦੀ ਛਾਤੀ 'ਤੇ ਗੂੰਦ ਜਿਹੀ ਲਾ ਕੇ ਟੂਟੀਆਂ ਜਿਹੀਆਂ ਚਿਪਕਾ ਦਿੱਤੀਆਂ ਤੇ ਮਸ਼ੀਨ ਚਲਾ ਦਿੱਤੀ ਅਤੇ ਕੁੱਝ ਪਲਾਂ ਬਾਅਦ ਹੀ ਟੂਟੀਆਂ ਪੁੱਟ ਕੇ ਉਸਦੀ ਛਾਤੀ 'ਤੇ ਰੂੰ ਘਿਸਾ ਦਿੱਤੀ।

'ਚਲੋ ਉਠੋ, ਕਮੀਜ਼ ਪਾ ਲਓ।' ਨਰਸ ਦੀ ਹੁਕਮ ਵਰਗੀ ਆਵਾਜ਼ ਜਾਗਰ ਨੂੰ ਸੁਣਾਈ ਦਿੱਤੀ।

ਜਾਗਰ ਕੁੜਤਾ ਪਾ ਕੇ ਸੁਰਤ ਸਿਰ ਹੋਇਆ ਤਾਂ ਨਰਸ ਨੇ ਇੱਕ ਲੰਮੀ ਸਾਰੀ ਪਰਚੀ ਤਹਿਆਂ ਲਾ ਕੇ ਹੱਥ ਫੜਾ ਦਿੱਤੀ।

'ਲਓ ਆਹ ਡਾਕਟਰ ਸਾਹਿਬ ਕੋਲ ਲੈ ਜਾਓ।' ਏਨਾ ਕਹਿੰਦੇ ਹੋਏ ਨਰਸ ਨੇ ਫੋਨ ਫੇਰ ਚੁੱਕ ਲਿਆ।

'ਬੀਬਾ, ਊਂ ਠੀਕ ਤਾਂ ਐ? ਕੋਈ ਖਤਰਾ ਤਾਂ ਨੀ?' ਜਾਗਰ ਨੇ ਕੰਬਦੇ ਹੋਏ ਹੱਥ ਨਾਲ ਪਰਚੀ ਫੜਦੇ ਹੋਏ ਬੇਨਤੀ ਕੀਤੀ।

'ਮੈਨੂੰ ਨੀ ਪਤਾ, ਇਹ ਤਾਂ ਡਾਕਟਰ ਸਾਹਿਬ ਈ ਦੱਸਣਗੇ।' ਖਹਿੜਾ ਜਿਹਾ ਛੁਡਾਉਂਦੇ ਹੋਏ ਨਰਸ ਫੇਰ ਮੋਬਾਈਲ ਵਿਚ ਰੁੱਝ ਗਈ।

ਜਾਗਰ ਈ.ਸੀ.ਜੀ. ਦੀ ਰਿਪੋਰਟ ਲੈ ਕੇ ਡਾਕਟਰ ਕੋਲ ਹਾਜ਼ਰ ਹੋ ਗਿਆ। ਡਾਕਟਰ ਲੰਬੀ ਸਾਰੀ ਪਰਚੀ ਖੋਲ੍ਹ ਕੇ ਬੜੇ ਗੌਰ ਨਾਲ ਨਿਗ੍ਹਾ ਮਾਰਨ ਲੱਗਿਆ। ਜਾਗਰ ਦਾ ਮਨ ਡਾਕਟਰ ਦੇ ਮੂੰਹੋਂ ਕੁੱਝ ਚੰਗਾ ਸੁਣਨ ਲਈ ਕਾਹਲਾ ਸੀ।

'ਬਾਬਾ ਜੀ, ਤੇਜ਼ ਤੁਰਨ ਨਾਲ ਦਮ ਵੀ ਚੜ੍ਹਦਾ ਹੋਵੇਗਾ?' 'ਹਾਂ ਜੀ, ਆਹ ਕੱਲ੍ਹ ਦਾ ਤਾਂ ਕੁਸ ਜਾਅਦੇ ਈ ਚੜ੍ਹਦੈ।' ਜਾਗਰ ਡਰ ਜਿਹੇ 'ਚੋਂ ਬੋਲਿਆ।

'ਬੱਸ ਰਿਪੋਰਟ ਵੀ ਇਹੋ ਦੱਸਦੀ ਐ। ਥੋੜ੍ਹਾ ਜਿਹਾ ਨੁਕਸ ਆ ਰਿਹੈ ਰਿਪੋਰਟ ਵਿਚ। ਦੋ ਟੈਸਟ ਲੁਧਿਆਣਿਓਂ ਕਰਵਾਉਣੇ ਪੈਣਗੇ, ਪੱਕਾ ਪਤਾ ਉਨ੍ਹਾਂ ਤੋਂ ਲੱਗੇਗਾ।' ਡਾਕਟਰ ਹਾਲੇ ਕੁੱਝ ਹੋਰ ਕਹਿਣ ਹੀ ਲੱਗਾ ਸੀ ਕਿ ਜਾਗਰ ਵਿਚੋਂ ਹੀ ਬੋਲ ਪਿਆ, 'ਜੀ... ਲੁਧਿਆਣਿਓਂ..?'

'ਹਾਂ ਜੀ, ਬਾਬਾ ਜੀ। ਜੇ ਆਪਾਂ ਪੱਕਾ ਇਲਾਜ ਕਰਵਾਉਣੈ ਤਾਂ ਓਥੇ ਜਾਣਾ ਹੀ ਪਵੇਗਾ। ਤੁਸੀਂ ਫਿਕਰ ਨਾ ਕਰੋ। ਮੈਂ ਪਰਚੀ ਲਿਖ ਕੇ ਦੇ ਦੇਵਾਂਗਾ। ਉਹ ਆਪਣੇ ਘਰ ਦੇ ਬੰਦੇ ਨੇ। ਤੁਸੀਂ ਸਰਾਭਾ ਨਗਰ ਚਲੇ ਜਾਇਓ, ਓਥੇ ਦਰਵੇਸ਼ ਲੈਬ ਵਾਲੇ ਨੇ। ਕਿਸੇ ਨੂੰ ਨਾਲ ਲੈ ਜਾਇਓ। ਹੈ ਕੋਈ ਲੁਧਿਆਣੇ ਦਾ ਜਾਣੂੰ ਨਾਲ ਜਾਣ ਵਾਲਾ? ਨਹੀਂ ਤਾਂ ਮੈਂ ਭੋਲੇ ਨੂੰ ਹੀ ਫੋਨ ਕਰ ਦਿੰਨਾ।' ਡਾਕਟਰ ਨੇ ਜਾਗਰ ਦੇ ਕਿਸੇ ਜਵਾਬ ਦੀ ਉਡੀਕ ਕੀਤੇ ਬਿਨਾ ਹੀ ਸਵਾਲ ਕਰ ਦਿੱਤਾ।

'ਨਹੀਂ ਜੀ ਆਪਾਂ ਭੋਲੇ ਦਾ ਕੰਮ ਕਾਹਨੂੰ ਛੁਡਾਉਣੈ? ਹੈਗਾ ਮੇਰਾ ਪੋਤਾ ਬੰਟੀ ਲੁਧਿਆਣੇ ਦੀ ਗਲੀ-ਗਲੀ ਜਾਣਦੈ। ਰਹਿੰਦਾ ਤਾਂ ਆਪਦੇ ਮਾਂ-ਪਿਓ ਨਾਲ ਸਾਥੋਂ ਅੱਡ ਐ ਪਰ ਸਾਡਾ ਵਾਹਵਾ ਮੋਹ ਕਰਦੈ।' ਡਾਕਟਰ ਦੇ ਸਵਾਲ ਦਾ ਜਵਾਬ ਦਿੰਦਾ ਦਿੰਦਾ ਉਹ ਥੋੜ੍ਹਾ ਅਟਕ ਕੇ ਫੇਰ ਬੋਲਿਆ, 'ਪਰ ਡਾਕਟਰ ਸਾਹਬ,..ਭੋਲਾ ਤਾਂ ਆਂਹਦਾ ਸੀ ਬਈ ਤੁਸੀਂ ਈ ਸਾਰਾ ਕੁੱਝ ਕਰ ਲਵੋਂਗੇ?'

'ਆਹੋ ਬਾਬਾ ਜੀ ਭੋਲੇ ਨੇ ਤਾਂ ਠੀਕ ਈ ਕਿਹੈ। ਕਰਨਾ ਤਾਂ ਸਾਰਾ ਕੁੱਝ ਆਪਾਂ ਹੀ ਐ ਪਰ



ਪਹਿਲਾਂ ਬਿਮਾਰੀ ਦੀ ਜੜ੍ਹ ਲੱਭਣੀ ਜਰੂਰੀ ਐ। ਓਥੇ ਤਾਂ ਆਪਾਂ ਟੈਸਟ ਈ ਕਰਵਾਉਣੇ ਨੇ। ਇਲਾਜ ਤਾਂ ਆਪਾਂ ਏਥੇ ਈ ਕਰਾਂਗੇ। ਵਾਰ ਵਾਰ ਲੁਧਿਆਣੇ ਨੀ ਭੇਜਦੇ'। ਡਾਕਟਰ ਨੇ ਗੱਲ ਸਮਝਾਉਂਦੇ ਹੋਏ ਇੱਕ ਪਰਚੀ ਲਿਖ ਕੇ ਜਾਗਰ ਦੇ ਹੱਥ ਫੜਾਉਂਦੇ ਹੋਏ ਫੇਰ ਆਖਿਆ, 'ਆਹ ਕੁੱਝ ਦਵਾਈਆਂ ਤੁਸੀਂ ਬਾਹਰੋਂ ਲੈ ਜਾਓ। ਕੱਲ੍ਹ ਨੂੰ ਹੀ ਚਲੇ ਜਾਇਓ, ਲੇਟ ਨਾ ਕਰਿਓ। ਆਹ ਰਿਪੋਰਟ ਵਾਲਾ ਲਫ਼ਾਫ਼ਾ ਵੀ ਸਾਂਭ ਕੇ ਨਾਲ ਹੀ ਰੱਖਿਓ'। ਡਾਕਟਰ ਨੇ ਸਾਰਾ ਕੁੱਝ ਜਾਗਰ ਨੂੰ ਫੜਾਉਂਦੇ ਅਗਲੇ ਮਰੀਜ਼ ਨੂੰ ਆਵਾਜ਼ ਮਾਰ ਲਈ।

ਜਾਗਰ ਸਾਰਾ ਕੁੱਝ ਸੰਭਾਲ ਕੇ ਝੋਲੇ 'ਚ ਪਾਉਂਦਾ ਬਾਹਰ ਨਿਕਲ ਗਿਆ। ਬਾਹਰੋਂ ਦਵਾਈਆਂ ਖ੍ਰੀਦੀਆਂ ਤੇ ਕੰਬਦੀਆਂ ਜਿਹੀਆਂ ਲੱਤਾਂ ਘਸੀਟਦਾ ਮਸਾ ਟੈਂਪੂ ਅੱਡੇ ਅੱਪੜਿਆ। ਸੋਚਾਂ ਵਿਚ ਡੁੱਬਿਆ, ਆਪਣੇ ਆਲੇ ਦੁਆਲੇ ਤੋਂ ਬੇਖ਼ਬਰ ਕਦੋਂ ਉਹ ਪਿੰਡ ਵਾਲੇ ਅੱਡੇ 'ਤੇ ਪਹੁੰਚ ਗਿਆ, ਪਤਾ ਹੀ ਨਾ ਲੱਗਿਆ। ਢਿੱਲੀ ਜਿਹੀ ਚਾਲ ਨਾਲ ਤੁਰਿਆ ਜਾਂਦਾ ਸੋਚਣ ਲੱਗਿਆ, 'ਬਿਸ਼ਨੀ ਨੂੰ ਸਾਰਾ ਕੁਸ ਦੱਸਾਂ ਕਿ ਨਾ? ਕੀ ਦੱਸਣੈ, ਐਵੇਂ ਫਿਕਰ ਨਾਲ ਮਰੀ ਜਾਊ, ਪਰ ਲੁਧਿਆਣੇ ਜਾਣੈ? ਚੱਲ ਕੋਈ ਹੋਰ ਬਹਾਨਾ ਲਾ ਦਿਆਂਗੇ' ਪਰ...ਬੰਟੀ, ਉਹਨੂੰ ਨਾਲ ਲਿਜਾਣਾ ਪੈਣੈ, 'ਇਹ ਤਾਂ ਹੁਣ ਦੱਸਣਾ ਈ ਪੈਣੈ ਜਾਗਰ ਸਿਆਂ'। ਆਪਣੇ ਮਨ ਨਾਲ ਭੰਨ੍ਹਾਂ-ਘੜ੍ਹਤਾਂ ਕਰਦਾ ਉਹ ਘਰ ਪਹੁੰਚ ਗਿਆ ਅਤੇ ਸਾਹਮਣੇ ਪਏ ਮੰਜੇ 'ਤੇ ਜਾ ਢੇਰੀ ਹੋਇਆ। ਬਿਸ਼ਨੀ ਪਾਣੀ ਦਾ ਗਲਾਸ ਲੈ ਕੇ ਭੱਜੀ ਆਈ, 'ਹਾਏ, ਹਾਏ ਤੈਨੂੰ ਕੀ ਹੋ ਗਿਆ? ਐਂ ਪੈ ਗਿਆ ਆ ਕੇ। ਲੈ ਉਠ ਪਾਣੀ ਦੀ ਘੁੱਟ ਪੀ।' ਜਾਗਰ ਨੇ ਟੇਢਾ ਜਿਹਾ ਹੋ ਕੇ ਗਲਾਸ ਫੜ ਕੇ ਪਾਣੀ ਪੀ ਲਿਆ ਅਤੇ ਕੁੱਝ ਸ਼ਾਂਤੀ ਨਾਲ ਫੇਰ ਲੰਮਾ ਪੈ ਗਿਆ। 'ਨਾ ਫੇਰ ਕੀ ਕਹਿੰਦਾ ਡਾਕਟਰ? ਦਵਾਈ ਦੇ 'ਤੀ? ਕੁਸ ਦੱਸ ਤਾਂ ਸਈ' ਬਿਸ਼ਨੀ ਇੱਕੋ ਸਾਹ ਕਈ ਸਵਾਲ ਕਰ ਗਈ।

'ਠਹਿਰ ਜਾ ਭੋਰਾ, ਦਮ ਤਾਂ ਲੈ ਲੈਣ ਦੇ। ਦੱਸ ਦੂੰ ਸਾਰਾ ਕੁਸ' ਜਾਗਰ ਨਰਮਾਈ ਨਾਲ ਬੋਲਿਆ।

'ਚਲ ਚੰਗਾ, ਮੈਂ ਚਾਹ ਦੀ ਘੁੱਟ ਬਣਾਉਨੀ ਆਂ, ਤੂੰ ਬਿੰਦ ਰਾਮ ਕਰ ਲੈ।' ਏਨਾ ਆਖ ਉਹ ਰਸੋਈ ਵੱਲ ਚਲੀ ਗਈ।

ਚਾਹ ਪੀਂਦੇ ਹੋਏ ਜਾਗਰ ਨੇ ਸਾਰੀ ਗੱਲ ਬਿਸ਼ਨੀ ਨੂੰ ਸੁਣਾ ਦਿੱਤੀ। ਪਰ ਜਦੋਂ ਉਸਨੇ ਲੁਧਿਆਣੇ ਵਾਲੀ ਗੱਲ ਦੱਸੀ ਤਾਂ ਉਹ ਤਾਂ ਇੱਕ ਦਮ ਭੜਕ ਪਈ, 'ਲੁਧਿਆਣੇ? ਤੈਨੂੰ ਕੀ ਹੋਇਐ, ਤੂੰ ਤਾਂ ਚੰਗਾ ਭਲੈਂ। ਲੁਧਿਆਣੇ ਤਾਂ...'ਅੱਗੇ ਕਹਿੰਦੀ ਕਹਿੰਦੀ ਉਹ ਰੁਕ ਗਈ।

'ਪਰ ਹੁਣ ਕੀ ਕਰੀਏ, ਆਪਾਂ ਨੂੰ ਵੱਧ ਪਤੈ ਕਿ ਡਾਕਟਰਾਂ ਨੂੰ?' ਜਾਗਰ ਨੇ ਮਨ ਲਗਦੀ ਗੱਲ ਆਖ ਬਿਸ਼ਨੀ ਨੂੰ ਚੁੱਪ ਕਰਵਾ ਦਿੱਤਾ।

'ਚੱਲ ਊਂ ਤਾਂ ਮਨ 'ਚ ਸੰਕਾ ਨੀ ਰਹੂ। ਆਪਾਂ ਕੱਲ੍ਹ ਨੂੰ ਈ ਚਲਦੇ ਆਂ ਲੁਧਿਆਣੇ। ਤੈਨੂੰ ਉਹਨੇ ਦੱਸਿਆ ਤਾਂ ਹੋਊਗਾ ਬਈ ਕਿੱਥੇ ਜਾਣੈ?' ਬਿਸ਼ਨੀ ਦੇ ਮਨ ਦਾ ਡਰ ਬੋਲਿਆ।

'ਐਵੇਂ ਨਾ ਬੋਲੀ ਜਾਹ, ਤੂੰ ਕੀ ਕਰੇਂਗੀ ਓਥੇ? ਮੈਂ ਓਧਰੋਂ ਬੰਟੀ ਨੂੰ ਲੈ ਜੂੰ ਨਾਲ। ਨਾਲੇ ਉਹ ਸਾਰਾ ਕੁਸ ਜਾਣਦੈ ਓਥੇ ਦਾ।' ਜਾਗਰ ਔਖਾ ਜਿਹਾ ਹੋ ਕੇ ਬੋਲਿਆ।

'ਆਹੋ, ਚੱਲ ਠੀਕ ਐ। ਮੈਂ ਜਾਨੀ ਆਂ ਹੁਣੇ ਓਧਰ। ਕਹਿ ਕੇ ਆਉਨੀ ਆਂ ਉਹਨੂੰ।' ਬਿਸ਼ਨੀ ਜਾਗਰ ਦਾ ਜਵਾਬ ਉਡੀਕਣ ਤੋਂ ਪਹਿਲਾਂ ਹੀ ਸਿਰ 'ਤੇ ਚੁੰਨੀ ਠੀਕ ਕਰਦੀ ਦਰੋਂ ਬਾਹਰ ਹੋ ਗਈ ਅਤੇ ਥੋੜ੍ਹੀ ਦੇਰ ਬਾਅਦ ਹੀ ਬੰਟੀ ਉਹਦੇ ਪਿੱਛੇ-ਪਿੱਛੇ ਆ ਪਹੁੰਚਿਆ।

'ਓ ਸੁਣਾ ਬਈ ਬਾਬੇ, ਆ ਗਿਆ ਫੇਰ ਡਾਕਟਰਾਂ ਦੇ ਅੜਿੱਕੇ?' ਅੰਦਰ ਵੜਨ ਸਾਰ ਹੀ ਬੰਟੀ ਨੇ ਚੋਟ ਮਾਰੀ।

'ਫੇਰ ਹੁਣ ਹੋਰ ਕੀ ਕਰਾਂ?' ਜਾਗਰ ਔਖਾ ਜਿਹਾ ਬੋਲਿਆ।

'ਕਰਨਾ ਕੀ ਆਂ, ਆਪਾਂ ਚੱਲਾਂਗੇ ਲੁਧਿਆਣੇ। ਕੀ ਕਹਿੰਦਾ ਸ਼ਰਮਾ ਡਾਕਟਰ ਕਿੱਥੇ ਜਾਣੈ? ਲਿਆ ਦਖਾ ਤਾਂ ਪਰਚੀ।' ਬੰਟੀ ਨੇ ਜਾਗਰ ਨੂੰ ਪੁੱਛਿਆ।

'ਉਹ ਕਹਿੰਦਾ ਸੀ ਦਰਵੇਸ਼ ਵਾਲਿਆਂ ਦੇ ਜਾਇਓ। ਲੈ ਫੜ, ਤੂੰ ਆਪੇ ਈ ਦੇਖ ਲੈ। ਵਿਚ ਇੱਕ ਲੰਮੀ ਸਾਰੀ ਪਰਚੀ ਐ। ਉਹਦੇ 'ਤੇ ਬਲਦ-ਮੂਤਣਾ ਜਿਹਾ ਬਣਿਆ ਹੋਇਐ। ਉਹਨੂੰ ਦੇਖ ਕੇ ਈ ਸ਼ਰਮੇ ਨੇ ਲੁਧਿਆਣੇ ਭੇਜਿਐ'। ਝੋਲਾ ਬੰਟੀ ਵੱਲ ਨੂੰ ਕਰਦੇ ਹੋਏ ਜਾਗਰ ਬੋਲਿਆ।

'ਬਲਦ ਮੂਤਣਾ? ਓਹ ਕੀ ਬਈ ਬਾਬੇ?' ਬੰਟੀ ਨੇ ਝੋਲ਼ੇ ਵਿਚੋਂ ਪਰਚੀਆਂ ਕੱਢਦੇ ਹੈਰਾਨੀ ਜਿਹੀ ਨਾਲ ਪੁੱਛਿਆ।

'ਓਏ ਅੱਛਾ ਇਹਨੂੰ ਕਹਿਨੈਂ ਬਲਦ ਮੂਤਣਾ...ਵਾਹ ਬਈ ਬਾਬੇ' ਬੰਟੀ ਈ.ਸੀ.ਜੀ. ਵਾਲੀ ਪਰਚੀ ਖੋਲ੍ਹਦਾ ਹੋਇਆ ਠਹਾਕਾ ਮਾਰ ਕੇ ਹੱਸ ਪਿਆ। ਪਰ ਛੇਤੀ ਹੀ ਉਸ ਨੇ ਗੱਲ ਬਦਲ ਲਈ। 'ਲੈ ਫੇਰ ਤੜਕੇ ਸਾਝਰੇ ਤਿਆਰ ਹੋ ਜੀਂ। ਦਰਵੇਸ਼ ਲੈਬ ਵਾਲਿਆਂ ਦੇ ਈ ਜਾਣੈ। ਓਥੇ ਤਾਂ ਮੇਰਾ ਇੱਕ ਜੁੱਟ ਵੀ ਕੰਮ ਕਰਦੈ। ਤੂੰ ਫਿਕਰ ਨਾ ਕਰ ਸਭ ਕੁੱਝ ਸੈਟ ਹੋ ਜੂ।' ਪਰਚੀਆਂ ਝੋਲ਼ੇ ਵਿਚ ਪਾ ਕੇ ਫੜਾਉਂਦਾ ਹੋਇਆ ਬੰਟੀ ਆਪਣੇ ਘਰ ਨੂੰ ਤੁਰ ਗਿਆ। ਜਾਗਰ ਮੰਜੇ 'ਤੇ ਟੇਢਾ ਜਿਹਾ ਹੋ ਗਿਆ ਅਤੇ ਬਿਸ਼ਨੀ ਅਣਮੰਨੇ ਜਿਹੇ ਮਨ ਨਾਲ ਰੋਟੀ ਟੁੱਕ ਦੇ ਆਹਰ ਲੱਗ ਤਾਂ ਗਈ ਪਰ ਬਿੰਦੇ ਝੱਟੇ ਉਸਦੀ ਨਿਗ੍ਹਾ ਜਾਗਰ ਵੱਲ ਨੂੰ ਹੀ ਜਾਈ ਜਾਵੇ। ਚਾਰ ਕੁ ਫੁਲਕੇ ਲਾਹ ਕੇ ਉਹ ਜਾਗਰ ਦੇ ਮੰਜੇ ਕੋਲ ਹੀ ਚੁੱਕ ਲਿਆਈ।' ਲੈ ਉਠ, ਖਾ ਲੈ ਦੋ ਚਾਰ ਬੁਰਕੀਆਂ, ਕੁਸ ਆਂਦਰਾਂ ਨੂੰ ਲੇਸ ਆਵੇ। ਮੈਂ ਭਾਂਡੇ ਕਰ ਕੇ ਕੋਸਾ ਜਿਹਾ ਦੁੱਧ ਲੈ ਕੇ ਆਉਨੀ ਆਂ।'

'ਦੁੱਧ ਤਾਂ ਮੈਂ ਕਹਿਨਾ ਰਹਿਣ ਦੇ, ਕਹਿੰਦੇ ਆ ਬਈ ਦੁੱਧ ਮਾੜਾ ਹੁੰਦੈ'। ਜਾਗਰ ਨੇ ਸੁਣਿਆ-ਸੁਣਾਇਆ ਡਰ ਜਤਾਇਆ।

'ਲੈ ਮਾੜਾ ਹੁੰਦੈ? ਇਨ੍ਹਾਂ ਦੀ ਜਣਦੀ ਦਾ ਸਿਰ। ਦੇਖ ਤਾਂ ਸਈ ਤੇਰਾ ਹਾਲ ਕੀ ਹੋਇਆ ਪਿਐ? ਭੋਰਾ ਜਾਨ ਪਊ ਹੱਡਾਂ 'ਚ। ਮੈਤੋਂ ਤਾਂ ਦੇਖਿਆ ਨੀ ਜਾਂਦਾ ਐਂ।' ਬਿਸ਼ਨੀ ਦੇ ਔਖ 'ਚੋਂ ਨਿਕਲੇ ਬੋਲ ਜਾਗਰ ਦੇ ਮਨ ਨੂੰ ਚੰਗੇ ਜਿਹੇ ਲੱਗੇ।

'ਚੰਗਾ ਇਉਂ ਕਰੀਂ, ਅੱਜ ਤੂੰ ਆਪਦੀ ਮੰਜੀ ਵੀ ਐਥੇ ਮੇਰੇ ਕੋਲ਼ ਈ ਡਾਹ ਲੀਂ'। ਜਾਗਰ ਦੇ ਬੋਲ ਸੁਣ ਕੇ ਤੁਰੀ ਜਾਂਦੀ ਬਿਸ਼ਨੀ ਕੁੱਝ ਬੋਲੀ ਤਾਂ ਨਾ, ਪਰ ਗੱਲ ਉਹਦੇ ਮਨ ਦੀ ਹੋਈ ਕਰਕੇ ਉਹ ਚੱਕਵੇਂ ਪੈਰੀਂ ਹੋ ਗਈ।

ਕੰਮ ਧੰਦਾ ਮੁਕਾ ਬਿਸ਼ਨੀ ਆਪਣੀ ਮੰਜੀ ਜਾਗਰ ਦੇ ਕੋਲ ਹੀ ਡਾਹ ਕੇ ਪੈਣ ਲੱਗੀ ਤਾਂ ਉਸ ਤੋਂ ਰਿਹਾ ਨਾ ਗਿਆ, 'ਨਾ, ਊਂ ਕੁਸ ਦੁਖਦਾ ਤਾਂ ਨੀ ਤੇਰਾ'?

'ਓ ਨਹੀਂ ਕੁਸ ਨੀ ਦੁਖਦਾ। ਤੂੰ ਸੌਂ ਜਾ ਚੁੱਪ ਕਰਕੇ।' ਜਾਗਰ ਖਿਝ ਕੇ ਬੋਲਿਆ।

ਦੋਵੇਂ ਪਾਸੇ ਮਾਰਦੇ ਬਿਨਾ ਬੋਲੇ ਹੀ ਇੱਕ ਦੂਜੇ ਨਾਲ ਗੱਲਾਂ ਕਰਦੇ ਪਏ ਰਹੇ। ਫੇਰ ਪਤਾ ਨਹੀਂ ਕਦੋਂ ਕੀਹਦੀ ਅੱਖ ਲੱਗ ਗਈ। ਸਵੇਰੇ ਜਦੋਂ ਬਿਸ਼ਨੀ ਦੀ ਅੱਖ ਖੁੱਲ੍ਹੀ ਤਾਂ ਉਸਦੀ ਨਿਗ੍ਹਾ ਝੱਟ ਜਾਗਰ ਦੇ ਮੰਜੇ ਵੱਲ ਗਈ। ਉਹ ਘੂਕ ਸੁੱਤਾ ਪਿਆ ਸੀ। ਬਿਸ਼ਨੀ ਨੇ ਚਾਹ ਬਣਾ ਕੇ ਦੋ ਘੁੱਟਾਂ ਭਰੀਆਂ ਤੇ ਜਾਗਰ ਦਾ ਗਲਾਸ ਢਕ ਕੇ ਰੱਖ ਦਿੱਤਾ। ਚਾਰ ਪੰਜ ਪਰੌਂਠੇ ਬਣਾ ਕੇ ਲਫ਼ਾਫ਼ੇ ਵਿਚ ਪਾ ਦਿੱਤੇ। ਜਾਗਰ ਉਠ ਕੇ ਮੂੰਹ 'ਤੇ ਛਿੱਟੇ ਮਾਰਨ ਹੀ ਲੱਗਿਆ ਸੀ ਕਿ ਜਾਗਰ ਦਾ ਮੁੰਡਾ ਅੰਦਰ ਵੜਦਾ ਬੋਲਿਆ, 'ਕਿਵੇਂ ਐ ਬਾਪੂ, ਬੰਟੀ ਕਹਿੰਦਾ ਲੁਧਿਆਣੇ ਜਾਣੈ। ਮੈਂ ਚੱਲਾਂ ਨਾਲ?'

'ਕਿਉਂ ਸਾਰੇ ਟੱਬਰ ਨੇ ਕੀ ਕਰਨੈ ਓਥੇ? ਬੰਟੀ ਹੈਗਾ ਬੱਸ ਬਥੇਰੈ।' ਜਾਗਰ ਨੇ ਪਰਨੇ ਨਾਲ ਮੂੰਹ ਪੂੰਜਦੇ ਹੋਏ ਤੋੜ ਕੇ ਜਵਾਬ ਦੇ ਦਿੱਤਾ ਅਤੇ ਮੂੰਹ ਵਿਚ ਕੁੱਝ ਬੁੜਬੁੜ ਕੀਤੀ, 'ਆਇਐ ਵੱਡਾ ਹੇਜ ਦਖਾਉਣ..'। ਬੰਟੀ ਦਾ ਪਿਓ, ਜਾਗਰ ਦਾ ਰੁਖ ਦੇਖ ਕੇ ਘਰ ਨੂੰ ਮੁੜ ਗਿਆ। ਜਾਗਰ ਨੇ ਚਾਹ ਦਾ ਗਲਾਸ ਹਾਲੇ ਮੂੰਹ ਨੂੰ ਲਾਇਆ ਹੀ ਸੀ ਕਿ ਬੰਟੀ ਨੇ ਮੋਟਰ ਸਾਈਕਲ ਲਿਆ ਦਰਾਂ ਮੂਹਰੇ ਲਾਇਆ।' ਹਾਂ ਬਈ ਬਾਬੇ ਚੱਲੀਏ ਫੇਰ, ਤਿਆਰ ਐਂ?'

'ਤਿਆਰ ਈ ਆਂ, ਤਿਆਰ ਨੂੰ ਮੈਂ ਕੀ ਘੋੜੇ ਬੀੜਨੇ ਐਂ? ਪਰ ਤੂੰ ਆਹ ਮੋਟਰ ਸੈਕਲ ਕਿਉਂ ਧੂਹੀ ਫਿਰਦੈਂ? ਚੰਗੇ ਭਲੇ ਟੈਂਪੂ ਜਾਂਦੇ ਐ, ਗਾਹਾਂ ਬਸ ਫੜ ਲਾਂ ਗੇ।' ਜਾਗਰ ਨੂੰ ਮੋਟਰ ਸਾਈਕਲ 'ਤੇ ਬੈਠਣਾ ਔਖਾ ਲਗਦਾ ਸੀ।

'ਓ ਮਖਿਆ ਕਿੱਥੇ ਟੈਂਪੂਆਂ, ਬਸਾਂ 'ਤੇ ਧੱਕੇ ਖਾਂਦੇ ਫਿਰਾਂਗੇ? ਨਾਲੇ ਅੱਜ ਤਾਂ ਤੇਰੇ ਸਿਰ 'ਤੇ ਕੀ ਪ੍ਰਵਾਹ ਐ? ਤੇਲ ਵੀ ਤੇਰਾ ਤੇ ਮੋਟਰ ਸਾਈਕਲ ਵੀ ਤੇਰਾ। ਪੈਸੇ ਵਾਹਵਾ ਚੱਕ ਲੀਂ ਨਾਲ, ਕੋਈ ਠੰਢਾ-ਤੱਤਾ ਵੀ ਪੀਆਂਗੇ ਫੇਰ ਅੱਜ ਤਾਂ।' ਬੰਟੀ ਨੇ ਜਾਣ ਬੁੱਝ ਕੇ ਚਮਲਾਹਟ ਜਿਹੀ ਕੀਤੀ।

'ਤੇਰੀਆਂ ਆਹ ਘਤਿੱਤਾਂ ਨਾ ਗਈਆਂ, ਚੱਲ ਤੁਰ ਹੁਣ।' ਜਾਗਰ ਪਰਨਾ ਠੀਕ ਜਿਹਾ ਕਰ ਕੇ ਬੰਨ੍ਹਦੇ ਹੋਏ ਝੋਲਾ ਚੁੱਕ ਕੇ ਤੁਰ ਪਿਆ। ਬਿਸ਼ਨੀ ਪਰੌਂਠਿਆਂ ਵਾਲਾ ਲਫ਼ਾਫ਼ਾ ਬੰਟੀ ਨੂੰ ਫੜਾਉਣ ਲੱਗੀ ਤਾਂ ਉਸ ਪੁੱਛ ਲਿਆ, 'ਇਹ ਕੀ ਐ ਬੇਬੇ?'

'ਵੇ ਪਰੌਂਠੇ ਐ, ਓਥੇ ਭੁੱਖ ਲੱਗੂ।'

'ਲੈ ਕਿਤੇ ਹੋਰ? ਅੱਜ ਤਾਂ ਕਿਸੇ ਹੋਟਲ-ਹੂਟਲ 'ਚ ਈ ਛਕਾਂਗੇ ਤਾਜ਼ੀਆਂ-ਤਾਜ਼ੀਆਂ। ਨਾਲੇ ਬਾਬਾ, ਅੱਜ ਤਾਂ ਪੱਗ ਬੰਨ੍ਹ ਲੈਂਦਾ, ਲੁਧਿਆਣੇ ਚੱਲੇ ਆਂ' ਬੰਟੀ ਨੇ ਮਖੌਲ ਕਰਦੇ ਹੋਏ ਮੋਟਰ ਸਾਈਕਲ ਨੂੰ ਚਾਬੀ ਲਾ ਲਈ।

'ਪੱਗ ਬੰਨ੍ਹਣ ਨੂੰ ਮੈਂ ਸਹੁਰੀਂ ਚੱਲਿਆਂ ਕੰਜਰਾ? ਚੱਲ ਤੁਰ ਸਿੱਧਾ ਹੋ ਕੇ।' ਜਾਗਰ ਪਰੌਂਠਿਆਂ ਵਾਲਾ ਲਫ਼ਾਫ਼ਾ ਝੋਲ਼ੇ 'ਚ ਪਾ ਕੇ ਬੰਟੀ ਦੇ ਪਿੱਛੇ ਬੈਠਦਾ ਬੋਲਿਆ।

*(ਬਾਕੀ ਅਗਲੇ ਸਫੇ 'ਤੇ)*

# ਲੋਕਾਂ ਦਾ ਭਵਿੱਖ ਦੇਖਣ-ਦੱਸਣ ਦਾ ਭੇਤ

## ਮਾਨਸ ਤੋਂ ਦੇਵਤਾ

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

ਸਾਡੇ ਪਿੰਡ ਜਮਨਾ ਦਾਸ ਨਾਂ ਦਾ ਇਕ ਵੈਰਾਗੀ ਸਾਧ ਹੁੰਦਾ ਸੀ। ਕੁਛ-ਕੁਛ ਬਜ਼ੁਰਗ ਹੋ ਚੱਲਿਆ ਹੋਣ ਕਾਰਨ ਉਹਦੇ ਹਾਣੀਆਂ ਨੂੰ ਛੱਡ ਕੇ ਸਭ ਲੋਕ ਉਹਨੂੰ ਬਾਬਾ ਆਖਦੇ। ਉਹਦੇ ਬਾਰੇ, ਖਾਸ ਕਰਕੇ ਔਰਤਾਂ ਵਿਚ, ਇਹ ਮਾਨਤਾ ਸੀ ਕਿ ਉਹ ਪੁੱਛਾਂ ਦਿੰਦਾ ਹੈ, ਭਾਵ ਅਗਲੇ ਦੇ ਜੀਵਨ ਦੀਆਂ ਉਲਝੀਆਂ ਸਮੱਸਿਆਵਾਂ ਵਿਚੋਂ ਪੈਦਾ ਹੁੰਦੇ ਸਵਾਲਾਂ ਦੇ ਜਵਾਬ ਦੇ ਦਿੰਦਾ ਹੈ ਤੇ ਉਹਦੇ ਭਵਿੱਖ ਵਿਚ ਝਾਕ ਕੇ ਸਾਰਾ ਚੰਗਾ-ਮਾੜਾ ਹਾਲ ਦੱਸ ਦਿੰਦਾ ਹੈ। ਗੱਲ ਹਾਲ ਦੱਸਣ 'ਤੇ ਹੀ ਨਹੀਂ ਸੀ ਮੁਕਦੀ, ਉਹ ਨੇੜ-ਭਵਿੱਖ ਵਿਚ ਆਉਣ ਵਾਲ਼ੇ ਸੰਕਟਾਂ ਦਾ ਹੱਲ ਵੀ ਦਸਦਾ ਸੀ। ਕੁਦਰਤੀ ਸੀ, ਅਨਪੜ੍ਹਤਾ ਦੇ ਉਸ ਜ਼ਮਾਨੇ ਵਿਚ ਬਹੁਤ ਸਾਰੇ ਲੋਕ ਉਹਤੋਂ ਭਵਿੱਖ ਵੀ ਪੁਛਦੇ ਤੇ ਆਪਣੀਆਂ ਅਜੋਕੀਆਂ ਉਲਝਨਾਂ ਸੁਲਝਾ ਕੇ ਭਵਿੱਖ ਨੂੰ ਚੰਗੇਰਾ ਵੀ ਬਣਵਾਉਣਾ ਚਾਹੁੰਦੇ।



ਗੁਰਬਚਨ ਸਿੰਘ ਭੁੱਲਰ
ਫੋਨ: +91-80763-63058

ਜਦੋਂ ਮੈਂ ਵਿਦਿਆਰਥੀ ਸੀ, ਉਹਦੀ ਉਮਰ ਸੱਠ ਸਾਲ ਤੋਂ ਵੱਧ ਹੋਵੇਗੀ। ਮੈਥੋਂ ਵੱਡੇ-ਛੋਟੇ ਉਹਦੇ ਦੋ ਪੋਤੇ, ਬਲਦੇਵ ਸਿੰਘ ਤੇ ਬਾਬੂ ਸਿੰਘ ਮੇਰੇ ਹਮਸਕੂਲ ਸਨ। ਉਹਦੀ ਇਕ ਗੱਲ ਬੜੀ ਅਜੀਬ ਸੀ। ਉਹਦੇ ਮੂੰਹ ਉੱਤੇ ਕੁਦਰਤੀ ਹੀ ਦਾੜ੍ਹੀ-ਮੁੱਛ ਦਾ ਇਕ ਵੀ ਵਾਲ ਨਹੀਂ ਸੀ ਆਇਆ। ਇਸ ਕਰਕੇ ਉਹਦਾ ਚਿਹਰਾ ਬਹੁਤ ਵੱਖਰਾ ਜਿਹਾ ਲਗਦਾ। ਛੋਟੀਆਂ ਅੱਖਾਂ ਤੇ ਅੱਗੇ ਨੂੰ ਵਧੀ ਹੋਈ ਠੋਡੀ ਨਾਲ ਉਹ ਉਮਰੋਂ ਹੋਰ ਵੀ ਵੱਡਾ ਦਿਸਦਾ। ਮੋਢੇ ਉੱਤੇ ਲਟਕਦਾ ਲੰਮਾ ਲੜ ਛੱਡ ਕੇ ਉਹ ਵੱਡਾ ਸਫ਼ੈਦ ਪੱਗੜ ਬੰਨ੍ਹਦਾ। ਸਫ਼ੈਦ ਖੱਦਰ ਦੇ ਲੰਮੇ ਕੁੜਤੇ ਨਾਲ ਉਹਨੇ ਖੱਦਰ ਦੀ ਹੀ ਉੱਚੀ ਜਿਹੀ ਧੋਤੀ ਬੰਨ੍ਹੀ ਹੋਈ ਹੁੰਦੀ। ਸਹਾਰੇ ਵਾਸਤੇ ਤੇ ਪਿੰਡਾਂ ਵਿਚ ਗਜੇ ਲਈ ਜਾਂਦਿਆਂ ਕੁੱਤੇ-ਬਿੱਲੇ ਨੂੰ ਭਜਾਉਣ ਵਾਸਤੇ ਉਹ ਹੱਥ ਵਿਚ ਕਿਸੇ ਦਰਖਤ ਤੋਂ ਵੱਢੀ ਹੋਈ ਸੋਟੀ ਰਖਦਾ।

ਸਾਡੇ ਪਰਿਵਾਰ ਨਾਲ ਉਹਦੀ ਖਾਸੀ ਨੇੜਤਾ ਸੀ ਪਰ ਇਹਦਾ ਕਾਰਨ ਉਹਦਾ ਭਵਿੱਖ-ਦ੍ਰਿਸ਼ਟਾ ਹੋਣਾ ਨਹੀਂ ਸੀ। ਮੇਰੇ ਮਾਤਾ-ਪਿਤਾ ਤੇ ਚਾਚੇ ਪੱਕੇ ਅੰਮ੍ਰਿਤਧਾਰੀ ਹੋਣ ਕਰਕੇ ਅਜਿਹੀਆਂ ਗੱਲਾਂ ਵਿਚ ਉੱਕਾ ਹੀ ਕੋਈ ਭਰੋਸਾ ਨਹੀਂ ਸਨ ਰਖਦੇ। ਇਸ ਨੇੜਤਾ ਦਾ ਕਾਰਨ ਹੋਰ ਸੀ। ਸਾਡਾ ਘਰ ਫਿਰਨੀ ਉੱਤੇ ਸੀ। ਘਰ ਦੇ ਮੂਹਰੇ ਟੋਭਾ ਸੀ। ਟੋਭੇ ਦੇ ਪਾਣੀ ਨੂੰ ਪਰੇ ਰੱਖਣ ਲਈ ਪੂਰੇ ਘਰ ਅੱਗੇ ਕੱਚਾ ਚੌਂਤਰਾ ਬਣਿਆ ਹੋਇਆ ਸੀ। ਚੌਂਤਰੇ ਉੱਤੇ ਦੋ ਬਹੁਤ ਵੱਡੇ ਪੁਰਾਣੇ ਨਿੰਮ ਸਨ। ਇਕ ਪਾਸੇ ਕੰਧ ਨਾਲ ਛੋਟਾ ਪੱਕਾ ਥੜ੍ਹਾ ਬਣਿਆ ਹੋਇਆ ਸੀ ਜੀਹਦੇ ਨਾਲ ਇਕ ਖੁੰਢ ਪਿਆ ਸੀ। ਅਸੀਂ ਦੋ ਬੈਂਚ ਵੀ ਉਥੇ ਰੱਖੇ ਹੋਏ ਸਨ।

ਉਸ ਬੇਸੜਕੇ ਜ਼ਮਾਨੇ ਵਿਚ ਕੱਚੇ ਚੌਂਤਰੇ ਅਤੇ ਟੋਭੇ ਦੇ ਵਿਚਕਾਰੋਂ ਜਾਂਦਾ ਰਾਹ ਕੋਈ ਇਕ ਦਰਜਨ ਪਿੰਡਾਂ ਨੂੰ ਮੰਡੀ ਫੂਲ ਨਾਲ ਜੋੜਦਾ ਸੀ। ਰਾਹੀ ਨਿੰਮਾਂ ਹੇਠ ਦਮ ਲੈਂਦੇ ਤੇ ਪਾਣੀ-ਧਾਣੀ ਪੀਂਦੇ। ਗਰਮੀਆਂ ਵਿਚ ਤਾਂ ਮੇਰੇ ਚਾਚਾ ਜੀ ਨਿੰਮ ਹੇਠ ਸਿਰਕੀਆਂ ਦੀ ਛਪਰੀ ਪਾ ਕੇ ਪਿਆਓ ਲਾ ਲੈਂਦੇ ਤੇ ਗਿੱਲੇ ਰੇਤੇ ਉੱਤੇ ਰੱਖੇ ਗਿੱਲੇ ਬੋਰਿਆਂ ਵਿਚ ਲਪੇਟੇ ਹੋਏ ਕੋਰੇ ਘੜਿਆਂ ਦਾ ਠੰਡਾ ਜਲ ਰਾਹੀਆਂ-ਪਾਂਧੀਆਂ ਨੂੰ ਛਕਾਉਂਦੇ ਰਹਿੰਦੇ।

ਬਾਬਾ ਜਮਨਾ ਵਾਰੀ-ਵਾਰੀ ਚੁਫੇਰੇ ਦੇ ਪਿੰਡਾਂ ਤੋਂ ਆਟੇ ਦਾ ਗਜਾ ਕਰਨ ਜਾਂਦਾ। ਜਦੋਂ ਉਹ ਕਿਸੇ ਇਧਰਲੇ ਪਿੰਡ ਜਾਂਦਾ ਤਾਂ ਮੁੜਦਾ ਹੋਇਆ ਨਿੰਮਾਂ ਹੇਠ ਦਮ ਲੈਂਦਾ ਤੇ ਜਲ ਛਕਦਾ। ਉਹ ਬੈਂਚ ਜਾਂ ਥੜ੍ਹੇ ਉੱਤੇ ਨਹੀਂ ਸੀ ਬੈਠਦਾ, ਥੜ੍ਹੇ ਨਾਲ ਪਏ ਖੁੰਢ ਉੱਤੇ ਬੈਠਦਾ। ਉਹਦੀ ਪਿੱਠ ਪਿੱਛੇ ਬੰਨ੍ਹੀ ਹੋਈ ਆਟੇ ਦੀ ਡੱਗੀ ਪੱਕੇ ਥੜ੍ਹੇ ਉੱਤੇ ਟਿਕ ਜਾਂਦੀ ਅਤੇ ਉਹ ਡੱਗੀ ਲਾਹੇ ਬਿਨਾਂ ਉਹਦੇ ਭਾਰ ਤੋਂ ਮੁਕਤ ਹੋ ਕੇ ਬੈਠ ਸਕਦਾ। ਇਉਂ ਬੈਠ ਕੇ ਉਹ ਬਹੁਤ ਖ਼ੁਸ਼ ਹੁੰਦਾ ਤੇ ਕਈ ਵਾਰ ਇਹ ਖ਼ੁਸ਼ੀ ਸਾਡੇ ਨਾਲ ਸਾਂਝੀ ਵੀ ਕਰਦਾ, "ਭਾਈ, ਥੜ੍ਹੇ ਕੋਲ ਇਹ ਖੁੰਢ ਤਾਂ, ਰੱਬ ਥੋਡਾ ਭਲਾ ਕਰੇ, ਤੁਸੀਂ ਮੇਰੀ ਖਾਤਰ ਹੀ ਰੱਖਿਆ ਹੈ!"

ਇਹ ਤਾਂ ਹੋਈ ਭੂਮਿਕਾ, ਜਿਹੜੀ ਅਸਲ ਗੱਲ ਮੈਂ ਸੁਣਾਉਣ ਲੱਗਿਆ ਹਾਂ, ਉਹ ਉਸ ਸਮੇਂ ਦੀ ਹੈ ਜਦੋਂ ਮੈਂ ਕਾਲਜ ਦਾ ਇਮਤਿਹਾਨ ਦੇ ਕੇ ਵਿਹਲਾ ਹੋਇਆ ਨਤੀਜਾ ਉਡੀਕ ਰਿਹਾ ਸੀ। ਇਕ ਦਿਨ ਮੈਂ ਘਰ ਅੱਗੇ ਥੜ੍ਹੇ ਉੱਤੇ ਇਕੱਲਾ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਸੀ। ਬਾਬਾ ਆਇਆ ਅਤੇ ਆਪਣੇ ਪੱਕੇ ਆਸਨ ਉੱਤੇ ਟਿਕ ਗਿਆ। ਮੈਂ ਫਤਿਹ ਬੁਲਾਈ ਤਾਂ ਉਹ ਬੋਲਿਆ, "ਲਿਆ, ਭਾਈ ਬੱਚਿਆ, ਜਲ ਛਕਾ।"

ਓਕ ਨਾ਼ਲ ਪੀ ਕੇ ਗੜਵੀ ਵਿਚ ਬਚੇ ਹੋਏ ਪਾਣੀ ਦੇ ਛਿੱਟੇ ਉਹਨੇ ਅੱਖਾਂ ਵਿਚ ਮਾਰੇ, ਪੱਗ ਦੇ ਲਟਕਦੇ ਲੰਮੇ ਲੜ ਨਾਲ ਚਿਹਰਾ ਪੂੰਝਿਆ ਤੇ ਸੌਖਾ ਹੋ ਕੇ ਤਸੱਲੀ ਨਾਲ ਬੈਠ ਗਿਆ। ਮੈਂ ਸੋਚਿਆ, ਅੱਜ ਕੋਈ ਤੀਜਾ ਕੋਲ ਨਾ ਹੋਣ ਕਰਕੇ ਬਾਬੇ ਨੂੰ ਉਹ ਸਵਾਲ ਪੁੱਛਣ ਦਾ ਵਧੀਆ ਮੌਕਾ ਹੈ ਜੋ ਚਿਰਾਂ ਤੋਂ ਮਨ ਵਿਚ ਅਟਕਿਆ ਹੋਇਆ ਹੈ।



ਮੈਂ ਬਾਬੇ ਦੇ ਨੇੜੇ ਸਰਕ ਗਿਆ, "ਬਾਬਾ ਜੀ, ਕਈ ਵਾਰ ਇਕ ਗੱਲ ਤੁਹਾਥੋਂ ਪੁੱਛਣੀ ਚਾਹੀ ਹੈ। ਇਕ ਤਾਂ ਤੁਹਾਥੋਂ ਝਿਜਕ ਆ ਜਾਂਦੀ ਹੈ, ਦੂਜੇ, ਇਥੇ ਕੋਈ ਨਾ ਕੋਈ ਹੋਰ ਬੈਠਾ ਹੁੰਦਾ ਹੈ। ਝਿਜਕ ਇਹ ਹੈ ਕਿ ਸਵਾਲ ਤੁਹਾਡੇ ਕੰਮ-ਧੰਦੇ ਤੇ ਰੁਜ਼ਗਾਰ ਬਾਰੇ ਹੈ। ਬਾਬਾ ਜੀ, ਜੇ ਤੁਹਾਨੂੰ ਮੇਰੀ ਸਹੁੰ ਦਾ ਯਕੀਨ ਹੋਵੇ, ਮੈਂ ਵਚਨ ਦਿੰਦਾ ਹਾਂ ਕਿ ਇਹ ਗੱਲ ਕਦੇ ਕਿਸੇ ਤੀਜੇ ਕੋਲ ਨਹੀਂ ਜਾਵੇਗੀ। ਬੱਸ ਪੁੱਛਾਂ ਬਾਰੇ, ਭਵਿੱਖ ਦੱਸਣ ਬਾਰੇ ਮੇਰੀ ਸੱਚ ਜਾਣਨ ਦੀ ਚਾਹਨਾ ਹੈ। ਕੀ ਤੁਸੀਂ ਸੱਚਮੁੱਚ ਲੋਕਾਂ ਦੇ ਭਵਿੱਖ ਦੇਖ ਲੈਂਦੇ ਹੋ?"

ਬਾਬਾ ਦੋ ਪਲ ਚੁੱਪ ਰਿਹਾ ਜਿਵੇਂ ਡੂੰਘੀ ਸੋਚ ਵਿਚ ਡੁੱਬ ਗਿਆ ਹੋਵੇ। ਫੇਰ ਬੋਲਿਆ, "ਭਾਈ ਬੱਚਿਆ, ਤੂੰ ਤਾਂ ਮੈਨੂੰ ਬਹੁਤ ਔਖੇ ਇਮਤਿਹਾਨ ਵਿਚ ਪਾ ਦਿੱਤਾ!"

ਮੈਂ ਹੱਥ ਜੋੜੇ, "ਨਹੀਂ, ਬਾਬਾ ਜੀ, ਇਉਂ ਨਾ ਕਹੋ। ਜੇ ਤੁਸੀਂ ਨਹੀਂ ਦੱਸਣਾ ਚਾਹੁੰਦੇ, ਮਨ ਉੱਤੇ ਬੋਝ ਨਾ ਪਾਓ, ਬਿਲਕੁਲ ਨਾ ਦੱਸੋ।"

"ਨਹੀਂ ਭਾਈ, ਤੂੰ ਨਿਹਚੇ ਨਾਲ ਗੱਲ ਆਬਦੇ ਤੱਕ ਰੱਖਣ ਦੀ ਸਹੁੰ ਖਾ ਕੇ ਪੁੱਛਿਆ ਹੈ," ਬਾਬਾ ਦ੍ਰਿੜ੍ਹਤਾ ਨਾਲ ਬੋਲਿਆ, "ਪਤਾ ਨਹੀਂ ਕਿਉਂ, ਤੇਰੀ ਸਹੁੰ ਉੱਤੇ ਇਤਬਾਰ ਕਰਨ ਨੂੰ ਦਿਲ ਕਰਦਾ ਹੈ। ਕਿਸੇ ਉੱਤੇ ਤਾਂ ਬੰਦੇ ਨੂੰ ਇਤਬਾਰ ਕਰ ਹੀ ਲੈਣਾ ਚਾਹੀਦਾ ਹੈ!"

ਸੱਚੀ ਗੱਲ ਹੈ, ਮੈਂ ਬਾਬੇ ਨੂੰ ਦਿੱਤੀ ਸਹੁੰ ਨਿਭਾਈ ਵੀ ਪੂਰੀ। ਅੱਜ ਇਹ ਕਿੱਸਾ ਪਹਿਲੀ ਵਾਰ ਸੁਣਾਉਣ ਲੱਗਿਆ ਹਾਂ ਜਦੋਂ ਬਾਬੇ ਨੂੰ ਇਸ ਨਾਸਮਾਨ ਮਾਤਲੋਕ ਦੀ ਥਾਂ ਸੁਰਗ ਵਿਚ ਰਹਿੰਦੇ ਲੋਕਾਂ ਦਾ ਭਵਿੱਖ ਦਸਦਿਆਂ ਅੱਧੀ ਸਦੀ ਤੋਂ ਦਹਾਕਾ ਵੱਧ ਦਾ ਸਮਾਂ ਹੋ ਗਿਆ ਹੈ। ਮੇਰਾ ਖ਼ਿਆਲ ਨਹੀਂ, ਸੁਰਗ ਦੀ ਖਿੜਕੀ ਵਿਚੋਂ ਦੇਖ ਰਿਹਾ ਬਾਬਾ ਵੀ ਇਹਨੂੰ ਸਹੁੰ ਤੋੜੀ ਮੰਨੇਗਾ!

ਉਹ ਕਹਿੰਦਾ, "ਬੱਚਿਆ, ਮੈਂ ਤੈਨੂੰ ਇਕ ਆਪਬੀਤੀ ਸੁਣਾਉਂਦਾ ਹਾਂ। ਜੋ ਮੈਂ ਦੱਸ ਦਿੱਤਾ, ਬੱਸ ਦੱਸ ਦਿੱਤਾ। ਉਸ ਪਿੱਛੋਂ ਆਪਾਂ ਕੋਈ ਸਵਾਲ-ਜਵਾਬ ਨਹੀਂ ਕਰਾਂਗੇ। ਮੇਰੇ ਦੱਸੇ ਦਾ ਜੋ ਵੀ ਮਤਲਬ ਤੂੰ ਸਮਝੇਂ, ਉਹ ਤੇਰਾ ਕੰਮ ਤੇ ਤੂੰ ਹੀ ਜਾਣ!... ਮੇਰੇ ਦੋ ਭਰਾ ਟੱਲੇਵਾਲ ਪਿੰਡ ਰਹਿੰਦੇ ਨੇ। ਉਹ ਸਾਧਾਂ ਵਾਲਾ ਕੰਮ ਨਹੀਂ ਕਰਦੇ, ਮਤਲਬ, ਪੁੱਛਾਂ ਨਹੀਂ ਦਿੰਦੇ, ਗਜਾ ਕਰਨ ਨਹੀਂ ਜਾਂਦੇ। ਉਹ ਖੇਤੀ ਕਰਦੇ ਨੇ। ਜੱਟ ਨੇ ਪੂਰੇ! ਲੋਕ ਉਹਨਾਂ ਨੂੰ ਮੇਰੇ ਬਾਰੇ ਪੁਛਦੇ ਰਹਿੰਦੇ ਨੇ, ਬਾਬਾ ਕਦੋਂ ਆਊ? ਦੋ-ਚਹੁੰ ਮਹੀਨੀਂ ਮੈਂ ਉਥੇ ਗੇੜਾ ਮਾਰ ਆਉਂਦਾ ਹਾਂ।"

ਇਕ ਪਲ ਰੁਕ ਕੇ ਉਹਨੇ ਕਹਾਣੀ ਅੱਗੇ ਤੋਰੀ, "ਮੈਂ ਪਿਛਲੇ ਸਾਲ ਗਿਆ ਤਾਂ ਇਕ ਤੀਵੀਂ ਆਈ। ਬਹੁਤ ਰੋਈ, 'ਬਾਬਾ, ਮੇਰੀ ਇਕੋ ਨੂੰਹ ਹੈ, ਓਸੇ ਨੂੰ ਓਪਰੀ ਛਾਇਆ ਦੇ ਦੌਰੇ ਪੈਂਦੇ ਨੇ। ਕਿਸੇ ਵੈਦ-ਹਕੀਮ ਤੋਂ ਠੀਕ ਨਹੀਂ ਹੋਈ। ਬੈਠੀ-ਬੈਠੀ ਜਾਂ ਕੰਮ ਕਰਦੀ-ਕਰਦੀ ਘੁਮੇਟਣੀ ਖਾ ਕੇ ਬੇਸੁਰਤ ਡਿੱਗ ਪੈਂਦੀ ਐ। ਪਾਣੀ ਦੇ ਛਿੱਟੇ ਮਾਰ ਕੇ ਤੇ ਹੱਥ-ਪੈਰ ਮ਼ਲ ਕੇ ਮਸਾਂ ਸੁਰਤ ਵਿਚ ਲਿਆਈਦੀ ਐ।' ਮੈਂ ਉਹਤੋਂ ਉਹਦੇ ਟੱਬਰ ਦੇ ਜੀਆਂ ਦੀ ਜਾਣਕਾਰੀ ਲੈ ਲਈ ਤੇ ਕਿਹਾ, 'ਦਿਨ ਦਾ ਇਹ ਵੇ਼ਲਾ ਵਿੱਦਿਆ ਵਿਚਾਰਨ ਵਾਸਤੇ ਠੀਕ ਨਹੀਂ ਹੁੰਦਾ, ਪਹਿਲੇ ਪਹਿਰ ਹੀ ਰੇਖ ਵਿਚ ਮੇਖ ਵਜਦੀ ਐ।' ਉਹ ਕਹਿੰਦੀ, 'ਘਰੇ ਵੀ ਮੈਨੂੰ ਉਹੋ ਵੇਲਾ ਠੀਕ ਰਹੂ, ਬਾਬਾ, ਮੇਰਾ ਮਨੁੱਖ ਇਨ੍ਹਾਂ ਗੱਲਾਂ ਨੂੰ ਮੰਨਦਾ ਨਹੀਂ ਤੇ ਕਲੇਸ ਪਾ ਬਹਿੰਦਾ ਐ। ਭਲਕੇ ਉਹ ਤੇ ਵੱਡਾ ਮੁੰਡਾ ਜਦੋਂ ਖੇਤ ਨੂੰ ਤੁਰ ਗਏ, ਮੈਂ ਆ ਕੇ ਤੈਨੂੰ ਲੈ ਜਾਊਂ।' ਮੈਂ ਹਾਮੀ ਭਰ ਦਿੱਤੀ।"

ਬਾਬੇ ਨੇ ਸਾਹ ਲਿਆ ਤੇ ਬੋਲਿਆ, "ਅਗਲੇ ਦਿਨ ਮੈਂ ਉਹਦੇ ਨਾਲ ਗਿਆ ਤਾਂ ਘਰ ਵਿਚ ਓਪਰੀ ਕਸਰ ਵਾ਼ਲੀ ਬਹੂ ਤੋਂ ਬਿਨਾਂ ਬਾਰਾਂ-ਚੌਦਾਂ ਸਾਲ ਦੀ ਉਮਰ ਦਾ ਇਕ ਮੁੰਡਾ ਤੇ ਉਹਤੋਂ ਛੋਟੀ ਇਕ ਕੁੜੀ ਸਨ, ਉਸ ਤੀਵੀਂ ਦੇ ਛੋਟੇ ਬੱਚੇ। ਮੈਂ ਹਿਸਾਬ ਲਾਇਆ, ਬਹੂ ਤੋਂ ਬਿਨਾਂ ਤਿੰਨ ਜਣੇ ਐ ਜੋ ਘਰੋਂ ਭੇਜਣੇ ਪੈਣੇ ਐ! ਟੱਲੇਵਾਲ ਪਿੰਡ ਨਹਿਰ ਦੇ ਨਾ਼ਲ ਐ। ਮੈਂ ਸੱਸ ਨੂੰ ਕਿਹਾ, 'ਤੂੰ ਕਿਸੇ ਭਾਂਡੇ ਵਿਚ ਪਹਿਲਾਂ ਕੁਛ ਜਲ ਨਹਿਰ ਦਾ ਪਾ, ਫੇਰ ਉਸ ਵਿਚ ਛੀ ਖੂਹਾਂ ਦਾ ਜਲ ਪਾ ਤੇ ਇਹ ਸੱਤ-ਜਲਾ ਬਣਾ ਕੇ ਲੈ ਆ।' ਮੁੰਡੇ ਨੂੰ ਮੈਂ ਪਿੰਡ ਵਿਚ ਜਾਂ ਪਿੰਡ ਦੀਆਂ ਨਿਆਈਆਂ ਵਿਚ ਆਮ ਮਿਲਦੇ ਅੱਡ-ਅੱਡ ਕਿਸਮ ਦੇ ਸੱਤ ਬਿਰਛਾਂ ਦੀਆਂ ਛੋਟੀਆਂ-ਛੋਟੀਆਂ ਡਾਹਣੀਆਂ ਲਿਆਉਣ ਲਈ ਕਹਿ ਦਿੱਤਾ, ਬੋਹੜ, ਪਿੱਪਲ, ਨਿੰਮ, ਟਾਹਲੀ, ਕਿੱਕਰ, ਬੇਰੀ, ਤੂਤ ਜਾਂ ਕੋਈ ਹੋਰ।... ਤੇ ਕੁੜੀ ਨੂੰ ਗਊਆਂ ਵਾ਼ਲੇ ਸੱਤ ਘਰੀਂ ਜਾ ਕੇ ਉਨ੍ਹਾਂ ਦਾ ਥੋੜ੍ਹਾ-ਥੋੜ੍ਹਾ ਗੋਹਾ ਲਿਆਉਣ ਵਾਸਤੇ ਭੇਜ ਦਿੱਤਾ। ਉਹ ਤਿੰਨੇ ਖਾਸੇ ਚਿਰ ਵਾਸਤੇ ਘਰੋਂ ਬਾਹਰ ਹੋ ਗਏ। ਹੁਣ ਪਿੱਛੇ ਰਹਿ ਗਏ ਛਾਇਆ ਵਾਲੀ ਬਹੂ ਤੇ ਮੈਂ, ਇਲਾਜ ਕਰਨ ਵਾ਼ਲਾ ਬਾਬਾ।"

ਬਾਬੇ ਦੀ ਕਹਾਣੀ ਬੜੀ ਦਿਲਚਸਪ ਸੀ। ਮੈਨੂੰ ਉਸ ਵਿਚੋਂ ਸੁਜਾਨ ਸਿੰਘ ਤੇ ਵਿਰਕ ਦੀਆਂ ਕਹਾਣੀਆਂ ਵਰਗਾ ਰਸ ਆ ਰਿਹਾ ਸੀ। ਕਹਾਣੀ ਵੀ ਹੁਣ ਬੜੇ ਨਾਜ਼ੁਕ ਮੋੜ ਉੱਤੇ ਅੱਪੜ ਗਈ ਸੀ।

ਬਾਬੇ ਨੇ ਕਥਾ ਅੱਗੇ ਤੋਰੀ, "ਮੈਂ ਵਹੁਟੀ ਨੂੰ ਕਿਹਾ, 'ਦੇਖ ਭਾਈ, ਤੂੰ ਮੇਰੀ ਧੀ ਤੇ ਮੈਂ ਤੇਰਾ ਪਿਓ। ਮੈਨੂੰ ਸੱਚ-ਸੱਚ ਦੱਸ, ਤੈਨੂੰ ਕੀ ਦੁੱਖ ਐ? ਜੇ ਭੋਰਾ ਵੀ ਓਹਲਾ ਰੱਖੇਂਗੀ, ਉਪਾਅ ਨਹੀਂ ਹੋਣਾ।' ਕੁੜੀ ਕਹਿੰਦੀ, 'ਬਾਬਾ, ਇਨ੍ਹਾਂ ਨੇ ਵਿਆਹ ਮਗਰੋਂ ਇਕ ਵਾਰੀ ਵੀ ਮੈਨੂੰ ਪੇਕੀਂ ਨਹੀਂ ਭੇਜਿਆ। ਮੇਰੇ ਪੇਕਿਆਂ ਨੂੰ ਵੀ ਕਹਿ ਦਿੱਤਾ, ਥੋਡੇ ਟੱਬਰ ਦਾ ਕੋਈ ਜੀਅ ਸਾਡੇ ਘਰ ਨਾ ਆਵੇ। ਜਦੋਂ ਮੈਨੂੰ ਮਾਂ ਤੇ ਭੈਣ-ਭਾਈ ਯਾਦ ਆਉਂਦੇ ਐ, ਮੇਰੇ ਅੰਦਰੋਂ ਵਰੋ਼ਲਾ ਜਿਹਾ ਉੱਠ ਕੇ ਸਿਰ ਨੂੰ ਚੜ੍ਹ ਜਾਂਦੈ ਤੇ ਮੈਨੂੰ ਬੇਸੁਰਤੀ ਦਾ ਦੌਰਾ ਪੈ ਜਾਂਦੈ।' ਮੈਨੂੰ ਉਹਦੇ ਰੋਗ ਦੀ ਤੰਦ ਹੱਥ ਆਉਂਦੀ ਦਿਸੀ।"

ਬਾਬਾ ਕਹਿੰਦਾ, "ਮੈਂ ਪੁੱਛਿਆ, 'ਪਰ ਇਨ੍ਹਾਂ ਨੇ ਤੇਰੇ ਪੇਕਿਆਂ ਨਾਲੋਂ ਇਉਂ ਨਾਤਾ ਕਿਉਂ ਤੋੜ ਲਿਆ?' ਉਹਨੇ ਅੰਦਰਲੀ ਗੱਲ ਦੱਸੀ, 'ਵਿਆਹੀ ਤਾਂ ਮੈਂ ਪੁੰਨ ਦੀ ਸੀ ਪਰ ਮੇਰਾ ਸ਼ਰਾਬੀ ਪਿਓ ਵੈਰੀ ਬਣ ਗਿਆ। ਸਾਡੇ ਸਾਰੇ ਟੱਬਰ ਤੋਂ ਚੋਰੀਉਂ ਇਨ੍ਹਾਂ ਤੋਂ ਮੇਰੇ ਪੈਸੇ ਲੈ ਲਏ। ਪਿੰਡ ਦੇ ਜਿਨ੍ਹਾਂ ਲੋਕਾਂ ਨੂੰ ਪਤਾ ਲੱਗਿਆ, ਉਨ੍ਹਾਂ ਵਿਚੋਂ ਕੁਛ ਭਾਨੀਮਾਰਾਂ ਨੇ ਵਿਆਹ ਵੇਲੇ ਹੀ ਚੁਗਲੀ ਕਰ ਦਿੱਤੀ। ਇਨ੍ਹਾਂ ਦੇ ਕੰਨ ਭਰ ਦਿੱਤੇ, ਅਖੇ ਜੇ ਤੁਸੀਂ ਕੁੜੀ ਫੇਰਾ ਪਾਉਣ ਪੇਕੀਂ ਭੇਜੀ, ਇਹਦਾ ਪਿਓ ਫੇਰ ਪੈਸੇ ਮੰਗੂ। ਬੱਸ ਇਨ੍ਹਾਂ ਨੇ ਮੈਨੂੰ ਵਿਆਹੀ ਆਈ ਨੂੰ ਹੀ ਇੱਥੇ ਰੱਖ ਲਿਆ, ਪੇਕੀਂ ਫੇਰਾ ਪਾਉਣ ਵੀ ਨਹੀਂ ਭੇਜਿਆ।' ਇਹ ਸੁਣ ਕੇ ਮੇਰਾ ਹੱਥ ਰੋਗ ਦੀ ਜੜ੍ਹ ਨੂੰ ਪੈ ਗਿਆ!"

ਬਾਬਾ ਉਪਾਅ ਵੱਲ ਤੁਰਿਆ, "ਮੈਂ ਕੁੜੀ ਨੂੰ ਪੁੱਛਿਆ, 'ਜੇ ਇਨ੍ਹਾਂ ਦਾ ਡਰ ਸੱਚਾ ਹੋਇਆ? ਮੰਨ ਲੈ, ਮੈਂ ਤੈਨੂੰ ਪੇਕੀਂ ਭਿਜਵਾ ਦਿਆਂ ਤੇ ਤੇਰਾ ਪਿਓ ਫੇਰ ਪੈਸੇ ਮੰਗ ਲਵੇ?' ਉਹ ਕਹਿੰਦੀ, 'ਨਹੀਂ ਬਾਬਾ, ਹੁਣ ਇਹ ਐਵੇਂ ਡਰਦੇ ਐ। ਪਤਾ ਲੱਗੇ ਤੋਂ ਸਾਰੇ ਟੱਬਰ ਨੇ ਤੇ ਰਿਸ਼ਤੇਦਾਰਾਂ ਨੇ ਮੇਰੇ ਪਿਓ ਨੂੰ ਬਹੁਤ ਲਾਅਨਤਾਂ ਪਾਈਆਂ। ਨਾਲੇ ਹੁਣ ਇਹ ਮੇਰਾ ਆਬਦਾ ਘਰ ਐ, ਜੇ ਮੇਰਾ ਪਿਓ ਨਾ ਵੀ ਭੇਜੂ, ਮੈਂ ਆਪੇ ਗਠੜੀ ਚੱਕ ਕੇ ਆ ਜਾਊਂ।' ਉਹਦੇ ਮੂੰਹੋਂ ਇਹ ਸੁਣ ਕੇ ਮੇਰੀ ਤਸੱਲੀ ਹੋ ਗਈ। ਜੇ ਮੈਂ ਇਹਨੂੰ ਪੇਕੀਂ ਭਿਜਵਾ ਦਿਆਂ, ਕੋਈ ਡਰ ਵਾ਼ਲੀ ਗੱਲ ਨਹੀਂ!"

ਬਾਬੇ ਨੇ ਦੱਸਿਆ, "ਬੱਚਿਆ, ਉਹ ਤਿੰਨੇ ਆਏ ਤਾਂ ਮੈਂ ਕੁੜੀ ਦਾ ਲਿਆਂਦਾ ਸੱਤ ਗਊਆਂ ਦਾ ਗੋਹਾ ਮਾਂ ਦੇ ਲਿਆਂਦੇ ਸੱਤ-ਜਲੇ ਵਿਚ ਘੋ਼ਲ ਕੇ ਗਊ-ਗੋਬਰੀ ਬਣਾ ਲਈ। ਬਰਾਂਡੇ ਵਿਚ ਕੁਛ ਥਾਂ ਉੱਤੇ ਗਊ-ਗੋਬਰੀ ਦਾ ਪੋਚਾ ਫੇਰ ਦਿੱਤਾ। ਬਾਕੀ ਗਊ-ਗੋਬਰੀ ਵਿਚ ਮੁੰਡੇ ਦੀਆਂ ਲਿਆਂਦੀਆਂ ਸੱਤ ਬਿਰਛਾਂ ਦੀਆਂ ਡਾਹਣੀਆਂ ਡੋਬ ਡੋਬ ਕੇ ਸਾਰੇ ਘਰ ਵਿਚ ਛਿੱਟਾ ਦੇ ਦਿੱਤਾ। ਪੋਚੇ ਵਾਲੀ ਥਾਂ ਧੂਫ਼ ਧੁਖਾ ਕੇ ਤੇ ਬਹੂ ਨੂੰ ਬਹਾ ਕੇ ਉਹਦੇ ਉੱਤੇ ਵੀ ਗਊ-ਗੋਬਰੀ ਦੇ ਛਿੱਟੇ ਮਾਰ ਦਿੱਤੇ। ਨਾਲੋ-ਨਾਲ ਮੂੰਹ ਵਿਚ ਮੰਤਰ ਤਾਂ ਪੜ੍ਹਨੇ ਹੀ ਹੋਏ।"

ਬਾਬਾ ਮੁਸਕਰਾਇਆ, "ਹੁਣ ਭਲਾ ਓਪਰੀ ਕਸਰ ਨੇ ਘਰ ਵਿਚ ਕਿੱਥੇ ਰਹਿਣਾ ਸੀ! ਮੈਂ ਸੱਸ ਨੂੰ ਕਿਹਾ, 'ਬਹੂ ਨੌਂ ਦਿਨ ਕੰਨਿਆ ਬਣ ਕੇ ਰਹੇ।...ਇਹਨੂੰ ਨੌਂ ਦਿਨ ਪੇਕੀਂ ਭੇਜ ਦਿਓ।' ਸੱਸ ਨੇ ਸਿਰ ਮਾਰਿਆ, 'ਨਾ ਬਾਬਾ ਨਾ, ਹੋਰ ਜੋ ਮਰਜ਼ੀ ਕਰਵਾ ਲੈ, ਮੈਂ ਇਹਨੂੰ ਪੇਕੀਂ ਨਹੀਂ ਭੇਜਣਾ। ਇਹਦੇ ਪਿਓ ਨੇ ਵਿਆਹ ਤੋਂ ਪਹਿਲਾਂ ਪੈਸੇ ਗਿਣ ਕੇ ਧਰਾ ਲਏ ਸੀ, ਉਹਨੇ ਲਾਲਚੀ ਸ਼ਰਾਬੀ ਨੇ ਹੁਣ ਫੇਰ ਮੰਗ ਲੈਣੇ ਐ।...ਮੈਂ ਇਉਂ ਕਰੂੰ, ਇਹਨੂੰ ਕੰਨਿਆ ਬਣਾਉਣ ਵਾਸਤੇ ਇਹਦਾ ਮੰਜਾ ਆਪਣੇ ਮੰਜੇ ਦੇ ਨਾਲ ਜੋੜ ਕੇ ਡਾਹ ਲਿਆ ਕਰੂੰ।' ਮੈਂ ਕਿਹਾ, 'ਤੂੰ ਇਹਦਾ ਮੰਜਾ ਤਾਂ ਨਾਲ ਜੋੜ ਕੇ ਡਾਹ ਲਵੇਂਗੀ ਪਰ ਇੱਥੇ ਹਰ ਕੋਈ ਇਹਨੂੰ ਬਹੂ-ਬਹੂ ਤਾਂ ਕਹਿੰਦਾ ਹੀ ਰਹੂ!' ਤੇ ਮੈਂ ਹਿੱਕ ਥਾਪੜੀ, 'ਇਹ ਜ਼ਿੰਮੇਵਾਰੀ ਮੇਰੀ। ਇਹਦੇ ਪੇਕੇ ਪਿੰਡ ਦੀ ਪੰਚਾਇਤ ਮੇਰੀ ਬਹੁਤ ਮੰਨਦੀ ਐ। ਜੇ ਇਹਦਾ ਪਿਓ ਵਾਪਸ ਭੇਜਣ ਤੋਂ ਆਨਾਕਾਨੀ ਕਰੂ, ਮੈਂ ਪੰਚਾਇਤ ਜੋੜ ਕੇ ਕੁੜੀ ਨੂੰ ਲਿਆ ਤੇਰੇ ਹਵਾਲੇ ਕਰੂੰ।' ਸੱਸ ਮੇਰੀ ਜਾਮਨੀ ਤੇ ਮੰਨ ਗਈ।"

ਬਾਬੇ ਨੇ ਕਹਾਣੀ ਮੁਕਾਈ, "ਲਓ ਜੀ, ਮੈਂ ਕਈ ਮਹੀਨਿਆਂ ਮਗਰੋਂ ਫੇਰ ਟੱਲੇਵਾ਼ਲ ਗਿਆ। ਸੁਨੇਹਾ ਸੁਣ ਕੇ ਸੱਸ ਭੱਜੀ ਆਈ। ਬਾਗੋਬਾਗ। ਮੇਰੇ ਪੈਰਾਂ ਤੋਂ ਨਾ ਉੱਠੇ! ਕਹਿੰਦੀ, 'ਬਾਬਾ, ਤੇਰੀ ਕਿਰਪਾ ਨਾਲ ਅਸੀਂ ਵਸਦਿਆਂ ਵਿਚ ਹੋ ਗਏ। ਬਹੂ ਨੂੰ ਤੇਰੇ ਹਥੌ਼ਲੇ ਤੋਂ ਮਗਰੋਂ ਓਸੇ ਦਿਨ ਤੋਂ ਦੌਰਾ ਨਹੀਂ ਪਿਆ। ਨਾਲੇ ਇਹਦੇ ਪੇਕਿਆਂ ਨਾਲ ਸਾਡਾ ਆਉਣ-ਜਾਣ ਹੋ ਗਿਆ। ਸਾਰਾ ਟੱਬਰ ਚੰਗਾ ਐ, ਬੱਸ ਇਕ ਇਹਦਾ ਪਿਓ ਮਾੜਾ ਨਿਕਲਿਆ। ਉਹਦੀ ਹੁਣ ਘਰ ਵਿਚ ਸੁਣਦਾ ਕੋਈ ਨਹੀਂ।' ਫੇਰ ਮੇਰੇ ਕੰਨ ਕੋਲ ਮੂੰਹ ਕਰ ਕੇ ਕਹਿੰਦੀ, 'ਬਾਬਾ, ਨਾਲੇ ਸੁੱਖ ਨਾਲ ਬਹੂ ਨੂੰ ਹੁਣ ਨਿੱਕਾ-ਨਿਆਣਾ ਹੋਣ ਵਾਲਾ ਐ!' ਅਗਲੇ ਦਿਨ ਦੀ ਮੇਰੀ ਰੋਟੀ ਵਰਜ ਗਈ।"

ਬਾਬੇ ਜਮਨੇ ਨੇ ਜਾਣ ਵਾਸਤੇ ਖੜ੍ਹੇ ਹੁੰਦਿਆਂ ਸੋਟੀ ਚੁੱਕੀ ਤੇ ਕਹਿੰਦਾ, "ਅਗਲੇ ਦਿਨ ਘਰ ਗਏ ਦੇ ਸਾਰਾ ਟੱਬਰ ਮੁੜ-ਮੁੜ ਮੇਰੇ ਪੈਰੀਂ ਹੱਥ ਲਾਵੇ! ਖੀਰ-ਕੜਾਹ ਨਾਲ ਭੋਜਨ ਛਕਾਇਆ।" ਭਾਰੀ ਡੱਗੀ ਸੰਭਾਲ ਕੇ ਖੜ੍ਹਾ ਹੁੰਦਾ ਬਾਬਾ ਬੋਲਿਆ,"ਨਾਲੇ ਬੱਚਿਆ, ਪੰਜ-ਕਾਪੜੀ ਉੱਤੇ ਰੱਖ ਕੇ ਇਕੋਤਰ ਸੌ ਰੁਪਈਆ ਦਿੱਤਾ! ਤੁਰਨ ਲੱਗੇ ਨੇ ਉਹਨੇ ਇਸ਼ਾਰੇ ਨਾ਼ਲ ਮੇਰੀ ਸਹੁੰ ਚੇਤੇ ਕਰਵਾਈ, "ਲੈ ਭਾਈ ਬੱਚਾ, ਹੁਣ ਮੈਂ ਚਲਦਾ ਹਾਂ। ਤੂੰ ਗੱਲ ਪੁੱਛੀ ਤੇ ਮੈਂ ਗੱਲ ਦੱਸੀ। ਬੱਸ ਗੱਲ ਇਥੇ ਹੀ ਮੁੱਕ-ਮੁਕਾ ਗਈ!"

## ਗੋਰਖ ਧੰਦਾ

*(ਪਿਛਲੇ ਸਫੇ ਦਾ ਬਾਕੀ)*

ਬੰਟੀ ਦੇ ਮਖੌਲਾਂ ਨੇ ਉਸਦਾ ਚਿਤ ਕੁੱਝ ਥਾਂ-ਸਿਰ ਕਰ ਦਿੱਤਾ ਸੀ। ਬੰਟੀ ਨੇ ਜਾਣ-ਬੁੱਝ ਕੇ ਮੋਟਰ ਸਾਈਕਲ ਨੂੰ ਝਟਕਾ ਮਰਵਾ ਕੇ ਭਜਾ ਲਿਆ। ਬਿਸ਼ਨੀ ਦਰ 'ਚ ਖੜ੍ਹੀ ਫਿਕਰ ਜਿਹੇ ਨਾਲ ਉਨ੍ਹਾਂ ਦੇ ਪਿੱਛੇ ਦੇਖਦੀ ਰਹੀ। ਪੌਣੇ ਘੰਟੇ ਵਿਚ ਬੰਟੀ ਨੇ ਮੋਟਰ ਸਾਈਕਲ ਦਰਵੇਸ਼ ਲੈਬ ਮੂਹਰੇ ਜਾ ਲਾਇਆ। ਬਾਬੇ ਤੋਂ ਪਰਚੀਆਂ ਵਾਲਾ ਝੋ਼ਲਾ ਫੜ, ਉਸਨੂੰ ਬਾਹਰਲੇ ਬੈਂਚ 'ਤੇ ਬਿਠਾ ਉਹ ਸਿੱਧਾ ਆਪਣੇ ਮਿੱਤਰ ਸੋਨੂੰ ਦੇ ਕਮਰੇ ਵਿਚ ਚਲਾ ਗਿਆ। ਸ਼ਰਮੇ ਦੀਆਂ ਪਰਚੀਆਂ ਤੇ ਈ.ਸੀ.ਜੀ. ਦੀ ਰਿਪੋਰਟ ਦੇਖ ਕੇ ਸੋਨੂੰ ਬੋਲਿਆ, 'ਬਾਬੇ ਨੂੰ ਕੁੱਝ ਨੀ ਹੋਇਆ ਯਾਰ। ਐਵੇਂ ਵਾਧੂ ਦਾ ਚੱਕਰ ਪਾਇਐ। ਮਾੜਾ ਮੋਟਾ ਕੋਈ ਮੇਹਦੇ 'ਚ ਨੁਕਸ ਪੈ ਗਿਆ ਹੋਊ। ਤੈਨੂੰ ਪਤਾ ਈ ਐ, ਕੀ ਕੁਝ ਚੱਲੀ ਜਾਂਦੈ ਅੱਜ-ਕੱਲ੍ਹ। ਨਾਲੇ ਸ਼ਰਮੇ ਦਾ ਤਾਂ ਕੰਮ ਈ ਏਹੀ ਆ। ਹਰ ਰੋਜ਼ ਦੋ ਤਿੰਨ ਮਰੀਜ਼ ਤਾਂ ਓਸ ਦੇ ਹੀ ਹੁੰਦੇ ਐ।'

'ਮੈਨੂੰ ਤਾਂ ਪਹਿਲਾਂ ਈ ਸ਼ੱਕ ਸੀ ਪਰ ਬਾਬੇ ਦੀ ਤਾਂ ਤਸੱਲੀ ਕਰਾਉਣੀ ਪਊ।'

'ਹਾਂ ਇਹ ਗੱਲ ਤਾਂ ਹੈ। ਤੂੰ ਇਉਂ ਕਰ ਬਾਬੇ ਨੂੰ ਮੇਰੇ ਕੋਲ ਲੈ ਆ। ਬਾਕੀ ਮੈਂ ਆਪੇ ਸੰਭਾਲ ਲਊਂ।' ਸੋਨੂੰ ਨੇ ਦਿਮਾਗ 'ਚ ਸਕੀਮ ਬਣਾ ਲਈ।

ਬੰਟੀ, ਬਾਬੇ ਨੂੰ ਸੋਨੂੰ ਦੇ ਕਮਰੇ 'ਚ ਲੈ ਆਇਆ। ਜਾਗਰ ਡਰਦਾ-ਡਰਦਾ ਅੰਦਰ ਨੂੰ ਵੜੇ।' ਆ ਜੋ ਬਾਬਾ ਜੀ, ਆ ਜੋ। ਬਹਿ ਜਾਓ ਅਰਾਮ ਨਾਲ ਐਸ ਸਟੂਲ 'ਤੇ। ਕੋਈ ਚਿੰਤਾ ਵਾਲੀ ਗੱਲ ਨੀ, ਮੈਂ ਰਿਪੋਰਟਾਂ ਦੇਖ ਲਈਆਂ ਸਾਰੀਆਂ'। ਸੋਨੂੰ ਨੇ ਸਟੂਲ ਵੱਲ ਇਸ਼ਾਰਾ ਕਰਦੇ ਹੋਏ ਏਨੀ ਗੱਲ ਆਖ ਕੇ ਜਾਗਰ ਦਾ ਅੱਧਾ ਦੁੱਖ ਤੋੜ ਦਿੱਤਾ। 'ਮੈਂ ਆਹ ਦੋ ਦਵਾਈਆਂ ਲਿਖ ਦਿੰਨਾਂ। ਇਹ ਲੈ ਲਿਓ ਤਿੰਨ ਦਿਨ, ਬੱਸ'। ਬੰਟੀ ਦੇ ਅਗਲੇ ਬੋਲਾਂ ਨੇ ਜਾਗਰ ਦੀ ਚਿੰਤਾ ਖਤਮ ਕਰ ਦਿੱਤੀ।

'ਮੈਂ ਤਾਂ ਜੀ ਅਸਲ 'ਚ ਆਹ ਲੰਬੀ ਸਾਰੀ ਪਰਚੀ ਦੇਖ ਕੇ ਈ ਡਰ ਗਿਆ।' ਜਾਗਰ ਨੇ ਮਨ ਦੀ ਗੱਲ ਦੱਸੀ।

'ਨਾ ਬਾਬਾ ਹੁਣ ਓਹੀ ਗੱਲ ਕਹਿ ਨਾ ਜਿਹੜੀ ਮੈਨੂੰ ਕਹਿੰਦਾ ਸੀ'। ਬੰਟੀ ਨੇ ਗੱਲ ਚੁੱਕ ਲਈ।

'ਕੀ ਓਏ, ਐਵੇਂ ਭਕਾਈ ਨਾ ਕਰੀ ਜਾਹ।' ਜਾਗਰ ਨੇ ਗੱਲ ਟਾਲਣੀ ਚਾਹੀ।

'ਓਹੀ, 'ਬਲਦ-ਮੂਤਣਾ'।' ਸੋਨੂੰ ਤੇ ਬੰਟੀ ਠਹਾਕਾ ਮਾਰ ਕੇ ਉਚੀ ਉਚੀ ਹੱਸ ਪਏ। ਜਾਗਰ ਦੇ ਚੇਹਰੇ 'ਤੇ ਵੀ ਮੁਸਕਰਾਹਟ ਆ ਗਈ।

'ਜਾਓ ਹੁਣ, ਮੌਜਾਂ ਕਰੋ ਦਾਦਾ ਪੋਤਾ। ਨਿੱਕਲ ਗਏ ਗੋਰਖਧੰਦੇ 'ਚੋਂ।' ਸੋਨੂੰ ਦੀ ਕਹੀ ਗੱਲ ਸੁਣ ਬੰਟੀ ਉਸ ਨਾਲ ਹੱਥ ਮਿਲਾ ਕੇ ਮੁਸਕਾਉਂਦਾ ਹੋਇਆ ਬਾਹਰ ਵੱਲ ਤੁਰ ਪਿਆ। ਜਾਗਰ ਨੂੰ ਭਾਵੇਂ ਪੂਰੀ ਗੱਲ ਸਮਝ ਨਹੀਂ ਪਈ ਪਰ ਉਹ ਹੌਸਲੇ ਨਾਲ ਸਾਬਤ ਕਦਮੀਂ ਉਸ ਦੇ ਪਿੱਛੇ ਪਿੱਛੇ ਚੱਲ ਪਿਆ।

# ਮੇਰਾ ਪਿੰਡ ਮੇਰੇ ਲੋਕ: ਅਵਤਾਰ ਸਿੰਘ ਬਿਲਿੰਗ

ਪੰਜਾਬੀ ਖੇਡ ਸਾਹਿਤ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਜਿਵੇਂ ਗਿਆਨੀ ਗੁਰਦਿੱਤ ਸਿੰਘ ਨੇ ਆਪਣੇ ਪਿੰਡ ਮਿੱਠੇਵਾਲ ਬਾਰੇ 'ਮੇਰਾ ਪਿੰਡ' ਪੁਸਤਕ ਲਿਖੀ ਉਵੇਂ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਨੇ ਆਪਣੇ ਪਿੰਡ ਸੇਹ ਬਾਰੇ 'ਮੇਰਾ ਪਿੰਡ ਮੇਰੇ ਲੋਕ' ਪੁਸਤਕ ਲਿਖੀ ਹੈ। ਪਿੰਡ ਸੇਹ ਦੇ ਹੀ ਮੰਨੇ ਪ੍ਰਮੰਨੇ ਅਰਥ ਸ਼ਾਸਤਰੀ ਬੀ.ਐੱਲ. ਜੋਸ਼ੀ ਨੇ ਪੁਸਤਕ ਦੀ ਪ੍ਰਸ਼ੰਸਾ ਕਰਦਿਆਂ ਸਰਵਰਕ ਉਤੇ ਲਿਖਿਆ: 'ਇਸ ਰਚਨਾ ਨੂੰ ਪੜ੍ਹਨ ਵਾਲੇ ਨਾ ਸਿਰਫ਼ ਮੁੱਲਵਾਨ ਜਾਣਕਾਰੀ ਪ੍ਰਾਪਤ ਕਰਨਗੇ, ਸਗੋਂ ਇਸ ਵਿਚਲੇ ਕਥਾ ਰਸ ਦਾ ਆਨੰਦ ਵੀ ਮਾਣਨਗੇ। ਇਹ ਪੁਸਤਕ ਮੇਰੇ ਪਿੰਡ ਦਾ ਐਨਸਾਈਕਲੋ-ਪੀਡੀਆ ਹੈ।' ਜਿਵੇਂ ਗਿਆਨੀ ਗੁਰਦਿੱਤ ਸਿੰਘ ਨੇ 'ਮੇਰਾ ਪਿੰਡ' ਪੁਸਤਕ ਵਿਚ ਪੁਰਾਣੇ ਪਹਿਲਵਾਨਾਂ ਤੇ ਉਨ੍ਹਾਂ ਦੀਆਂ ਖੁਰਾਕਾਂ ਦਾ ਵਰਣਨ ਕੀਤਾ ਹੈ ਉਵੇਂ ਹੀ ਅਵਤਾਰ ਸਿੰਘ ਬਿਲਿੰਗ ਨੇ 'ਮੇਰਾ ਪਿੰਡ ਮੇਰੇ ਲੋਕ' ਕਿਤਾਬ ਵਿਚ ਆਪਣੇ ਪਿੰਡ ਦੇ ਖਿਡਾਰੀਆਂ ਤੇ ਐਥਲੀਟਾਂ ਦਾ ਵੇਰਵਾ ਦਿੱਤਾ ਹੈ।

ਬਿਲਿੰਗ ਬਹੁਪੱਖੀ ਲੇਖਕ ਹੈ। ਉਸ ਨੇ ਅੱਠ ਨਾਵਲ, 'ਨਰੰਜਣ ਮਸ਼ਾਲਚੀ', 'ਖੇੜੇ ਸੁੱਖ ਵਿਹੜੇ ਸੁੱਖ', 'ਇਹਨਾਂ ਰਾਹਾਂ ਉੱਤੇ', 'ਪੱਤ ਕੁਮਲਾ ਗਏ', 'ਦੀਵੇ ਜਗਦੇ ਰਹਿਣਗੇ', 'ਖਾਲੀ ਖੂਹਾਂ ਦੀ ਕਥਾ', 'ਗੁਲਾਬੀ ਨਗ ਵਾਲੀ ਮੁੰਦਰੀ' ਅਤੇ 'ਰਿਜ਼ਕ' ਲਿਖੇ ਹਨ। ਉਸ ਦੇ ਕਹਾਣੀ ਸੰਗ੍ਰਹਿ ਹਨ: 'ਮੌਤ ਦੇ ਸਾਏ ਹੇਠ', 'ਆਪਣਾ ਖ਼ੂਨ', 'ਨਿਆਜ਼', 'ਪੱਛੋਂ ਦੀ ਹਵਾ' ਤੇ 'ਤਿਹਾਰ ਦਾ ਦਿਨ'। 'ਆਨੇ ਦੀ ਅਕਲ', 'ਚਾਚਾ ਚੇਤੂ ਦਾ ਇਸ਼ਨਾਨ' ਤੇ 'ਤੁਰਾਂਗੇ ਤਾਂ ਮੰਜ਼ਲਾਂ ਮਾਰਾਂਗੇ' ਬਾਲ ਸਾਹਿਤ ਦੀਆਂ ਪੋਥੀਆਂ ਹਨ। ਕਵੀਸ਼ਰੀ ਦੀ ਇਕ ਪੁਸਤਕ 'ਸਿਦਕੀ ਪਰਵਾਨੇ' ਸੰਪਾਦਤ ਕੀਤੀ ਹੈ। ਹੁਣ ਉਹ ਸੱਤਰਾਂ ਸਾਲਾਂ ਦਾ ਹੈ ਤੇ ਪਿਛਲੇ ਸੱਤ ਕੁ ਸਾਲਾਂ ਤੋਂ ਅਮਰੀਕਾ ਦੇ ਸ਼ਹਿਰ ਸਿਆਟਲ ਦਾ ਵਾਸੀ ਹੈ।

ਕਹਾਵਤਾਂ ਹਨ: ਬਿਲਿੰਗ ਪੜ੍ਹਦੇ ਹੁੰਦੇ, ਭੰਗੂ ਲੜਦੇ ਹੁੰਦੇ। ਕੋਈ ਜ਼ਰਾ ਕੁ ਨਿੰਦੇ, ਬਿਲਿੰਗ ਝੱਟ ਵਿੰਗੇ। ਰਾਜਿੰਦਰ ਸਿੰਘ 'ਸੇਹ' ਦਾ ਕਾਵਿ ਬੰਦ ਹੈ:

ਖੰਨੇ ਤੋਂ ਖਮਾਣੋਂ ਨੂੰ ਜੋ ਰੋਡ ਜਾਂਵਦਾ,
ਉਹਦੇ ਉੱਤੇ ਸਾਡਾ ਪਿੰਡ 'ਸੇਹ' ਆਂਵਦਾ।
ਨਾਲ ਨਾਲ ਸੂਆ ਇਕ ਜਾਵੇ ਖੰਨੇ ਨੂੰ,
ਸਿੰਜਦਾ ਜੋ ਰਿਹਾ ਸਾਡੇ ਖੇਤ ਬੰਨੇ ਨੂੰ।
ਥਾਣਾ ਤੇ ਤਸੀਲ ਸਮਰਾਲਾ ਸਾਡੀ ਜੀ,
ਜ਼ਿਲ੍ਹਾ ਲੁਧਿਆਣਾ ਜਾਣਿਓ ਨਾ ਫਾਡੀ ਜੀ।
ਪਿੰਡ ਜਿਸ ਬੰਨ੍ਹਿਆ ਬਾਬਾ ਭਕਾਰੀ ਸੀ,
ਵੱਡਿਆਂ ਨੇ ਵਾਰਤਾ ਇਹ ਦੱਸੀ ਸਾਰੀ ਸੀ।
ਬਿਲਿੰਗ ਤੇ ਭੰਗੂ ਗੋਤ ਸਿਰਮੌਰ ਨੇ,
ਸੰਧੂ, ਧਾਲੀਵਾਲ, ਨਾਗਰੇ ਤੇ ਹੋਰ ਨੇ...।

ਬਿਲਿੰਗ ਦਾ ਬਾਪ ਨੌਰੰਗ ਸਿੰਘ 'ਕੱਛ ਵਾਲਾ' ਕਵੀਸ਼ਰ ਸੀ ਤੇ ਦਾਦਾ ਸਾਈਂ ਦਿੱਤਾ ਕਲੀਆਂ ਸੁਣਨ ਦਾ ਸ਼ੌਕੀ। ਬਿਲਿੰਗ ਬਚਪਨ ਵਿਚ ਕਵੀਸ਼ਰੀ ਤੇ ਕਲੀਆਂ ਤਾਂ ਸੁਣਦਾ ਰਿਹਾ ਪਰ ਨਾ ਉਸ ਨੇ ਕਵੀਸ਼ਰੀ ਕੀਤੀ ਤੇ ਨਾ ਕਲੀਆਂ ਲਾਈਆਂ। ਉਸ ਨੇ ਦਸੰਬਰ 1952 ਵਿਚ ਮਾਤਾ ਗੁਰਦੇਵ ਕੌਰ ਦੀ ਕੁੱਖੋਂ ਜਨਮ ਲੈ ਕੇ, ਪਿੰਡ ਦੇ ਤੇ ਮਾਨੂੰਪੁਰ ਦੇ ਸਕੂਲੋਂ ਪੜ੍ਹ ਕੇ, ਏ. ਐੱਸ. ਕਾਲਜ ਖੰਨੇ ਜਾ ਕੇ, ਸਰਕਾਰੀ ਕਾਲਜ ਲੁਧਿਆਣੇ ਤੋਂ ਅੰਗਰੇਜ਼ੀ ਦੀ ਐੱਮ. ਏ. ਕਰ ਕੇ ਸਾਰੀ ਉਮਰ ਸਕੂਲ ਮਾਸਟਰੀ, ਲੈਕਚਰਾਰੀ ਤੇ ਸਾਹਿਤਕਾਰੀ ਕੀਤੀ। ਉਹਦੀ ਸਭ ਤੋਂ ਵੱਧ ਮਸ਼ਹੂਰੀ ਨਾਵਲਕਾਰ ਵਜੋਂ ਹੋਈ। ਉਹ ਵੀ ਉਦੋਂ ਜਦੋਂ ਉਹਦੇ ਨਾਵਲ 'ਖਾਲੀ ਖੂਹਾਂ ਦੀ ਕਥਾ' ਨੂੰ 25000 ਡਾਲਰ ਦਾ ਵੱਕਾਰੀ ਅੰਤਰਰਾਸ਼ਟਰੀ ਢਾਹਾਂ ਅਵਾਰਡ ਮਿਲਿਆ। ਜਿਵੇਂ ਕਿਸੇ ਇਨਾਮੀ ਲੇਖਕ ਦੇ ਨਾਂ ਨਾਲ 'ਪੰਜਾਹ ਹਜ਼ਾਰੀ' 'ਸਵਾ ਲੱਖਾ' 'ਢਾਈ ਲੱਖਾ' ਜਾਂ 'ਪੰਜ ਲੱਖਾ' ਹੋਣ ਦਾ ਖ਼ਿਤਾਬ ਲੱਗ ਜਾਂਦਾ ਹੈ ਉਵੇਂ ਅਵਤਾਰ ਸਿੰਘ ਬਿਲਿੰਗ ਦੇ ਨਾਂ ਨਾਲ 'ਪੰਦਰਾਂ ਲੱਖਾ' ਹੋਣ ਦਾ ਖ਼ਿਤਾਬ ਲਾਇਆ ਜਾ ਸਕਦੈ। ਪੰਜਾਬੀ ਦੀ ਕਿਤਾਬ ਲਈ ਏਦੂੰ ਵੱਡਾ ਇਨਾਮ ਹਾਲੇ ਹੋਰ ਕੋਈ ਨਹੀਂ ਰੱਖਿਆ ਗਿਆ। ਬਿਲਿੰਗ ਨੂੰ ਨਾਨਕ ਸਿੰਘ ਗਲਪ ਪੁਰਸਕਾਰ, ਪੰਜਾਬੀ ਸਾਹਿਤ ਅਕਾਡਮੀ ਪੁਰਸਕਾਰ ਤੇ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਆਦਿ ਵੀ ਮਿਲੇ ਹਨ ਅਤੇ ਹੋਰ ਸਨਮਾਨਾਂ ਦਾ ਵੀ ਲੇਖਾ ਨਹੀਂ। ਲੱਗਦੈ ਉਹ ਜਦ ਤਕ ਲਿਖਦਾ ਰਹੇਗਾ ਨਾਵਲਕਾਰ ਗੁਰਦਿਆਲ ਸਿੰਘ ਵਾਂਗ ਹੋਰ ਇਨਾਮ ਵੀ ਮਿਲਦੇ ਰਹਿਣਗੇ। ਗੁਰਦਿਆਲ ਸਿੰਘ ਜੰਗਲ ਦੇ ਇਲਾਕੇ ਦਾ ਗਲਪਕਾਰ ਸੀ, ਬਿਲਿੰਗ ਢਾਹੇ ਦੇ ਇਲਾਕੇ ਦਾ ਗਲਪਕਾਰ ਹੈ।

ਬਿਲਿੰਗ ਨੇ ਆਪਣੇ ਬਾਪ ਦਾਦੇ ਦੀ ਜਾਣਕਾਰੀ ਉਨ੍ਹਾਂ ਦੇ ਸ਼ਬਦ ਚਿੱਤਰ ਲਿਖ ਕੇ ਕਰਵਾਈ ਹੈ। ਦਾਦੇ ਦੇ ਸ਼ਬਦ ਚਿੱਤਰ ਦਾ ਸਿਰਲੇਖ ਹੈ, 'ਮੇਰਾ ਦਾਦਾ: ਕਲੀਆਂ ਸੁਣਨ ਦਾ ਸ਼ੌਕੀ।' ਪੇਸ਼ ਹੈ ਉਹਦਾ ਪਹਿਲਾ ਪੈਰਾ: 'ਮੇਰਾ ਦਾਦਾ ਮਿਹਨਤੀ ਸਿਰੜੀ ਪਿਓ ਦਾ ਇਕੱਲਾ ਪੁੱਤਰ। ਦੋ ਹਲ ਦੀ ਭੋਇੰ ਦਾ ਵਾਰਸ। ਸਿਰੇ ਦਾ ਸ਼ੌਕੀਨ। ਸ਼ੌਕ ਵਜੋਂ 'ਸ਼ਾਹੀ' ਨਸ਼ੇ ਅਫ਼ੀਮ ਨੂੰ ਮੂੰਹ ਮਾਰਦਾ ਬਣ ਗਿਆ ਪੱਕਾ ਅਫ਼ੀਮਚੀ। ਅਫ਼ੀਮਚੀ ਤੋਂ ਅਮਲੀ। ਨਗਰ ਵੱਲੋਂ ਬਿਨਾਂ ਵੋਟਾਂ ਤੋਂ ਟਿੱਕਿਆ ਸਿਆਣਾ ਪੰਚਾਇਤੀ। ਦਾਦੀ ਫੇਰ ਵੀ ਸਾਈਂ ਦਿੱਤੇ ਨੂੰ ਦੋਸ਼ ਨਾ ਦਿੰਦੀ। ਅਫ਼ੀਮ ਦੀ ਡੱਬੀ ਫੜਾਉਂਦੀ, 'ਬੋਲ਼ਾ ਬੱਦਲ' ਆਖਦੀ ਪਿਆਰ ਨਾਲ ਬੁਲਾਉਂਦੀ, "ਤੂੰ ਹੁਣ ਐਹ ਨਾਗਣੀ ਅਰ ਗੁੜਗੁੜੀ ਦਾ ਖਹਿੜਾ ਛੱਡ ਦੇ, ਬੱਦਲਾ! ਖ਼ਬਰ ਨੀਂ ਤੇਰੇ ਕਿਸੇ ਪੁੱਤਰ ਦੀ ਰੱਬ ਸੁਣ ਈ ਲਵੇ। ਅਜੇ ਵੀ ਆਪਣੀ ਅੰਸ ਬੰਸ ਚਲਦੀ ਰਹਿਜੂ।" ਪਰ ਅਫ਼ੀਮ ਦਾ ਗੁਲਾਮ ਬਾਬਾ ਬੇਵੱਸ ਸੀ। ਉਹ ਇਕੱਲੀ ਅਫ਼ੀਮ ਨਹੀਂ, ਹੁੱਕੀ ਵੀ ਪੀਂਦਾ; ਸਿਗਰਟ ਦੇ ਸੂਟੇ ਖਿੱਚਦਾ। ਸੋ ਤੜਫਦੀ ਵਿਲਕਦੀ ਬੇਅਰਥ ਆਪਣਾ ਮੱਥਾ ਪਿੱਟਦੀ ਦਾਦੀ, ਉਮਰ ਦਾ ਸਿਖਰ ਦੁਪਹਿਰਾ ਢਾਲ ਕੇ ਤੁਰਦੀ ਬਣੀ...।'

ਸ਼ਬਦ ਚਿੱਤਰ ਦਾ ਅੰਤ ਪੜ੍ਹੋ:

**ਕੱਤਕ ਦਾ ਮਹੀਨਾ। ਸੰਨ ਪੈਂਹਠ ਦੀ ਲੜਾਈ ਲੱਗੀ ਹੋਈ। ਹਾੜ੍ਹੀ ਬੀਜਣ ਲਈ ਵਾਹਣ ਸਿੱਜੇ ਜਾ ਰਹੇ ਸਨ। ਇਕ ਸਵੇਰ ਮੂੰਹ ਹਨੇਰੇ ਸਾਡੀ ਪੁਰਾਣੀ ਗਵਾਂਢਣ ਤਾਈ ਪਾਰਬਤੀ ਸਾਡੇ ਵਿਹੜੇ ਦਾ ਦਰਵਾਜ਼ਾ ਥਪਥਪਾਉਂਦੀ ਹਾਕਾਂ ਮਾਰ ਰਹੀ ਸੀ, "ਓਏ ਕੱਛ ਆਲਿਆ! ਤੇਰਾ ਬਾਈ 'ਸਾਈਂ ਦਿੱਤਾ' ਚੱਲ ਬਸਿਆ। ਸਾਝਰੇ ਮਿੱਟੀ ਸਮੇਟਣ ਦਾ ਹੀਲਾ ਕਰੋ, ਭਾਈ।"**

...ਮੈਨੂੰ ਰੋਣਾ ਆਇਆ। ਮੈਂ ਆਪਣੇ ਬਾਬੇ ਦਾ ਮੂੰਹ ਦੇਖਣਾ ਚਾਹਿਆ। ਭਰੀਆਂ ਅੱਖਾਂ ਨਾਲ ਬਾਪੂ ਨੂੰ ਆਖਿਆ। ਚਲਦੇ ਪੁਰਜ਼ੇ ਘਰਾਂ ਦੇ ਪੋਤੇ ਆਪਣੇ ਵਡੇਰੇ ਦਾ ਬਿਬਾਨ ਕੱਢਣ ਵੇਲੇ ਉਸ ਦੀ ਦੇਹ ਨੂੰ ਚੌਰ ਝੱਲਦੇ। ਮੈਂ ਤਾਂ ਸਿਰਫ਼ ਮੂੰਹ ਹੀ ਦੇਖਣਾ ਸੀ।


"ਓਏ ਮੱਲਾ! ਮੁੜ ਕੇ ਮਹੀਨੇ ਨੂੰ ਪਾਣੀ ਮਿਲੂ। ਨਹਿਰ ਦੀ ਮਸੀਂ ਮਿਲੀ ਆਪਣੀ ਵਾਰੀ ਖੁੰਝ ਜਾਣੀ। ਕਣਕ ਪਛੇਤੀ ਹੋ ਜੂ। ਜਾਹ ਮੇਰਾ ਸਾਊ ਪੁੱਤਰ! ਤੂੰ ਗੋਖੇ ਬੁੜ੍ਹੇ ਆਲੇ ਮਾਰੂ ਖੇਤ ਨੂੰ ਵਗ ਜਾਹ। ਉੱਥੇ ਖਾਲ 'ਤੇ ਗੇੜਾ ਰੱਖੀਂ, ਮੈਂ ਆਇਆ।"

ਤੇ ਬਾਪੂ ਆਦੀ ਮਕਾਨ ਵਿਚ ਵੱਸਦੇ 'ਕਾਕੋ' ਤਾਏ ਦੇ ਪਰਿਵਾਰ ਵੱਲ ਤੁਰ ਗਿਆ ਜਿੱਥੇ ਆਪਣੇ ਸਭ ਤੋਂ ਛੋਟੇ ਪੁੱਤਰ ਨੂੰ ਅਖ਼ੀਰਲੀ ਇਕੋ-ਇੱਕ ਹਾਕ ਮਾਰਦੇ ਬਾਬੇ ਨੇ ਪ੍ਰਾਣ ਤਿਆਗੇ ਸਨ। ਅਰਥੀ ਨੂੰ ਮੋਢਾ ਦੇਣਾ ਦੂਰ ਰਿਹਾ, ਆਪਣੇ ਵਡੇਰੇ ਦਾ ਆਖ਼ਰੀ ਵਾਰ ਮੂੰਹ ਦੇਖਣ ਦੀ ਇੱਛਾ ਵੀ ਮੇਰੇ ਮਨ ਵਿਚ ਹੀ ਰਹਿ ਗਈ। ਖੇਤੋਂ ਮੁੜਨ ਤੱਕ ਸਸਕਾਰ ਹੋ ਚੁੱਕਾ ਸੀ।'

ਆਪਣੇ ਬਾਪੂ ਬਾਰੇ ਬਿਲਿੰਗ ਦਾ ਸ਼ਬਦ ਚਿੱਤਰ ਇੰਜ ਸ਼ੁਰੂ ਹੁੰਦੈ: ਬਾਪੂ ਇਕ ਉੱਦਮੀ ਮਨੁੱਖ, ਬਹੁਤ ਮਿਹਨਤੀ ਕਿਸਾਨ ਅਤੇ ਮਿਲਾਪੜਾ ਇਨਸਾਨ ਸੀ। ਮਿੱਠ ਬੋਲੜਾ। ਹਰ ਕਿਸੇ ਨੂੰ ਉੱਡ ਕੇ ਮਿਲਦਾ। ਪਿੰਡ ਵਿਚ ਮਿੱਤਰਾਂ ਮੁਲਾਹਜ਼ੇਦਾਰਾਂ ਨੂੰ ਮਿਲੇ ਬਿਨਾਂ ਨਾ ਰਹਿ ਸਕਦਾ। ਅਨਪੜ੍ਹ, ਪੜ੍ਹੇ-ਲਿਖੇ, ਹਰੇਕ ਤੋਂ ਕੁਝ ਸਿੱਖਣਾ ਚਾਹੁੰਦਾ। ਅੰਤਾਂ ਦਾ ਗੰਭੀਰ ਸਰੋਤਾ। ਨਿੱਜੀ ਅਕੀਦੇ ਜਾਂ ਵਿਸ਼ਵਾਸ ਪੱਖੋਂ ਵਿਰੋਧੀ ਵਿਚਾਰਾਂ ਨੂੰ ਵੀ ਮਾਨਤਾ ਦੇਣ ਵਾਲਾ। ਗਰੀਬ ਅਮੀਰ, ਸਾਧ ਫ਼ਕੀਰ, ਪੰਡਤ ਭਾਈ ਜੀ, ਹਰੇਕ ਵਿਅਕਤੀ ਪਾਸੋਂ ਕੋਈ ਗੁਣ ਲੈਣਾ ਲੋਚਦਾ। ਸ਼ੌਕ ਵਜੋਂ ਕਵੀਸ਼ਰੀ ਕਰਦਾ। ਨੇੜਲੇ ਪਿੰਡਾਂ ਤੋਂ ਆਪਣੇ ਸਾਥੀ ਕਵੀਸ਼ਰਾਂ ਦੇ ਆਗੂ ਵਜੋਂ ਅੱਗੇ ਹੋ ਕੇ ਗਾਉਂਦਾ। ਕਵੀਸ਼ਰੀ ਦੇ ਸਾਰੇ ਪ੍ਰਸੰਗ ਉਹ ਖੇਤੀ ਦੇ ਆਹਰ ਲੱਗਿਆ, ਬਲਦ ਹੱਕਦਾ, ਜ਼ਬਾਨੀ ਯਾਦ ਕਰ ਲੈਂਦਾ। ਹਲ ਵਾਹੁੰਦਾ, ਉਹੀ ਛੰਦ ਗਾਉਂਦਾ, ਦੁਹਰਾਉਂਦਾ ਰਹਿੰਦਾ। ਉਹ ਮੇਰੇ ਬਚਪਨ ਤੋਂ ਹੀ ਮੈਨੂੰ, ਪੜ੍ਹੀ ਵਿੱਦਿਆ ਨੂੰ ਕੰਠ ਕਰਨ ਬਾਰੇ ਟੋਟਕੇ ਸੁਣਾਉਂਦਾ...।

ਸ਼ਬਦ ਚਿੱਤਰ ਦਾ ਅੰਤ: ਬਾਬੇ ਦੇ ਚਲਾਣੇ ਮਗਰੋਂ ਬਾਪੂ ਨੂੰ ਪੂਰਾ ਵਿਰਾਸਤੀ ਹਿੱਸਾ ਮਿਲਣ ਨਾਲ ਹੱਥ ਕੁਝ ਸੁਖਾਲਾ ਹੋ ਗਿਆ। ਸੱਤਰਵਿਆਂ ਵਿਚ ਬਿਜਲੀ ਦੀ ਮੋਟਰ ਲੱਗ ਗਈ ਤਾਂ ਬੈਲਟਾਂ ਤੋੜਦੇ, ਹੱਥ ਕਾਲੇ ਕਰਦੇ ਡੀਜ਼ਲ ਇੰਜਣ ਤੋਂ ਖਹਿੜਾ ਛੁੱਟ ਗਿਆ। ਲੈਂਡ ਮਾਰਗੇਜ ਬੈਂਕ ਤੋਂ ਦਸ ਸਾਲਾ ਲੋਨ ਲੈ ਕੇ ਬਾਪੂ ਨੇ ਦਾਦੇ ਵੱਲੋਂ ਸਾਂਝੇ ਥਾਂ ਗਹਿਣੇ ਧਰੀ ਜ਼ਮੀਨ ਵੀ ਛੁਡਾ ਲਈ ਸੀ। ਬਾਪੂ ਪਿੰਡ ਵੱਲ ਬਹੁਤ ਘੱਟ ਗੇੜਾ ਮਾਰਦਾ। ਉਸ ਨੇ ਹੁਣ ਖੂਹ ਉਪਰ ਹੀ ਪੱਕੇ ਡੇਰੇ ਲਾ ਲਏ। ਹਰੇ ਇਨਕਲਾਬ ਦੀ ਚੜ੍ਹਤ ਨਾਲ ਖੇਤਾਂ ਵਿਚ ਲਹਿਰਾਂ ਲੱਗ ਗਈਆਂ। ਢਲੀ ਉਮਰ ਦੀ ਇਕ ਮੂੰਹ ਤੁੰਹ ਲੱਗਦੀ ਔਰਤ, ਕੱਖ ਪੱਠਾ ਲੈਣ ਦੇ ਪੱਜ ਓਧਰ ਗੇੜਾ ਮਾਰਦੀ, ਬਾਪੂ ਨਾਲ ਹੱਸਦੀ, ਖਿਲਾਂ ਡੋਲ੍ਹਦੀ। ਕਿੰਨੀਆਂ ਈ ਗੱਲਾਂ ਕਰਦੀ।

"ਮੁੰਡਿਆ, ਆਥਣ ਵੇਲੇ ਆਪਣੇ ਖੂਹ ਕੰਨੀ ਜ਼ਰੂਰ ਜਾਇਆ ਕਰ। ਕੱਲ੍ਹ ਨੂੰ ਥੋਡੇ ਵਿਆਹ ਮੰਗਣੇ ਵੀ ਕਰਨੇ ਆਂ। ਹੋਰ ਨਾ ਤੇਰਾ ਪਿਉ ਥੋਡਾ ਅੱਗਾ ਖੜ੍ਹਾ ਕਰ ਦੇਵੇ। ਫ਼ਿਕਰਮੰਦ ਹੋਈ ਬੀਬੀ ਮੈਨੂੰ ਕਾਲਜੋਂ ਮੁੜਦੇ ਨੂੰ ਤਾੜਦੀ, ਧੱਕੇ ਨਾਲ ਖੂਹ ਵੱਲ ਤੋਰਦੀ। ਪਤਾ ਨਹੀਂ, ਉਸ ਨੂੰ ਕਿਸੇ ਗੁੱਝੇ ਭੇਤ ਦਾ ਕਿੱਥੋਂ ਪਤਾ ਲੱਗ ਗਿਆ ਸੀ?"




ਲੇਖਕ ਅਵਤਾਰ ਸਿੰਘ ਬਿਲਿੰਗ ਤੇ ਪੁਸਤਕ 'ਮੇਰਾ ਪਿੰਡ ਮੇਰੇ ਲੋਕ' ਦਾ ਮੁਖੜਾ

ਬਿਲਿੰਗ ਗਲਪਕਾਰੀ ਦਾ ਗੁੱਝਾ ਰੁਸਤਮ ਨਿਕਲਿਆ। 'ਖਾਲੀ ਖੂਹਾਂ ਦੀ ਕਥਾ' ਵਰਗੇ ਨਾਵਲ ਐਵੇਂ ਨਹੀਂ ਲਿਖੇ ਜਾਂਦੇ!

ਉਹਦੀ ਵਾਰਤਕ ਦੀ ਕਿਤਾਬ 'ਮੇਰਾ ਪਿੰਡ ਮੇਰੇ ਲੋਕ' 2022 ਵਿਚ ਪ੍ਰਕਾਸ਼ਤ ਹੋਈ। ਉਸ ਦੇ ਸਰਵਰਕ ਉਤੇ ਉਹਨੇ ਲਿਖਿਆ: ਇਸ ਪੋਥੀ ਵਿਚ ਮੇਰਾ ਪਿੰਡ ਵਸਦਾ ਹੈ-ਪਿਛਲੇ 110 ਵਰ੍ਹਿਆਂ ਦਾ ਕੰਨੀਂ ਸੁਣਿਆ ਤੇ ਅੱਖੀਂ ਡਿੱਠਾ ਪਿੰਡ। ਇਸ ਨੂੰ ਪੜ੍ਹ ਕੇ ਤੁਹਾਨੂੰ ਆਪਣੀ ਜਨਮ ਭੋਇੰ ਯਾਦ ਨਾ ਆਵੇ, ਇਹ ਹੋ ਨਹੀਂ ਸਕਦਾ। ਇਸ ਦੇ ਅੰਦਰ ਪ੍ਰਵੇਸ਼ ਕਰੋ ਸਹੀ, ਤੁਸੀਂ ਆਪਣੇ ਆਦੀ ਘਰ, ਆਪਣੀ ਗਲੀ, ਆਪਣੇ ਮੁਹੱਲੇ, ਆਪਣੇ ਲੋਕਾਂ ਵਿਚ ਪਹੁੰਚ ਜਾਵੋਗੇ। ਮੇਰਾ ਪਿੰਡ ਕਿਹੋ ਜਿਹਾ ਸੀ, ਕਿਵੇਂ ਬਦਲਿਆ, ਕਿਧਰ ਨੂੰ ਜਾ ਰਿਹਾ-ਤੁਸੀਂ ਸਭ ਸਮਝ ਜਾਓਗੇ। ਵਿਦੇਸ਼ ਵਿਚ ਪਿੰਡ ਖ਼ਤਮ ਹੋ ਚੁੱਕੇ ਹਨ। ਕਿਤੇ ਸਾਡਾ ਨਗਰ ਵੀ ਉਸ ਰਸਤੇ ਤਾਂ ਨਹੀਂ ਤੁਰ ਪਿਆ? ਇਸ ਪੁਸਤਕ ਤੋਂ ਪਾਰ ਜਾਂਦਿਆਂ ਇਹ ਵੀ ਸੰਸਾ ਉਪਜੇਗਾ ਜ਼ਰੂਰ। ਇਸ ਪੋਥੀ ਨੂੰ ਪੜ੍ਹਨ ਮਗਰੋਂ ਸੁੱਤੇ ਸਿੱਧ ਕੀਤੇ ਅਜਿਹੇ ਕਈ ਸਰਵਿਆਂ ਵਿਚੋਂ ਲੰਘਦਿਆਂ ਸ਼ਾਇਦ ਤੁਹਾਡੇ ਮਨ ਵਿਚ ਵੀ ਆਪਣੇ ਮੂਲ ਨੂੰ ਪਛਾਣਨ ਦੀ ਤੀਬਰ ਇੱਛਾ ਜਾਗ ਪਵੇ।

ਪੁਸਤਕ ਦੇ ਤਤਕਰੇ ਵਿਚ ਬਿਲਿੰਗ ਨੇ 'ਕਹਾਣੀ ਮੇਰੇ ਪਿੰਡ ਦੀ' ਤੋਂ ਸ਼ੁਰੂ ਕਰ ਕੇ 'ਬਿਲਿੰਗ ਦੀਆਂ ਚਾਰ ਪੱਤੀਆਂ' ਤਕ 38 ਚੈਪਟਰ ਭਰੇ ਹਨ। ਉਨ੍ਹਾਂ ਵਿਚ, ਨਗਰ ਖੇੜਾ, ਹਲਟੀ ਵਾਲਾ ਬਰੋਟਾ, ਉੱਚੀ ਬੀਹੀ, ਮਨ ਪਰਚਾਵਾ, ਨਸ਼ੇ ਤੇ ਖੁਦਕੁਸ਼ੀਆਂ, ਅੱਠ ਉੱਦਮੀ ਨੌਜਵਾਨ, ਤਿੰਨ ਪੀੜ੍ਹੀਆਂ ਤੋਂ ਸਫਲ ਨੌਂ ਭੰਗੂ ਭਰਾ, ਕਵੀਸ਼ਰ ਗਾਇਕ ਸ਼ਾਇਰ ਤੇ ਲੇਖਕ, ਸੇਹ ਮਾਸਟਰਾਂ ਦੀ, ਵੈਦ ਹਕੀਮ ਤੇ ਡਾਕਟਰ, ਪੰਜ ਪੀੜ੍ਹੀਆਂ ਤੋਂ ਪੜ੍ਹਿਆ ਟੱਬਰ, ਮੋਹਤਬਰ ਬੰਦੇ, ਪਰਦੇਸੀ ਵਸਦਾ ਪਿੰਡ ਤੇ ਪਿੰਡ ਦੇ ਮਸ਼ਹੂਰ ਲਾਣਿਆਂ ਤੋਂ ਲੈ ਕੇ 'ਮਸ਼ਹੂਰ ਖਿਡਾਰੀ' ਤੇ 'ਨਗਰ ਦੇ ਨਾਮਵਰ ਐਥਲੀਟਾਂ' ਬਾਰੇ ਵੀ ਅਧਿਆਏ ਸ਼ਾਮਲ ਹਨ। ਇੰਜ ਉਸ ਨੇ ਖਿਡਾਰੀਆਂ ਬਾਰੇ ਵੀ ਕਲਮ ਵਾਹ ਦਿੱਤੀ ਹੈ।

'ਮੇਰੀ ਇਹ ਪੁਸਤਕ' ਦੇ ਮੁੱਢਲੇ ਸ਼ਬਦਾਂ ਵਿਚ ਉਸ ਨੇ ਲਿਖਿਆ ਹੈ: ਚਾਰ ਸੌ ਪਚਵੰਜਾ ਚੁੱਲ੍ਹਿਆਂ ਤੇ 2182 ਬੰਦਿਆਂ (ਔਰਤਾਂ 1020 ਤੇ ਪੁਰਸ਼ 1162) ਵਾਲੀ ਮੇਰੀ ਛੋਟੀ ਜਿਹੀ ਨਗਰੀ ਵਿਚੋਂ ਕਰੀਬ 100 ਘਰਾਂ ਦੇ ਨੁਮਾਇੰਦੇ ਤਾਂ ਇਕੱਲੇ ਕੈਨੇਡਾ ਵਿਚ ਜਾ ਵਸੇ। ਅਮਰੀਕਾ, ਆਸਟਰੇਲੀਆ, ਇਟਲੀ, ਇੰਗਲੈਂਡ, ਨਿਊਜ਼ੀਲੈਂਡ ਤੇ ਹੋਰ ਦੇਸ਼ਾਂ ਵਿਚਲੇ 65-70 ਵੱਖਰੇ ਹਨ। ਚੁੱਲ੍ਹਿਆਂ ਦੀ ਗਿਣਤੀ ਕਰੀਏ ਤਾਂ ਤੀਜਾ ਹਿੱਸਾ ਪਿੰਡ ਵਿਦੇਸ਼ਾਂ ਵਿਚ ਵਸਦਾ ਹੈ। ਰਾਜਧਾਨੀ ਤੋਂ ਦੂਰ ਹਾਲ ਅਬਾਦ ਇਸ ਨਗਰ ਦੀ ਕੁੱਲ 1253 ਏਕੜ ਜ਼ਮੀਨ ਵਿਚੋਂ 370 ਕਿੱਲੇ ਭੋਇੰ ਅਰਥਾਤ ਤੀਜਾ ਹਿੱਸਾ ਸਿਆੜ ਵਿਕ ਚੁੱਕੇ ਹਨ-70 ਏਕੜ ਆਪਣਿਆਂ ਕੋਲ, ਬਾਕੀ ਸਾਰੀ ਬਾਹਰਲਿਆਂ ਨੇ ਖਰੀਦੀ ਹੈ, ਜੋ ਇਥੇ ਨਹੀਂ ਰਹਿੰਦੇ। ਕੀ ਪਿੰਡ ਉਜੜ ਰਿਹਾ ਹੈ? ਨਹੀਂ! ਇਹ ਗੱਲ ਨਹੀਂ। ਬਦਲ ਜ਼ਰੂਰ ਰਿਹਾ ਹੈ। ਕੀ ਪਿੰਡ ਵਿਚ ਰੁਜ਼ਗਾਰ ਨਹੀਂ? 'ਅੱਠ ਉੱਦਮੀ ਨੌਜਵਾਨ' ਜਾਂ 'ਤਿੰਨ ਪੀੜ੍ਹੀਆਂ ਤੋਂ ਸਫਲ ਨੌਂ ਭੰਗੂ ਭਰਾ' ਵਰਗੇ ਚੈਪਟਰ ਅਤੇ ਤਿੰਨ ਕਾਮਯਾਬ ਕਿਸਾਨਾਂ ਦੀਆਂ ਮਿਸਾਲਾਂ ਪੜ੍ਹ ਕੇ ਅਸੀਂ ਇਹ ਸਿੱਟਾ ਵੀ ਨਹੀਂ ਕੱਢ ਸਕਦੇ।

ਅੱਜ ਮੇਰੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਬੱਚਿਆਂ ਦੀ ਮੌਜੂਦਾ ਗਿਣਤੀ ਕੁੱਲ 33 ਹੈ। ਜੱਟ ਬਰਾਦਰੀ ਦਾ ਕੋਈ ਬੱਚਾ ਇਥੇ ਨਹੀਂ ਪੜ੍ਹਦਾ। ਹਾਈ ਸਕੂਲ ਵਿਚ ਕੁਲ ਗਿਣਤੀ 83 ਹੈ ਜਿਸ ਵਿਚੋਂ 13 ਕਿਸਾਨ ਅਤੇ ਬਾਕੀ ਸਾਰੇ ਕਿਰਤੀਆਂ ਦੇ ਬੱਚੇ ਹਨ। ਇਨ੍ਹਾਂ ਵਿਚ 5 ਬੱਚੇ ਇਥੇ ਪੱਕੇ ਵਸਦੇ ਪਰਵਾਸੀ ਮਜ਼ਦੂਰਾਂ ਦੇ ਵੀ ਸ਼ਾਮਲ ਹਨ। ਅਜੋਕੀਆਂ ਸਹੂਲਤਾਂ ਦੇ ਬਾਵਜੂਦ ਕਿੰਨੇ ਜਣੇ ਕਾਲਜ ਜਾਣਗੇ, ਕਿੰਨਿਆਂ ਨੂੰ ਸਰਵਿਸ ਮਿਲੇਗੀ, ਕਹਿ ਨਹੀਂ ਸਕਦੇ। ਪਿੰਡ ਦੇ ਬਹੁਗਿਣਤੀ ਬਾਲ ਪਿੰਡ ਵਿਚਲੇ ਸਕੂਲਾਂ ਵਿਚ ਮਾਂ ਬੋਲੀ ਨਹੀਂ ਪੜ੍ਹਦੇ, ਕੂਲੇ ਬਚਪਨ ਦੌਰਾਨ ਹੀ ਅੰਗਰੇਜ਼ੀ ਸਕੂਲਾਂ ਵੱਲ ਅਹੁਲਦੇ ਹਨ। ਪਰਵਾਸੀ ਮਜ਼ਦੂਰਾਂ ਦੇ ਬੱਚੇ ਪੰਜਾਬੀ ਸਿੱਖਦੇ, ਪੰਜਾਬੀ ਪਹਿਰਾਵਾ ਪਹਿਨਦੇ, ਪੰਜਾਬੀ ਕਲਚਰ ਨੂੰ ਅਪਣਾ ਰਹੇ ਹਨ...।

ਇਸ ਪੋਥੀ ਨੂੰ ਪੜ੍ਹਨ ਮਗਰੋਂ ਸੁਤੇ ਸਿੱਧ ਕੀਤੇ ਅਜਿਹੇ ਕਈ ਸਰਵਿਆਂ ਵਿਚੋਂ ਲੰਘਦਿਆਂ ਸ਼ਾਇਦ ਤੁਹਾਡੇ ਮਨ ਵਿਚ ਵੀ ਆਪਣੇ ਮੂਲ ਨੂੰ ਪਛਾਣਨ ਦੀ ਤੀਬਰ ਇੱਛਾ ਜਾਗ ਪਵੇ ਜਿਵੇਂ ਪਾਣੀ ਵਿਚ ਕਮਲ ਦੇ ਫੁੱਲ ਉੱਤੇ ਉਪਜਿਆ ਬੈਠਾ ਪਹਿਲਾ ਇਤਿਹਾਸਕ ਮਾਨਵ ਉਸ ਫੁੱਲ ਹੇਠਲੀ ਜੜ੍ਹ ਨੂੰ ਫੜ ਕੇ ਆਪਣਾ ਮੂਲ ਲੱਭਣ ਲਈ ਸਮੁੰਦਰਾਂ ਨੂੰ ਥੱਲੇ ਹੀ ਥੱਲੇ ਗਾਹੁੰਦਾ ਚੱਲ ਪਿਆ ਸੀ...।

1997 ਵਿਚ 'ਨਰੰਜਣ ਮਸ਼ਾਲਚੀ' ਨਾਲ ਨਾਵਲ ਨਿਗਾਰੀ ਦਾ ਸਫ਼ਰ ਸ਼ੁਰੂ ਕਰਨ ਵਾਲਾ ਬਿਲਿੰਗ 2019 'ਚ ਛਪੇ ਆਪਣੇ ਅੱਠਵੇਂ ਨਾਵਲ 'ਰਿਜ਼ਕ' ਤਕ ਪੁੱਜ ਚੁੱਕਾ ਹੈ ਜੋ ਅਸਲ ਵਿਚ ਬੰਦੇ ਦੀ ਰਿਜ਼ਕ ਲਈ ਪਰਵਾਸ ਕਰਨ ਦੀ ਕਥਾ ਹੈ। ਬਿਲਿੰਗ ਬਚਪਨ, ਜੁਆਨੀ ਤੇ ਢਲਦੀ ਉਮਰ ਆਪਣੇ ਪਿੰਡ 'ਚ ਬਿਤਾਉਣ ਬਾਅਦ ਬੁਢਾਪਾ ਪਰਵਾਸੀ ਹੋਣ ਦਾ ਹੰਢਾਅ ਰਿਹੈ। ਪੇਸ਼ ਹੈ ਉਹਦੀ ਪਿੰਡ ਦੇ ਖਿਡਾਰੀਆਂ ਤੇ ਐਥਲੀਟਾਂ ਬਾਰੇ ਲਿਖੀ ਕਥਾ ਵਾਰਤਾ:

**ਕਬੱਡੀ ਤੇ ਫੁੱਟਬਾਲ ਦੇ ਖਿਡਾਰੀ**

ਅੱਜਕੱਲ੍ਹ ਬੜੇ ਟੂਰਨਾਮੈਂਟ ਸਾਡੇ ਪਿੰਡਾਂ ਵਿਚ ਹੁੰਦੇ ਹਨ। ਖਰਚਾ ਵੀ ਬਹੁਤ ਜ਼ਿਆਦਾ ਕਰਦੇ। ਵਿੱਤੀ ਸਹਾਇਤਾ ਦੀ ਕਮੀ ਨਹੀਂ ਪਰ ਕੋਈ ਵਿਰਲਾ ਟਾਵਾਂ ਨਗਰ ਹੀ ਖੇਡਾਂ ਨੂੰ ਅਸਲ ਅਰਥਾਂ ਵਿਚ ਸਮਰਪਿਤ ਹੈ ਜਿਸ ਦਾ ਨਿਸ਼ਾਨਾ ਕੇਵਲ ਦਿਖਾਵਾ ਤੇ ਧੂਮ ਧੜੱਕਾ ਨਹੀਂ, ਸਗੋਂ ਖੇਡ ਖੇਡਣੀ ਤੇ ਖੇਡਾਂ ਕਰਵਾਉਣੀਆਂ ਹੋਵੇ। ਖਿਡਾਰੀ ਬਣਾਉਣਾ ਤੇ ਖੇਡ ਭਾਵਨਾ ਪੈਦਾ ਕਰਨੀ ਜਿਸ ਦਾ ਨਿਸ਼ਾਨਾ ਹੋਵੇ। ਜ਼ਿਆਦਾ ਥਾਵਾਂ ਉੱਤੇ ਮੌਜ ਮੇਲਾ ਪ੍ਰਧਾਨ ਹੈ। ਕਿਸੇ ਸਿਆਸਤਦਾਨ ਨੂੰ ਸੱਦ ਕੇ ਇੱਕਠ ਦਿਖਾਉਣਾ, ਖਾਣਾ ਪੀਣਾ ਅਤੇ ਸਿਆਸਤ ਚਮਕਾਉਣਾ ਅੱਜ ਸਾਡਾ ਮੁੱਖ ਮਕਸਦ ਬਣ ਗਿਆ ਹੈ। ਜਦੋਂ ਟੂਰਨਾਮੈਂਟ ਹੁੰਦਾ, ਨੇੜਲੇ ਖੂਹਾਂ ਮੋਟਰਾਂ ਉੱਤੇ ਜਾ ਕੇ ਦੇਖੀਏ। ਵਰਤ ਕੇ ਸੁੱਟੀਆਂ ਸੂਈਆਂ ਸਰਿੰਜਾਂ ਹਰ ਪਾਸੇ ਦਿਖਾਈ ਦੇਣਗੀਆਂ ਜਿਨ੍ਹਾਂ ਦੁਆਰਾ ਨਸ਼ੇ ਦੇ ਟੀਕੇ ਲਾ ਕੇ ਸਾਡੇ ਖਿਡਾਰੀ ਆਪੋ ਆਪਣੀ ਟੀਮ ਵਿਚ ਬਣਾਵਟੀ ਬਾਹੂ ਬਲ ਦੇ ਜੌਹਰ ਦਿਖਾ ਰਹੇ ਹੁੰਦੇ।

ਸਕੂਲਾਂ-ਕਾਲਜਾਂ ਵਿਚ ਵੀ ਸਾਡਾ ਸਾਰਾ ਜ਼ੋਰ ਵਿਦਿਆਰਥੀਆਂ ਨੂੰ ਕਿਤਾਬੀ ਪੜ੍ਹਾਈ ਕਰਵਾਉਣ ਉੱਤੇ ਲੱਗਿਆ ਹੋਇਐ। ਕੇਵਲ ਇਕਤਰਫ਼ਾ ਵਿਕਾਸ। ਕਿਤਾਬੀ ਕੀੜੇ ਜਾਂ ਵਿੱਦਿਆ ਤੋਂ ਊਣੇ ਖਿਡਾਰੀ। ਵਿਦੇਸ਼ਾਂ ਵਾਂਗ ਖੇਡਾਂ ਤੇ ਪੜ੍ਹਾਈ ਵਿਚ ਤਵਾਜ਼ਨ ਬਣਾਉਣਾ ਸਾਡੀ ਵਿੱਦਿਆ ਦਾ ਕਾਗਜ਼ੀ ਟੀਚਾ ਬੇਸ਼ਕ ਹੋਵੇ ਪਰ ਇਹ ਅਮਲੀ ਹਕੀਕਤ ਨਹੀਂ। ਜਿਹੜੇ ਵਿਦਿਆਰਥੀ ਖੇਡਾਂ ਵਿਚ ਪੈ ਜਾਂਦੇ, ਉਨ੍ਹਾਂ ਦੀ ਬਹੁਗਿਣਤੀ ਨਿਸ਼ਚੇ ਹੀ ਪੜ੍ਹਾਈ ਵਿਚ ਪਛੜ ਜਾਂਦੀ। ਸਾਡੇ ਅਧਿਆਪਕ ਵੀ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਦੀ ਬਜਾਏ 'ਦੁਰ ਪਰੇ' ਕਰਦੇ। ਮੈਂ ਕਈ ਅਜਿਹੇ ਸਰੀਰਕ ਸਿੱਖਿਆ ਅਧਿਆਪਕਾਂ ਨੂੰ ਜਾਣਦਾ ਹਾਂ, ਜਿਨ੍ਹਾਂ ਖੇਡਾਂ ਨੂੰ ਨਿਗੁਣੀਆਂ ਸਮਝਦਿਆਂ ਆਪਣੇ ਬੱਚੇ ਬੱਚੀਆਂ ਨੂੰ ਖੇਡਾਂ ਦੀ ਥਾਂ ਉੱਚ ਵਿੱਦਿਆ ਪ੍ਰਾਪਤੀ ਵਾਲੇ ਪਾਸੇ ਪਾਇਆ ਕਿਉਂਕਿ ਖੇਡਾਂ ਉਨ੍ਹਾਂ ਦੀ ਨਜ਼ਰ ਵਿਚ ਉਹ ਰੁਜ਼ਗਾਰ ਮੁਹੱਈਆ ਨਹੀਂ ਕਰਵਾਉਂਦੀਆਂ, ਜੋ ਉੱਚ ਸਿੱਖਿਆ ਕਰਵਾ ਸਕਦੀ।

ਪਰ 1960ਵਿਆਂ ਵਿਚ ਜਦੋਂ ਅਸੀਂ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ, ਹਾਲਾਤ ਵੱਖਰੇ ਸਨ। ਜੀਵਨ ਦੀ ਤੋਰ ਧੀਮੀ ਸੀ। ਅਜੋਕੇ ਸਟੈਂਡਰਡ ਦੇ ਵਿਦਿਅਕ ਅਦਾਰੇ ਨਹੀਂ ਸਨ। ਬੱਸਾਂ ਸਕੂਟਰ ਦੂਰ ਰਹੇ, ਸਾਈਕਲ ਵੀ ਸਾਰਿਆਂ ਕੋਲ ਨਾ ਹੁੰਦੇ। ਸਕੂਲਾਂ, ਕਾਲਜਾਂ ਵਿਚ ਹੁਣ ਜਿੰਨੀਆਂ ਸਹੂਲਤਾਂ ਨਹੀਂ ਸਨ। ਐਪਰ ਉਨ੍ਹਾਂ ਭਲੇ ਵੇਲਿਆਂ ਵਿਚ ਹਾਈ ਸਕੂਲਾਂ ਦੇ ਪੀਟੀਆਈ ਤੇ ਹੈੱਡਮਾਸਟਰ, ਕਾਲਜਾਂ ਦੇ ਡੀਪੀਈ ਪੇਂਡੂ ਟੈਰਨਾਮੈਂਟਾਂ 'ਤੇ ਆਪ ਜਾਂਦੇ। ਵੱਖੋ ਵੱਖਰੇ ਮੇਲਿਆਂ ਵਿਚ ਹੁੰਦੀਆਂ ਖੇਡਾਂ ਦੇ ਮੈਚ ਵੇਖਦੇ। ਉਥੋਂ ਹੋਣਹਾਰ ਖਿਡਾਰੀਆਂ ਨੂੰ ਪਰਖਦੇ, ਚੁਣਦੇ। ਉਨ੍ਹਾਂ ਦੇ ਮਾਪਿਆਂ ਨੂੰ ਘਰ ਜਾ ਕੇ ਮਿਲਦੇ। ਫ਼ੀਸ ਮੁਆਫ਼ੀ, ਮੁਫ਼ਤ ਹੋਸਟਲ ਤੇ ਹੋਰ ਸਹੂਲਤਾਂ ਦੇਣ ਦੇ ਲਾਲਚ ਦਿੰਦੇ, ਆਪਣੀ ਸੰਸਥਾ ਵਿਚ ਖਿੱਚ ਲਿਆਉਂਦੇ।

ਗਰੀਬੀ ਦੇ ਬਾਵਜੂਦ ਮੇਰੇ ਪਿੰਡ ਦੇ ਗਭਰੂਆਂ ਵਿਚ ਉਦੋਂ ਖੇਡਾਂ ਲਈ ਅਥਾਹ ਲਗਨ ਤੇ ਸ਼ੌਕ ਸੀ। ਖੇਡਣ ਦਾ ਚਾਅ ਏਨਾ ਸੀ ਕਿ 'ਬਰਵਾਲੀ ਵਾਲਿਆਂ' ਵਜੋਂ ਸਾਡੇ ਪਿੰਡ ਵਿਚ ਮਸ਼ਹੂਰ ਪਰਿਵਾਰ ਦੇ ਚਾਰ ਮੁੰਡੇ ਕਬੱਡੀ ਤੇ ਫੁੱਟਬਾਲ ਖੇਡਦੇ। ਬਚਨਾ, ਬਲੌਰਾ, ਮਲਕੀਤ ਤੇ ਪ੍ਰੀਤਮ। ਸੇਹ ਦੀਆਂ ਕਬੱਡੀ ਤੇ ਫੁੱਟਬਾਲ ਦੀਆਂ ਟੀਮਾਂ ਉਦੋਂ ਇਲਾਕੇ ਵਿਚ ਮਸ਼ਹੂਰ ਸਨ ਜਿਨ੍ਹਾਂ ਦੇ ਨਸ਼ਾ ਰਹਿਤ ਖਿਡਾਰੀ ਖ਼ਾਲਸਾ ਸਕੂਲ ਖੰਨਾ ਅਤੇ ਨੈਸ਼ਨਲ ਹਾਈ ਸਕੂਲ ਮਾਨੂੰਪੁਰ ਦੇ ਪੀਟੀਆਈ ਰਤਨ ਸਿੰਘ ਤੇ ਦੀਦਾਰ ਸਿੰਘ ਵੱਲੋਂ ਕਰਵਾਏ ਕਠਨ ਅਭਿਆਸ ਸਦਕਾ ਪਰਵਾਨ ਚੜ੍ਹੇ। ਇਨ੍ਹਾਂ ਖੇਡਾਂ ਸਦਕਾ ਚੰਗੇ ਰੁਜ਼ਗਾਰ ਦੀ ਪ੍ਰਾਪਤੀ ਹੋਈ। ਉਹ ਬਾਅਦ ਵਿਚ ਵੀ ਲੋਕਲ ਟੂਰਨਾਮੈਂਟਾਂ ਵਿਚ ਸ਼ੌਕ ਵਜੋਂ ਭਾਗ ਲੈਂਦੇ। ਸਾਡੇ ਇਲਾਕੇ ਵਿਚ ਸ਼ਹੀਦ ਕਰਨੈਲ ਸਿੰਘ ਈਸੜੂ ਯਾਦਗਾਰੀ ਟੂਰਨਾਮੈਂਟ ਹਰ ਸਾਲ 15 ਅਗਸਤ ਦੇ ਆਜ਼ਾਦੀ

(ਬਾਕੀ ਅਗਲੇ ਸਫੇ 'ਤੇ)

# ਐਤਕੀਂ ਤਾਂ ਨਿਚੋੜ ਸੁੱਟੇ ਨਿੰਬੂ ਨੇ

**ਵਿਅੰਗ**

ਇਸ ਵਾਰ ਅਸੀਂ ਆਪਣੀ 'ਮੁਟਿਆਰ' ਡਾਰਲਿੰਗ ਨੂੰ ਉਸ ਦੇ 70ਵੇਂ ਜਨਮ ਦਿਨ 'ਤੇ ਇਕ ਚਟਖਦਾਰ 'ਤੇ ਨਿਵੇਕਲਾ 'ਗਿਫਟ' (ਤੋਹਫਾ) ਦਿਤਾ। ਸਾਡੀ ਡਾਰਲਿੰਗ ਹੁਣ ਤਕ ਆਪਣੇ ਆਪ ਨੂੰ 'ਸਵੀਟ ਸਿਕਸਟੀਨ' (ਸੋਲਾਂ-ਸਾਲਾ ਖੰਡ-ਮਿਸ਼ਰੀ) ਸਮਝਦੀ ਰਹੀ ਹੈ। ਪਰ ਹੁਣ ਉਹ ਆਪਣੇ ਆਪ ਨੂੰ 'ਸਪਾਇਸੀ ਸੈਵਨਟੀਨ' (ਸਤਾਰਾਂ-ਸਾਲਾ ਗਰਮ ਮਸਾਲਾ) ਹੋਣ ਦੀ ਸੰਗਿਆ ਦਿੰਦੀ ਹੈ!

ਖੈਰ, ਗੱਲ ਹੋ ਰਹੀ ਸੀ 'ਗਿਫਟ' ਦੀ 'ਤੇ ਉਹ ਵੀ ਨਿਵੇਕਲੇ ਤੋਹਫੇ ਦੀ। ਇਹ ਤੋਹਫਾ ਸੀ ਇਕ ਨਿੰਬੂਆਂ ਦਾ ਡੱਬਾ! ਸਾਨੂੰ ਇਸ ਦੀ ਪ੍ਰੇਰਣਾ ਸੋਸ਼ਲ ਮੀਡੀਆ ਉਪਰ ਵਾਇਰਲ ਹੋਈਆਂ ਦੋ ਮੀਮ/ਵੀਡੀਓ ਦੇਖ ਕੇ ਅਤੇ ਦੋ ਖਬਰਾਂ ਪੜ੍ਹ ਕੇ ਮਿਲੀ।

ਪਹਿਲੀ ਖਬਰ ਸੀ ਕਿ ਗੁਜਰਾਤ ਵਿਚ ਇਕ ਦੁਲਹੇ ਨੂੰ ਉਸ ਦੇ ਦੋਸਤਾਂ ਨੇ ਨਿੰਬੂਆਂ ਦੇ ਡੱਬੇ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਤੋਹਫੇ ਵਜੋਂ ਦਿਤੇ! ਦੂਜੀ ਸੀ ਕਿ ਉਤਰ ਪ੍ਰਦੇਸ਼ ਵਿਚ ਦੋ ਥਾਵਾਂ 'ਤੇ ਨਿੰਬੂ ਚੋਰੀ ਹੋ ਗਏ! 10 ਅਪ੍ਰੈਲ ਦੀ ਰਾਤ ਨੂੰ ਸ਼ਾਹਜਹਾਂਪੁਰ ਦੇ ਬਾਜਰੀਆ ਵੇਅਰ ਹਾਊਸ 'ਚੋਂ 60 ਕਿਲੋ ਨਿੰਬੂ ਨਦਾਰਦ ਪਾਏ ਗਏ। ਦੂਸਰੀ ਖਬਰ ਇਸ ਤੋਂ ਵੀ ਕਮਾਲ ਦੀ ਸੀ। ਬਰੇਲੀ ਦੀ ਦੇਲਾਪੀਰ ਸਬਜ਼ੀ ਮੰਡੀ 'ਚੋਂ ਦਿਨ ਦਿਹਾੜੇ 50 ਕਿਲੋ ਨਿੰਬੂਆਂ 'ਤੇ ਡਾਕਾ ਪੈ ਗਿਆ! ਹੁਣ ਤਕ ਸੋਨੇ/ਚਾਂਦੀ ਦੇ ਗਹਿਣੇ-ਗੱਟੇ ਜਾਂ ਕੀਮਤੀ ਸਾਜ਼-ਸਾਮਾਨ ਦੇ ਚੋਰੀ/ਲੁੱਟ ਹੋਣ ਦੀਆਂ ਖਬਰਾਂ ਤਾਂ ਅਕਸਰ ਪੜ੍ਹੀਦੀਆਂ ਸੀ। ਅਸੀਂ 'ਚੁਰਾ ਕੇ ਦਿਲ ਮੇਰਾ ਗੋਰੀਆ ਚਲੀ' ਅਤੇ 'ਨੀਂਦ ਚੁਰਾਈ ਮੇਰੀ/ਚੈਨ ਚੁਰਾਇਆ ਮੇਰਾ ਕਿਸ ਨੇ ਓ ਸਨਮ' ਵੀ ਸੁਣਿਆ ਸੀ ਪਰ ਨਿੰਬੂ ਵੀ ਸੋਨਾ ਬਣ ਸਕਦੈ 'ਤੇ ਚੋਰੀ ਹੋ ਜਾਏਗਾ, ਇਹ ਕਦੀ ਚਿਤ-ਚੇਤੇ 'ਚ ਵੀ ਨਹੀਂ ਸੀ ਆਇਆ। ਤੇ 110 ਕਿਲੋ ਨਿੰਬੂ ਹਨ ਵੀ 30-35000 ਰੁਪਏ ਦੇ!

ਹੁਣ 'ਮੀਮ' ਦੀ ਗੱਲ ਕਰਦੇ ਹਾਂ। ਆਸਮਾਨ ਨੂੰ ਛੋਹ ਰਹੀਆਂ ਤੇਲ ਅਤੇ ਨਿੰਬੂ ਦੀਆਂ ਕੀਮਤਾਂ ਉਪਰ ਵਿਅੰਗ ਕਰਦੀ ਇਸ ਮੀਮ ਵਿਚ ਪੈਟਰੋਲ ਅਤੇ ਖਾਣੇ ਦੇ ਤੇਲ ਦੀ ਮੈਰਾਥੋਨ ਹੋ ਰਹੀ ਹੈ। ਦੋ ਨੁਮਾਇੰਦਾ ਨੌਜਵਾਨ ਇਸ ਲੰਮੀ ਦੌੜ ਵਿਚ ਹਿੱਸਾ ਲੈ ਰਹੇ ਹਨ। ਅਚਾਨਕ ਨਿੰਬੂ ਦੋਨਾਂ ਨੂੰ ਧੱਕਾ ਮਾਰ ਕੇ ਪਿਛਿਉਂ ਆ ਰਲਦੈ, ਫਟ ਦੇ ਕੇ ਅੱਗੇ ਲੰਘ ਜਾਂਦੈ ਅਤੇ 'ਬੈਸਟ' (ਸਭ ਤੋਂ ਸ੍ਰੇਸ਼ਟ) ਮਹਿੰਗਾਈ ਐਵਾਰਡ ਜਿੱਤ ਕੇ ਔਹ ਜਾਂਦੈ। ਮੀਮ 'ਚ ਨਾਲ ਨਾਲ ਭੋਜਪੁਰੀ ਦਾ ਲੋਕਗੀਤ ਚਲਦਾ ਰਹਿੰਦੈ-'ਸਖੀ ਸਈਆਂ ਤੋ ਖੂਬ ਹੀ ਕਮਾਤ ਹੈ, ਮਹਿੰਗਾਈ ਡਾਇਣ ਖਾਏ ਜਾਤ ਹੈ!

ਸੋਸ਼ਲ ਮੀਡੀਆ 'ਤੇ ਦੂਸਰੀ ਵਾਇਰਲ ਹੋਈ ਇਕ ਵੀਡੀਓ ਹੈ। ਇਹ ਮੂੰਗਫਲੀ ਵਿਕਰੇਤਾ (ਪਰ ਹੁਣ ਸੈਲੀਬਰਿਟੀ) ਭੁਬਨ ਬਾਦਾਯਕਰ ਦੀ 'ਕੱਚਾ



ਬਦਾਮ' ਵੀਡੀਓ ਤੋਂ ਬਾਅਦ ਵਾਇਰਲ ਹੋਈ ਹੈ। ਇਸ ਵਿਚ ਇਕ ਨਿੰਬੂ-ਸੋਡਾ ਵੇਚਣ ਵਾਲਾ ਬੜੇ ਨਾਟਕੀ ਅੰਦਾਜ਼ ਵਿਚ ਆਪਣਾ ਸੌਦਾ ਵੇਚਦਾ ਅਤੇ ਇਹ ਕਹਿੰਦਾ ਦਿਖਾਇਆ ਹੈ 'ਬਾਕੀ ਨਿੰਬੂ ਬਾਦ ਵਿਚ ਪਾਊਂਗਾ'।

ਮੰਡੀ ਵਿਚ ਨਿੰਬੂ ਦੀ ਸਰਦਾਰੀ ਦੇਖ ਕੇ ਸਾਨੂੰ 1999 ਦੀ ਹਿੰਦੀ ਫਿਲਮ 'ਹਮ ਦਿਲ ਦੇ ਚੁਕੇ ਸਨਮ' ਦਾ ਮਸ਼ਹੂਰ ਗੀਤ ਯਾਦ ਆ ਗਿਆ ਜੋ ਐਸ਼ਵਰੀਆ ਰਾਏ ਉਪਰ ਫਿਲਮਾਇਆ ਗਿਐ। ਬਾਕਮਾਲ ਡਾਂਸ ਸੀਨ 'ਚ ਇਹ ਗੀਤ ਚਲਦੈ-'ਨਿੰਬੂੜਾ ਨਿੰਬੂੜਾ ਨਿੰਬੂੜਾ ਅਰੇ ਕਾਚਾ ਕਾਚਾ ਛੋਟਾ ਛੋਟਾ ਨਿੰਬੂੜਾ ਲਾਈਦੇ... ਅਰੇ ਲਾਈਦੋ ਲਾਈਦੋ ਲਾਈਦੋ ਨਿੰਬੂ ਲਾਈਦੋ... ਜਾ ਖੇਤ ਸੇ ਹਰਿਆਲਾ ਨਿੰਬੂੜਾ ਲਾਈਦੋ।'

ਬਾਰ ਬਾਰ ਨਿੰਬੂ ਲਿਆਉਣ ਦੀ ਤਾਗੀਦ ਨਾਇਕਾ ਦੀ ਇਹ ਫਲ ਖਾਣ ਦੀ ਤੜਪ ਦਰਸਾਉਂਦੀ ਹੈ।

ਉਂਝ ਕਹਿੰਦੇ ਹਨ ਕਿ ਕਈ ਔਰਤਾਂ ਨੂੰ ਗਰਭਵਤੀ ਹੋਣ ਸਮੇਂ ਖੱਟਾ ਖਾਣ ਦੀ ਤਲਬ ਹੋਣ ਲਗ ਪੈਂਦੀ ਹੈ। ਪਹਿਲੇ ਵੇਲਿਆਂ 'ਚ ਸੰਗਾਊ ਸੁਆਣੀਆਂ ਆਪਣੇ ਪੈਰ ਭਾਰੇ ਹੋਣ ਦੀ 'ਗੁੱਡ ਨਿਊਜ਼' (ਚੰਗੀ ਖਬਰ) ਖੱਟਾ ਖਾਣ ਦੀ ਇੱਛਾ ਪ੍ਰਗਟ ਕਰਕੇ ਹੀ ਜ਼ਾਹਿਰ ਕਰਦੀਆਂ ਸਨ 'ਤੇ ਕੱਚੀਆਂ ਅੰਬੀਆਂ/ ਨਿੰਬੂ ਆਦਿ ਤੁਰਸ਼ ਸਵਾਦ ਵਾਲੇ ਫਲ, ਅੰਬ ਪਾਪੜ ਜਾਂ ਹੋਰ ਕੋਈ ਅਜਿਹੀ ਸ਼ੈਅ ਖਾਣ ਦੀ ਤਾਂਘ ਦਰਸਾਉਂਦੀਆਂ ਸਨ।

ਭੋਜਪੁਰੀ ਵਿਚ ਨਿੰਬੂ ਨਾਲ ਸਬੰਧਤ ਬੜੇ ਮਸਾਲੇਦਾਰ ਨਾਚ-ਗਾਣੇ ਹਨ-'ਨਿੰਬੂ ਹੋ ਗੈਲ ਤਰਬੂਜਾ ਰ' ਅਤੇ 'ਨਿੰਬੂ ਕੇ ਰਸ ਗਾਰ ਲੇਹਬ'।

ਨਿੰਬੂ ਨੂੰ ਅੰਗਰੇਜ਼ੀ ਵਿਚ 'ਲੈਮਨ' ਕਹਿੰਦੇ ਹਨ। ਇਹ ਸ਼ਬਦ ਅਰੈਬਿਕ 'ਲਿਮਨ/ਲੇਮਨ', ਓਲਡ ਫਰੈਂਚ ਦੇ 'ਲਿਮਨ', ਇਟੈਲੀਅਨ ਦੇ 'ਲਿਮੋਨ' ਅਤੇ ਮਿਡਲ ਇੰਗਲਿਸ਼ ਦੇ 'ਲਾਈਮੋਨ' ਰਾਹੀਂ ਆਇਐ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨਕੋਸ਼ ਵਿਚ ਇਸ ਦਾ ਮੂਲ ਸੰਸਕ੍ਰਿਤ ਸ਼ਬਦ 'ਨਿੰਬੁਕ' ਦਸਿਐ। ਇਹ 'ਸਿਟਰਸ' ਪਰਿਵਾਰ ਦਾ ਫਲ ਹੈ। ਐਨਸਾਈਕਲੋਪੀਡੀਆ ਬਰਿਟੇਨਿਕਾ ਅਨੁਸਾਰ 'ਲੈਮਨ' (ਨਿੰਬੂ) ਦਾ ਫਲ ਸਪੇਨ ਅਤੇ ਉਤਰੀ ਅਫਰੀਕਾ ਵਿਚ 1000-1200 ਈਸਵੀ ਦਰਮਿਆਨ ਪ੍ਰਚਲਤ ਹੋਇਆ ਅਤੇ ਫਿਰ ਬਾਕੀ ਮੁਲਕਾਂ ਵਿਚ ਪੁੱਜਾ। ਪਰ ਵਿਕੀਪੀਡੀਆ ਵਿਚ ਇਸ ਦਾ ਆਰੰਭ ਏਸ਼ੀਆ, ਖਾਸ ਕਰਕੇ ਭਾਰਤ, ਚੀਨ ਅਤੇ ਮਾਇਨਮਾਰ ਵਿਚ ਹੋਇਆ ਦਸਿਆ ਗਿਐ।

ਨਿੰਬੂ ਦੀਆਂ ਕਈ ਕਿਸਮਾਂ ਹਨ ਅਤੇ ਇਸ ਦੇ ਔਸ਼ਧੀਜਨਕ ਲਾਭ ਵੀ ਬਹੁਤ ਹਨ। ਇਹ 'ਸਿਟਰਸ' ਪਰਿਵਾਰ ਦਾ ਫਲ ਹੈ ਅਤੇ ਇਸ ਦਾ ਵਿਗਿਆਨਕ ਨਾਮ 'ਰੁਟਾਸੀ' ਹੈ।

ਖੈਰ, ਅੱਜ ਕੱਲ੍ਹ ਤਾਂ ਨਿੰਬੂ ਨੇ ਲੋਕ ਨਿਚੋੜ ਸੁੱਟੇ ਹਨ। ਨਿੰਬੂ ਵੀ ਭਲਾ ਕੀ ਕਰੇ, ਹੁਣ ਤਕ ਜਣਾ ਖਣਾ ਤਾਂ ਉਸ ਨੂੰ ਨਿਚੋੜਦਾ ਰਿਹੈ। ਐਸ ਵਾਰ ਉਸ ਦੀ ਵਾਰੀ ਹੈ ਨਿਚੋੜਨ ਦੀ। ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ! ਵੈਸੇ ਮਹਾਨਕੋਸ਼ ਵਿਚ ਸ਼ਬਦ 'ਨੇਂਬੂਨਿਚੋੜ' ਦਾ ਅਰਥ ਸਵਾਰਥੀ ਕੀਤਾ ਗਿਐ, ਥੋੜੀ ਜਿਹੀ ਸਾਂਝ ਕਰਕੇ ਬਹੁਤ ਲਾਭ ਉਠਾਉਣ ਵਾਲਾ। ਆਪਣੇ ਪਾਸੋਂ ਕਿਸੇ ਦੇ ਖਾਣੇ ਵਿਚ ਨੇਂਬੂ ਦਾ ਰਸ ਨਿਚੋੜ ਕੇ ਖਾਣ ਲਈ ਬੈਠ ਜਾਣ ਵਾਲਾ!

ਕਾਗਜ਼ੀ ਨਿੰਬੂ ਨੂੰ ਸਭ ਤੋਂ ਉਤਮ ਕਿਹਾ ਗਿਐ। ਇਸ ਦਾ ਛਿਲਕਾ ਪਤਲਾ 'ਤੇ ਇਸ 'ਚ ਰਸ ਬਹੁਤ ਹੁੰਦੈ। ਨਿੰਬੂ ਬੜਾ ਗੁਣਕਾਰੀ ਫਲ ਹੈ। ਕੋਸ਼ ਵਿਚ ਕਿਹਾ ਗਿਐ ਕਿ ਇਹ ਜਿਗਰ ਅਤੇ ਮਿਹਦੇ ਦੇ ਰੋਗ ਦੂਰ ਕਰਦਾ ਹੈ, ਭੁੱਖ ਲਾਉਂਦਾ ਹੈ, ਤ੍ਰਿਖਾ, ਸਿਰਪੀੜ, ਤਾਪ ਹਟਾਉਂਦਾ ਹੈ (ਅੱਜ ਕੱਲ੍ਹ ਤਾਂ ਨਿੰਬੂ ਦੇ ਕਈ ਗੰਭੀਰ ਬੀਮਾਰੀਆਂ ਵਿਚ ਲਾਭਦਾਇਕ ਹੋਣ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ)। ਗਰਮੀਆਂ ਵਿਚ ਇਸ ਦੀ ਸ਼ਿਕੰਜਵੀ ਬਹੁਤ ਗੁਣਕਾਰੀ ਹੈ। ਨਿੰਬੂ ਦਾ ਅਚਾਰ ਅਤੇ ਮੁਰੱਬਾ ਭੀ ਲਾਭਦਾਇਕ ਹੈ।

ਗਰਮੀਆਂ ਵਿਚ ਨਿੰਬੂ-ਪਾਣੀ ਤਾਂ ਲੋਕਾਂ ਦੀ ਮਨਪਸੰਦ ਮੌਸਮੀ ਡਰਿੰਕ ਹੈ। ਹੁਣ ਤਾਂ ਸਲਾਦ, ਫਲਾਂ, ਦਾਲ-ਸਬਜ਼ੀਆਂ 'ਚ ਅਤੇ ਹੋਰ ਅਨੇਕਾਂ ਵਸਤਾਂ ਵਿਚ ਨਿੰਬੂ ਦਾ ਰਸ ਮਿਲਾਇਆ ਜਾਂਦੈ।

ਪਰ ਨਿੰਬੂ ਦੇ ਅੰਬਰੀਂ ਪੁੱਜੇ ਭਾਅ ਨੇ ਸਭ ਦੀ ਮੱਤ ਮਾਰ ਛਡੀ ਐ। ਜਿੰਨ੍ਹਾਂ ਨੇ ਘਰਾਂ 'ਚ ਨਿੰਬੂ ਦੇ ਪੌਦੇ ਲਗਾਏ ਹਨ, ਉਹ ਚੋਰਾਂ ਤੋਂ ਇਸ ਦੀ ਰਾਖੀ ਲਈ 'ਸਕਿਓਰਿਟੀ ਗਾਰਡ' ਰਖਣ ਦੀ ਸੋਚ ਰਹੇ ਹਨ! ਕਈ ਲੋਕ ਤਾਂ ਹੁਣ ਸੋਨਾਂ ਓਨਾਂ ਨਹੀਂ ਸਾਂਭਦੇ, ਜਿੰਨਾਂ ਨਿੰਬੂ ਸਾਂਭਦੇ ਹਨ! ਬਹੁਤਿਆਂ ਨੇ ਨਿੰਬੂ ਦੇ ਬਦਲ ਭਾਲਣੇ ਸ਼ੁਰੂ ਕਰ ਦਿਤੇ ਹਨ। ਭਲਾ ਆਮ ਬੰਦਾ +300 ਰੁਪਏ ਕਿਲੋ ਵਿਕ ਰਹੇ ਨਿੰਬੂ ਨੂੰ ਕਿਵੇਂ ਖਰੀਦੇ? ਘਰ ਦਾ ਪੂਰਾ ਬਜਟ ਹਿਲ ਜਾਂਦੈ। ਇਕ ਨਿੰਬੂ ਹੀ 15-20 ਰੁਪਏ ਨੂੰ ਪੈਂਦੈ। ਸਿਆਣੇ ਕਹਿੰਦੇ ਐ ਕਿ ਪੈਟਰੋਲ ਡੀਜ਼ਲ ਦੀਆਂ ਵਧੀਆਂ ਕੀਮਤਾਂ ਕਾਰਨ ਨਿੰਬੂ ਦੇ ਭਾਅ ਵਧੇ ਹਨ। ਮਾਹਿਰ ਇਹ ਵੀ ਕਹਿੰਦੇ ਹਨ ਕਿ ਇਸ ਵਾਰ ਬਹੁਤੀ ਗਰਮੀ ਪੈਣ ਕਾਰਨ ਨਿੰਬੂ ਦਾ ਝਾੜ ਘਟ ਗਿਐ ਪਰ ਮੰਗ ਵਧ ਗਈ ਹੈ, ਜਿਸ ਕਾਰਨ ਕੀਮਤਾਂ ਵਧੀਆਂ ਹਨ।

ਪਰ ਨਿੰਬੂ ਦਾ ਰੇਟ ਵਧਣ ਦਾ ਸਾਡੀ ਸਿਹਤ 'ਤੇ ਕੋਈ ਅਸਰ ਨਹੀਂ। ਸਾਨੂੰ ਦੰਦਾਂ ਦੇ ਡਾਕਟਰ ਨੇ 'ਸਿਟਰਸ' ਪਰਿਵਾਰ ਦਾ ਕੋਈ ਵੀ ਫਲ ਖਾਣ ਤੋਂ ਪਰਹੇਜ਼ ਕਰਨ ਲਈ ਕਿਹੈ, ਕਿਉਂਕਿ ਇਨ੍ਹਾਂ ਨੂੰ ਖਾਣ ਨਾਲ ਸਾਡੇ ਦੰਦ ਖੱਟੇ ਹੋ ਜਾਂਦੇ ਹਨ। ਖੈਰ, ਦੰਦ ਤਾਂ ਨਿੰਬੂ ਨੇ ਸਭ ਦੇ ਖੱਟੇ ਕਰ ਦਿਤੇ ਹਨ! ਪਰ ਸਾਡੇ ਸਬੰਧ ਵਿਚ ਤਾਂ 'ਕੁੱਬੇ ਦੇ ਲੱਤ ਮਾਰੀ, ਕੁੱਬੇ ਨੂੰ ਰਾਸ ਆਈ' ਵਾਲੀ ਗੱਲ ਹੋਈ ਹੈ!

ਸੋ, ਨਿੰਬੂ ਜੀ! ਅਸੀਂ ਨਹੀਂ ਨੁੱਚੜੇ, ਬੇਸ਼ਕ ਐਤਕੀਂ ਆਪ ਜੀ ਨੇ ਬਹੁਤੇ ਲੋਕ ਨਿਚੋੜ ਸੁੱਟੇ ਹਨ!

## ਮੇਰਾ ਪਿੰਡ ਮੇਰੇ ਲੋਕ: ਅਵਤਾਰ ਸਿੰਘ ਬਿਲਿੰਗ

*(ਪਿਛਲੇ ਸਫੇ ਦਾ ਨਾਕੀ)*

ਦਿਵਸ ਸਮਾਗਮਾਂ ਮੌਕੇ ਕਰਵਾਇਆ ਜਾਂਦਾ। ਮੇਰੇ ਪਿੰਡ ਦੀ ਫੁੱਟਬਾਲ ਟੀਮ ਉਥੇ ਲਗਾਤਾਰ ਤਿੰਨ ਸਾਲ ਫਸਟ ਆਉਂਦੀ ਰਹੀ। ਇਨ੍ਹਾਂ ਵਿਚੋਂ ਪੰਜਾਬ ਖੇਡਿਆ ਪਿਆਰਾ ਸਿੰਘ ਬਿਲਿੰਗ ਪੁਲਿਸ ਵਿਚ, ਸਾਧੂ ਸਿੰਘ ਬਿਲਿੰਗ, ਕਸ਼ਮੀਰਾ ਸਿੰਘ ਭੰਗੂ ਅਤੇ ਤੇਜਾ ਸਿੰਘ ਫੌਜ ਵਿਚ, ਕਸ਼ਮੀਰਾ ਸਿੰਘ ਅਧਿਆਪਕ, ਨਿਰਮਲ ਸਿੰਘ, ਪ੍ਰੀਤਮ ਸਿੰਘ 'ਡਾਕਟਰ' ਤੇ ਪ੍ਰੀਤਮ ਸਿੰਘ ਵੱਖੋ-ਵੱਖ ਸਰਕਾਰੀ ਮਹਿਕਮਿਆਂ ਵਿਚ ਤਾਇਨਾਤ ਰਹੇ ਜਦੋਂ ਕਿ ਮਹਿੰਦਰ ਸਿੰਘ ਜਗਦਿਓ ਬਿਜ਼ਨਸ, ਸੁਰਿੰਦਰ ਸਿੰਘ ਬਿਲਿੰਗ ਤੇ ਚਰਨ ਸਿੰਘ ਭੰਗੂ ਤਕੜੀ ਖੇਤੀ ਕਰਦੇ।

ਬਰਵਾਲੀ ਵਾਲਿਆਂ ਦੇ ਲਾਣੇ ਵਿਚੋਂ ਚਾਰ ਭਰਾ ਬਚਨ ਸਿੰਘ, ਮਲਕੀਤ ਸਿੰਘ, ਕਰਨੈਲ ਸਿੰਘ ਉਰਫ ਬਲੌਰਾ ਅਤੇ ਡਾ. ਪ੍ਰੀਤਮ ਸਿੰਘ ਇਨਾਮੀ ਖਿਡਾਰੀ ਸਨ, ਜਿਨ੍ਹਾਂ ਪੰਜਾਹਵਿਆਂ ਵਿਚ ਸਭ ਤੋਂ ਪਹਿਲਾਂ ਬੰਬਾ ਅਰਥਾਤ ਡੀਜ਼ਲ ਇੰਜਣ ਲਗਾਇਆ। ਉਸ ਬਿਲਿੰਗ ਲਾਣੇ ਨੂੰ ਬੰਬੇ ਵਾਲਿਆਂ ਦੇ ਆਖਦੇ। ਮਾਸਟਰ ਮਲਾਗਰ ਸਿੰਘ, ਮਾਸਟਰ ਕਸ਼ਮੀਰਾ ਸਿੰਘ, ਮਾਸਟਰ ਨਾਜ਼ਰ ਸਿੰਘ, ਡਾ. ਅਮਰੀਕ ਸਿੰਘ, ਦਰਸ਼ਨ ਸਿੰਘ ਤੇ ਧੰਨਾ ਸਿੰਘ ਸਾਰੇ ਚਾਚੇ ਤਾਏ ਦੇ ਪੁੱਤਰ ਪੰਜਾਹਵਿਆਂ ਤੇ ਸੱਠਵਿਆਂ ਵਿਚ ਫੁੱਟਬਾਲ ਦੇ ਉਤਮ ਖਿਡਾਰੀ ਰਹੇ। ਚੌਕਤੀਆਂ ਦੇ ਲਾਣੇ 'ਚੋਂ ਡਾ. ਨਿਰਮਲ ਸਿੰਘ ਫੁੱਟਬਾਲ ਦੇ ਮੋਢੀ ਖਿਡਾਰੀਆਂ ਵਿਚੋਂ ਸਨ। ਜੋਗਿੰਦਰ ਸਿੰਘ ਭੰਗੂ ਵੀ ਪਹਿਲੀ ਪੀੜ੍ਹੀ ਦੇ ਫੁੱਟਬਾਲ ਖਿਡਾਰੀਆਂ ਵਿਚ ਮਸ਼ਹੂਰ ਰਹੇ। ਫੌਜੀ ਸਾਧੂ ਸਿੰਘ ਤੇ ਪਿਆਰਾ ਸਿੰਘ ਭੰਗੂਆਂ ਦੇ ਲਾਣੇ ਵਿਚੋਂ ਫੁੱਟਬਾਲ ਦੇ ਖਿਡਾਰੀ ਹੋਣ ਕਾਰਨ ਫੌਜ ਤੇ ਪੰਜਾਬ ਪੁਲਿਸ ਵਿਚ ਭਰਤੀ ਹੋਏ। ਫੌਜੀ ਤੇਜਾ ਚੋਟੀ ਦਾ ਕਬੱਡੀ ਖਿਡਾਰੀ ਸੀ। ਭੀੜੀ ਗਲੀ ਦਾ ਸੁਰਿੰਦਰ ਸਿੰਘ ਬਿਲਿੰਗ, ਫੌਜੀ ਕਸ਼ਮੀਰਾ ਸਿੰਘ, ਚਰਨ ਸਿੰਘ ਭੰਗੂ, ਮਹਿੰਦਰ ਸਿੰਘ ਜਗਦਿਓ ਤੇ ਪ੍ਰੀਤਮ ਸਿੰਘ ਜਗਦਿਓ ਸਾਰੇ ਹੀ ਆਪਣੇ ਸਮੇਂ ਫੁੱਟਬਾਲ ਦੇ ਤਕੜੇ ਖਿਡਾਰੀ ਰਹੇ।

**ਨਗਰ ਦੇ ਨਾਮਵਰ ਐਥਲੀਟ**

ਆਲੇ ਦੁਆਲੇ ਦੀ ਸਫਾਈ ਮਗਰੋਂ ਸਰੀਰ ਦੀ ਕਮਾਈ ਆਉਂਦੀ ਹੈ। ਜਿਸਮਾਨੀ ਕਸਰਤ, ਖੇਡਾਂ, ਗਤਕਾ, ਭਲਵਾਨੀ, ਦੌੜਾਂ ਤੇ ਹੋਰ ਕਸਰਤੀ ਕਾਰਜ। ਪੰਜਾਹਵਿਆਂ ਤੇ ਸੱਠਵਿਆਂ ਵਿਚ ਜਦੋਂ ਸਹੂਲਤਾਂ ਵੀ ਨਾ ਹੁੰਦੀਆਂ, ਮੇਰਾ ਪਿੰਡ ਖੇਡਾਂ ਖਾਸ ਕਰਕੇ ਫੁੱਟਬਾਲ ਅਤੇ ਕਬੱਡੀ ਵਿਚ ਇਲਾਕੇ ਦੇ ਮੋਹਰੀ ਪਿੰਡਾਂ ਵਿਚ ਗਿਣਿਆ ਜਾਂਦਾ। ਉਨ੍ਹਾਂ ਵੇਲਿਆਂ ਵਿਚ ਮਸ਼ਹੂਰ ਫੁੱਟਬਾਲ ਖਿਡਾਰੀਆਂ ਤੇ ਬਰਵਾਲੀ ਲਾਣੇ ਵਿਚੋਂ ਕਬੱਡੀ ਖੇਡਦੇ ਚਾਰ ਭਰਾਵਾਂ ਤੋਂ ਬਿਨਾਂ ਸੁਰਜੀਤ ਸਿੰਘ ਬਿਲਿੰਗ ਉਰਫ ਸੀਤ ਪ੍ਰਧਾਨ, ਫੌਜੀ ਤੇਜਾ ਸਿੰਘ, ਫੌਜੀ ਕਸ਼ਮੀਰਾ ਸਿੰਘ ਭੰਗੂ, ਤੀਜੀ ਪੀੜ੍ਹੀ ਵਿਚ ਮਾਸਟਰ ਮੇਵਾ ਸਿੰਘ ਭੰਗੂ, ਮਾਸਟਰ ਮਹਿੰਦਰ ਸਿੰਘ ਬਿਲਿੰਗ, ਮਾਸਟਰ ਸੁਰਿੰਦਰ ਸਿੰਘ ਬਿਲਿੰਗ, ਡਾਕੀਆ ਸੁੱਚਾ ਸਿੰਘ ਪਰਜਾਪਤ, ਕਿਰਪਾਲ ਸਿੰਘ ਭੰਗੂ ਬਹੁਤ ਤਕੜੀ ਕਬੱਡੀ ਖੇਡਦੇ ਰਹੇ। ਇਨ੍ਹਾਂ ਤੋਂ ਬਾਅਦ ਚੌਥੀ ਪੀੜ੍ਹੀ ਵਿਚੋਂ ਕਸ਼ਮੀਰਾ ਸਿੰਘ, ਜਸਮੇਲ ਸਿੰਘ ਸਪੁੱਤਰ ਫੌਜੀ ਗੰਡਾ ਸਿੰਘ, ਦਲਵੀਰ ਸਿੰਘ ਸਪੁੱਤਰ ਤੇਜਾ ਸਿੰਘ ਦਰਜ਼ੀ ਵੀ ਕਬੱਡੀ ਖੇਡਦੇ ਰਹੇ। ਉਸ ਤੋਂ ਬਾਅਦ ਕਬੱਡੀ ਤੇ ਫੁੱਟਬਾਲ ਵਿਚ ਮੇਰੇ ਪਿੰਡ ਦਾ ਪਛੜ ਜਾਣਾ ਇਕ ਬੁਝਾਰਤ ਹੈ। ਅਥਲੈਟਿਕਸ ਵਿਚ ਜ਼ਰੂਰ ਕਈਆਂ ਨੇ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ। ਜਿਨ੍ਹਾਂ ਵਿਚੋਂ ਮਹਿੰਦਰ ਸਿੰਘ ਬਿਲਿੰਗ, ਕੁਲਵੀਰ ਸਿੰਘ ਖਟੜਾ, ਰਵਿੰਦਰ ਸਿੰਘ ਭੰਗੂ ਤੇ ਕਰਮਜੀਤ ਸਿੰਘ ਬਿਲਿੰਗ ਜ਼ਿਕਰਯੋਗ ਹਨ।

ਬੋਰੀ-ਚੁੱਕ ਮਲਾਗਰ ਸਿੰਘ ਬਿਲਿੰਗ ਤੇ ਦਿਆਲ ਸਿੰਘ ਮਹਿਰਾ: ਦੂਜੀ ਪੀੜ੍ਹੀ ਦੇ ਕਬੱਡੀ ਤੇ ਫੁੱਟਬਾਲ ਖਿਡਾਰੀਆਂ ਦੇ ਹਾਣੀ ਬੜੇ ਮਜ਼ਬੂਤ ਤੇ ਜ਼ੋਰਾਵਰ ਸਰੀਰ ਵਾਲੇ ਫੌਜੀ ਮਲਾਗਰ ਸਿੰਘ 'ਰਛੀਨ ਵਾਲੇ ਲਾਣੇ' ਵਿਚੋਂ ਅਤੇ ਦਿਆਲ ਸਿੰਘ ਸਪੁੱਤਰ ਈਸ਼ਰ ਸਿੰਘ ਮਹਿਰਾ ਬੋਰੀ ਚੁੱਕਦੇ ਰਹੇ। ਮਿੱਟੀ ਦੀ ਭਰੀ ਹੋਈ ਕੁਇੰਟਲ ਤੋਂ ਵੱਧ ਵਜ਼ਨਦਾਰ ਬੋਰੀ ਨੂੰ ਗੋਡਿਆਂ ਉਤੇ ਰੱਖ ਕੇ ਮੋਢਿਆਂ ਉਤੇ ਲੈ ਜਾਣਾ ਇਨ੍ਹਾਂ ਦਾ ਮੇਲਿਆਂ ਉਤੇ ਦਿਖਾਇਆ ਕਰਤਬ ਲੋਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੁੰਦਾ। ਉਹ ਦੋਵੇਂ ਇਕੱਲੇ ਇਕੱਲੇ ਬੋਰੀ ਨੂੰ ਪਿੱਠ ਉਤੇ ਚੁੱਕ ਕੇ ਪਿੰਡ ਦੇ ਮੁੱਖ ਦਰਵਾਜ਼ੇ ਦੀਆਂ ਪੌੜੀਆਂ ਚੜ੍ਹ ਜਾਂਦੇ। ਦਿਆਲ ਸਿੰਘ ਮਹਿਰਾ, ਮਲਾਗਰ ਸਿੰਘ ਫੌਜੀ ਤੇ ਉਸ ਦਾ ਵੱਡਾ ਭਰਾ ਸੋਹਣ ਸਿੰਘ ਬਿਲਿੰਗ ਤੇ ਛੋਟਾ ਮੇਜਰ ਸਿੰਘ ਓਪਨ ਕਬੱਡੀ ਕਲੱਬ ਦੇ ਵੀ ਤਕੜੇ ਕਬੱਡੀ ਖਿਡਾਰੀ ਰਹੇ। ਮਲਾਗਰ ਸਿੰਘ ਆਪ ਭੰਗੜਾ ਪਾਉਂਦਾ ਰਿਹਾ। ਫੌਜ ਵਿਚ ਨੌਕਰੀ ਕਰਦੇ ਸਮੇਂ ਉਹ ਭੰਗੜਾ ਟੀਮ ਦਾ ਕਪਤਾਨ ਸੀ। ਮਹਿੰਦਰ ਸਿੰਘ ਬਿਲਿੰਗ ਲੋਕ ਗਾਇਕ ਬਣਨ ਤੋਂ ਪਹਿਲਾਂ ਏ.ਐਸ. ਕਾਲਜ ਖੰਨਾ ਤੇ ਸਟੇਟ ਕਾਲਜ ਪਟਿਆਲਾ ਦਾ ਬੈਸਟ ਐਥਲੀਟ ਬਣਿਆ। ਮਾਸਟਰ ਸਰਵਨ ਸਿੰਘ ਤੇ ਦਲਵੀਰ ਸਿੰਘ ਦੋਵੇਂ ਚਾਚਾ ਭਤੀਜਾ ਗੋਲੇ ਦੇ ਤਕੜੇ ਸੁਟਾਵੇ ਸਨ। ਮੋਹਣਾ ਭਗਤ ਸਪੁੱਤਰ ਜਾਗੀਰ ਸਿੰਘ ਜਮਾਂਦਾਰ ਜੋ ਮੁੰਗਲੀਆਂ ਫੇਰਦਾ, ਭਲਵਾਨੀ ਵੀ ਕਰਦਾ। ਕੇਵਲ ਕੌਰ ਸਪੁੱਤਰੀ ਜਿਉਣ ਸਿੰਘ ਬਿਲਿੰਗ ਸਕੂਲੀ ਮੁਕਾਬਲਿਆਂ ਵਿਚ ਪੰਜਾਬ ਵਿਚੋਂ ਪਹਿਲੇ ਨੰਬਰ ਉਤੇ ਅਤੇ ਰਾਜਵੰਤ ਕੌਰ ਸਪੁੱਤਰੀ ਅਜਾਇਬ ਸਿੰਘ ਮਹਿਰਾ ਪੰਜਾਬ ਵਿਚੋਂ ਦੌੜ ਵਿਚ ਫਸਟ ਆਈ। ਕੁਲਵੀਰ ਸਿੰਘ ਖੱਟੜਾ ਨੇ ਹੈਮਰ ਥਰੋਅ, ਰਵਿੰਦਰ ਸਿੰਘ ਭੰਗੂ ਹੈਂਡਬਾਲ, ਰਾਜਵਿੰਦਰ ਸਿੰਘ ਬਿਲਿੰਗ, ਕੀਪਾ ਬਿਲਿੰਗ ਤੇ ਤਵਿੰਦਰ ਸਿੰਘ ਨੇ ਪਹਿਲਵਾਨੀ 'ਚ ਚੰਗਾ ਨਾਮਣਾ ਖੱਟਿਆ। ਰੌਕ ਬਾਬੇ ਦਾ ਗੱਤਕਾ ਜਥਾ ਮਾਰਸ਼ਲ ਆਰਟ ਦਿਖਾਉਂਦਾ ਰਿਹਾ...!

ਇਹ ਪੁਸਤਕ ਬਿਲਿੰਗ ਨੇ ਸਹਿਜ, ਸਿਮਰ, ਅੰਮ੍ਰਿਤ ਸਮੇਤ ਸੇਹ ਦੇ ਸਾਰੇ ਬੱਚਿਆਂ ਨੂੰ ਸਮਰਪਿਤ ਕੀਤੀ ਹੈ।

## ਸਰਕਾਰ ਨੂੰ ਸੁਝਾਅ

ਮੁਫ਼ਤ ਕੁਝ ਨਹੀਂ ਮਿਲਦਾ ਹੁੰਦਾ। ਅੱਗੋਂ-ਪਿੱਛੋਂ ਕੀਮਤ ਤਾਰਨੀ ਹੀ ਪੈਂਦੀ ਐ। ਮੁਫ਼ਤ ਤਾਂ ਕੁਦਰਤ ਦੀਆਂ ਦਾਤਾਂ ਹੀ ਮਿਲਦੀਆਂ। ਸਰਕਾਰਾਂ, ਸਮਾਜਸੇਵੀ ਸੰਸਥਾਵਾਂ ਤੇ ਪੁੰਨ-ਦਾਨ ਦੇ ਅਦਾਰੇ ਸਭ ਲੋਕਾਂ ਤੋਂ ਲੈ ਕੇ ਹੀ ਕਿਸੇ ਨੂੰ ਕੁਝ ਦਿੰਦੇ ਹਨ। ਬਲਕਿ ਉਹਦੇ ਵਿਚੋਂ ਵੀ ਚੂੰਗਾਂ ਕੱਢਦੇ

**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਹੋਏ ਮੌਜਾਂ ਮਾਣੀ ਜਾਂਦੇ ਹਨ! ਮੁਫ਼ਤ ਰਾਸ਼ਨ, ਸ਼ਗਨ ਸਕੀਮਾਂ, ਤੀਰਥ ਯਾਤਰਾਵਾਂ, ਚੋਣਾਂ ਵੇਲੇ ਮੁਫ਼ਤ ਸ਼ਰਾਬਾਂ, ਨਸ਼ੇ-ਪੱਤੇ, ਨੋਟ ਤੇ ਰੈਲੀਆਂ ਦੇ ਝੂਟੇ, ਮੁਫ਼ਤ ਦੀ ਬਿਜਲੀ ਤੇ ਸੰਗਤ ਦਰਸ਼ਨ ਦੇ ਨਾਂ 'ਤੇ ਗਰਾਂਟਾਂ, ਅੰਦਰਖਾਤੇ ਵੋਟਾਂ ਬਟੋਰਨ ਲਈ ਰਿਸ਼ਵਤ ਦੇ ਢੰਗ ਤਰੀਕੇ ਹਨ। ਭੋਲ਼ੇ-ਭਾਲੇ ਲੋਕ ਇਹ ਠੱਗੀ ਨਹੀਂ ਸਮਝਦੇ ਜਿਸ ਕਰਕੇ ਭਿਖਾਰੀਆਂ ਵਾਲੀ ਜੂੰਨ ਭੋਗਦੇ ਹਨ! ਮੁਫ਼ਤਖੋਰੀ, ਭਿਖਾਰੀਆਂ ਦੀ ਲੋੜ ਹੁੰਦੀ ਹੈ। ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਦੀ ਨਹੀਂ। ਦਿਲ-ਦਿਮਾਗ ਨਾਲ ਸੋਚ ਕੇ ਸੱਚੋ-ਸੱਚ ਦੱਸੋ ਕਿ ਆਟੇ-ਦਾਲ ਤੋਂ ਲੈ ਕੇ ਮੁਫ਼ਤ ਬਿਜਲੀ ਤੱਕ, ਇਸ ਮੁਫ਼ਤਖੋਰੀ ਨੇ ਪੰਜਾਬ ਦਾ ਸੁਆਰਿਆ ਵੱਧ ਹੈ ਜਾਂ ਵਿਗਾੜਿਆ?

ਮੁਫ਼ਤ ਦੀ ਬਿਜਲੀ ਨੇ ਪੰਜਾਬ ਦਾ ਬਰਕਤਾਂ ਵਾਲਾ ਪਾਣੀ ਪਤਾਲੀਂ ਲਾ ਦਿੱਤਾ ਹੈ। ਪੰਜਾਬ ਬੰਜਰ ਬਣਿਆ ਸਮਝੋ। ਨਸ਼ੇ-ਪੱਤੇ ਨੇ ਜੁਆਨੀ ਤਬਾਹ ਕਰ ਰੱਖੀ ਹੈ। ਕਿਰਤੀ ਕਹਾਉਂਦੇ ਪੰਜਾਬੀ ਵਿਹਲੜਾਂ ਵਾਂਗ ਗੇੜੇ ਦੇਈ ਜਾਂਦੇ ਹਨ। ਸੁਆਲ ਹੈ, ਕੌਣ ਕੱਢੇਗਾ ਪੰਜਾਬੀਆਂ ਨੂੰ ਮੁਫ਼ਤਖੋਰੀ ਦੀ ਜਿਲ੍ਹਣ 'ਚੋਂ ਤੇ ਕੌਣ ਦੇਵੇਗਾ ਵਿਰਲੇ ਹੱਥਾਂ ਨੂੰ ਬਨਦਾ ਸਰਦਾ ਰੁਜ਼ਗਾਰ? ਦੋ ਸੁਝਾਅ ਹਨ:

1. ਪੰਜਾਬ ਸਰਕਾਰਾਂ ਦਾ ਲੋਕਾਂ ਸਿਰ ਚੜ੍ਹਾਇਆ ਤਿੰਨ ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਪੰਜਾਬ ਦੇ ਪੂੰਜੀਪਤੀਆਂ ਕੋਲ ਹੀ ਹੈ। ਮੌਜੂਦਾ ਸਰਕਾਰ ਸਰਬ ਸ਼ਕਤੀਮਾਨ ਕਮਿਸ਼ਨ ਬਣਾ ਕੇ ਨਿਰਪੱਖ ਜਾਂਚ ਕਰਾਵੇ। ਇਕ ਸਾਲ ਦੇ ਅੰਦਰ, ਲੁੱਟਿਆ ਸਾਰਾ ਧਨ ਉਗਰਾਹੇ ਜਿਸ ਨਾਲ ਬੇਰੁਜ਼ਗਾਰਾਂ ਨੂੰ ਬਾਰੁਜ਼ਗਾਰ ਕਰੇ। ਕਿਰਤੀਆਂ ਦੀ ਹੱਕ ਦੀ ਕਮਾਈ ਲੁੱਟਣ ਵਾਲੇ ਬੇਈਮਾਨ ਸਿਆਸਤਦਾਨ, ਰਿਸ਼ਵਤੀ ਅਫਸਰਾਨ, ਕਾਲੇ ਧਨ ਦੇ ਧਨਵਾਨ ਤੇ ਲੋਟੂ ਮਾਫੀਏ ਸੁੱਕੇ ਨਹੀਂ ਜਾਣ ਦੇਣੇ ਚਾਹੀਦੇ।

2. ਪੰਜਾਬ ਵਿਚ ਜ਼ਮੀਨ ਮਾਲਕੀ ਦੀ ਹੱਦ 1972 ਤੋਂ ਸੇਂਜੂ 7 ਹੈਕਟਰ ਤੇ ਬਰਾਨੀ 20 ਹੈਕਟਰ ਕਾਨੂੰਨਨ ਲਾਗੂ ਹੋ ਚੁੱਕੀ ਹੈ। ਪਰ ਸ਼ਹਿਰੀ, ਨੀਮ ਸ਼ਹਿਰੀ, ਕਲੋਨੀਆਂ, ਹੋਟਲਾਂ-ਮੋਟਲਾਂ ਦੀ ਜਾਇਦਾਦ ਦੀ ਹੱਦ ਅਜੇ ਤਕ ਕਾਨੂੰਨੀ ਤੌਰ 'ਤੇ ਨਿਸ਼ਚਤ ਹੀ ਨਹੀਂ ਕੀਤੀ ਗਈ। 'ਆਪ' ਦੀ ਪੰਜਾਬ ਸਰਕਾਰ ਵਿਧਾਨ ਸਭਾ ਵਿਚ 'ਲੈਂਡ ਸੀਲਿੰਗ ਐਕਟ' ਵਾਂਗ 'ਸ਼ਹਿਰੀ ਜਾਇਦਾਦ ਸੀਲਿੰਗ' ਦਾ ਕਾਨੂੰਨ ਬਣਾਵੇ ਤੇ ਸਖ਼ਤੀ ਨਾਲ ਲਾਗੂ ਕਰੇ। ਵੱਡੇ ਸਕੈਂਡਲ, ਕਾਲੇ ਧਨ ਤੇ ਗੋਲ-ਮਾਲ ਸ਼ਹਿਰੀ ਜਾਇਦਾਦਾਂ ਵਿਚੋਂ ਏਨੇ ਨਿਕਲਣਗੇ ਕਿ ਪੰਜਾਬ ਦੇ ਕਰਜ਼ੇ ਵੀ ਲੱਥ ਸਕਦੇ ਹਨ ਤੇ ਬੇਰੁਜ਼ਗਾਰਾਂ ਨੂੰ 'ਭਿਖਿਆ' ਦੀ ਥਾਂ ਸਵੈਮਾਨ ਨਾਲ ਜਿਊਣ ਵਾਲੇ ਰੁਜ਼ਗਾਰ ਵੀ ਦਿੱਤੇ ਜਾ ਸਕਦੇ ਹਨ।

# ਸਟੇਜ ਉਤੇ ਕਠਪੁਤਲੀ ਹੋਣ ਦਾ ਦਰਦ

***ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

## ਮੇਰੀ ਫਿਲਮੀ ਆਤਮ-ਕਥਾ



**ਬਲਰਾਜ ਸਾਹਨੀ**

ਤਿੰਨ ਦਿਨ ਪਿਛੋਂ ਏਸੇ ਸੈੱਟ ਉਤੇ ਦਿਨ ਦੀਆਂ ਸ਼ਿਫਟਾਂ ਸ਼ੁਰੂ ਹੋਈਆਂ ਤੇ ਮੈਨੂੰ ਫੇਰ ਯਾਦ ਕੀਤਾ ਗਿਆ। ਸਟੂਡੀਓ ਵਿਚ ਬੜੀ ਚਹਿਲ-ਪਹਿਲ ਵੇਖੀ। ਇਕ ਵਡੇ ਸਾਰੇ ਕਮਰੇ ਵਿਚ ਮਰਦਾਂ ਦਾ ਵਾਰੋ-ਵਾਰੀ ਮੇਕ-ਅੱਪ ਕੀਤਾ ਜਾ ਰਿਹਾ ਸੀ, ਤੇ ਬਰਾਂਡਿਓਂ ਪਾਰ ਇਕ ਉਤਨੇ ਹੀ ਵੱਡੇ ਕਮਰੇ ਵਿਚ ਤੀਵੀਆਂ ਦਾ, ਜੋ ਇੰਜ ਟਹਿਕ ਰਹੀਆਂ ਸਨ ਜਿਵੇਂ ਕਿਸੇ ਸ਼ਾਦੀ-ਵਿਆਹ ਦਾ ਮੇਲ ਜੁੜਿਆ ਹੋਵੇ। ਮੈਨੂੰ ਵੀ ਮਰਦਾਂ ਵਾਲੇ ਕਮਰੇ ਵਿਚ ਦਾਖਲ ਕਰ ਦਿੱਤਾ ਗਿਆ। ਮੈਨੂੰ ਨਹੀਂ ਸੀ ਪਤਾ ਕਿ ਇਹ ਲੋਕ ਕੌਣ ਸਨ। ਜੇ ਕੋਈ ਦੱਸ ਦੇਂਦਾ ਕਿ ਇਹ 'ਐਕਸਟਰਾ' ਹਨ ਤਾਂ ਵੀ ਕੋਈ ਫਰਕ ਨਹੀਂ ਸੀ ਪੈਣਾ ਕਿਉਂਕਿ ਮੈਨੂੰ ਨਹੀਂ ਸੀ ਪਤਾ ਕਿ ਉਹ ਕੀ ਹੁੰਦੇ ਹਨ। ਉਹਨਾਂ ਨੂੰ ਮੇਕ-ਅੱਪ ਕਰਦਿਆਂ ਵੇਖ ਕੇ ਮੈਂ ਇਹੋ ਸੋਚਿਆ ਕਿ ਉਹ ਵੀ ਮੇਰੇ ਜਾਂ ਨਵੀਨ ਯਾਗਨਿਕ ਵਾਂਗ ਕਲਾਕਾਰ ਹਨ। ਜਿਵੇਂ ਸਟੇਜ ਦੀ ਦੁਨੀਆ ਵਿਚ ਸਭ ਬਰਾਬਰ ਹੁੰਦੇ ਹਨ, ਭਾਵੇਂ ਕੋਈ ਵੱਡਾ ਕਿਰਦਾਰ ਕਰ ਰਿਹਾ ਹੋਵੇ ਭਾਵੇਂ ਛੋਟਾ, ਇਵੇਂ ਹੀ ਫਿਲਮਾਂ ਵਿਚ ਵੀ ਹੁੰਦਾ ਹੋਵੇਗਾ! ਸੁਣਿਆਂ ਸੀ ਚਾਹ-ਪਾਰਟੀ ਦਾ ਸੀਨ ਸੀ। ਮੇਰੇ ਵਾਂਗ ਇਹ ਲੋਕ ਵੀ ਆਪਣੇ ਘਰੋਂ ਚੰਗੇ-ਚੰਗੇ ਸੂਟ, ਸ਼ੇਰਵਾਨੀਆਂ ਆਦਿ ਪਾ ਕੇ ਆਏ ਸਨ। ਚੰਗੇ-ਚੰਗੇ, ਸੁਹਣੇ-ਸੁਹਣੇ ਲਗ ਰਹੇ ਸਨ। ਬੜੇ ਖਲੂਸ ਵਾਲੇ ਲੋਕ ਸਨ। ਉਹਨਾਂ ਨਾਲ ਵਿਹਲੀਆਂ ਗੱਪਾਂ ਮਾਰਨ ਲਈ ਬੇਹਿਸਾਬ ਵਕਤ ਮਿਲ ਰਿਹਾ ਸੀ। ਥੋੜ੍ਹੇ ਸਮੇਂ ਵਿਚ ਹੀ ਮੇਰੀ ਸਭਨਾਂ ਨਾਲ ਦੋਸਤੀ ਹੋ ਗਈ। ਵਲੈਤੋਂ ਆਇਆ ਹੋਣ ਕਰਕੇ ਮੈਂ ਵੀ ਉਹਨਾਂ ਦਾ ਪ੍ਰਸੰਸਾ ਦਾ ਪਾਤਰ ਬਣ ਗਿਆ ਸਾਂ। ਇਤਨਾ ਪਿਆਰਾ ਤੇ ਸੁਖਾਵਾਂ ਮਾਹੌਲ ਮੈਂ ਕਦੇ ਪੀਪਲਜ਼ ਥੇਟਰ ਵਿਚ ਵੀ ਨਹੀਂ ਸੀ ਵੇਖਿਆ। ਹਰ ਕੋਈ ਮੇਰੇ ਨਾਲ ਬੜਾ ਹੀ ਨਿਮਰ ਤੇ ਨਿੱਘਾ ਪੇਸ਼ ਆ ਰਿਹਾ ਸੀ ਜਿਵੇਂ ਹਰ ਮੁਮਕਿਨ ਢੰਗ ਨਾਲ ਮੇਰੇ ਓਪਰੇਪਣ ਦੇ ਅਹਿਸਾਸ ਨੂੰ ਦੂਰ ਕਰਨਾ ਚਾਹੁੰਦਾ ਹੋਵੇ। ਉਹਨਾਂ ਦੀਆਂ ਗੱਲਾਂ ਤੋਂ ਪਤਾ ਚਲਿਆ ਕਿ ਉਹ ਆਪ ਵੀ ਕੋਈ ਮਾਮੂਲੀ ਆਦਮੀ ਨਹੀਂ ਹਨ। ਇਕ ਨੇ ਦੱਸਿਆ ਕਿ ਸ਼ਹਿਰ ਵਿਚ ਉਸ ਦੀਆਂ ਫਰਨੀਚਰ ਦੀਆਂ ਚਾਰ ਦੁਕਾਨਾਂ ਹਨ। ਸ਼ੂਟਿੰਗ ਲਈ ਤਾਂ ਉਹ ਮਹਿਜ਼ ਸ਼ੌਕ ਪੂਰਾ ਕਰਨ ਲਈ ਕਦੇ-ਕਦੇ ਆ ਜਾਂਦਾ ਹੈ ਸਗੋਂ ਹੁਣ ਉਹ ਆਪ ਫਿਲਮ ਬਣਾਉਣ ਦਾ ਵਿਚਾਰ ਕਰ ਰਿਹਾ ਹੈ। ਉਸ ਵਿਚ ਵਿਲਨ (ਖਲਨਾਇਕ) ਦਾ ਰੋਲ ਉਹ ਜ਼ਰੂਰ ਮੈਨੂੰ ਦੇਵੇਗਾ, ਕਿਉਂਕਿ ਮੇਰਾ ਚਿਹਰਾ-ਮੁਹਰਾ ਬਿਲਕੁਲ ਇੰਗਲਿਸ਼ ਵਿਲਨਾਂ ਵਰਗਾ ਲਗਦਾ ਸੀ।

ਹੈਰਾਨੀ ਦੀ ਗੱਲ ਇਹ ਸੀ ਕਿ ਕੇਵਲ ਓਹੀ ਨਹੀਂ ਸਗੋਂ ਉਹਨਾਂ ਵਿਚੋਂ ਹਰ ਆਦਮੀ ਫਿਲਮ ਬਣਾਉਣ ਦਾ ਪ੍ਰੋਗਰਾਮ ਪੱਕਾ ਕਰਕੇ ਬੈਠਾ ਹੋਇਆ ਸੀ। ਹਰ ਕਿਸੇ ਕੋਲ ਕਹਾਣੀ ਮੌਜੂਦ ਸੀ ਜੋ ਉਹਨੇ ਆਪ ਲਿਖੀ ਸੀ। ਉਹ ਵੱਡੇ-ਵੱਡੇ ਹੀਰੋਆਂ ਦੇ ਨਾਂ ਲੈਂਦਾ ਜਿਨ੍ਹਾਂ ਨਾਲ ਉਸ ਦੀ ਦੋਸਤੀ ਸੀ, ਤੇ ਜਿਹੜੇ ਉਸ ਦੀ ਫਿਲਮ ਵਿਚ ਕੰਮ ਕਰਨ ਲਈ 'ਹਾਂ' ਕਰ ਚੁੱਕੇ ਸਨ।



ਵਲਾਦੀਮੀਰ ਲੈਨਿਨ

***ਜ਼ਿਆਦਾ ਸੋਚਣ ਦਾ ਵੇਲਾ ਨਹੀਂ ਸੀ। ਇਕ ਰਾਹ ਸੀ, ਸ਼ਾਟ ਕਰਨ ਤੋਂ ਸਾਫ ਇਨਕਾਰ ਕਰ ਦੇਣਾ। ਦੂਜਾ ਰਾਹ ਸੀ, ਇਹਨਾਂ ਗੱਲਾਂ ਵਲੋਂ ਧਿਆਨ ਹਟਾ ਕੇ ਕੰਮ ਵਿਚ ਜੁੱਟ ਜਾਣਾ। ਦੂਜਾ ਰਾਹ ਫੜਨਾ ਆਸਾਨ ਸੀ। ਮੈਂ ਓਹੀ ਫੜਿਆ ਪਰ ਇਸ ਦਾ ਮੈਨੂੰ ਅਜ ਤੀਕਰ ਅਫਸੋਸ ਹੈ। ਮੈਨੂੰ ਕਿਸੇ ਸੂਰਤ ਵੀ ਐਸਾ ਸ਼ਬਦ ਮੂੰਹੋਂ ਬੋਲਣ ਲਈ ਰਾਜ਼ੀ ਨਹੀਂ ਸੀ ਹੋਣਾ ਚਾਹੀਦਾ ਜਿਸ ਤੋਂ ਇਕ ਮਹਾਂ ਪੁਰਸ਼ ਦੇ ਅਪਮਾਨ ਦੀ ਸੰਭਾਵਨਾ ਹੋਵੇ। ਇਹ ਮੇਰੀ ਇਖਲਾਕੀ ਕਮਜ਼ੋਰੀ ਸੀ।***



ਬਲਰਾਜ ਸਾਹਨੀ

ਇਕ ਉੱਚਾ ਲੰਮਾ ਪਠਾਣ ਗੱਭਰੂ ਜਿਸ ਦਾ ਅਸਲਮ ਨਾਂ ਸੀ, ਬੜਾ ਹਲੀਮ ਬੋਲਦਾ ਸੀ। ਉਹਨੇ ਫਨੀ-ਦਾ (ਫਿਲਮ ਡਾਇਰੈਕਟਰ ਫਨੀ ਮਜੂਮਦਾਰ) ਦੀ ਬਦਖੋਈ ਕਰਨੀ ਸ਼ੁਰੂ ਕੀਤੀ। ਕਹਿਣ ਲੱਗਾ, ਪਹਿਲੀ ਫਿਲਮ ਵਿਚ ਉਹਨਾਂ ਉਸ ਨੂੰ ਨਿੱਕਾ ਰੋਲ ਦਿੱਤਾ ਸੀ, ਇਸ ਵਾਅਦੇ ਉਤੇ ਕਿ ਅਗਲੀ ਫਿਲਮ ਵਿਚ ਮੁੱਖ ਪਾਤਰ ਤੇ ਉਸ ਤੋਂ ਅਗਲੀ ਵਿਚ ਹੀਰੋ ਦਾ ਰੋਲ ਦੇਣਗੇ। ਉਸ ਹਿਸਾਬ ਉਹਨੇ ਮੌਜੂਦਾ ਫਿਲਮ ਦਾ ਹੀਰੋ ਹੋਣਾ ਸੀ। ਅਖੀਰ ਦਮ ਤੱਕ ਉਹਨੂੰ ਲਾਰਿਆਂ ਵਿਚ ਰੱਖਿਆ ਗਿਆ ਸੀ, ਤੇ ਹੁਣ 'ਭਾਈ ਲੋਕਾਂ' ਵਿਚ ਖੜ੍ਹਾ ਕਰ ਦਿਤਾ ਗਿਆ ਸੀ। 'ਭਾਈ ਲੋਕ' ਸ਼ਬਦ ਮੈਨੂੰ ਬੜਾ ਵਚਿੱਤਰ ਲੱਗਾ ਤੇ ਹਾਸਾ ਆਉਣ ਲੱਗਾ ਪਰ ਮੈਂ ਦੇਖਿਆ ਕਿ ਅਸਲਮ ਦੀਆਂ ਅੱਖਾਂ ਵਿਚੋਂ ਹੰਝੂ ਫੁਟ ਨਿਕਲੇ ਸਨ, ਤੇ ਉਹਨੇ ਜੇਬ ਵਿਚੋਂ ਰੁਮਾਲ ਕੱਢ ਲਿਆ ਸੀ। ਮੈਂ ਗੰਭੀਰ ਹੋ ਗਿਆ। ਮੇਰੇ ਨਾਲ ਵੀ ਤਾਂ ਫਨੀ-ਦਾ ਨੇ ਹੂਬਹੂ ਇਹੋ ਵਾਅਦਾ ਕੀਤਾ ਹੋਇਆ ਸੀ?

ਯਕੀਨ ਕਰਨਾ ਔਖਾ ਸੀ ਕਿ ਫਨੀ-ਦਾ ਇਹੋ ਜਿਹੀ ਬੇ-ਇਨਸਾਫੀ ਕਰ ਸਕਦੇ ਹਨ, ਮੈਨੂੰ ਉਹਨਾਂ ਦੀ ਸ਼ਖਸੀਅਤ ਉੱਪਰ ਡੂੰਘੀ ਸ਼ਰਧਾ ਸੀ ਪਰ ਲੁਤਫ ਦੀ ਗੱਲ ਇਹ ਕਿ ਅੱਗੇ ਜਾ ਕੇ ਮੇਰੇ ਨਾਲ ਵੀ ਓਹੀ ਕੁਝ ਹੋਇਆ ਜੋ ਅਸਲਮ ਨਾਲ ਵਾਪਰਿਆ ਸੀ। ਮੈਂ ਵੀ ਆਪਣੀ ਵਾਰੀ ਬੜਾ ਤੜਫਿਆ ਸਾਂ ਤੇ ਫਨੀ-ਦਾ ਨੂੰ ਥਾਂ-ਥਾਂ ਬਹਿ ਕੇ ਕੋਸਿਆ ਸੀ ਪਰ ਅੱਜ ਮੈਂ ਫਨੀ-ਦਾ ਨੂੰ ਦੋਸ਼ ਨਹੀਂ ਦੇਂਦਾ। ਵੀਹ ਸਾਲ ਇਸ ਤਮਾਸ਼ੇ ਦੀ ਦੁਨੀਅਅ (ਸ਼ੋਅ ਬਿਜ਼ਨਸ) ਵਿਚ ਗੁਜ਼ਾਰ ਕੇ ਮੈਂ ਇਸ ਨਤੀਜੇ ਉੱਪਰ ਪੁਜਿਆ ਹਾਂ ਕਿ ਇਸ ਦਾ ਆਪਣਾ ਵੱਖਰਾ ਇਖਲਾਕ, ਤੇ ਵੱਖਰੇ ਕਾਇਦੇ-ਕਾਨੂੰਨ ਹਨ ਜਿਨ੍ਹਾਂ ਦੀ ਅਸਲੀਅਤ ਏਸ 'ਆਤਮ ਕਥਾ' ਪੜ੍ਹਨ ਨਾਲ ਪਾਠਕ ਨੂੰ ਹੌਲੀ-ਹੌਲੀ ਸਮਝ ਵਿਚ ਆਏਗੀ।

ਪਹਿਲੇ ਦਿਨ ਪਾਰਟੀ ਸੀਨ ਵਿਚ ਮੇਰਾ ਕੋਈ ਸ਼ਾਟ ਨਾ ਹੋਇਆ, ਤੇ ਸਾਰਾ ਦਿਨ ਧੁੱਪੇ, ਕੁਰਸੀਆਂ ਉੱਤੇ ਕਦੇ ਇਥੇ ਕਦੇ ਓਥੇ ਬਹਿ-ਬਹਿ, ਤੇ ਨਿਕੰਮਾ ਬੋਲ-ਬੋਲ ਕੇ ਮੈਂ ਤੰਗ ਆ ਗਿਆ ਪਰ ਦੂਜੇ ਦਿਨ ਅਚਾਨਕ ਫਨੀ-ਦਾ ਕੈਮਰਾਮੈਨ ਘੋਸ਼ ਤੇ ਅਮਲੇ ਦੇ ਦੂਜੇ ਕਰਮਚਾਰੀ - ਜੋ ਮੇਰੀ ਹੋਂਦ ਨੂੰ ਇਕਦਮ ਭੁਲਾ ਚੁੱਕੇ ਜਾਪਦੇ ਸਨ - ਫੇਰ ਕਰੀਬ ਆ ਗਏ। ਕੈਮਰਾ ਮੇਰੀ ਟੇਬਲ ਤੋਂ ਮਸਾਂ ਤਿੰਨ ਫੁਟ ਦੀ ਵਿੱਥ ਉਤੇ ਰੱਖ ਦਿੱਤਾ ਗਿਆ। ਜਿਤਨੀ ਦੇਰ ਮੇਰੇ ਮੂੰਹ ਉਤੇ ਲਾਈਟਾਂ ਤੇ ਰੀਫਲੈਕਟਰ ਸੁਟਣ ਦਾ ਪ੍ਰਬੰਧ ਹੁੰਦਾ ਰਿਹਾ, ਮੈਨੂੰ ਕਿਸੇ ਨਾ ਗੌਲਿਆ, ਕਿਸੇ ਨਾ ਦੱਸਿਆ ਕਿ ਕੀ ਸ਼ਾਟ ਹੈ, ਕਿਹੜੇ ਸੀਨ ਵਿਚ ਆਂਦਾ ਹੈ, ਜਾਂ ਕਹਾਣੀ ਨਾਲ ਉਸ ਦਾ ਕੀ ਸਬੰਧ ਹੈ। ਇਤਨੀ ਨੇੜਿਓਂ ਝਾਕਦੇ ਕੈਮਰੇ ਨੇ ਮੇਰੇ ਅੰਗਾਂ ਦੀ ਸਾਰੀ ਆਜ਼ਾਦੀ ਖੋਹ ਲਈ। ਮੈਂ ਬੜੀ ਕੋਸ਼ਿਸ਼ ਕਰਦਾ ਲਾਪਰਵਾਹ ਹੋਣ ਦੀ, ਕੈਮਰੇ ਨੂੰ ਅਣਡਿੱਠ ਕਰਨ ਦੀ, ਪਰ ਪਲ ਪਲ ਉਸ ਦੀ ਜਕੜ ਮੇਰੇ ਉਪਰ ਮਜ਼ਬੂਤ ਹੋ ਰਹੀ ਸੀ, ਜਿਵੇਂ ਕੋਈ ਅਜਗਰ ਮੇਰੇ ਦੁਆਲੇ ਵਲਦਾ ਜਾ ਰਿਹਾ ਹੋਵੇ। ਮੈਨੂੰ ਆਪਣੀਆਂ ਸਾਰੀਆਂ ਹਰਕਤਾਂ ਨਕਲੀ ਜਾਪਣ ਲਗ ਪਈਆਂ। ਮੇਰੇ ਸੁਭਾਵਕਤਾ ਦੇ ਵਿਖਾਲੇ ਨੂੰ ਲੋਕ ਅਜੀਬ-ਅਜੀਬ ਨਜ਼ਰਾਂ ਨਾਲ ਵੇਖ ਰਹੇ ਸਨ। ਕੋਈ ਉਸ ਤੋਂ ਪ੍ਰਭਾਵਤ ਨਹੀਂ ਹੋ ਰਿਹਾ। ਇੰਜ ਲਗਦਾ ਸੀ ਜਿਵੇਂ ਸਭ ਮੇਰੀ ਅੰਦਰੂਨੀ ਘਬਰਾਹਟ ਨੂੰ ਤਾੜ ਗਏ ਹੋਣ।

ਫੇਰ ਮੇਰੇ ਅੱਗੇ ਟੇਬਲ ਉਤੇ ਇਕ ਰੋਸਟ ਕੀਤਾ ਪੂਰਾ ਮੁਰਗਾ ਧਰ ਦਿੱਤਾ ਗਿਆ। ਫਨੀ-ਦਾ ਨੇ ਸਮਝਾਇਆ ਕਿ ਕਲੈਪ ਵੱਜਣ ਤੋਂ ਬਾਅਦ ਕੈਮਰੇ ਕੋਲ ਖੜ੍ਹਾ ਅਸਿਸਟੈਂਟ ਉੱਚੀ ਜਿਹੀ ਕਹੇਗਾ "ਲੈਨਿਨ", ਤੇ ਮੈਂ ਉਸ ਵਲ ਹੱਸ ਕੇ ਵੇਖਦਾ ਹੋਇਆ ਮੁਰਗੇ ਨੂੰ ਦੋਵਾਂ ਹੱਥਾਂ ਨਾਲ ਚੁੱਕ ਲਵਾਂਗਾ ਤੇ ਫੇਰ ਮੁਰਗੇ ਵਲ ਦੇਖ ਕੇ ਕਹਾਂਗਾ, "ਜਾਨਵਰ।"

ਲੈਨਿਨ ਜਿਹੇ ਮਹਾਨ ਵਿਅਕਤੀ ਦੇ ਨਾਂ ਨਾਲ ਜਾਨਵਰ ਸ਼ਬਦ ਜੋੜਨਾ ਮੈਨੂੰ ਬੜਾ ਭੱਦਾ ਜਾਪਿਆ ਪਰ ਇਸ ਬਾਰੇ ਸਵਾਲ-ਜਵਾਬ ਕਿਵੇਂ ਕਰਦਾ, ਜਦਕਿ ਸ਼ਾਟ ਲੈਣ ਦੀ ਘੜੀ ਸਿਰ ਉੱਤੇ ਆ ਚੁੱਕੀ ਸੀ। "ਲੈਨਿਨ" ਸ਼ਬਦ ਸ਼ਾਇਦ ਹੀਰੋ ਵਲੋਂ ਬੋਲਿਆ ਜਾ ਰਿਹਾ ਸੀ ਜਿਸ ਨੂੰ ਕਮਿਊਨਿਸਟ ਵਿਚਾਰਾਂ ਦਾ ਦਿਖਾਇਆ ਗਿਆ ਹੋਵੇਗਾ। ਕਮਿਊਨਿਸਟ ਓਦੋਂ ਲੜਾਈ ਨੂੰ 'ਅਵਾਮੀ ਜੰਗ' ਆਖਦੇ ਸਨ ਤੇ ਰੂਸ-ਅਮਰੀਕਨ-ਅੰਗਰੇਜ਼ ਧੜੇ ਦੀ ਜਿੱਤ ਦੇ ਹਾਮੀ ਸਨ। ਇਸ ਦੇ ਵਿਪਰੀਤ ਸੁਭਾਸ਼ ਬੋਸ ਦੇ ਅਨੁਗਾਮੀ ਜਰਮਨੀ-ਜਾਪਾਨ ਦਾ ਸਮਰਥਨ ਕਰਦੇ ਤੇ ਕਮਿਊਨਿਸਟਾਂ ਨੂੰ ਗਦਾਰ ਆਖਦੇ ਸਨ। ਕਾਂਗਰਸ ਦੀ ਨੀਤੀ ਦੁਵੱਲੀ ਸੀ। ਉਹ ਲੜਾਈ ਨੂੰ 'ਅਵਾਮੀ ਜੰਗ' ਵੀ ਆਖਦੀ ਸੀ ਪਰ ਕਮਿਊਨਿਸਟਾਂ ਨੂੰ ਗਦਾਰ ਵੀ। ਕੀ ਪਤਾ, ਫਨੀ-ਦਾ ਦਾ ਸੁਭਾਸ਼ਵਾਦੀ ਹੋਣ, ਤੇ ਇਪਟਾ ਦੇ ਇਕ ਮੈਂਬਰ ਕੋਲੋਂ ਜਿਸ ਨੂੰ ਆਮ ਤੌਰ ਤੇ ਕਮਿਊਨਿਸਟ ਗਿਣਿਆਂ ਜਾਂਦਾ ਸੀ, ਲੈਨਿਨ ਪ੍ਰਤੀ ਅਪਮਾਨ ਸੂਚਕ ਸ਼ਬਦ ਬੁਲਵਾ ਕੇ ਖੁਸ਼ੀ ਪ੍ਰਾਪਤ ਕਰਨਾ ਚਾਹੁੰਦੇ ਹੋਣ, ਜਾਂ ਫਿਲਮ ਦੇ ਸ਼ੁਰੂ ਵਿਚ ਹੀਰੋ ਦੇ ਕਮਿਊਨਿਸਟ ਵਿਚਾਰਾਂ ਦਾ ਮਜ਼ਾਕ ਉਡਾ ਕੇ ਅੰਤ ਉਹਨਾਂ ਨੂੰ ਠੀਕ ਸਿੱਧ ਕਰਨ ਦਾ ਵਿਚਾਰ ਹੋਵੇ, ਕਿਉਂਕਿ ਹੀਰੋ ਆਖਰ ਹੀਰੋ ਹੀ ਹੁੰਦਾ ਹੈ।

ਜ਼ਿਆਦਾ ਸੋਚਣ ਦਾ ਵੇਲਾ ਨਹੀਂ ਸੀ। ਇਕ ਰਾਹ ਸੀ, ਸ਼ਾਟ ਕਰਨ ਤੋਂ ਸਾਫ ਇਨਕਾਰ ਕਰ ਦੇਣਾ। ਦੂਜਾ ਰਾਹ ਸੀ, ਇਹਨਾਂ ਗੱਲਾਂ ਵਲੋਂ ਧਿਆਨ ਹਟਾ ਕੇ ਕੰਮ ਵਿਚ ਜੁਟ ਜਾਣਾ। ਦੂਜਾ ਰਾਹ ਫੜਨਾ ਆਸਾਨ ਸੀ। ਮੈਂ ਓਹੀ ਫੜਿਆ ਪਰ ਇਸ ਦਾ ਮੈਨੂੰ ਅਜ ਤੀਕਰ ਅਫਸੋਸ ਹੈ। ਮੈਨੂੰ ਕਿਸੇ ਸੂਰਤ ਵੀ ਐਸਾ ਸ਼ਬਦ ਮੂੰਹੋਂ ਬੋਲਣ ਲਈ ਰਾਜ਼ੀ ਨਹੀਂ ਸੀ ਹੋਣਾ ਚਾਹੀਦਾ ਜਿਸ ਤੋਂ ਇਕ ਮਹਾਂ ਪੁਰਸ਼ ਦੇ ਅਪਮਾਨ ਦੀ ਸੰਭਾਵਨਾ ਹੋਵੇ। ਇਹ ਮੇਰੀ ਇਖਲਾਕੀ ਕਮਜ਼ੋਰੀ ਸੀ।

ਏਸ ਘਟਨਾ ਤੋਂ ਕੁਝ-ਕੁਝ ਉਸ ਜ਼ਮਾਨੇ ਦੇ ਤੇ ਅੱਜ ਦੇ ਫਿਲਮੀ ਮਾਹੌਲ ਉਪਰ ਵੀ ਰੌਸ਼ਨੀ ਪੈਂਦੀ ਹੈ। ਉਸ ਜ਼ਮਾਨੇ ਦੀਆਂ ਫਿਲਮਾਂ ਵਿਚ ਰਾਜਨੀਤਕ ਤੇ ਸਮਾਜਕ ਵਿਚਾਰਧਾਰਾਵਾਂ ਦਾ ਕਾਫੀ ਸਮਾਵੇਸ਼ ਹੁੰਦਾ ਸੀ। ਅਜ ਇਸ ਗੱਲ ਦਾ ਯਕੀਨ ਕਰਨਾ ਔਖਾ ਹੈ, ਕਿਉਂਕਿ ਹੁਣ ਫਿਲਮਸਾਜ਼ ਕੇਵਲ ਭੰਗ ਘੋਟਦੇ ਹਨ।

ਫਨੀ-ਦਾ ਆਪਣੀ ਓਸੇ ਮਿੱਠੀ ਪਿਆਰ-ਤੱਕਣੀ ਨਾਲ ਮੈਨੂੰ ਨਿਹਾਰ ਰਹੇ ਸਨ। ਪਹਿਲੀ ਰਿਹਰਸਲ ਕੀਤੀ। ਪਹਿਲਾਂ ਮੈਂ 'ਲੈਨਿਨ' ਕਹਿਣ ਵਾਲੇ ਵੱਲ ਵੇਖ ਕੇ ਹੱਸਣਾ ਸੀ ਪਰ ਐਨ ਵੇਲੇ ਸਿਰ ਮੇਰੀਆਂ ਵਰਾਛਾਂ ਸੁੱਕੇ ਚਮੜੇ ਵਾਂਗ ਆਕੜ ਗਈਆਂ, ਤੇ ਖੁਲ੍ਹਣ ਤੋਂ ਸਾਫ ਇਨਕਾਰ ਕਰ ਦਿੱਤਾ। ਫੇਰ ਮੈਂ ਮੁਰਗੇ ਵਲ ਵੇਖ ਕੇ 'ਜਾਨਵਰ' ਕਿਹਾ ਤਾਂ ਸਹੀ ਪਰ ਸਾਊਂਡ ਰਿਕਾਰਡਸਟ ਨੂੰ ਕੁਝ ਸੁਣਾਈ ਨਾ ਦਿਤਾ। ਉਹਨੇ ਉੱਚਾ ਬੋਲਣ ਲਈ ਕਿਹਾ। ਮੈਂ ਇਸ ਅਜੀਬ ਪ੍ਰਸਥਿਤੀ ਉਤੇ ਸਖਤ ਹੈਰਾਨ ਹੋ ਰਿਹਾ ਸਾਂ। ਮੈਂ ਅੰਦਰੋਂ ਹੱਸ ਵੀ ਰਿਹਾ ਸਾਂ ਤੇ ਉੱਚਾ ਵੀ ਬੋਲ ਰਿਹਾ ਸਾਂ ਪਰ ਦੋਵੇਂ ਕਿਰਿਆਵਾਂ ਬਾਹਰ ਨਿਕਲਣ ਤੋਂ ਇਨਕਾਰ ਕਰ ਰਹੀਆਂ ਸਨ, ਜਿਵੇਂ ਮੇਰਾ ਉਹਨਾਂ ਉਪਰ ਕੋਈ ਕਾਬੂ ਹੀ ਨਾ ਰਿਹਾ ਹੋਵੇ।

ਦੂਜੀ ਰਿਹਰਸਲ ਹੋਈ। ਏਸ ਵਾਰੀ ਮੈਂ ਹੋਰ ਜ਼ੋਰ ਲਾਇਆ। ਇੰਜ ਜਾਪਿਆ, ਜਿਵੇਂ ਐਤਕੀਂ ਮੈਂ ਲੋੜ ਤੋਂ ਵਧ ਜਬਾੜੇ ਖੋਲ੍ਹ ਦਿੱਤੇ ਸਨ ਤੇ ਬੋਲਿਆ ਵੀ ਲੋੜ ਤੋਂ ਵਧ ਉੱਚਾ ਸੀ। ਫੇਰ ਵੀ, ਰਿਹਰਸਲ ਦੇ ਅੰਤ ਵਿਚ ਫਨੀ-ਦਾ ਨੇ 'ਜ਼ਰਾ ਮੁਸਕਰਾ ਕੇ' ਤੇ ਰਿਕਾਰਡਿਸਟ ਨੇ 'ਜ਼ਰਾ ਉੱਚਾ' ਬੋਲਣ ਦੀ ਤਾਕੀਦ ਕੀਤੀ।

ਮੈਂ ਝੁੰਜਲਾ ਕੇ ਫਨੀ-ਦਾ ਨੂੰ ਕਿਹਾ, "ਅਬ ਟੇਕ ਕੀਜੀਏ। ਬਿਲਕੁਲ ਠੀਕ ਆਏਗਾ।"

'ਹਾਂ-ਹਾਂ ਟੇਕ' ਫਨੀ-ਦਾ ਝੱਟ ਸਹਿਮਤ ਹੋ ਗਏ- "ਸਵਾਮੀ, ਮੇਕ-ਅਪ ਠੀਕ ਕਰੋ ਸਾਹਬ ਕਾ।"

ਸਵਾਮੀ ਨੇ ਫੇਰ ਪੌਡਰ ਦਾ ਪੈਡ ਮੇਰੇ ਮੂੰਹ 'ਤੇ ਫੇਰਨਾ ਸ਼ੁਰੂ ਕੀਤਾ। ਮੈਨੂੰ ਇੰਜ ਲਗਾ, ਜਿਵੇਂ ਪੌਡਰ ਦੀ ਲੱਪ ਭਰ ਕੇ ਉਹ ਮੇਰੀਆਂ ਅੱਖਾਂ ਵਿਚ ਪਾ ਰਿਹਾ ਹੋਵੇ। ਦਿਲ ਕੀਤਾ ਉਹਦੇ ਹੱਥੋਂ ਪੈਡ ਖੋਹ ਕੇ ਦੂਰ ਸੁੱਟ ਪਾਵਾਂ। ਮੈਂ ਆਪਣੇ ਆਪ ਨੂੰ ਸਖਤ ਅਜ਼ਾਬ ਵਿਚ ਫਸਿਆ ਮਹਿਸੂਸ ਕਰ ਰਿਹਾ ਸਾਂ। ਦਿਲ ਕਰਦਾ ਸੀ ਕਿ ਕਿਤੇ ਨੱਠ ਜਾਵਾਂ।

ਸ਼ਾਟ ਹੋਇਆ। ਮੈਂ ਲਫਜ਼-ਬ-ਲਫਜ਼ ਹੁਕਮ ਦੀ ਪਾਲਣਾ ਕਰ ਦਿੱਤੀ। ਕਾਇਦੇ ਮੁਤਾਬਿਕ ਸਭ ਠੀਕ ਕਰ ਵਿਖਾਇਆ, ਕਠਪੁਤਲੀ ਵਾਂਗ ਪਰ ਉਸ ਦੇ ਵਿਚ ਮੇਰਾ ਆਪਣਾ ਕੁਝ ਵੀ ਨਹੀਂ ਸੀ। ਮੇਰੀ ਉਸ ਦਿਨ ਵਾਲੀ ਮਸਤਾਨੀ ਅਦਾ ਪਤਾ ਨਹੀਂ ਕਿੱਥੇ ਜਾ ਗੁਆਚੀ ਸੀ। ਮੇਰਾ ਖਿਆਲ ਸੀ ਕਿ ਫਨੀ-ਦਾ ਮੇਰੀ ਅਲੋਚਨਾ ਕਰਨਗੇ, ਮੈਨੂੰ ਡਾਂਟਣਗੇ ਪਰ ਉਹਨਾਂ ਸਦਾ ਵਾਂਗ ਬੜੇ ਇਤਮੀਨਾਨ ਨਾਲ ਨਸਵਾਰ ਦੀ ਚੂੰਢੀ ਨੱਕ ਵਿਚ ਚਾੜ੍ਹਦਿਆਂ ਕਿਹਾ, "ਵੈਰੀ ਗੁੱਡ ਸ਼ਾਟ! ਓ.ਕੇ.!" ਸਾਊਂਡ ਵਲੋਂ ਵੀ 'ਓ.ਕੇ.' ਦੀ ਸੂਚਨਾ ਵਿਚ ਦੋ ਸੀਟੀਆਂ ਵੱਜ ਗਈਆਂ। ਹੁਣ ਲੋਕਾਂ ਨੇ ਵਾਰੋ ਵਾਰੀ ਮੈਨੂੰ ਮੁਬਾਰਕਬਾਦ ਦਿੱਤੀ, ਮੇਰੇ ਨਾਲ ਹੱਥ ਮਿਲਾਏ, ਕਿਉਂਕਿ ਫਿਲਮਾਂ ਵਿਚ ਇਹ ਮੇਰਾ ਸਭ ਤੋਂ ਪਹਿਲਾ ਕਲੋਜ਼-ਅੱਪ ਸੀ। ਫਨੀ-ਦਾ ਨੇ ਮੇਰੇ ਹਿਸਾਬ ਵਿਚ ਰਸਗੁੱਲੇ ਮੰਗਵਾ ਕੇ ਸਭ ਨੂੰ ਵੰਡੇ। ਸਭ ਤਾਰੀਫ ਕਰਦੇ ਰਹੇ। ਮੈਂ ਸਖਤ ਹੈਰਾਨ ਹੋ ਰਿਹਾ ਸਾਂ। ਮੈਨੂੰ ਪਤਾ ਸੀ ਕਿ ਉਹ ਝੂਠੀ ਤਾਰੀਫ ਕਰ ਰਹੇ ਹਨ ਪਰ ਕਿਉਂ? ਕਿਉਂ? ਮੈਨੂੰ ਸਖਤ ਉਲਝਣ ਹੋ ਰਹੀ ਸੀ।

ਇਹ ਵੀ 'ਤਮਾਸ਼ੇ ਦੀ ਦੁਨੀਆ' ਦਾ ਇਕ ਰਾਜ਼ ਹੈ ਜੋ ਪਾਠਕ ਨੂੰ ਹੌਲੀ-ਹੌਲੀ ਸਮਝ ਵਿਚ ਆਏਗਾ।

ਬੇਸ਼ੱਕ ਉਹ ਝੂਠੀ ਤਾਰੀਫ ਕਰ ਰਹੇ ਸਨ। ਸਟੂਡੀਓ ਦੀ ਦੁਨੀਆ ਵਿਚ ਕੋਈ ਕਿਸੇ ਅਗੇ ਸੱਚ ਨਹੀਂ ਬੋਲਦਾ। ਸਭ ਮੂੰਹ ਉਤੇ ਇਕ-ਦੂਜੇ ਦੀ ਸਿਰਫ ਤਾਰੀਫ ਤੇ ਪਿੱਠ ਪਿਛੇ ਸਿਰਫ ਨਿੰਦਿਆ ਕਰਦੇ ਹਨ। ਬਾਹਰ ਵਾਲਿਆਂ ਨੂੰ ਇਹ ਗੱਲ ਸਖਤ ਬੁਰੀ ਲਗਦੀ ਹੈ, ਪਰ ਅੰਦਰ ਵਾਲਿਆਂ ਨੂੰ ਇਸ ਦਾ ਬਹੁਤ ਆਸਰਾ ਹੈ। ਫਿਲਮ ਲਾਈਨ ਵਿਚ ਕਿਸੇ ਨੂੰ ਮਾਨਸਿਕ ਸੁਰੱਖਿਆ ਨਸੀਬ ਨਹੀਂ। ਸਭ ਛਲਾਵਿਆਂ ਦੇ ਸਹਾਰੇ ਜਿਊਂਦੇ ਹਨ। ਸਭ ਆਪਣੇ-ਆਪਣੇ ਸੁਪਨ-ਬੁਲਬੁਲੇ ਵਿਚ ਰਹਿੰਦੇ ਹਨ। ਇਸ ਕਾਰਨ ਇਕ ਦੂਜੇ ਦਾ ਬੁਲਬੁਲਾ ਤੋੜਨਾ ਕੋਈ ਪਸੰਦ ਨਹੀਂ ਕਰਦਾ। ਇਕ ਤਰ੍ਹਾਂ ਨਾਲ ਆਪਸੀ ਹਮਦਰਦੀ ਦਾ ਪ੍ਰਗਟਾਵਾ ਹੈ ਇਹ। ਫਰਜ਼ ਕਰੋ, ਉਸ ਕਲੋਜ਼-ਅੱਪ ਤੋਂ ਬਾਅਦ ਕਿਸੇ ਇਕ ਆਦਮੀ ਨੇ ਵੀ ਖਰੀ ਗੱਲ ਮੇਰੇ ਮੂੰਹ ਉਤੇ ਕਹਿ ਦਿੱਤੀ ਹੁੰਦੀ। ਸ਼ਾਇਦ ਮੇਰਾ ਹੌਂਸਲਾ ਸਦਾ ਲਈ ਟੁੱਟ ਜਾਂਦਾ। ਅਗਲੇ ਦਿਨ ਮੈਥੋਂ ਕੰਮ ਹੀ ਨਾ ਹੋ ਸਕਦਾ।

ਉਸ ਦਿਨ ਮੈਂ ਸਿਰ ਵਿਚ ਪੀੜ, ਕਮਰ ਵਿਚ ਦਰਦ ਤੇ ਲੱਤਾਂ ਵਿਚ ਚੀਸਾਂ ਲੈ ਕੇ ਮੁੜਿਆ। ਕੈਮਰੇ ਨੇ ਮੈਨੂੰ ਬੜੀ ਸਖਤੀ ਨਾਲ ਆਪਣੀ ਹੋਂਦ ਦਾ ਅਨੁਭਵ ਕਰਾ ਦਿੱਤਾ ਸੀ। ਮੈਂ ਜਾਣ ਗਿਆ ਸਾਂ ਕਿ ਉਸ ਤੋਂ ਬੇਖਬਰ ਨਹੀਂ ਹੋਇਆ ਜਾ ਸਕਦਾ। ਉਸ ਕਲੋਜ਼-ਅਪ, ਤੇ ਉਸ ਤੋਂ ਬਾਅਦ ਵੰਡੇ ਗਏ ਰਸਗੁੱਲਿਆਂ ਨੇ 'ਭਾਈ ਲੋਕਾਂ' (ਐਕਸਟਰਾਵਾਂ) ਨੂੰ ਅਹਿਸਾਸ ਕਰਾ ਦਿੱਤਾ ਕਿ ਮੈਂ ਉਹਨਾਂ ਵਿਚੋਂ ਨਹੀਂ ਸਾਂ। ਮੇਰਾ ਰਨਿੰਗ ਰੋਲ (ਲੰਮਾ ਪਾਰਟ) ਸੀ। ਇਕ ਦਮ ਉਹਨਾਂ ਨੇ ਮੇਰੇ ਨਾਲ ਬੋਲਣਾ ਚਾਲਣਾ ਬੰਦ ਕਰ ਦਿਤਾ। ਉਹ ਮੇਰੇ ਲਈ ਅਜਨਬੀ ਹੋ ਗਏ। ਆਪਣੀ ਦੁਨੀਆ ਵਿਚੋਂ ਉਹਨਾਂ ਮੈਨੂੰ ਕੱਢ ਦਿਤਾ।

ਉਹ ਦਿਨ ਤੇ ਅਜ ਦਾ ਦਿਨ, ਮੈਨੂੰ ਫੇਰ ਕਦੇ ਐਕਸਟਰਾਵਾਂ ਦੀ ਦੁਨੀਆ ਵਿਚ ਝਾਤ ਮਾਰਨ ਦੀ ਖੁਲ੍ਹ ਨਹੀਂ ਮਿਲੀ। ਮੈਂ ਸੋਚਿਆ ਸੀ ਕਿ ਫਿਲਮ ਦੀ ਦੁਨੀਆ ਵਿਚ ਊਚ-ਨੀਚ ਦੀਆਂ ਕੋਈ ਕੰਧਾਂ ਨਹੀਂ ਹਨ। ਕਿਤਨੀ ਜ਼ਬਰਦਸਤ ਭੁੱਲ ਸੀ ਮੇਰੀ! ਫਿਲਮ ਇੰਡਸਟਰੀ ਵਿਚ ਤਾਂ ਚੱਪੇ-ਚੱਪੇ ਉਤੇ ਇਹ ਕੰਧਾਂ ਖੜ੍ਹੀਆਂ ਹਨ। ਸਮਾਜ ਦੇ ਹੋਰ ਵਿਭਾਗਾਂ ਵਿਚ ਸ਼ਾਇਦ ਇਹ ਕੰਧਾਂ ਇੱਟ-ਪੱਥਰ ਦੀਆਂ ਬਣੀਆਂ ਹੋਣ ਪਰ ਹਿੰਦੀ ਫਿਲਮਾਂ ਦੀ ਦੁਨੀਆ ਵਿਚ ਇਹ ਜਿਵੇਂ ਫੌਲਾਦ ਦੀਆਂ ਬਣੀਆਂ ਹੋਈਆਂ ਹਨ।

ਅਗਲਾ ਸ਼ਾਟ ਹੀਰੋਇਨ ਸਵਰਨ ਲਤਾ ਨਾਲ ਸੀ। ਉਸ ਨੇ ਮੇਰੇ ਨਾਲ ਰਿਹਰਸਲ ਕਰਨ ਤੋਂ ਹੀ ਇਨਕਾਰ ਕਰ ਦਿੱਤਾ। ਸ਼ਾਟ ਵਿਚ ਵੀ ਉਹ ਬੋਲਦੀ ਮੇਰੇ ਨਾਲ ਸੀ ਪਰ ਵੇਖਦੀ ਕੈਮਰੇ ਵਲ ਸੀ। ਜਿਤਨੀ ਦੇਰ ਉਹ ਸੈੱਟ ਉਤੇ ਰਹੀ, ਮੈਨੂੰ ਇੰਜ ਮਹਿਸੂਸ ਕਰਾਇਆ ਗਿਆ ਜਿਵੇਂ ਮੈਂ ਕਿਸੇ ਗੰਦੀ ਤੇ ਭਿਅੰਕਰ ਬਿਮਾਰੀ ਦਾ ਮਰੀਜ਼ ਸਾਂ ਜਿਸ ਨਾਲ ਕੋਈ ਨਹੀਂ ਭਿੱਟਣਾ ਚਾਹੁੰਦਾ।

ਕਿਤਨੀ ਮਿੱਠੀ ਤੇ ਸੁਖਾਵੀਂ ਸੀ ਉਹ ਐਕਟਸਰਾਵਾਂ ਦੀ ਦੁਨੀਆ ਜਿਸ ਵਿਚੋਂ ਮੈਂ ਕੱਢਿਆ ਗਿਆ ਸਾਂ, ਜਿਸ ਵਿਚ ਕਿ ਹਰ ਇਕ ਕੰਗਾਲ (ਖੁਦ) ਪ੍ਰੋਡਿਊਸਰ ਬਣਨ ਦੇ ਸੁਪਨੇ ਵੇਖਦਾ ਸੀ, ਕਹਾਣੀਆਂ ਲਿਖਦਾ ਸੀ, ਆਪਣੀਆਂ ਸਦੀਵੀ ਨਿਰਾਸ਼ਤਾਵਾਂ ਨੂੰ ਰੰਗ-ਬਰੰਗੀ ਗੇਂਦ ਬਣਾ ਕੇ ਉਛਾਲ ਸਕਦਾ ਸੀ! ਕਿਤਨਾ ਮਨੁੱਖੀ ਨਿੱਘ ਸੀ ਉਸ ਦੁਨੀਆ ਵਿਚ! ਕਿਤਨਾ ਅਭੁੱਲ ਸੀ ਉਹ ਅਨੁਭਵ! ਮੈਂ ਉਸ ਨੂੰ ਹਮੇਸ਼ਾਂ ਬੜੇ ਪਿਆਰ ਨਾਲ ਯਾਦ ਕਰਦਾ ਹਾਂ। ***(ਚੱਲਦਾ)***

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner: 2018-2021

## *Call for Listing Special 2022*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1663 Dedini Ln, Ripon CA 95366
2. 2447 Remy Cantos Dr, Tracy, CA, 95376
3. 4732 Zinnia ct, Livermore CA 94551
4. 1977 Westport St, Manteca, CA, 95337
5. 24552, Karina Ct, Hayward,CA,94542
6. 36738 Matiz Cmn, Fremont, CA, 94536
7. 1465 Veteran St, Manteca, CA, 95337
8. 1441 Divine Ln, Tracy, CA, 95376
9. 415 W Cupertino Ave, Mountain House, CA, 95391
10. 36401 Bridgepointe Dr, Newark, CA, 94560
11. 27490 Mangrove rd, Hayward CA 94544
12. 5177 Roycroft Way, Fremont, CA, 94538
13. 2591 Coloma Ln, Tracy, CA, 95376
14. 2135 Bravery ave, Manteca Ca 94337

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

# ਪੰਜਾਬੀ ਪੱਤਰਕਾਰੀ ਦੇ ਪਿੜ ਵਿਚ ਨਵੀਆਂ ਲੀਹਾਂ ਪਾਉਣ ਵਾਲੇ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ

# ਅਮੋਲਕ ਸਿੰਘ ਜੰਮੂ



## ਦੀ ਪਹਿਲੀ ਬਰਸੀ 30 ਅਪਰੈਲ, 2022 ਨੂੰ ਮਨਾਈ ਜਾ ਰਹੀ ਹੈ।

**ਪ੍ਰੋਗਰਾਮ: ਸ਼ਨਿਚਰਵਾਰ 30 ਅਪਰੈਲ, 2022**

**ਸ਼ਾਮ 4:00-6:00 ਵਜੇ ਤੱਕ**

**ਭੋਗ ਸਹਿਜ ਪਾਠ , ਕੀਰਤਨ ਅਤੇ ਅਰਦਾਸ**

at SIKH Religious Society-Palatine Gurdwara

1280, Winnetka Street, Palatine, IL 60067 Phone: (847) 358-1117

ਵੱਲੋਂ: ਜਸਪ੍ਰੀਤ ਕੌਰ, ਮਨਦੀਪ ਸਿੰਘ ਜੰਮੂ ਅਤੇ ਸੰਦੀਪ ਕੌਰ, ਫੋਨ: 847-359-0746